
**Worldwide Travel, Inc.**

Call for special fares

ਅੰਮ੍ਰਿਤਸਰ, ਦਿੱਲੀ, ਬੰਬੇ

734-525-7304 ਜਾਂ 800-504-3044

ਵਾਜਬ ਰੇਟ, ਵਧੀਆ ਸਰਵਿਸ



APPROVED MORTGAGE

THE LENDER YOU CAN TRUST

C.S. Ahluwalia
Mortgage Consultant

916.747.5801 cell
317.423.7000 fax
317.634.4391 office
cgate007@yahoo.com



1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com

Dosti Bar & Restaurant

Lunch Buffet $5.99 *Weekday Only

"Open 7 Days" ਸੱਤੇ ਦਿਨ ਖੁੱਲ੍ਹਾ

853 S. Roselle Rd, (Behind Littman Bro.)
Schaumburg, IL 60193, Tel: 847-895-0100



Eleventh Year in Publication | ਮਿਡਵੈਸਟ ਐਡੀਸ਼ਨ | Price 50¢ | Email:punjabtimes1@sbcglobal.net

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 44, October 30, 2010 | 20451 N Plum Grove Rd. Palatine, IL 60074 | Ph:847-359-0746, Fax:847-705-9388


## ਅਮਰਿੰਦਰ ਸਿੰਘ ਨੂੰ ਅਖੀਰ ਮਿਲੀ ਪੰਜਾਬ ਕਾਂਗਰਸ ਦੀ ਕਪਤਾਨੀ

### ਅਕਾਲੀ-ਭਾਜਪਾ ਗੱਠਜੋੜ ਲਈ ਵੱਡੀ ਚੁਣੌਤੀ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੰਬੀ ਕਸ਼ਮਕਸ਼ ਤੋਂ ਬਾਅਦ ਆਖਰ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਆ ਹੀ ਗਈ ਹੈ ਜਿਸ ਨਾਲ ਜਿੱਥੇ ਪਾਰਟੀ ਵਿਚਲੇ ਉਨ੍ਹਾਂ ਦੇ ਵਿਰੋਧੀਆਂ ਦਾ ਮੂੰਹ ਬੰਦ ਹੋਇਆ ਹੈ ਉਥੇ ਪਹਿਲਾਂ ਹੀ ਸੰਕਟ 'ਚ ਘਿਰੀ ਸੱਤਾਧਾਰੀ ਪਾਰਟੀ ਅਕਾਲੀ ਦਲ ਨੂੰ ਵੀ ਹੱਥਾਂ-ਪੈਰਾਂ ਦੀ ਪੈ ਗਈ ਹੈ। ਭਾਵੇਂ ਕਾਂਗਰਸ ਦੇ ਇੱਕ ਧੜੇ ਵੱਲੋਂ ਅੰਬਿਕਾ ਸੋਨੀ ਦਾ ਨਾਂ ਉਭਾਰਿਆ ਜਾ ਰਿਹਾ ਸੀ ਪਰ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦੀ ਕਮਾਨ ਸੌਂਪ ਦਿੱਤੀ।


ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦਾ ਰੇੜਕਾ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਿਹਾ ਸੀ। ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਸਣੇ ਕਈ ਹੋਰ ਆਗੂਆਂ ਵੱਲੋਂ ਵਿਰੋਧ ਕੀਤੇ ਜਾਣ ਦੇ ਬਾਵਜੂਦ ਅਮਰਿੰਦਰ ਸਿੰਘ ਪਾਰਟੀ ਅੰਦਰਲੇ ਆਪਣੇ ਵਿਰੋਧੀਆਂ ਨੂੰ ਮਾਤ ਦੇਣ ਵਿਚ ਕਾਮਯਾਬ ਰਹੇ ਹਨ। ਉਹ ਦੂਜੀ ਵਾਰੀ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਹਨ। ਇਸ ਤੋਂ ਪਹਿਲਾਂ 1998 ਤੋਂ 2002 ਤੱਕ ਤਕਰੀਬਨ ਸਾਢੇ ਚਾਰ ਸਾਲ ਪਾਰਟੀ ਦੀ ਕਮਾਨ ਉਨ੍ਹਾਂ ਦੇ ਹੱਥ ਰਹੀ ਸੀ। 2002 ਵਿਚ ਵਿਧਾਨ ਸਭਾ ਚੋਣਾਂ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਲੜੀਆਂ ਗਈਆਂ ਸਨ ਤੇ ਕਾਂਗਰਸ ਨੇ ਰਾਜ ਵਿਚ ਆਪਣੀ ਸਰਕਾਰ ਬਣਾਈ ਸੀ। ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ ਤਕਰੀਬਨ ਡੇਢ ਸਾਲ ਪਹਿਲਾਂ ਉਨ੍ਹਾਂ ਦੀ ਪ੍ਰਦੇਸ਼ ਪ੍ਰਧਾਨ ਵਜੋਂ ਨਿਯੁਕਤੀ ਨਾਲ ਹੀ ਰਾਜ ਦਾ ਸਿਆਸੀ ਅਖਾੜਾ ਗਰਮਾਉਣਾ ਯਕੀਨੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਪ੍ਰਦੇਸ਼ ਦੀ ਪ੍ਰਧਾਨਗੀ ਲਈ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ, ਮਹਿੰਦਰ ਸਿੰਘ ਕੇ.ਪੀ., ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਅਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੱਲੋਂ ਜ਼ੋਰ ਅਜ਼ਮਾਈ ਕੀਤੀ ਜਾ ਰਹੀ ਸੀ। ਬਾਅਦ ਵਿਚ ਪਾਰਟੀ ਵਲੋਂ ਬਣਾਏ ਗਏ ਤਿੰਨ ਮੈਂਬਰੀ ਪੈਨਲ ਵਿਚ ਅਮਰਿੰਦਰ ਤੇ ਜਗਮੀਤ ਸਿੰਘ ਬਰਾੜ ਦੇ ਨਾਂ ਹੀ ਰਹਿ ਗਏ ਸਨ। ਬੇਗਮ ਮੋਹਸਿਨਾ ਕਿਦਵਈ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਨਾਵਾਂ ਵਾਲਾ ਤਿੰਨ ਮੈਂਬਰੀ ਪੈਨਲ ਹਾਈਕਮਾਨ ਸਾਹਮਣੇ ਵਿਚਾਰਨ ਲਈ ਰੱਖਿਆ

(ਬਾਕੀ ਸਫਾ 6 'ਤੇ)

## ਸਿੱਖ ਓਬਾਮਾ ਦੀ ਅੰਮ੍ਰਿਤਸਰ ਫੇਰੀ ਯਕੀਨੀ ਬਣਾਉਣ ਲਈ ਸਰਗਰਮ

### ਭਾਰਤੀ ਏਜੰਸੀਆਂ 'ਤੇ ਸਾਜ਼ਿਸ਼ ਰਚਣ ਦਾ ਦੋਸ਼



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਸ੍ਰੀ ਹਰਿਮੰਦਰ ਸਾਹਿਬ ਫੇਰੀ ਨੂੰ ਯਕੀਨੀ ਬਣਾਉਣ ਲਈ ਦੇਸ਼-ਵਿਦੇਸ਼ ਦੇ ਸਿੱਖਾਂ ਵੱਲੋਂ ਚਾਰਾਜੋਈ ਸ਼ੁਰੂ ਕਰ ਦਿੱਤੀ ਗਈ ਹੈ। ਜਿੱਥੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਚਿੱਠੀ ਲਿਖ ਕੇ ਇਸ ਮਾਮਲੇ 'ਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦਖਲ ਦੇਣ ਲਈ ਅਪੀਲ ਕੀਤੀ ਹੈ ਉਥੇ ਅਮਰੀਕਾ 'ਚ ਰਹਿ ਰਹੇ ਸਿੱਖ ਭਾਈਚਾਰੇ ਦੇ ਆਗੂ ਵੀ ਵਾਈਟ ਹਾਊਸ ਨਾਲ ਰਾਬਤਾ ਕਾਇਮ ਕਰਕੇ ਸ੍ਰੀ ਓਬਾਮਾ ਦੀ ਇਸ ਫੇਰੀ ਨੂੰ ਯਕੀਨੀ ਬਣਾਉਣ ਲਈ ਸਰਗਰਮ ਹੋ ਗਏ ਹਨ। ਜ਼ਿਕਰਯੋਗ ਹੈ ਕਿ ਸ੍ਰੀ ਓਬਾਮਾ 7 ਤੋਂ 10 ਨਵੰਬਰ ਤੱਕ ਭਾਰਤ ਦੌਰੇ 'ਤੇ ਆ ਰਹੇ ਹਨ ਤੇ ਉਨ੍ਹਾਂ ਦੇ ਇਸ ਦੌਰੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਦਾ ਪ੍ਰੋਗਰਾਮ ਵੀ ਸ਼ਾਮਲ ਸੀ। ਇਸ ਸਬੰਧੀ ਬਕਾਇਦਾ ਸੁਰੱਖਿਆ ਏਜੰਸੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦਾ ਜਾਇਜ਼ਾ ਵੀ ਲਿਆ ਹੈ। ਸ੍ਰੀ ਦਰਬਾਰ ਸਾਹਿਬ 'ਚ ਮੱਥਾ ਟੇਕਣ ਮੌਕੇ ਸਿਰ ਢੱਕਣ ਦੇ ਮਾਮਲੇ ਨੂੰ ਲੈ ਕੇ ਓਬਾਮਾ ਦਾ

(ਬਾਕੀ ਸਫਾ 6 'ਤੇ)

## ਹਿੰਦ-ਜਪਾਨ ਮੁਕਤ ਵਪਾਰ ਸਮਝੌਤਾ ਛੇਤੀ ਸਿਰੇ ਚੜ੍ਹਨਾ ਯਕੀਨੀ

**ਟੋਕੀਓ:** ਭਾਰਤ ਅਤੇ ਜਪਾਨ ਨੇ ਪਰਮਾਣੂ ਸੌਦੇ ਲਈ ਗੱਲਬਾਤ ਦਾ ਸਿਲਸਿਲਾ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਹੈ, ਉਂਜ, ਮੁਕਤ ਵਪਾਰ ਸਮਝੌਤੇ ਬਾਰੇ ਰਸਮੀ ਐਲਾਨ ਜਲਦ ਹੀ ਕੀਤਾ ਜਾਵੇਗਾ ਜਿਸ ਰਾਹੀਂ ਅਗਲੇ ਦਹਾਕੇ ਦੌਰਾਨ ਟੈਕਸਾਂ 'ਚ 94 ਫੀਸਦੀ ਤਕ ਦੀ ਕਮੀ ਹੋ ਸਕੇਗੀ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਜਪਾਨ ਦੇ ਪ੍ਰਧਾਨ ਮੰਤਰੀ ਸ੍ਰੀ ਨਾਓਟੋ ਕਾਨ ਵਿਚਾਲੇ 'ਚ ਸੋਮਵਾਰ ਇਥੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਹੋਈ ਤਾਂ ਕਿ ਦੋਹਾਂ ਦੇਸ਼ਾਂ ਵਿਚਾਲੇ ਸਹਿਯੋਗ ਨਵੀਆਂ ਉਚਾਈਆਂ ਤਕ ਲੈਜਾਇਆ ਜਾ ਸਕੇ। ਦੋਹਾਂ ਆਗੂਆਂ ਨੇ ਮੰਨਿਆ ਕਿ ਇਹ ਦੋਹਾਂ ਮੁਲਕਾਂ ਲਈ ਫਾਇਦੇਮੰਦ ਹੋਵੇਗਾ। ਗੱਲਬਾਤ ਪਿੱਛੋਂ ਮੀਡੀਆ ਲਈ ਜਾਰੀ ਬਿਆਨ ਵਿਚ ਸ੍ਰੀ ਕਾਨ ਨੇ ਕਿਹਾ, "ਗੈਰ ਫੌਜੀ ਪਰਮਾਣੂ ਊਰਜਾ ਸਹਿਯੋਗ ਦੇ ਮੁੱਦੇ 'ਤੇ ਅਸੀਂ ਗੱਲਬਾਤ ਦਾ ਸਿਲਸਿਲਾ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਹੈ, ਉਨ੍ਹਾਂ ਕਿਹਾ ਕਿ ਭਾਰਤ ਨੂੰ ਸਾਡੀ ਭਾਵਨਾਵਾਂ ਨੂੰ ਸਮਝਣਾ ਹੋਵੇਗਾ ਕਿਉਂਕਿ ਇਸ ਪਰਮਾਣੂ ਹਮਲੇ ਦਾ ਦਰਦ

(ਬਾਕੀ ਸਫਾ 6 'ਤੇ)


Place your ad here
Call:847-359-0746

**Dhillon Truck Stop / Dhillon Road Service**

ਪੰਜਾਬੀ ਢਾਬਾ



Gill Manj Gurdaspur Wale

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Interstate 40, exit 356, San Jon, NM

Ph : 575-576-4111, 317-918-6776



ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ

AMANTEL.COM

$100 'ਚ 126 ਘੰਟੇ (7560 ਮਿੰਟ)

Talk One Minute, Pay For One Minute

Customer Service 24/7
ਟੌਲ ਫਰੀ ਨੰਬਰ 'ਤੇ ਕਾਲ ਕਰੋ
1-800-717-1510
732-983-4332/4333

# ਸਿੱਖਾਂ ਤੇ ਹੋਰਨਾਂ ਕੌਮਾਂ ਨੇ ਦਿੱਤਾ ਕਸ਼ਮੀਰੀ ਆਜ਼ਾਦੀ ਸੰਘਰਸ਼ ਨੂੰ ਸਮਰਥਨ

**ਨਵੀਂ ਦਿੱਲੀ:** ਕਸ਼ਮੀਰ ਦੀ ਆਜ਼ਾਦੀ ਦੇ ਸੰਘਰਸ਼ ਨੂੰ ਉਦੋਂ ਹੋਰ ਵੀ ਬਲ ਮਿਲਿਆ ਜਦੋਂ 21 ਅਕਤੂਬਰ ਨੂੰ ਇਥੇ "ਕਸ਼ਮੀਰ ਸਮੱਸਿਆ ਦਾ ਇੱਕੋ-ਇਕ ਹੱਲ-ਆਜ਼ਾਦੀ" ਵਿਸ਼ੇ ਉਤੇ ਸੈਮੀਨਾਰ ਵਿਚ ਹਿੰਦੋਸਤਾਨ ਦੇ ਵੱਖ-ਵੱਖ ਖਿਤਿਆਂ ਵਿਚ ਚਲ ਰਹੇ ਅੰਦੋਲਨਾਂ ਦੇ ਨੇਤਾਵਾਂ ਨੇ ਕਸ਼ਮੀਰ ਦੀ ਆਜ਼ਾਦੀ ਨਾਲ ਆਪਣੀ ਇਕਮੁੱਠਤਾ ਦਿਖਾਈ। ਨਾਗਾਲੈਂਡ, ਮਨੀਪੁਰ, ਮਾਓਵਾਦੀ, ਆਦਿਵਾਸੀ ਤੇ ਸਿੱਖ ਕੌਮ ਦੇ ਆਗੂਆਂ ਨੇ ਆਪਣੀਆਂ ਤਕਰੀਰਾਂ ਰਾਹੀਂ ਕਸ਼ਮੀਰ ਦੇ ਸੰਘਰਸ਼ਸ਼ੀਲ ਲੋਕਾਂ ਨੂੰ ਸਿਧਾਂਤਕ ਰੂਪ ਵਿਚ ਖੁਲ੍ਹ ਕੇ ਸਮਰਥਨ ਦਿੱਤਾ।

ਪ੍ਰਸਿੱਧ ਕਾਲਮਨਵੀਸ ਅਰੁੰਧਾਤੀ ਰਾਇ ਤੋਂ ਇਲਾਵਾ ਮਾਓਵਾਦੀਆਂ ਦੇ ਬੁਲਾਰੇ ਵਰਵਰ ਰਾਓ, ਨਾਮਵਰ ਇਤਿਹਾਸਕਾਰ ਡਾ. ਅਮਿਤ ਭੱਟਾਚਾਰੀਆ, ਸੀਨੀਅਰ ਪੱਤਰਕਾਰ ਸੇਨ ਗੁਪਤਾ, ਰੈਵੋਲਿਊਸ਼ਨਰੀ ਡੈਮੋਕਰੈਟਿਕ ਫਰੰਟ ਦੇ ਆਗੂ ਸਾਈਂ ਬਾਬਾ, ਸਮੇਤ ਹੋਰ ਕਈ ਅਹਿਮ ਸ਼ਖਸੀਅਤਾਂ ਨੇ ਹੁਰੀਅਤ ਕਾਨਫਰੰਸ ਦੀ ਮੰਗ ਦੀ ਹਮਾਇਤ ਕੀਤੀ।

ਇਸ ਸੈਮੀਨਾਰ ਦੌਰਾਨ ਕਸ਼ਮੀਰੀ ਆਜ਼ਾਦੀ ਦੇ ਵਿਰੋਧੀ ਕੁਝ ਕਸ਼ਮੀਰੀ ਪੰਡਤਾਂ ਨੇ ਹਾਲ ਵਿਚ ਕਈ ਕੁਰਸੀਆਂ ਮੱਲੀਆਂ ਹੋਈਆਂ ਸਨ ਜਿਨ੍ਹਾਂ ਨੇ ਵਾਰ-ਵਾਰ ਖਲਲ ਪਾਇਆ ਤੇ ਨਾਅਰੇਬਾਜ਼ੀ ਕੀਤੀ। ਭਾਵੇਂ ਉਨ੍ਹਾਂ ਨੇ ਮਾਹੌਲ ਖਰਾਬ ਕਰਨ ਵਿਚ ਕੋਈ ਕਸਰ ਨਹੀ ਛੱਡੀ ਪਰ ਪ੍ਰਬੰਧਕਾਂ ਨੇ ਬੜੇ ਸੰਜਮ ਨਾਲ ਉਨ੍ਹਾਂ ਦੇ ਮਨਸੂਬੇ ਅਸਫਲ ਕਰ ਦਿੱਤੇ। ਪ੍ਰੋ. ਐਸ.ਏ.ਆਰ. ਗਿਲਾਨੀ ਜੋ ਸਮਾਗਮ ਦੇ ਮੁੱਖ ਪ੍ਰਬੰਧਕ ਸਨ, ਨੇ ਸੂਝ-ਬੂਝ ਦਾ ਮੁਜ਼ਾਹਰਾ ਕਰਦਿਆਂ ਕਿਹਾ ਕਿ ਇਹ ਲੋਕ ਸਰਕਾਰੀ ਸ਼ਹਿ 'ਤੇ ਰੁਕਾਵਟਾਂ ਪਾ ਰਹੇ ਹਨ, ਸਾਨੂੰ ਇਨ੍ਹਾਂ ਦੀਆਂ ਚਾਲਾਂ ਵਿਚ ਨਹੀਂ ਆਉਣਾ ਚਾਹੀਦਾ।

ਇਸ ਮੌਕੇ ਸਿੱਖ ਕੌਮ ਵੱਲੋਂ ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਸ਼ਮੀਰ ਦੀ ਆਜ਼ਾਦੀ ਦੇ ਸੰਘਰਸ਼ ਨਾਲ ਇਕਮੁੱਠਤਾ ਦਿਖਾਉਂਦਿਆਂ ਕਿਹਾ ਕਿ ਅਸੀਂ ਵੀ ਆਜ਼ਾਦੀ ਦੀ ਮੰਗ ਕਰ ਰਹੇ ਹਾਂ। ਉਨ੍ਹਾਂ ਕਿਹਾ ਸਿੱਖ ਵਕਤੀ ਤੌਰ ਉਤੇ ਲੜਾਈ ਭਾਵੇਂ ਹਾਰ ਗਏ ਹਨ ਪਰ ਉਨ੍ਹਾਂ ਨੇ ਆਜ਼ਾਦੀ ਦੀ ਜੰਗ ਜਾਰੀ ਰੱਖੀ ਹੋਈ ਹੈ। ਉਨ੍ਹਾਂ ਇਤਿਹਾਸਕ ਹਵਾਲੇ ਦੇ ਕੇ ਕਿਹਾ ਕਿ ਡਾ. ਮਨਮੋਹਨ ਸਿੰਘ ਸਿੱਖਾਂ ਦਾ ਪ੍ਰਤੀਨਿਧ ਨਹੀਂ ਹੈ ਤੇ ਕਸ਼ਮੀਰ ਦੇ ਲੋਕ ਉਸ ਨੂੰ ਭਾਰਤੀ ਸਟੇਟ ਦਾ ਹਿੱਸਾ ਸਮਝਣ। ਉਨ੍ਹਾਂ ਕਿਹਾ ਕਿ ਕਸ਼ਮੀਰੀ ਨੌਜਵਾਨ ਆਪਣੀ ਲੀਡਰਸ਼ਿੱਪ ਵਿਚ ਵਿਸ਼ਵਾਸ ਰੱਖਣ ਅਤੇ ਭਾਰਤੀ ਛਲਾਵੇ ਵਿਚ ਨਾ ਆਉਣ। ਉਨ੍ਹਾਂ ਕਿਹਾ ਕਿ ਅਰੁੰਧਾਤੀ ਰਾਇ ਨੇ ਤਾਂ ਕਸ਼ਮੀਰੀ ਲੋਕਾਂ ਨੂੰ ਆਪਣੇ ਦੁਸ਼ਮਣ ਦੀ ਪਛਾਣ ਕਰਨ ਲਈ ਆਖਿਆ ਹੈ ਪਰ ਮੈਂ ਕਹਿੰਦਾ ਹਾਂ ਕਿ ਇਸ ਦੇ ਨਾਲ-ਨਾਲ ਕਸ਼ਮੀਰੀ ਲੋਕਾਂ ਨੂੰ ਹਿੰਦੋਸਤਾਨ ਦੇ ਸ਼ਾਸਕਾਂ ਦੀ ਮਾਨਸਿਕਤਾ ਸਮਝਣ ਲਈ ਚਾਣਕੀਆ ਨੀਤੀ ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਨ੍ਹਾਂ ਸ਼ਾਇਰ ਇਕਬਾਲ ਦੇ ਇਕ ਸ਼ੇਅਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਵੀ ਗੁਲਾਮ ਕੌਮ ਆਪਣੇ ਹੱਕਾਂ ਲਈ ਜਾਗ ਪਵੇ ਤਾਂ ਹੁਕਮਰਾਨ ਧਿਰ ਨਿੱਕੀਆਂ-ਨਿੱਕੀਆ ਰਿਆਇਤਾਂ ਦੇ ਕੇ ਉਸਨੂੰ ਭਰਮਾ ਲੈਂਦੀ ਹੈ। ਉਨ੍ਹਾਂ ਕਸ਼ਮੀਰੀ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਹਿੰਦੋਸਤਾਨੀ ਹੁਕਮਰਾਨਾਂ ਦੀ ਬਦਨੀਤੀ ਤੋਂ ਬੱਚ ਕੇ ਰਹਿਣ।



ਇਸ ਮੌਕੇ ਦਲ ਖਾਲਸਾ ਦੇ ਕੰਵਰਪਾਲ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਕਸ਼ਮੀਰੀ ਨੌਜਵਾਨਾਂ ਨੇ ਅਥਾਹ ਕੁਰਬਾਨੀਆਂ ਦੇ ਕੇ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਆਪਣੀ ਆਜ਼ਾਦੀ ਦੇ ਸੰਘਰਸ਼ ਨੂੰ ਦੁਨੀਆਂ ਭਰ ਵਿਚ ਉਭਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਕਸ਼ਮੀਰੀ ਲੋਕਾਂ ਦੀ ਦ੍ਰਿੜਤਾ ਅਤੇ ਪ੍ਰਤੀਬੱਧਤਾ ਨੇ ਭਾਰਤ ਸਰਕਾਰ ਨੂੰ ਵੀ ਉਨ੍ਹਾਂ ਦੇ ਮਕਸਦ ਵਲ ਧਿਆਨ ਦੇਣ ਲਈ ਮਜ਼ਬੂਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਮੁੱਖ ਧਾਰਾ ਦਾ ਮੀਡੀਆ ਸਿੱਖ ਸੰਘਰਸ਼ ਵਾਂਗ ਕਸ਼ਮੀਰੀ ਲਹਿਰ ਨੂੰ ਗਲਤ ਰੰਗਤ ਦੇ ਕੇ ਬਦਨਾਮ ਕਰਨ ਦੀ ਕੋਸ਼ਿਸ਼ ਵਿਚ ਹੈ।

ਇਸ ਮੌਕੇ ਪ੍ਰਸਿੱਧ ਕਾਲਮਨਵੀਸ ਅਰੁੰਧਾਤੀ ਰਾਇ ਨੇ ਕਸ਼ਮੀਰ ਦੇ ਨੌਜਵਾਨਾਂ ਦੇ ਨਾਅਰੇ "ਭੁੱਖਾ-ਨੰਗਾ ਹਿੰਦੋਸਤਾਨ, ਜੁਗ-ਜੁਗ ਜੀਵੇ ਪਾਕਿਸਤਾਨ" ਉਤੇ ਅਫਸੋਸ ਪ੍ਰਗਟਾਇਆ। ਇਨ੍ਹਾਂ ਨਾਅਰਿਆਂ 'ਤੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਭੁੱਖਾ-ਨੰਗਾ ਹਿੰਦੋਸਤਾਨ ਤਾਂ ਕਸ਼ਮੀਰ ਦੀ ਆਜ਼ਾਦੀ ਦਾ ਮੁੱਦਈ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਸੱਤਾ ਸਿਆਸੀ ਪਾਰਟੀਆਂ ਨਹੀ ਸਗੋਂ ਕਾਰਪੋਰੇਟ ਕੰਪਨੀਆਂ ਚਲਾ ਰਹੀਆਂ ਹਨ। ਭਾਰਤ ਇੱਕ ਹਿੰਦੂ ਸਟੇਟ ਹੈ ਜਿਸ ਨੇ ਆਪਣੇ ਖਿੱਤੇ ਵਿਚ ਵੱਸਦੀਆਂ ਘੱਟਗਿਣਤੀਆਂ ਖ਼ਿਲਾਫ ਜੰਗ ਛੇੜੀ ਹੋਈ ਹੈ।

ਕਸ਼ਮੀਰੀ ਆਜ਼ਾਦੀ ਸੰਘਰਸ਼ ਦੇ ਰੌਸ਼ਨ-ਦਿਮਾਗ ਆਗੂ ਸ੍ਰੀ ਸਈਅਦ ਅਲੀ ਸ਼ਾਹ ਗਿਲਾਨੀ ਨੇ ਆਪਣੀ ਭਾਵਪੂਰਤ ਤਕਰੀਰ ਵਿਚ ਦੂਜੀਆਂ ਸੰਘਰਸ਼ੀਲ ਕੌਮਾਂ ਤੇ ਧਿਰਾਂ ਵੱਲੋਂ ਸਮਰਥਨ ਦੇਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਸ਼ਮੀਰੀ ਲੋਕਾਂ ਦੀ ਪ੍ਰਾਪਤੀ ਹੈ ਕਿ ਉਹ ਸੰਘਰਸ਼ ਨੂੰ ਇਸ ਥਾਂ 'ਤੇ ਲੈ ਆਏ ਹਨ। ਉਨ੍ਹਾਂ ਦਲ ਖਾਲਸਾ ਆਗੂ ਸ. ਧਾਮੀ ਦੀ ਗੱਲ ਦਾ ਜਵਾਬ ਦਿੰਦਿਆਂ ਕਿਹਾ ਕਿ ਕਸ਼ਮੀਰ ਦੇ ਲੋਕ ਹੁਣ ਅਵੇਸਲੇ ਨਹੀ ਹੋਣਗੇ ਤੇ ਹੁਕਮਰਾਨਾਂ ਦੀ ਬਦਨੀਤੀ ਵਿਚ ਵੀ ਨਹੀਂ ਫਸਣਗੇ। ਉਨ੍ਹਾਂ ਕਿਹਾ ਕਿ ਸਾਡੀ ਆਜ਼ਾਦੀ ਦਾ ਮਤਲਬ ਉਹੀ ਹੈ ਜਿਹੜਾ 1947 ਵਿਚ ਭਾਰਤੀ ਲੋਕਾਂ ਦਾ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਜਿਵੇਂ 1947 ਤੋਂ ਪਹਿਲਾਂ ਭਾਰਤੀ ਲੋਕ ਆਪਣੀ ਸਰਜ਼ਮੀਨ ਤੋਂ ਅੰਗਰੇਜ਼ਾਂ ਦਾ ਨਜਾਇਜ਼ ਕਬਜ਼ਾ ਖਤਮ ਕਰਨ ਲਈ ਲੜੇ ਸਨ ਉਵੇਂ ਹੀ ਅੱਜ ਕਸ਼ਮੀਰੀ ਲੋਕ ਆਪਣੀ ਸਰਜ਼ਮੀਨ ਤੋਂ ਭਾਰਤੀ ਫੌਜਾਂ ਦੇ ਕਬਜ਼ੇ ਖਿਲਾਫ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ 1947 ਵਾਲ਼ਾ ਜੰਮੂ-ਕਸ਼ਮੀਰ ਚਾਹੁੰਦੇ ਹਾਂ। ਇਸ ਕਸ਼ਮੀਰ ਨੂੰ ਸਵੈ-ਨਿਰਣੈ ਦਾ ਹੱਕ ਮਿ਼ਲੇ। ਜੋ ਵੀ ਰਾਇਸ਼ੁਮਾਰੀ ਦਾ ਫੈਸਲਾ ਹੋਵੇਗਾ ਸਾਨੂੰ ਮਨਜ਼ੂਰ ਹੋਵੇਗਾ। ਉਨ੍ਹਾਂ ਭਾਰਤੀ ਫੌਜ ਦੀਆਂ ਧੱਕੇਸ਼ਾਹੀਆ ਦੀਆਂ ਕਈ ਉਦਾਹਰਨਾਂ ਦਿੱਤੀਆਂ।

# ਮਾਲਵੇ ਦੀਆਂ ਅੱਧੋਂ ਵੱਧ ਸੁਆਣੀਆਂ ਅਨਪੜ੍ਹ

**ਚੰਡੀਗੜ੍ਹ:** ਮਾਲਵੇ ਦੀਆਂ ਔਰਤਾਂ ਦੁਆਬੇ ਅਤੇ ਮਾਝੇ ਨਾਲੋਂ ਘੱਟ ਪੜ੍ਹੀਆਂ ਲਿਖੀਆਂ ਹਨ। ਮਾਲਵੇ ਦੇ ਸੱਤ ਜ਼ਿਲ੍ਹਿਆਂ ਵਿਚ ਪੜ੍ਹੀਆਂ ਲਿਖੀਆਂ ਔਰਤਾਂ ਦੀ ਗਿਣਤੀ 50% ਤੋਂ ਘੱਟ ਹੈ ਜਦੋਂ ਕਿ ਦੂਜੇ ਖਿੱਤਿਆਂ ਵਿਚ 65 ਤੋਂ 70% ਔਰਤਾਂ ਸਾਖਰ ਹਨ। ਇਹ ਅੰਕੜੇ ਕੇਂਦਰ ਸਰਕਾਰ ਵਲੋਂ ਤਿਆਰ ਕੀਤੀ ਇਕ ਰਿਪੋਰਟ ਵਿਚ ਸਾਹਮਣੇ ਆਏ ਹਨ।

ਕੇਂਦਰ ਸਰਕਾਰ ਨੇ ਮਾਲਵੇ ਵਿਚੋਂ ਅਨਪੜ੍ਹਤਾ ਖਤਮ ਕਰਨ ਲਈ ਇਸ ਨੂੰ 'ਸਾਕਸ਼ਰ ਭਾਰਤ' ਪ੍ਰੋਗਰਾਮ ਵਿਚ ਸ਼ਾਮਲ ਕੀਤਾ ਹੈ। ਇਸ ਮਿਸ਼ਨ ਨੂੰ ਮੁਕੰਮਲ ਕਰਨ ਦਾ ਟੀਚਾ 2012 ਮਿਥਿਆ ਗਿਆ ਹੈ। ਮਿਸ਼ਨ ਦੀ ਜ਼ਿੰਮੇਵਾਰੀ ਸਰਵ ਸਿੱਖਿਆ ਅਭਿਆਨ ਪੰਜਾਬ ਨੂੰ ਸੌਂਪੀ ਗਈ ਹੈ। ਇਸ ਉਤੇ ਖਰਚ ਕੀਤੀ ਜਾਣ ਵਾਲੀ ਰਕਮ ਦਾ 75 ਫੀਸਦੀ ਬੋਝ ਕੇਂਦਰ ਅਤੇ ਬਾਕੀ ਦਾ 25 ਫੀਸਦੀ ਪੰਜਾਬ ਸਰਕਾਰ ਚੁੱਕੇਗੀ।

ਕੇਂਦਰ ਸਰਕਾਰ ਦੀ ਇਸ ਰਿਪੋਰਟ ਅਨੁਸਾਰ ਪੰਜਾਬ ਵਿਚ ਅਨਪੜ੍ਹਤਾ ਦਰ 65.27% ਹੈ ਜਦੋਂ ਕਿ ਗੁਆਂਢੀ ਰਾਜ ਹਰਿਆਣਾ ਵਿਚ ਇਹ ਦਰ 62.42% ਹੈ। ਪੰਜਾਬ ਵਿਚ ਅਨਪੜ੍ਹ ਸੁਆਣੀਆਂ ਦੀ ਦਰ 57.82% ਹੈ ਜਦੋਂ ਕਿ ਹਰਿਆਣਾ ਵਿਚ 52% ਤੋਂ ਵੱਧ ਔਰਤਾਂ ਪੜ੍ਹਨਾ ਲਿਖਣਾ ਜਾਣਦੀਆਂ ਹਨ। ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਸਭ ਤੋਂ ਘੱਟ 36.49% ਔਰਤਾਂ ਪੜ੍ਹੀਆਂ ਹੋਈਆਂ ਹਨ। ਮਾਲਵਾ ਖੇਤਰ ਦੇ ਸੰਗਰੂਰ, ਮਾਨਸਾ, ਫਿਰੋਜ਼ਪੁਰ, ਫਰੀਦਕੋਟ, ਮੁਕਤਸਰ, ਬਠਿੰਡਾ ਅਤੇ ਬਰਨਾਲਾ ਜ਼ਿਲ੍ਹਿਆਂ ਨੂੰ ਸਾਖਰਤਾ ਮਿਸ਼ਨ ਵਿਚ ਸ਼ਾਮਲ ਕੀਤਾ ਗਿਆ ਹੈ।

ਇਸ ਸਬੰਧੀ ਕੇਂਦਰ ਸਰਕਾਰ ਦੇ ਬਾਲਗ ਸਿੱਖਿਆ ਦੇ ਸੰਯੁਕਤ ਸਕੱਤਰ ਜਗਮੋਹਣ ਰਾਜੂ ਨੇ ਦੱਸਿਆ ਕਿ ਮਿਸ਼ਨ ਤਹਿਤ ਇਨ੍ਹਾਂ ਜ਼ਿਲ੍ਹਿਆਂ ਵਿਚੋਂ ਅਨਪੜ੍ਹਤਾ ਖਤਮ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕੇਵਲ 15 ਤੋਂ 35 ਸਾਲ ਦੀਆਂ ਔਰਤਾਂ ਨੂੰ ਸਾਖਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਜਦੋਂ ਕਿ ਹੁਣ ਉਮਰ ਦੀ ਹੱਦ ਖਤਮ ਕਰ ਦਿੱਤੀ ਗਈ ਹੈ।

# ਪੰਜਾਬ ਦੇ ਆਕਾਸ਼ 'ਤੇ ਚਮਕਦਾ ਸਿਤਾਰਾ ਜੱਸੀ ਖੰਗੂੜਾ

**ਸੁਰਜੀਤ ਕੌਰ ਸੈਕਰਾਮੈਂਟੋ**

ਹਲਕਾ ਕਿਲ੍ਹਾ ਰਾਏਪੁਰ ਤੋਂ ਐਮ.ਐਲ.ਏ. ਜੱਸੀ ਖੰਗੂੜਾ ਇਕ ਉਹ ਨਾਂ ਹੈ ਜਿਸ ਤੋਂ ਪੰਜਾਬ ਦਾ ਹੀ ਨਹੀਂ ਅਮਰੀਕਾ, ਕੈਨੇਡਾ ਅਤੇ ਹੋਰ ਬਾਹਰਲੇ ਮੁਲਕਾਂ ਵਿਚ ਬੈਠਾ ਹਰ ਪੰਜਾਬੀ ਜਾਣੂ ਹੈ। ਸ. ਜਗਪਾਲ ਸਿੰਘ ਖੰਗੂੜਾ ਅਤੇ ਸਰਦਾਰਨੀ ਗੁਰਦਿਆਲ ਕੌਰ ਖੰਗੂੜਾ ਦਾ ਇਹ ਹੋਣਹਾਰ ਸਪੁੱਤਰ ਬਹੁਪੱਖੀ ਸ਼ਖਸੀਅਤ ਦਾ ਮਾਲਕ ਹੈ। ਇੰਗਲੈਂਡ ਤੋਂ ਉਚ ਵਿਦਿਆ ਪ੍ਰਾਪਤ ਜੱਸੀ ਖੰਗੂੜਾ ਬੇਹੱਦ ਮਿੱਠੇ ਸੁਭਾਅ ਦੇ ਹਨ ਅਤੇ ਜੋ ਆਦਮੀ ਉਨ੍ਹਾਂ ਨੂੰ ਇਕ ਵਾਰੀ ਮਿਲ ਲੈਂਦਾ ਹੈ, ਉਨ੍ਹਾਂ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਦਾ।

ਅੱਜ ਕਾਂਗਰਸ ਪਾਰਟੀ ਵਿਚ ਜੋ ਮੁਕਾਮ ਜੱਸੀ ਖੰਗੂੜਾ ਦਾ ਹੈ ਉਹ ਸਭ ਨੂੰ ਪਤਾ ਹੈ, ਬੇਸ਼ੱਕ ਪੰਜਾਬ ਵਿਚ ਦੂਸਰੀ ਪਾਰਟੀ ਦਾ ਰਾਜ ਹੈ ਪਰ ਉਸ ਦੇ ਬਾਵਜੂਦ ਜੱਸੀ ਖੰਗੂੜਾ ਨੇ ਆਪਣੇ ਹਰ ਕੰਮ ਨੂੰ ਬਾਖੂਬੀ ਨਿਭਾਇਆ ਹੈ ਅਤੇ ਨਿਭਾ ਰਿਹਾ ਹੈ। ਜੱਸੀ ਖੰਗੂੜਾ ਜਿਥੇ ਪੰਜਾਬ ਅਤੇ ਹਿੰਦੋਸਤਾਨ ਦੀਆਂ ਤਕਲੀਫਾਂ ਅਤੇ ਬੇਹਤਰੀ ਬਾਰੇ ਸੋਚਦੇ ਹਨ ਉਵੇਂ ਹੀ ਬਾਹਰਲੇ ਮੁਲਕਾਂ ਵਿਚ ਬੈਠੇ ਆਪਣੇ ਐਨ.ਆਰ.ਆਈ. ਭਰਾਵਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਵੀ ਦਿਨ ਰਾਤ ਕੰਮ ਕਰਦੇ ਹਨ। ਜੱਸੀ ਖੰਗੂੜਾ ਦੀ ਸੋਚਣੀ ਬਹੁਤ ਅਗਾਂਹਵਧੂ ਅਤੇ ਵਿਸ਼ਾਲ ਹੈ। ਉਨ੍ਹਾਂ ਨੇ ਆਪਣੇ ਜੀਵਨ ਨੂੰ ਖੁਲ੍ਹਾ ਰੱਖਿਆ ਹੋਇਆ ਹੈ। ਜਦੋਂ ਵੀ ਕਿਸੇ ਨੇ ਕੋਈ ਵਿਚਾਰ ਕਰਨੀ ਹੋਵੇ ਉਨ੍ਹਾਂ ਨਾਲ ਟੈਲੀਫੋਨ ਜਾਂ ਫਿਰ ਈਮੇਲ ਰਾਹੀਂ ਕਦੀ ਵੀ ਬੇਝਿਜਕ ਗੱਲ ਹੋ ਸਕਦੀ ਹੈ।

ਜੱਸੀ ਖੰਗੂੜਾ ਨੇ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਆਪਣੀ ਮਿਹਨਤ ਨਾਲ ਮਜ਼ਬੂਤ ਕੀਤਾ ਹੈ, ਅਜੋਕੇ ਸਿਆਸੀ ਲੀਡਰਾਂ ਵਾਂਗ ਲੋਕਾਂ ਨੂੰ ਲੁੱਟ ਕੇ ਨਹੀਂ। ਉਨ੍ਹਾਂ ਨੇ ਆਪਣੇ ਹਲਕੇ ਵਿਚ ਆਪਣੀ ਹਿੰਮਤ ਨਾਲ ਕਈ ਨਵੇਂ ਪ੍ਰੋਜੈਕਟ ਅਰੰਭੇ ਹਨ। ਬੇਰੁਜ਼ਗਾਰ ਅਤੇ ਗਰੀਬ ਲੋਕਾਂ ਲਈ ਰੁਜ਼ਗਾਰ ਦਾ ਰਾਹ ਖੋਲ੍ਹਿਆ ਹੈ। ਲੁਧਿਆਣੇ ਵਿਚ ਇਕ ਵਧੀਆ ਹੋਟਲ ਤੋਂ ਇਲਾਵਾ ਉਨ੍ਹਾਂ ਨੇ ਡੇਅਰੀ ਫਾਰਮਿੰਗ ਦੇ ਪ੍ਰਾਜੈਕਟ ਅਰੰਭੇ ਹਨ ਜਿਨ੍ਹਾਂ ਨਾਲ ਖਾਸ ਕਰਕੇ ਪਿੰਡਾਂ ਦੀਆਂ ਗਰੀਬ ਅਤੇ ਅਨਪੜ੍ਹ ਔਰਤਾਂ ਆਪਣੇ ਘਰੀਂ ਬੈਠੀਆਂ ਕੰਮ ਕਰਕੇ ਪੈਸਾ ਕਮਾ ਕੇ ਆਪਣੇ ਪਰਿਵਾਰ ਪਾਲ ਰਹੀਆਂ ਹਨ। ਉਂਜ ਤੇ ਹਰ ਬੰਦਾ ਆਪਣਾ ਆਪਣਾ ਰਾਗ ਅਲਾਪ ਰਿਹਾ ਹੈ ਪਰ ਜੱਸੀ ਖੰਗੂੜਾ ਜੋ ਕਹਿੰਦਾ ਹੈ ਉਹ ਕਰਕੇ ਵੀ ਦਿਖਾਉਂਦਾ ਹੈ। ਇਹ ਨੇਕ ਸ਼ਖਸੀਅਤ ਨੌਜਵਾਨ ਆਪਣੀਆਂ ਮੰਜ਼ਿਲਾਂ ਵੱਲ ਵੱਧਦਾ ਰਹੇ। ਜਿਥੇ ਇਕ ਪ੍ਰਤਿਭਾਸ਼ਾਲੀ ਨੌਜਵਾਨ ਹਨ ਉਨੇ ਹੀ ਸੂਝਵਾਨ ਇਨਸਾਨ ਵੀ ਹਨ ਅਤੇ ਦੂਰਦਰਸ਼ੀ ਨੇਤਾ ਹਨ। ਅੱਜ ਪੰਜਾਬ ਨੂੰ ਲੋੜ ਹੈ ਇਹੋ ਜਿਹੇ ਨੌਜਵਾਨਾਂ ਲੀਡਰਾਂ ਦੀ ਜੋ ਉਜੜਦੇ ਹੋਏ ਪੰਜਾਬ ਦੇ ਵਾਰਿਸ ਬਣ ਕੇ ਭੁੱਖੇ ਲੋਟੂਆਂ ਤੋਂ ਬਚਾ ਸਕਣ। ਪੰਜਾਬ ਵਿਚ ਹੋਰ ਵੀ ਬਹੁਤ ਸਾਰੇ ਐਮ.ਐਲ.ਏ. ਹਨ ਪਰ ਜੱਸੀ ਖੰਗੂੜਾ ਨੇ ਜੋ ਆਪਣੇ ਹਲਕੇ ਦੀ ਕਾਇਆਕਲਪ ਕੀਤੀ ਹੈ ਉਹ ਦੇਖਿਆਂ ਹੀ ਬਣਦੀ ਹੈ।



*ਜੱਸੀ ਖੰਗੂੜਾ*

ਜੱਸੀ ਖੰਗੂੜਾ 29 ਅਕਤੂਬਰ ਨੂੰ ਨਿਊ ਯਾਰਕ ਪਹੁੰਚ ਰਹੇ ਹਨ, ਜਿਥੇ ਉਹ 30 ਅਕਤੂਬਰ ਦੁਪਹਿਰ ਨੂੰ ਨਿਊ ਜਰਸੀ ਵਿਚ ਅਤੇ ਉਸੇ ਸ਼ਾਮ ਨੂੰ ਨਿਊ ਯਾਰਕ ਵਿਚ ਹੋ ਰਹੇ ਸਮਾਗਮ ਵਿਚ ਸ਼ਾਮਲ ਹੋਣਗੇ। 31 ਅਕਤੂਬਰ ਨੂੰ ਸ਼ਿਕਾਗੋ ਪਹੁੰਚਣਗੇ ਅਤੇ ਪਹਿਲੀ ਨਵੰਬਰ ਨੂੰ ਦੁਪਹਿਰ ਅਤੇ ਸ਼ਾਮ ਨੂੰ ਹੋ ਰਹੇ ਦੋ ਸਮਾਗਮਾਂ ਵਿਚ ਸ਼ਾਮਲ ਹੋਣਗੇ।




# ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਘਮਸਾਨ ਜਾਰੀ

## ਪਾਰਟੀ ਤੋਂ ਛੇਕੇ ਮਨਪ੍ਰੀਤ ਬਾਦਲ ਕਰਨਗੇ 14 ਨੂੰ ਵੱਡਾ ਧਮਾਕਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਨਪ੍ਰੀਤ ਬਾਦਲ ਤੇ ਸੁਖਬੀਰ ਬਾਦਲ ਦੀ ਆਪਸੀ ਖਹਿਬਾਜ਼ੀ ਨੇ ਸ਼੍ਰੋਮਣੀ ਅਕਾਲੀ ਦਲ (ਬ) 'ਚ ਘਮਸਾਨ ਛੇੜ ਦਿੱਤਾ ਹੈ। ਜਿੱਥੇ ਮੰਤਰੀ ਦਾ ਅਹੁਦਾ ਖੋਹਣ ਤੋਂ ਬਾਅਦ 20 ਅਕਤੂਬਰ ਨੂੰ ਅਨੁਸਾਸ਼ਨਹੀਣਤਾ ਦਾ ਦੋਸ਼ ਲਾ ਕੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਨੂੰ ਅਕਾਲੀ ਦਲ ਤੋਂ ਕੱਢ ਦਿੱਤਾ ਗਿਆ ਹੈ ਉਥੇ ਮਨਪ੍ਰੀਤ ਨੇ ਕਾਂਗਰਸ 'ਚ ਸ਼ਾਮਲ ਹੋਣ ਤੋਂ ਇਨਕਾਰ ਕਰਦਿਆਂ 14 ਨਵੰਬਰ ਨੂੰ ਵੱਡਾ ਧਮਾਕਾ ਕਰਨ ਦਾ ਐਲਾਨ ਕਰ ਦਿੱਤਾ ਹੈ। ਭਾਵੇਂ ਇਸ ਵੇਲੇ ਮਨਪ੍ਰੀਤ ਨਾਲ ਸਿਰਫ਼ ਦੋ ਹੀ ਵਿਧਾਇਕ ਹਨ ਪਰ ਅਕਾਲੀ ਦਲ ਨੂੰ ਧੁੜਕੂ ਲੱਗਾ ਹੋਇਆ ਹੈ ਤੇ ਸੁਖਬੀਰ ਬਾਦਲ ਵਲੋਂ ਦਿਨ-ਰਾਤ ਪੰਜਾਬ ਦੇ ਹਰ ਹਲਕੇ 'ਚ ਜਾ ਕੇ ਵਿਧਾਇਕਾਂ ਨਾਲ ਮੀਟਿਗਾਂ ਕੀਤੀਆਂ ਜਾ ਰਹੀਆਂ ਹਨ। ਇਸ ਸਾਰੇ ਘਟਨਾਕ੍ਰਮ ਨੂੰ ਕਰਜ਼ਾ ਮੁਆਫੀ ਦੇ ਮੁੱਦੇ ਨਾਲ ਜੋੜਿਆ ਜਾ ਰਿਹਾ ਹੈ ਪਰ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਮਨਪ੍ਰੀਤ ਬਾਦਲ ਦਾ ਦਿਨੋ-ਦਿਨ ਵਧ ਰਿਹਾ ਜਨਤਕ ਆਧਾਰ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਦੀ ਕੁਰਸੀ ਸੌਂਪਣ 'ਚ ਰੁਕਾਵਟ ਬਣ ਸਕਦਾ ਸੀ ਜਿਸ ਕਰਕੇ ਇੱਕ ਗਿਣੀ ਮਿਥੀ ਸਾਜ਼ਿਸ਼ ਤਹਿਤ ਮਨਪ੍ਰੀਤ ਨੂੰ ਛਾਂਗਿਆ ਗਿਆ ਹੈ। ਜ਼ਿਕਰਯੋਗ ਹੈ ਕਿ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਕੇਂਦਰ ਸਰਕਾਰ ਤੋਂ ਮੁਆਫ਼ ਕਰਾਉਣ ਲਈ ਸਬਸਿਡੀਆਂ ਤੇ ਹੋਰ ਵਿੱਤੀ ਯੋਜਨਾਵਾਂ ਨੂੰ ਤਰਕਸੰਗਤ ਬਣਾਉਣ ਦਾ ਮੁੱਦਾ ਉਠਾਇਆ ਸੀ ਜੋ ਉਸ ਦੀ ਸਿਆਸੀ ਬਲੀ ਦਾ ਕਾਰਨ ਬਣਿਆ। ਇਸ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਬਣਾਈ ਗਈ ਪੰਜ ਮੈਂਬਰੀ ਅਨੁਸ਼ਾਸ਼ਨੀ ਕਮੇਟੀ ਨੇ ਮਨਪ੍ਰੀਤ ਸਿੰਘ ਬਾਦਲ 'ਤੇ ਪਾਰਟੀ ਵਿਰੋਧੀ ਕਾਰਵਾਈਆਂ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਣ ਦੀ ਸ਼ਿਫਾਰਸ਼ ਕਰ ਦਿੱਤੀ। ਇਸ ਅਨੁਸ਼ਾਸ਼ਨੀ ਕਮੇਟੀ 'ਚ ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਤੋਤਾ ਸਿੰਘ ਤੇ ਮਨਪ੍ਰੀਤ ਦੇ ਪਿਤਾ ਗੁਰਦੇਵ ਸਿੰਘ ਬਾਦਲ ਤੇ ਬਲਵਿੰਦਰ ਸਿੰਘ ਭੂੰਦੜ ਨੂੰ ਸ਼ਾਮਲ ਕੀਤਾ ਗਿਆ ਸੀ। ਸ੍ਰੀ ਬ੍ਰਹਮਪੁਰਾ ਨੇ ਦਾਅਵਾ ਕੀਤਾ ਕਿ ਮਨਪ੍ਰੀਤ ਸਿੰਘ ਬਾਦਲ ਨੂੰ 20 ਅਕਤੂਬਰ ਨੂੰ ਅਨੁਸ਼ਾਸ਼ਨੀ ਕਮੇਟੀ ਅੱਗੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਲਈ ਕਿਹਾ ਗਿਆ ਸੀ ਪਰ ਉਹ ਕਮੇਟੀ ਦੇ ਸਾਹਮਣੇ ਪੇਸ਼ ਨਹੀਂ ਹੋਏ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ 11 ਅਕਤੂਬਰ ਨੂੰ ਮਨਪ੍ਰੀਤ ਸਿੰਘ ਬਾਦਲ ਨੂੰ ਮੁਅੱਤਲ ਕਰਦੇ ਸਮੇਂ ਹਦਾਇਤ ਜਾਰੀ ਕੀਤੀ ਗਈ ਸੀ ਕਿ ਉਹ ਮੀਡੀਆ ਵਿਚ ਕੋਈ ਬਿਆਨ ਨਾ ਦੇਵੇ ਪਰ ਉਸ ਨੇ ਪਾਰਟੀ ਵਿਰੁੱਧ ਕਈ ਬਿਆਨ ਦਿੱਤੇ। ਕਮੇਟੀ ਨੇ ਮਨਪ੍ਰੀਤ ਨਾਲ ਖੜ੍ਹੇ ਜਲੰਧਰ ਕੈਂਟ ਹਲਕੇ ਤੋਂ ਵਿਧਾਇਕ ਜਗਬੀਰ ਸਿੰਘ ਬਰਾੜ ਤੇ ਬਿਆਸ ਹਲਕੇ ਤੋਂ ਵਿਧਾਇਕ ਮਨਜਿੰਦਰ ਸਿੰਘ ਕੰਗ ਦੀਆਂ ਕਾਰਵਾਈਆਂ ਨੂੰ ਵੀ ਪਾਰਟੀ ਖਿਲਾਫ਼ ਦੱਸਿਆ ਤੇ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ 10 ਨਵੰਬਰ ਤਕ ਆਪਣਾ ਲਿਖਤੀ ਜਵਾਬ ਪਾਰਟੀ ਦੇ ਮੁੱਖ ਦਫ਼ਤਰ ਵਿਚ ਪਹੁੰਚਾਉਣ ਲਈ ਕਿਹਾ ਹੈ।





ਦੂਜੇ ਪਾਸੇ 21 ਅਕਤੂਬਰ ਨੂੰ ਮਨਪ੍ਰੀਤ ਸਿੰਘ ਬਾਦਲ ਨੇ ਇਕ ਪੱਤਰਕਾਰ ਸੰਮੇਲਨ ਕਰਕੇ ਦੋਸ਼ ਲਾਇਆ ਕਿ ਜਿਸ ਢੰਗ ਨਾਲ ਉਸਦਾ ਸਿਆਸੀ ਕਤਲ ਹੋਇਆ ਹੈ ਉਸ ਦਾ ਬੇਹੱਦ ਅਫਸੋਸ ਤੇ ਰੰਜ਼ ਹੈ। ਉਨ੍ਹਾਂ ਕਿਹਾ ਕਿ ਜਿਸ ਕਾਬਲੀਅਤ, ਤੇਜ਼ੀ ਤੇ ਮੁਹਾਰਤ ਨਾਲ ਉਸ ਨੂੰ ਅਕਾਲੀ ਦਲ 'ਚੋਂ ਕੱਢਿਆ ਗਿਆ ਹੈ ਜੇ ਉਸੇ ਤੇਜ਼ੀ ਤੇ ਮੁਹਾਰਤ ਨਾਲ ਭਾਰਤ ਸਰਕਾਰ ਦੀ ਕਰਜ਼ਾ ਮੁਆਫੀ ਬਾਰੇ ਪੇਸ਼ਕਸ਼ ਨੂੰ ਵੀ ਵਿਚਾਰਿਆ ਜਾਂਦਾ ਤਾਂ ਪੰਜਾਬ ਦਾ ਵੱਡਾ ਭਲਾ ਹੋ ਸਕਦਾ ਸੀ। ਉਨ੍ਹਾਂ ਐਲਾਨ ਕੀਤਾ ਕਿ ਉਹ 14 ਨਵੰਬਰ ਨੂੰ ਆਪਣੇ ਸਾਥੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕ ਕੇ ਜਲ੍ਹਿਆਂਵਾਲਾ ਬਾਗ ਤੇ ਦੁਰਗਿਆਨਾ ਮੰਦਿਰ ਵਿਖੇ ਸਿਰ ਨਿਵਾਉਣ ਤੋਂ ਬਾਅਦ ਆਪਣੀ ਭਵਿੱਖ ਦੀ ਰਾਜਨੀਤੀ ਬਾਰੇ ਫੈਸਲਾ ਲੈਣ ਲਈ ਅਗਲਾ ਕਦਮ ਚੁੱਕਣਗੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਕਦੀ ਸਬਸਿਡੀਆਂ ਨੂੰ ਪੂਰਨ ਤੌਰ 'ਤੇ ਖ਼ਤਮ ਕਰਨ ਜਾਂ ਸਮਾਜਿਕ ਸਕੀਮਾਂ ਬੰਦ ਕਰਨ ਦੀ ਮੰਗ ਨਹੀਂ ਕੀਤੀ ਜਿਵੇਂ ਕਿ ਸਰਕਾਰ ਵਲੋਂ ਉਨ੍ਹਾਂ ਵਿਰੁਧ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਨਾਂ ਲੈ ਕੇ ਕਿਹਾ ਕਿ ਉਹ ਜੋ ਪ੍ਰਚਾਰ ਕਰ ਰਹੇ ਹਨ ਕਿ ਮੈਂ ਆਟਾ-ਦਾਲ ਸਕੀਮ, ਸ਼ਗਨ ਸਕੀਮ ਜਾਂ ਪੈਨਸ਼ਨਾਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ, ਉਹ ਝੂਠਾ ਤੇ ਬੇਬੁਨਿਆਦ ਹੈ।

ਦੂਜੇ ਪਾਸੇ ਟਕਸਾਲੀ ਅਕਾਲੀ ਆਗੂ ਤੇ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਨੇ ਮਨਪ੍ਰੀਤ ਦਾ ਪੱਖ ਪੂਰਦਿਆਂ ਕਿਹਾ ਹੈ ਕਿ ਪੰਜਾਬ ਦੀ ਆਰਥਿਕ, ਸਮਾਜਿਕ ਤੇ ਰਾਜਸੀ ਹਾਲਾਤ ਚਿੰਤਾਜਨਕ ਹੈ।





ਉਨ੍ਹਾਂ ਕਿਹਾ ਕਿ ਇਕ ਸਮਾਂ ਸੀ ਜਦੋਂ ਪੰਜਾਬ ਦੇਸ਼ ਦਾ ਨੰਬਰ ਇੱਕ ਸੂਬਾ ਹੁੰਦਾ ਸੀ ਤੇ ਤਾਮਿਲਨਾਡੂ, ਮਹਾਰਾਸ਼ਟਰ ਸੂਬੇ ਪਛੜੇ ਹੁੰਦੇ ਸਨ ਪਰ ਅੱਜ ਨਾ ਕੇਵਲ ਇਹ ਸੂਬੇ ਅੱਗੇ ਲੰਘ ਗਏ ਹਨ ਸਗੋਂ ਗੁਆਂਢੀ ਰਾਜ ਹਰਿਆਣਾ ਤੋਂ ਵੀ ਪੰਜਾਬ ਪਿੱਛੇ ਜਾ ਰਿਹਾ ਹੈ। ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਬਾਰੇ ਉਨ੍ਹਾਂ ਕਿਹਾ ਕਿ ਉਹ ਸਿਆਣਾ ਤੇ ਵਧੀਆ ਮੰਤਰੀ ਸੀ ਤੇ ਚੰਗਾ ਕੰਮ ਕਰ ਰਿਹਾ ਸੀ ਪਰ ਉਸ ਨਾਲ ਵਰਤਾਓ ਚੰਗਾ ਨਹੀਂ ਹੋਇਆ।

* 6-Apt Building in Arlington Heights for $429,000+.
BUY HOME NOW !!!
INTEREST RATES at 4.5%
Home Prices 25% below High!
*Don't miss an Opportunity in Your Life time*
***Motel available in Central Iowa 34 Rooms & 3-BR apt.
Positive Cash flow, For $399K.
Call:Madan Khatri
1-847-530-1550
www.PropertyZoo.com
Houses, Townhomes, Apts & Businesses/Land
Prudential at 25 Turner Ave, Elk Grove Village, IL

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
CALIFORNIA
T 510.796.9000
39300 CIVIC CENTER DR, SUITE 170 FREMONT, CA 94538
FREMONT, CA 94538

Law Office of Navdeep S. Jhaj
Immigration Law Attorney
General Legal Practice



Navdeep S. Jhaj
Member, American Immigration Lawyers Association
Estate Planning
Personal Injury
Bankruptcy
ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ
- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

# ਆਪਣੀ ਸੁਰੱਖਿਆ ਲਈ ਮੈਂ ਕਿਸ ਨੂੰ ਦੋਸ਼ ਦਿਆਂ:ਬਾਦਲ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਾਲ ਖੜ੍ਹੇ ਬਿਆਸ ਦੇ ਵਿਧਾਇਕ ਮਨਜਿੰਦਰ ਸਿੰਘ ਕੰਗ ਵੱਲੋਂ ਸੂਬੇ ਦੇ ਗ੍ਰਿਹ ਮੰਤਰਾਲੇ 'ਤੇ ਉਨ੍ਹਾਂ ਦੀ ਸੁਰੱਖਿਆ ਵਾਪਸ ਲੈਣ ਬਾਰੇ ਲਾਏ ਦੋਸ਼ਾਂ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰੱਦ ਕਰ ਦਿੱਤਾ ਹੈ। ਸ੍ਰੀ ਬਾਦਲ ਨੇ ਦੱਸਿਆ, "ਕਿਸੇ ਨੂੰ ਸੁਰੱਖਿਆ ਦੇਣੀ ਜਾਂ ਨਾ ਦੇਣੀ ਬਹੁਤਾ ਕਰਕੇ ਸੁਰੱਖਿਆ ਏਜੰਸੀਆਂ 'ਤੇ ਨਿਰਭਰ ਕਰਦਾ ਹੈ। ਮੇਰੀ ਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਜ਼ੈਡ ਪਲੱਸ ਸੁਰੱਖਿਆ ਵੀ ਬੀਤੇ ਦਿਨ ਕੇਂਦਰ ਨੇ ਵਾਪਸ ਲੈ ਲਈ ਸੀ, ਮੈਂ ਇਸ ਬਾਰੇ ਕਿਸ ਨੂੰ ਦੋਸ਼ ਦਿਆਂ।"

ਵਰਨਣਯੋਗ ਹੈ ਕਿ ਬੀਤੇ ਦਿਨ ਮੁੱਖ ਮੰਤਰੀ ਤੋਂ ਜ਼ੈਡ ਪਲੱਸ ਸੁਰੱਖਿਆ ਵਾਪਸ ਲੈਣ ਦੇ ਹੁਕਮ ਮਗਰੋਂ ਪੰਜਾਬ ਨੇ ਤੁਰੰਤ ਮੁੱਦਾ ਕੇਂਦਰ ਕੋਲ ਉਠਾਇਆ ਤੇ ਐਨ. ਐਸ.ਜੀ. ਕਮਾਂਡੋ ਦੀ ਵਾਪਸੀ ਰੁਕਵਾ ਲਈ ਪਰ ਡਿਪਟੀ ਮੁੱਖ ਮੰਤਰੀ ਦੀ ਸੁਰੱਖਿਆ ਵਾਪਸ ਲੈ ਲਈ ਗਈ।

ਡਿਪਟੀ ਮੁੱਖ ਮੰਤਰੀ ਨੇ ਇਹ ਮਾਮਲਾ ਕੇਂਦਰੀ ਗ੍ਰਿਹ ਮੰਤਰਾਲੇ ਸਾਹਮਣੇ ਰੱਖਿਆ ਤੇ ਉਸ ਨੇ ਇਸ ਮਾਮਲੇ 'ਤੇ ਗ਼ੌਰ ਕਰਨ ਦਾ ਭਰੋਸਾ ਦਿੱਤਾ ਹੈ।



*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੈਸ਼ਨਲ ਸਕਿਊਰਿਟੀ ਗਾਰਡ ਦੇ ਸਥਾਪਨਾ ਦਿਵਸ ਮੌਕੇ ਐਨ ਐਸ ਜੀ ਕਮਾਂਡੋਆਂ ਦੇ ਨਾਲ*

ਪ੍ਰਾਪਤ ਜਾਣਕਾਰੀ ਅਨੁਸਾਰ ਬਾਦਲ ਪਿਉ-ਪੁੱਤ ਦੀ ਜ਼ੈਡ ਪਲੱਸ ਸੁਰੱਖਿਆ ਵਾਪਸ ਲੈਣ ਦਾ ਫ਼ੈਸਲਾ ਕਾਫ਼ੀ ਪਹਿਲਾਂ ਕੀਤਾ ਗਿਆ ਸੀ ਪਰ ਇਸ ਨੂੰ ਅਮਲੀ ਜਾਮਾ ਹੁਣ ਪਹਿਨਾਇਆ ਗਿਆ ਹੈ। ਕੁਝ ਹੋਰ ਅਹਿਮ ਸ਼ਖ਼ਸੀਅਤਾਂ—ਜਿਵੇਂ ਮਨਿੰਦਰਜੀਤ ਸਿੰਘ ਬਿੱਟਾ ਨੂੰ ਵੀ ਜ਼ੈਡ ਪਲੱਸ ਸੁਰੱਖਿਆ ਦੇ ਘੇਰੇ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ ਤੇ ਉਨ੍ਹਾਂ ਦੀ ਸੁਰੱਖਿਆ ਦਾ ਗਰੇਡ ਘਟਾ ਦਿੱਤਾ ਹੈ। ਉਧਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਜ਼ੈਡ ਪਲੱਸ ਸੁਰੱਖਿਆ ਘੇਰਾ ਬਰਕਰਾਰ ਹੈ।

# ਬਾਬਾ ਦਲਜੀਤ ਸਿੰਘ ਵਲੋਂ ਹਰਜਾਨੇ ਲਈ ਕੇਸ ਦਾਇਰ

**ਸ਼ਿਕਾਗੋ:** ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਸ਼ਿਕਾਗੋ ਅਤੇ ਗੁਰੂ ਨਾਨਕ ਮਿਸ਼ਨ ਦਾ ਮਾਮਲਾ ਉਸ ਸਮੇਂ ਇਕ ਨਵਾਂ ਮੋੜ ਕਟ ਗਿਆ ਜਦੋਂ ਗੁਰੂ ਨਾਨਕ ਸਿੱਖ ਮਿਸ਼ਨ ਦੇ ਪਿਛਲੇ 12 ਸਾਲ ਤੋਂ ਸੰਚਾਲਕ ਬਾਬਾ ਦਲਜੀਤ ਸਿੰਘ ਨੇ ਭਰਪੂਰ ਸਿੰਘ, ਯਾਦਵਿੰਦਰ ਸਿੰਘ ਗਰੇਵਾਲ ਅਤੇ ਜਗਦੀਸ਼ ਸਿੰਘ ਸੰਧੂ ਅਤੇ ਉਨ੍ਹਾਂ ਦੇ ਵਕੀਲ ਸ਼ਾਨ ਕਿਮ ਵਿਰੁਧ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਅੰਦਰ ਗੈਰ ਕਾਨੂੰਨੀ ਤੌਰ 'ਤੇ ਦਾਖਲ ਹੋਣ ਅਤੇ ਗੁਰੂਘਰ ਦਾ ਸਾਮਾਨ ਚੋਰੀ ਕਰਨ ਸਬੰਧੀ ਕੇਸ ਮਕੈਨਰੀ ਕਾਉਂਟੀ ਦੀ 22ਵੀਂ ਸਰਕਟ ਕੋਰਟ ਵਿਚ ਦਾਇਰ ਕਰ ਦਿਤਾ। ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦਾ ਪ੍ਰਬੰਧ ਗੁਰੂ ਨਾਨਕ ਮਿਸ਼ਨ ਚਲਾਉਂਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਜੁਲਾਈ-ਅਗਸਤ ਮਹੀਨੇ ਭਰਪੂਰ ਸਿੰਘ, ਯਾਦਵਿੰਦਰ ਸਿੰਘ ਗਰੇਵਾਲ ਅਤੇ ਜਗਦੀਸ਼ ਸਿੰਘ ਸੰਧੂ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੇ ਆਪਣੇ ਆਪ ਨੂੰ ਗੁਰੂ ਨਾਨਕ ਮਿਸ਼ਨ ਦੇ ਮੈਂਬਰ ਦੱਸ ਕੇ ਨਵੀਂ ਚੋਣ ਕਰ ਲਈ ਸੀ ਅਤੇ ਜਗਦੀਸ਼ ਸਿੰਘ ਸੰਧੂ ਨੂੰ ਪ੍ਰਧਾਨ ਐਲਾਨ ਕਰ ਦਿਤਾ ਸੀ। ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਵਿਚ ਉਨ੍ਹਾਂ ਦੇ ਦਾਖਲ ਹੋਣ ਸਮੇਂ ਉਨ੍ਹਾਂ ਦਾ ਵਕੀਲ ਸ਼ਾਨ ਕਿਮ ਵੀ ਨਾਲ ਸੀ।

ਅਦਾਲਤ ਵਿਚ 13 ਅਕਤੂਬਰ ਨੂੰ ਦਾਇਰ ਕੀਤੇ ਗਏ ਮੁਕੱਦਮਾ ਨੰਬਰ 10-ਐਲ ਏ-337 ਵਿਚ ਬਾਬਾ ਦਲਜੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਭਰਪੂਰ ਸਿੰਘ, ਯਾਦਵਿੰਦਰ ਸਿੰਘ ਗਰੇਵਾਲ ਅਤੇ ਜਗਦੀਸ਼ ਸਿੰਘ ਸੰਧੂ ਨੇ ਗੈਰ ਕਾਨੂੰਨੀ ਢੰਗ ਨਾਲ ਗੁਰੂਘਰ ਅੰਦਰ ਦਾਖਲ ਹੋ ਕੇ ਕੀਮਤੀ ਰੁਮਾਲਿਆਂ ਦੇ ਸੈਟ, ਸਿੱਖ ਗੁਰੂ ਸਾਹਿਬਾਨ ਦੇ ਚਿੱਤਰ, ਸੋਨੇ ਤੇ ਚਾਂਦੀ ਦੀ ਮੀਨਾਕਾਰੀ ਵਾਲੇ ਰਵਾਇਤੀ ਪੁਰਾਤਨ ਸਿੱਖ ਸ਼ਸਤਰ, ਕੁਝ ਪੁਰਾਤਨ ਹੱਥ ਲਿਖਤਾਂ ਅਤੇ ਸਿੱਖ ਤੇ ਮੁਗਲਕਾਲ ਦੇ ਪੁਰਾਤਨ ਕੀਮਤੀ ਸਿੱਕੇ ਚੋਰੀ ਕਰ ਲਏ। ਕੇਸ ਅਨੁਸਾਰ ਉਨ੍ਹਾਂ ਨੇ ਅਜ ਤਕ ਵੀ ਇਹ ਸਾਮਾਨ ਮੋੜਿਆ ਨਹੀਂ। ਕੇਸ ਅਨੁਸਾਰ ਇਸ ਸਾਰੇ ਸਾਮਾਨ ਦੀ ਕੀਮਤ ਅੰਦਾਜ਼ਨ ਦੋ ਲੱਖ ਡਾਲਰ ਬਣਦੀ ਹੈ। ਕੇਸ 'ਚ ਸਾਮਾਨ ਦੀ ਵਾਪਸੀ, ਹਰਜਾਨਾ ਪੂਰਤੀ ਤੇ ਅਦਾਲਤੀ ਖਰਚੇ ਦੀ ਵੀ ਮੰਗ ਕੀਤੀ ਗਈ ਹੈ।

ਕੇਸ ਵਿਚ ਪ੍ਰਤੀਵਾਦੀਆਂ ਦੇ ਵਕੀਲ ਸ਼ਾਨ ਕਿਮ ਨੂੰ ਵੀ ਇਸ ਬਿਨਾ ਉਤੇ ਸ਼ਾਮਲ ਕੀਤਾ ਗਿਆ ਹੈ ਕਿ ਉਸ ਨੇ ਇਹ ਜਾਣਦਿਆਂ ਵੀ ਕਿ ਪ੍ਰਤੀਵਾਦੀਆਂ ਦਾ ਗੁਰੂ ਨਾਨਕ ਮਿਸ਼ਨ ਵਿਚ ਦਾਖਲਾ ਗੈਰਕਾਨੂੰਨੀ ਹੈ, ਉਨ੍ਹਾਂ ਨੂੰ ਮਿਸ਼ਨ ਉਤੇ ਕਬਜ਼ਾ ਕਰਨ ਦੀ ਸਲਾਹ ਦਿਤੀ। ਕਿਹਾ ਗਿਆ ਹੈ ਕਿ ਇਹ ਗੱਲ ਅਦਾਲਤ ਵਲੋਂ ਕੇਸ ਨੰਬਰ 10 ਸੀ ਐਚ 2166 ਵਿਚ 6 ਅਗਸਤ 2010 ਅਤੇ 10 ਅਗਸਤ 2010 ਨੂੰ ਉਪਰੋਕਤ ਵਿਅਕਤੀਆਂ ਨੂੰ ਗੁਰੂ ਨਾਨਕ ਮਿਸ਼ਨ ਵਿਚੋਂ ਤੁਰਤ ਚਲੇ ਜਾਣ ਦੇ ਹੁਕਮਾਂ ਤੋਂ ਸਪਸ਼ਟ ਹੈ। ਵਕੀਲ ਕਿਮ ਉਤੇ ਦੋਸ਼ ਲਾਇਆ ਗਿਆ ਹੈ ਕਿ ਉਸ ਦੀ ਕਬਜ਼ਾ ਕਰਨ ਆਏ ਵਿਅਕਤੀਆਂ ਨੂੰ ਦਿਤੀ ਗਈ ਗਲਤ ਸਲਾਹ ਦੇ ਨਤੀਜੇ ਵਜੋਂ ਮਿਸ਼ਨ ਉਪਰ ਜੋਰ-ਜਬਰਦਸਤੀ ਕਬਜ਼ਾ ਕਰਨ ਦੀ ਕੋਸ਼ਿਸ਼ ਹੋਈ, ਜਾਇਦਾਦ ਨੂੰ ਨੁਕਸਾਨ ਪਹੁੰਚਿਆ ਅਤੇ ਕੀਮਤੀ ਸਾਮਾਨ ਚੋਰੀ ਹੋਇਆ। ਇਥੇ ਜ਼ਿਕਰਯੋਗ ਹੈ ਕਿ ਵਕੀਲ ਕਿਮ ਨੂੰ ਅਦਾਲਤ ਨੂੰ ਗੁਮਰਾਹ ਕਰਨ ਦੇ ਦੋਸ਼ ਵਿਚ ਜੱਜ ਕਾਰਡਵਿਲ ਵਲੋਂ ਪਹਿਲਾਂ ਹੀ ਸਖਤ ਤਾੜਨਾ ਕੀਤੀ ਜਾ ਚੁਕੀ ਹੈ ਅਤੇ ਭਰਪੂਰ ਸਿੰਘ ਨੂੰ 1260 ਡਾਲਰ ਜੁਰਮਾਨਾ ਹੋ ਚੁਕਾ ਹੈ। ਸੂਤਰਾਂ ਅਨੁਸਾਰ ਪ੍ਰਤੀਵਾਦੀਆਂ ਨੂੰ ਸੰਮਨਾਂ ਦੀ ਤਾਮੀਲ ਹੋ ਚੁਕੀ ਹੈ ਅਤੇ ਉਨ੍ਹਾਂ ਨੂੰ ਇਕ ਮਹੀਨੇ ਦੇ ਅੰਦਰ ਜਵਾਬ ਦੇਣ ਲਈ ਆਖਿਆ ਗਿਆ ਹੈ।

# ਜਨਰਲ ਮੁਸ਼ੱਰਫ ਦੀ ਹੱਤਿਆ ਦਾ ਫ਼ਤਵਾ ਜਾਰੀ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਫ਼ੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਖ਼ਿਲਾਫ਼ ਚਾਰੇ ਪਾਸਿਓਂ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਜਿੱਥੇ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਉਸ ਦੀ ਦੇਸ਼ ਵਾਪਸੀ ਨੂੰ ਰੋਕਣ ਲਈ ਪੂਰਾ ਜ਼ੋਰ ਲੱਗਾ ਹੋਇਆ ਹੈ ਉਥੇ ਮੌਲਵੀਆਂ ਨੇ ਉਸ ਵਿਰੁੱਧ ਫਤਵਾ ਜਾਰੀ ਕਰ ਦਿੱਤਾ ਹੈ ਕਿ ਉਸ ਦੀ ਹੱਤਿਆ ਕਰਨੀ ਜਾਇਜ਼ ਹੋਵੇਗੀ। ਇਸ ਦੇ ਨਾਲ ਹੀ ਸੁਪਰੀਮ ਕੋਰਟ 'ਚ ਇੱਕ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਗਈ ਹੈ ਕਿ ਮੁਸ਼ੱਰਫ ਵਿਰੁੱਧ ਦੇਸ਼ਧਰੋਹੀ ਦਾ ਮਾਮਲਾ ਦਰਜ ਕੀਤਾ ਜਾਵੇ।

ਜਨਰਲ ਮੁਸ਼ਰੱਫ ਵਿਰੁੱਧ ਇਹ ਫਤਵਾ ਧਾਰਮਿਕ ਵਿਦਵਾਨਾਂ ਤੇ ਰਾਜਸੀ ਆਗੂਆਂ ਦੇ ਇਕ ਧੜੇ ਵੱਲੋਂ ਕੋਇਟਾ ਵਿਖੇ ਹੋਏ ਵਿਸ਼ਾਲ ਇਕੱਠ 'ਚ ਜਾਰੀ ਕੀਤਾ ਗਿਆ। ਇਸ ਮੌਕੇ ਇਨ੍ਹਾਂ ਮੌਲਵੀਆਂ ਨੇ ਐਲਾਨ ਕੀਤਾ ਕਿ ਮੁਸ਼ੱਰਫ ਜੋ ਦੇਸ਼ ਦੀ ਰਾਜਨੀਤੀ 'ਚ ਮੁੜ ਆਉਣ ਦੀਆਂ ਤਿਆਰੀਆਂ ਕਰ ਰਿਹਾ ਹੈ, ਉਸ ਨੂੰ ਕਤਲ ਕਰ ਦੇਣਾ ਚਾਹੀਦਾ ਹੈ। ਇਹ ਇਕੱਠ ਜਮਹੂਰੀ ਵਤਨ ਪਾਰਟੀ ਵੱਲੋਂ ਕੀਤਾ ਗਿਆ ਸੀ ਤੇ ਇਸ ਦੀ ਪ੍ਰਧਾਨਗੀ ਨਵਾਬ ਅਕਬਰ ਬੁੱਗਤੀ ਦੇ ਪੁੱਤਰ ਨਵਾਬ ਜ਼ਦਾ ਤਲਾਲ ਅਕਬਰ ਬੁੱਗਤੀ ਨੇ ਕੀਤੀ। ਜ਼ਿਕਰਯੋਗ ਹੈ ਕਿ ਬਲੋਚ ਆਗੂ ਨਵਾਬ ਅਕਬਰ ਬੁੱਗਤੀ ਦੀ ਹੱਤਿਆ ਤੋਂ 2007 'ਚ ਇਸਲਾਮਾਬਾਦ ਦੀ ਲਾਲ ਮਸਜਿਦ 'ਚ ਹੋਈ ਫੌਜੀ ਕਾਰਵਾਈ ਵਿਰੁੱਧ ਤਲਾਲ ਬੁੱਗਤੀ ਨੇ ਐਲਾਨ ਕੀਤਾ ਸੀ ਕਿ ਜੋ ਵੀ ਮੁਸ਼ੱਰਫ ਦਾ ਸਿਰ ਕਲਮ ਕਰੇਗਾ ਉਸ ਨੂੰ ਇੱਕ ਅਰਬ ਰੁਪਏ ਤੇ 1000 ਏਕੜ ਜ਼ਮੀਨ ਇਨਾਮ ਵਜੋਂ ਦਿੱਤੇ ਜਾਣਗੇ।

ਦੂਜੇ ਪਾਸੇ ਪ੍ਰਵੇਜ਼ ਮੁਸ਼ੱਰਫ਼ ਨੇ ਭਾਰਤ ਨੂੰ ਸਲਾਹ ਦਿੱਤੀ ਹੈ ਕਿ ਵਧ ਰਹੇ ਅਤਿਵਾਦ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾਵੇ। ਮੁਸ਼ਰਫ਼ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਅਲਕਾਇਦਾ ਵਰਗੇ ਅਤਿਵਾਦੀ ਸੰਗਠਨ ਤੋਂ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅਲਕਾਇਦਾ ਦੇ ਬਹੁਤ ਘੱਟ ਲੋਕ ਪਾਕਿਸਤਾਨ 'ਚ ਮੌਜੂਦ ਹਨ ਪਰ ਉਹ ਦੇਸ਼ ਲਈ ਖ਼ਤਰਾ ਬਣੇ ਹੋਏ। ਮੁਸ਼ੱਰਫ਼ ਨੇ ਅਮਰੀਕਾ ਦੀ ਟੈਕਸਾਸ ਸਟੇਟ 'ਚ ਏਸ਼ੀਆ ਸੁਸਾਇਟੀ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਇਹ ਮੰਨਿਆ ਕਿ ਜੰਮੂ-ਕਸ਼ਮੀਰ 'ਚ ਜਾ ਕੇ ਭਾਰਤੀ ਫ਼ੌਜਾਂ 'ਤੇ ਹਮਲਾ ਕਰਨ ਵਾਲੇ 'ਮੁਜਾਹਿਦੀਨ' ਦੀ ਗਿਣਤੀ ਵਧ ਰਹੀ ਹੈ।

# ਟੈਕਸਾਸ ਸੈਕਟਰੀ ਆਫ ਸਟੇਟ ਨੇ ਦਿੱਤੀ ਪੰਜ-ਪ੍ਰਧਾਨੀ ਨੂੰ ਮਨਜ਼ੂਰੀ

**ਹਿਊਸਟਨ:** ਟੈਕਸਾਸ ਸਟੇਟ ਦੇ ਸਾਰੇ ਗੁਰਦੁਆਰਿਆਂ ਦੀ ਇੱਕ ਸਾਂਝੀ ਕੋਆਰਡੀਨੇਸ਼ਨ ਬਾਡੀ ਬਣਾਉਣ ਦੀ ਗੱਲ ਉਦੋਂ ਨੇਪਰੇ ਚੜ੍ਹ ਗਈ ਜਦੋਂ ਟੈਕਸਸ ਸਟੇਟ ਸੈਕਟਰੀ ਨੇ ਪੰਜ ਪ੍ਰਧਾਨੀ ਸਿਸਟਮ ਨੂੰ ਪ੍ਰਵਾਨਗੀ ਦੇ ਦਿਤੀ।

ਇਥੇ ਜ਼ਿਕਰਯੋਗ ਹੈ ਕਿ ਇਸ ਸਬੰਧੀ ਗੱਲਬਾਤ ਲੰਬੇ ਸਮੇਂ ਤੋਂ ਚਲ ਰਹੀ ਸੀ ਅਤੇ ਮਾਮਲਾ ਆਣ ਫਸਿਆ ਪ੍ਰਧਾਨਗੀ 'ਤੇ। ਇੱਕ ਧਿਰ ਨੇ ਪੰਜ-ਪਿਆਰਿਆਂ ਦੀ ਤਰਜ ਤੇ ਬਰਾਬਰ ਦੇ ਹੱਕਾਂ ਵਾਲੇ ਪੰਜ ਨੁਮਾਇੰਦੇ ਚੁਣ ਕੇ ਕੰਮ ਕਰਨ ਤੇ ਜ਼ੋਰ ਦਿੱਤਾ ਪਰ ਦੁਜੀ ਧਿਰ ਪ੍ਰਧਾਨ, ਮੀਤ ਪ੍ਰਧਾਨ, ਸਕੱਤਰ ਆਦਿ ਅਹੁਦੇ ਰੱਖਣ ਤੇ ਅੜੀ ਰਹੀ। ਜਿਉਂ-ਜਿਉਂ ਪੰਜ-ਨੁਮਾਇੰਦਿਆਂ ਵਾਲੀ ਪੇਸ਼ਕਸ਼ ਬੰਦ ਕਮਰਿਆਂ ਵਾਲੀਆਂ ਮੀਟਿੰਗਾਂ ਚੋਂ ਨਿੱਕਲ ਕੇ ਸਾਰੀ ਸੰਗਤ ਤੱਕ ਪਹੁੰਚਣ ਲੱਗੀ, ਤਿਉਂ-ਤਿਉਂ ਪ੍ਰਧਾਨਗੀਆਂ ਤੇ ਅੜੀ ਧਿਰ ਦਾ ਆਕਾਰ ਘਟਣ ਲੱਗਾ। ਪਰ ਇੱਕ ਦਲੀਲ ਨੇ ਪ੍ਰਧਾਨਗੀ ਲਾਗੂ ਕਰਨ ਦੀ ਆਸ ਨੂੰ ਮੁੜ ਸੁਰਜੀਤ ਕੀਤਾ, ਉਹ ਇਹ ਸੀ ਕਿ ਕਾਰਪੋਰੇਸ਼ਨ ਰਜਿਸਟਰ ਕਰਾਉਣ ਲਈ ਸਰਕਾਰੀ ਕਾਗਜ਼ਾਂ ਉਤੇ ਪ੍ਰਧਾਨ, ਸਕੱਤਰ ਆਦਿ ਲਿਖਣਾ ਜ਼ਰੂਰੀ ਹੈ, ਇਸ ਲਈ ਪੰਜ ਬਰਾਬਰ ਦੇ ਹੱਕਾਂ ਅਤੇ ਅਹੁਦਿਆਂ ਵਾਲੇ ਮੋਢੀ ਨਹੀਂ ਚੁਣੇ ਜਾ ਸਕਦੇ। ਇਸ ਗੱਲ ਦੀ ਪੁਸ਼ਟੀ ਕਰਨ ਲਈ ਕੁੱਝ ਨੌਜਵਾਨਾਂ ਨੇ ਟੈਕਸਸ ਸੈਕਟਰੀ ਆਫ ਸਟੇਟ ਨਾਲ ਸਿੱਧਾ ਸੰਪਰਕ ਕੀਤਾ। ਦਿਲਚਸਪ ਗੱਲ ਇਹ ਨਿਕਲੀ ਕਿ ਸਰਕਾਰੀ ਨੁਮਾਇਦਿਆਂ ਨੇ ਪ੍ਰਧਾਨ, ਸਕੱਤਰ ਅਹੁਦਿਆਂ ਦਾ ਜ਼ਰੂਰੀ ਹੋਣਾ ਇਕ ਮਨੌਤ ਦੱਸਿਆ ਅਤੇ ਫਾਰਮ 202 ਦੇ ਆਰਟੀਕਲ 3 ਵਿੱਚ ਆਉਂਦੇ ਸੈਕਸ਼ਨ 22.202 ਆਫ ਦਾ ਬੀ.ਅ.ਸੀ ਅਧੀਨ ਪੰਜ-ਪ੍ਰਧਾਨੀ ਕਾਰਪੋਰੇਸ਼ਨ ਦਰਜ ਕਰਵਾਉਣ ਲਈ ਕਿਹਾ। ਸਿੱਖ ਨੌਜਵਾਨਾਂ ਨੇ ਐਸਾ ਹੀ ਕੀਤਾ ਅਤੇ ਹੈਰਾਨੀ ਦੀਆਂ ਹੱਦਾਂ ਉਦੋਂ ਟੁੱਟੀਆਂ ਜਦੋਂ ਮਨਜ਼ੂਰੀ ਦਾ ਸਰਟੀਫਿਕੇਟ ਤੀਜੇ ਦਿਨ ਘਰ ਆ ਪਹੁੰਚਿਆ।


Dr. Rajiv Kumar Aggarwal
Ayurvedic Practitioner (Regd. NAMA)
AYURVEDA/NUTRITION/ACUPRESSURE
ਖੁਲ੍ਹ ਗਿਆ ਹੈ
ਨਵਾਂ ਆਯੁਰਵੈਦਿਕ ਐਕਿਊਪ੍ਰੈਸ਼ਰ ਸੈਂਟਰ ਤੁਹਾਡੇ ਬਹੁਤ ਕਰੀਬ
Brighton Natural Wellness Center
325 - East Grand River Ave., Brighton – MI 48116
ਡਾ. ਰਾਜੀਵ ਦੇ ਸੈਂਟਰ ਵਿਚ ਸਭ ਤਰ੍ਹਾਂ ਦੀਆਂ ਸ਼ੁੱਧ ਜੜੀਆਂ-ਬੂਟੀਆਂ ਤੋਂ ਬਣੀਆਂ ਦੇਸੀ ਦਵਾਈਆਂ ਮਿਲਦੀਆਂ ਹਨ।
ਜੇ ਤੁਸੀਂ ਚੰਗੀ ਸਿਹਤ ਪਾਉਣੀ ਚਾਹੁੰਦੇ ਹੋ ਤਾਂ ਬਰਾਈਟ ਤੁਹਾਡੇ ਤੋਂ ਦੂਰ ਨਹੀਂ ਹੈ।
ਸਭ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਸਿੱਧਾ ਸੰਪਰਕ ਕਰੋ
ਡਾ. ਰਾਜੀਵ ਕੁਮਾਰ ਅਗਰਵਾਲ,
ਸੈਲ:231-360-1435
ਕਲੀਨਿਕ:989-272-5524
ਡਾ. ਰਾਜੀਵ ਕੁਮਾਰ ਅਗਰਵਾਲ ਸਾਰੇ ਗੁਰੂ ਘਰਾਂ ਵਿਚ ਆਯੁਰਵੈਦਿਕ/ਐਕਿਊਪ੍ਰੈਸ਼ਰ ਸਿਹਤ ਕੈਂਪ ਲਾ ਚੁਕੇ ਹਨ। ਜੇ ਤੁਸੀਂ ਵੀ ਅਜਿਹਾ ਕੈਂਪ ਆਪਣੇ ਗੁਰੂ ਘਰ ਵਿਚ ਲਵਾਉਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ ਜੀ।
Visit for more detail:www.IndiaHealthToday.com/www.brightonwellness.org




DeFyned
Model Management
ਫੈਸ਼ਨ ਮਾਡਲਿੰਗ ! ! !
Now specializing in representing models age:16-24 in runway, tradeshows, and live fashion modeling.
No fees for representation!
224-567-9773
Defynedmm@yahoo.com





ATM's & Credit Card Terminals at Lowest Prices! No Hidden Fees.
Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
99% approved same day. We specialize in high risk businesses.
ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)
Need Money? We provide cash advance against credit card processing with NO collateral or personal guaran-tee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com
FREE CREDIT CARD TERMINAL!

# ਸਿੱਖ ਨਸਲਕੁਸ਼ੀ ਵਿਰੁਧ 3 ਨਵੰਬਰ ਨੂੰ ਪੰਜਾਬ ਬੰਦ ਦਾ ਸੱਦਾ

**ਚੰਡੀਗੜ੍ਹ**: ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ 1 ਨਵੰਬਰ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ ਪਰ ਹੁਣ ਉਹ ਪਹਿਲੀ ਦੀ ਥਾਂ 3 ਨਵੰਬਰ ਨੂੰ ਕੀਤੇ ਜਾ ਰਹੇ ਬੰਦ ਵਿਚ ਸਾਂਝੇ ਤੌਰ 'ਤੇ ਸ਼ਮੂਲੀਅਤ ਕਰਨਗੇ। ਖ਼ਾਲਸਾ ਐਕਸ਼ਨ ਕਮੇਟੀ ਨੇ ਇਕ ਅਹਿਮ ਫੈਸਲਾ ਲੈਂਦਿਆਂ ਨਵੰਬਰ 1984 ਦੀ ਨਸਲਕੁਸ਼ੀ ਵਿਰੁਧ ਇੰਨਸਾਫ਼ ਨਾ ਮਿਲਣ 'ਤੇ 3 ਨਵੰਬਰ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਹੈ। ਪੰਜਾਬ ਬੰਦ ਦੌਰਾਨ ਸਵੇਰੇ 5 ਵਜੇ ਤੋਂ 12 ਵਜੇ ਤੱਕ ਰੇਲ ਸੇਵਾ ਠੱਪ ਰੱਖੀ ਜਾਵੇਗੀ ਤੇ ਬਾਅਦ ਦੁਪਹਿਰ ਮੁਸਾਫ਼ਰਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਰੇਲ ਆਵਾਜਾਈ ਖੋਲ੍ਹ ਦਿੱਤੀ ਜਾਵੇਗੀ।

ਇਹ ਜਾਣਕਾਰੀ ਪ੍ਰੈਸ ਕਾਨਫਰੰਸ 'ਚ ਖ਼ਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਤੇ ਦਲ ਖਾਲਸਾ ਦੇ ਮੁੱਖ ਬੁਲਾਰੇ ਭਾਈ ਕੰਵਰਪਾਲ ਵੱਲੋਂ ਦਿੱਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਲ ਖ਼ਾਲਸਾ ਦੇ ਆਗੂ ਭਾਈ ਕੰਵਰਪਾਲ ਸਿੰਘ ਤੇ ਭਾਈ ਮੋਹਕਮ ਸਿੰਘ ਕਨਵੀਨਰ ਖ਼ਾਲਸਾ ਐਕਸ਼ਨ ਕਮੇਟੀ ਨੇ ਦਸਿਆ ਕਿ ਸਿੱਖ ਸੰਗਠਨ 26 ਸਾਲ ਤੋਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਹਨ ਪਰ ਨਿਆਂ ਨਹੀਂ ਮਿਲ ਰਿਹਾ। ਉਨ੍ਹਾਂ ਦਸਿਆ ਕਿ ਇਸ ਬੰਦ ਦੇ ਦੌਰਾਨ ਵਪਾਰਕ, ਵਿਦਿਅਕ ਅਦਾਰੇ, ਆਵਾਜਾਈ ਸੇਵਾਵਾਂ ਬੰਦ ਰੱਖੀਆਂ ਜਾਣਗੀਆਂ। ਸਿੱਖ ਆਗੂਆਂ ਨੇ ਸਮੁੱਚੇ ਪੰਜਾਬ ਵਾਸੀਆਂ, ਸਿਆਸੀ, ਸਮਾਜਸੇਵੀ, ਧਾਰਮਿਕ ਸੰਗਠਨਾ, ਹਿੰਦੂਆਂ, ਸਿੱਖਾਂ, ਮੁਸਲਮਾਨ ਤੇ ਇਸਾਈ ਭਾਈਚਾਰੇ ਨੂੰ ਇਸ ਬੰਦ ਦੌਰਾਨ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਬੰਦ ਪੁਰਅਮਨ ਤੇ ਜਾਬਤੇ ਵਿਚ ਹੋਵੇਗਾ। ਉਨ੍ਹਾਂ ਪਾਰਟੀ ਦੇ ਸਮੂਹ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ 3 ਨਵੰਬਰ ਨੂੰ ਪੁਰ ਅਮਨ ਬੰਦ ਕਰਵਾਉਣ ਸਮੇਂ ਨੰਗੀਆਂ ਕ੍ਰਿਪਾਨਾਂ ਦਾ ਵਿਖਾਵਾ ਕਰਨ ਦੀ ਥਾਂ ਪਿਆਰ ਨਾਲ ਬੰਦ ਕਰਵਾਉਣ।


ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦਸਿਆ ਕਿ 26 ਸਾਲ ਤੋਂ ਸਿੱਖ ਇੰਨਸਾਫ਼ ਦੀ ਮੰਗ ਕਰ ਰਹੇ ਹਨ ਕਿ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਵੀ ਸਜਾ ਦਿਤੀ ਜਾਵੇ ਪਰ ਇਨਸਾਫ਼ ਲਈ ਉਹ ਦਿੱਲੀ ਵਿਖੇ ਠੋਕਰਾਂ ਖਾ ਰਹੇ ਹਨ।

ਭਾਈ ਮਨਜੀਤ ਸਿੰਘ ਭੋਮਾਂ ਨੇ ਪੰਜਾਬ ਸਿਰ ਚੜਿਆ ਸਮੁੱਚਾ ਕਰਜ਼ਾ ਮਾਫ਼ ਕਰਨ ਲਈ ਕੇਂਦਰ ਸਰਕਾਰ 'ਤੇ ਜ਼ੋਰ ਦਿੱਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਦਇਆ ਸਿੰਘ ਕੱਕੜ ਤੋਂ ਇਲਾਵਾ ਬਲਵਿੰਦਰ ਸਿੰਘ ਖੋਜਕੀਪੁਰ, ਸਰਬਜੀਤ ਸਿੰਘ ਸੋਹਲ, ਸਰਬਜੀਤ ਸਿੰਘ ਜੰਮੂ ਆਦਿ ਆਗੂ ਮੌਜੂਦ ਸਨ।

# ਮਨਪ੍ਰੀਤ ਸਿੰਘ ਬਾਦਲ ਦੇ ਹੱਥ ਪੈਰ ਬੰਨ੍ਹੇ ਹੋਏ ਸਨ:ਡਾ. ਸੁੱਚਾ ਸਿੰਘ ਗਿੱਲ

**ਚੰਡੀਗੜ੍ਹ:** ਆਰਥਿਕ ਮਾਮਲਿਆਂ ਦੇ ਮਾਹਰ ਡਾ. ਸੁੱਚਾ ਸਿੰਘ ਗਿੱਲ ਨੇ ਕਿਹਾ ਹੈ ਕਿ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਹੱਥ ਪੈਰ ਬੰਨ੍ਹੇ ਹੋਏ ਸਨ ਤੇ ਸੁਖਬੀਰ-ਕਾਲੀਆ ਕਮੇਟੀ ਦੇ ਉਹ ਮੈਂਬਰ ਹੀ ਨਹੀਂ ਸਨ। ਉਨ੍ਹਾਂ ਕਿਹਾ ਕਿ ਪੰਜਾਬ ਵਲੋਂ ਆਪਣੇ ਕਰਜ਼ਾ ਮੁਆਫ਼ੀ ਲਈ ਕੇਂਦਰ ਕੋਲ ਪਹੁੰਚ ਕਰਨੀ ਵਾਜਬ ਹੈ। ਜੇਕਰ ਕੇਂਦਰ ਦੀ ਮਦਦ ਲੈਣੀ ਹੈ ਤਾਂ ਕੁਝ ਗੱਲਾਂ ਵੀ ਮੰਨਣੀਆਂ ਪੈਣਗੀਆਂ। ਉਨ੍ਹਾਂ ਕਿਹਾ ਕਿ ਖੇਤੀ ਤੇ ਹੋਰ ਖੇਤਰਾਂ ਲਈ ਸਬਸਿਡੀਆਂ ਨੂੰ ਖਤਮ ਕਰਨ ਦੀ ਥਾਂ ਉਨ੍ਹਾਂ ਨੂੰ ਤਰਕਸੰਗਤ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਸਮਾਜਿਕ ਜ਼ਿੰਮੇਵਾਰੀ ਹੈ ਕਿ ਵਿੱਦਿਆ ਤੇ ਸਿਹਤ ਦੇ ਖੇਤਰ ਵਿਚ ਸਬਸਿਡੀਆਂ ਮੁਹੱਈਆ ਕੀਤੀਆਂ ਜਾਣ ਪਰ ਵੱਡੀ ਕਿਸਾਨੀ ਤੇ ਧਨਾਢਾਂ ਲਈ ਸਬਸਿਡੀਆਂ ਦੇ ਗੱਫੇ ਦੇਣਾ ਠੀਕ ਨਹੀਂ। ਕਰਜ਼ਾ ਮੁਆਫੀ ਲਈ ਕੇਂਦਰ ਨਾਲ ਗੱਲਬਾਤ ਅੱਗੇ ਤੋਰਨੀ ਸੂਬੇ ਦੇ ਹਿੱਤ ਵਿਚ ਹੈ।

ਸ੍ਰੀ ਗਿੱਲ ਨੇ ਪੰਜਾਬ ਦੀ ਆਰਥਿਕਤਾ ਨਾਲ ਜੁੜੇ ਮਾਮਲਿਆਂ ਦੇ ਪਿਛੋਕੜ ਬਾਰੇ ਕਿਹਾ ਕਿ ਉਨ੍ਹਾਂ ਨੇ ਸਾਲ 1992 ਤੋਂ ਸਾਲ 2007 ਤਕ ਦੇ ਵਿੱਤੀ ਸੰਕਟ ਦਾ ਅਧਿਐਨ ਕੀਤਾ ਹੈ। ਪੈਸੇ ਦੀ ਕਮੀ ਕਾਰਨ 30 ਤੋਂ 50 ਪ੍ਰਤੀਸ਼ਤ ਯੋਜਨਾਵਾਂ ਵਿਚੇ ਹੀ ਰਹਿ ਜਾਂਦੀਆਂ ਹਨ। ਇਸ ਕਾਰਨ ਪੇਂਡੂ ਵਿਕਾਸ ਸਭ ਤੋਂ ਵਧੇਰੇ ਪ੍ਰਭਾਵਿਤ ਹੋਇਆ ਹੈ। ਕੌਮੀ ਵਿਕਾਸ ਦੀ ਦਰ ਵਿਚ ਮਹਾਰਾਸ਼ਟਰ, ਹਰਿਆਣਾ, ਕੇਰਲ, ਹਿਮਾਚਲ ਪ੍ਰਦੇਸ਼, ਗੋਆ ਤੇ ਦਿੱਲੀ ਵਰਗੇ ਰਾਜ ਪੰਜਾਬ ਨਾਲੋਂ ਅੱਗੇ ਨਿਕਲ ਗਏ ਹਨ। ਸਮਾਜ ਦੇ ਬੁਨਿਆਦੀ ਖੇਤਰਾਂ ਦੀ ਸਥਿਤੀ ਇਹ ਹੈ ਕਿ ਵਿਦਿਆ ਲਈ ਪਹਿਲਾਂ ਬਜਟ ਦਾ 24 ਪ੍ਰਤੀਸ਼ਤ ਹਿੱਸਾ ਰੱਖਿਆ ਜਾਂਦਾ ਸੀ ਪਰ ਹੁਣ ਇਹ 14 ਪ੍ਰਤੀਸ਼ਤ ਰਹਿ ਗਿਆ ਹੈ, ਸਿਹਤ ਖੇਤਰ ਲਈ ਬਜਟ ਸੱਤ ਪ੍ਰਤੀਸ਼ਤ ਤੋਂ ਘੱਟ ਕੇ ਸਾਢੇ ਤਿੰਨ ਪ੍ਰਤੀਸ਼ਤ। ਸਬਸਿਡੀਆਂ ਬਾਰੇ ਡਾ. ਗਿੱਲ ਨੇ ਕਿਹਾ ਕਿ ਪੰਜ ਏਕੜ ਦੀ ਮਾਲਕੀ ਵਾਲੇ ਕਿਸਾਨ ਲਈ ਸਬਸਿਡੀ ਬਹੁਤ ਜ਼ਰੂਰੀ ਹੈ ਪਰ ਵੱਡੇ ਕਿਸਾਨ ਨੂੰ ਸਬਸਿਡੀ ਦੇਣ ਦਾ ਕੋਈ ਅਰਥ ਨਹੀਂ ਹੈ। ਪੰਜਾਬ ਵਿਚ 25 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨ ਕੇਵਲ ਸੱਤ ਪ੍ਰਤੀਸ਼ਤ ਹਨ ਪਰ 35 ਪ੍ਰਤੀਸ਼ਤ ਖੇਤੀ ਟਿਊਬਵੈਲ ਉਨ੍ਹਾਂ ਦੇ ਕਬਜ਼ੇ ਵਿਚ ਹਨ। ਉਨ੍ਹਾਂ ਸਵਾਲ ਕੀਤਾ ਕਿ ਸ਼ਹਿਰ ਵਿਚ ਵੱਡੀ ਕੋਠੀ ਅਤੇ ਵੱਡੀ ਕਾਰ ਵਾਲੇ ਲਈ ਸਬਸਿਡੀ ਕਿਉਂ? ਡਾ. ਗਿੱਲ ਦਾ ਕਹਿਣਾ ਹੈ ਕਿ ਅਤਿਵਾਦ ਵੇਲੇ ਦਾ ਕਰਜ਼ਾ ਤਾਂ ਨਿੱਬੜ ਗਿਆ ਪਰ ਹੁਣ ਤਾਂ ਗੈਰ-ਜ਼ਿੰਮੇਵਾਰਾਨਾ ਸਿਸਟਮ ਕਾਰਨ ਸਥਿਤੀ ਵਿਗੜੀ ਹੈ। ਪੰਜਾਬ ਦਾ ਖਜ਼ਾਨਾ ਮੰਤਰੀ ਤਾਂ ਅਸਲ ਵਿਚ ਖਰਚਾ ਮੰਤਰੀ ਹੀ ਹੈ। ਇਸੇ ਤਰ੍ਹਾਂ ਕੇਂਦਰੀ ਟੈਕਸ ਪ੍ਰਬੰਧ ਵਿਚ ਗੜਬੜ ਹੈ।



*ਸ. ਮਨਪ੍ਰੀਤ ਸਿੰਘ ਬਾਦਲ*

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**
**ਫੋਨ:209-992-7185**

***ਸੰਤ ਅਜੀਤ ਸਿੰਘ ਮਨਪ੍ਰੀਤ ਸਿੰਘ ਬਾਦਲ ਦਾ ਸਾਥ ਛੱਡ ਕੇ ਮੁੜ ਬਾਦਲਾਂ ਦੇ ਖੇਮੇ 'ਚ**

-ਵੱਡਿਆਂ ਸ਼ਿਕਾਰੀਆਂ ਨੇ ਮੋਹ ਲਿਆ ਐਵੇਂ ਮੋਤੀਆਂ ਦੀ ਚੋਗ ਚੁਗਾ ਕੇ।

***ਪੰਜੋਲੀ ਨੂੰ ਮਨਪ੍ਰੀਤ ਬਾਦਲ ਦਾ ਅੰਮ੍ਰਿਤ ਭੰਗ ਹੋਣ ਦਾ ਚੇਤਾ ਹੁਣ 15 ਸਾਲਾਂ ਬਾਅਦ ਕਿਉਂ ਆਇਆ? ਇਕ ਟਿੱਪਣੀ**

-ਬਾਬਿਓ, ਇਹਨੂੰ ਈ ਤੇ ਕਹਿੰਦੇ ਐ 'ਬਾਦਲ-ਭਗਤੀ'।

***5 ਸਾਲਾਂ 'ਚ 77 ਹਜ਼ਾਰ ਇਰਾਕੀ ਮਰੇ-ਅਮਰੀਕੀ ਫੌਜ**

-ਤੇ ਥੋੜਾ ਟੀਚਾ ਕਿੰਨੇ ਕੁ ਮਾਰਨ ਦਾ ਸੀ?

***ਚੰਦੂਮਾਜਰਾ ਨੇ ਸੁਖਬੀਰ ਦੀ ਤੁਲਨਾ ਬਾਬਾ ਬੰਦਾ ਸਿੰਘ ਬਹਾਦਰ ਨਾਲ ਕੀਤੀ**

-ਕਿਸ ਮੂੰਹ ਸੇ ਜਾਓਗੇ ਕਾਅਬਾ ਗਾਲਿਬ
ਸ਼ਰਮ ਤੁਮ ਕੋ ਮਗਰ ਨਹੀਂ ਆਤੀ।

***ਕਿਉਂ ਧੱਕੇ ਮਾਰ ਕੇ ਘਰੀਂ ਤੋਰਦੇ ਹਨ ਸਿੱਖ ਆਪਣੇ ਲੀਡਰਾਂ ਨੂੰ?**

-ਢੀਠਾਂ ਦਾ ਹੋਰ ਇਲਾਜ ਵੀ ਕੀ ਐ?

***ਮਨਪ੍ਰੀਤ ਬਾਦਲ ਸਮਝ ਲਵੇ ਕਿ ਸ਼ੇਅਰੋ-ਸ਼ਾਇਰੀ ਨਾਲ ਕਿਸੇ ਦਾ ਢਿੱਡ ਨਹੀਂ ਭਰਦਾ-ਬੱਬੀ ਬਾਦਲ**

-ਪਰ ਚਾਪਲੂਸੀ ਕਰਨ ਨਾਲ ਕਦੇ ਨਾ ਕਦੇ ਬੁਰਕੀ ਜ਼ਰੂਰ ਪੈ ਜਾਂਦੀ ਐ। ਹੈ ਕਿ ਨਹੀਂ?

***ਪਾਕਿ ਤੇ ਚੀਨ ਭਾਰਤ ਲਈ ਸਿਰਦਰਦੀ-ਸੈਨਾ ਮੁਖੀ**

-ਤੁਹਾਨੂੰ ਤੇ ਖੁਸ਼ ਹੋਣਾ ਚਾਹੀਦੈ। ਇਸੇ ਸਿਰਦਰਦੀ ਨਾਲ ਨਿਪਟਣ ਦੇ ਬਹਾਨੇ ਥੋਨੂੰ ਨੌਕਰੀਆਂ ਮਿਲੀਆਂ ਹੋਈਆਂ।

*To Advertise with us*
*call: 847-359-0746*

**ਤੰਦੂਰੀਆ/ਕੁਕ ਚਾਹੀਦਾ ਹੈ**

*ਸੈਂਟਰਲ ਇਲੀਨਾਏ ਵਿਚ ਇਕ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ/ਕੁਕ ਦੀ ਜਰੂਰਤ ਹੈ।*
*ਚੰਗੀ ਤਨਖਾਹ ਤੇ ਸਹੂਲਤਾਂ*
**ਕਾਲ ਕਰੋ: 847-387-3523**




**SYAN VIDEO PRODUCTION, INC.**

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



**734-261-0936 / 734-890-1767**
E-mail: raj@syanvideo.com
or visit at: www.syanvideo.com

SV PRODUCTION

**ਓਨਰ ਅਪਰੇਟਰ ਅਤੇ ਡਰਾਈਵਰ**

**ਚਾਹੀਦੇ ਹਨ**

**ਰੀਫਰ ਅਤੇ ਡਰਾਈ ਲੋਡ**

*Fuel advance
*We pay every 15 days (after complete paper work). Every 1st & 15 of month.
*We pay for toll and help for repair on road
*No forced dispatch

**ਸਾਡੇ ਕੋਲ ਮਿਡਵੈਸਟ ਤੋਂ ਕੈਲੀਫੋਰਨੀਆ, ਮਿਡਵੈਸਟ ਤੋਂ ਟੈਕਸਸ, ਮਿਡਵੈਸਟ ਤੋਂ ਨਾਰਥ-ਈਸਟ, ਨਾਰਥ-ਈਸਟ ਤੋਂ ਕੈਲੀਫੋਰਨੀਆ ਰੂਟ ਹਨ**

**ਸੰਪਰਕ ਕਰੋ-ਫੋਨ:317-702-6452**

**Somal Trucking Company**
**Novelsville, IN, Ph:317-702-6452**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California Bureau:**
Mandeep Mann
661-889-1927
Shiara Dhindsa
Photographer
661-703-6664

**Director Community & Business Relations:**
Sunita Chopra
Ph:773-370-7106
**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਅਮਰਿੰਦਰ ਸਿੰਘ ਨੂੰ ਅਖੀਰ ਮਿਲੀ ਪ੍ਰਧਾਨਗੀ

ਸੀ ਪਰ ਬਾਅਦ 'ਚ ਸ੍ਰੀਮਤੀ ਊਸ਼ਾ ਠੱਕਰ ਨੇ ਆਪਣੇ ਤੌਰ 'ਤੇ ਇਕ ਹੋਰ ਪੈਨਲ ਪਾਰਟੀ ਸਾਹਮਣੇ ਰੱਖਿਆ ਜਿਸ ਵਿਚ ਪ੍ਰਤਾਪ ਸਿੰਘ ਬਾਜਵਾ ਦੀ ਥਾਂ ਕੇਂਦਰੀ ਮੰਤਰੀ ਸ੍ਰੀਮਤੀ ਅੰਬਿਕਾ ਸੋਨੀ ਦਾ ਨਾਂ ਸ਼ਾਮਲ ਕਰ ਦਿੱਤਾ ਗਿਆ।

ਪੰਜਾਬ ਵਿਚ ਕਾਂਗਰਸ ਦੇ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਭਾਵੇਂ ਕੈਪਟਨ ਨੇ ਲੋਕਾਂ ਅਤੇ ਕਾਂਗਰਸ ਵਰਕਰਾਂ ਵਿਚ ਆਪਣਾ ਖਾਸ ਆਧਾਰ ਬਣਾਇਆ ਹੋਇਆ ਸੀ ਫਿਰ ਵੀ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਪਾਰਟੀ ਵਿਚ ਇੱਕ ਤਰ੍ਹਾਂ ਨਾਲ ਉਹ ਨੁੱਕਰੇ ਹੀ ਲੱਗੇ ਹੋਏ ਸਨ। ਇਹ ਯਕੀਨ ਕੀਤਾ ਜਾਂਦਾ ਸੀ ਕਿ ਹਾਈ ਕਮਾਂਡ ਵਿਚਲੀ ਇਕ ਖਾਸ ਲਾਬੀ ਕਿਸੇ ਵੀ ਸੂਰਤ ਉਨ੍ਹਾਂ ਨੂੰ ਪ੍ਰਧਾਨ ਬਣਿਆਂ ਨਹੀਂ ਵੇਖਣਾ ਚਾਹੁੰਦੀ। ਕਾਂਗਰਸ ਵੱਲੋਂ ਸ੍ਰੀ ਮਹਿੰਦਰ ਸਿੰਘ ਕੇ.ਪੀ. ਨੂੰ ਕਾਰਜਕਾਰੀ ਪ੍ਰਧਾਨ ਬਣਾ ਕੇ ਇੱਕ ਤਰ੍ਹਾਂ ਨਾਲ ਡੰਗ ਟਪਾਊ ਨੀਤੀ ਹੀ ਅਪਨਾਈ ਜਾ ਰਹੀ ਸੀ।

ਪੰਜਾਬ ਕਾਂਗਰਸ ਜੋ ਕਿ ਕਈ ਧੜਿਆਂ ਵਿਚ ਵੰਡੀ ਹੋਈ ਹੈ, ਵਿਰੋਧੀ ਧਿਰ ਵਜੋਂ ਸਰਕਾਰ ਨੂੰ ਟੱਕਰ ਦੇਣ ਵਿਚ ਅਸਮਰੱਥ ਰਹੀ। ਹੁਣ ਕੌਮੀ ਲੀਡਰਸ਼ਿਪ ਨੇ ਅਮਰਿੰਦਰ ਸਿੰਘ ਦੀ ਸਿਆਸੀ ਅਹਿਮੀਅਤ ਨੂੰ ਪਛਾਣਿਆ ਹੈ ਪਰ ਉਨ੍ਹਾਂ ਨੂੰ ਢੇਰ ਸਾਰੀਆਂ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਨਾਲ ਦੋ-ਚਾਰ ਹੋਣਾ ਪਵੇਗਾ। ਉਹ ਪਾਰਟੀ ਦੇ ਸਿਰਮੌਰ ਆਗੂਆਂ ਨੂੰ ਕਿਵੇਂ ਨਾਲ ਲੈ ਕੇ ਚੱਲਦੇ ਹਨ, ਇਹ ਆਪਣੇ ਆਪ ਵਿਚ ਦੇਖਣ ਵਾਲੀ ਗੱਲ ਹੋਵੇਗੀ।

ਪੰਜਾਬ ਕਾਂਗਰਸ ਦੀ ਵਾਗਡੋਰ ਅਮਰਿੰਦਰ ਸਿੰਘ ਦੇ ਹੱਥ ਵਿਚ ਆਉਣੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਲਈ ਵੀ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ। ਇਹ ਦੇਖਣ ਵਾਲੀ ਗੱਲ ਹੋਵੇਗੀ ਕਿ ਉਹ ਇਸ ਨਿਯੁਕਤੀ ਪ੍ਰਤੀ ਕਿਸ ਤਰ੍ਹਾਂ ਦੀ ਰਣਨੀਤੀ ਅਪਨਾਉਂਦੀਆਂ ਹਨ, ਖਾਸ ਕਰਕੇ ਅਕਾਲੀ ਦਲ ਵਿਚ ਮਨਪ੍ਰੀਤ ਸਿੰਘ ਬਾਦਲ ਕਰਕੇ ਪੈਦਾ ਹੋਏ ਸਿਆਸੀ ਸੰਕਟ ਪਿਛੋਂ।

ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਵੱਲੋਂ ਡੇਢ ਸਾਲ ਬਾਅਦ ਆਉਣ ਵਾਲੀਆਂ ਚੋਣਾਂ ਦੀ ਤਿਆਰੀ ਹੁਣੇ ਤੋਂ ਹੀ ਅਰੰਭ ਦਿੱਤੀ ਗਈ ਹੈ। ਅਮਰਿੰਦਰ ਸਿੰਘ ਦਾ ਮਾਲਵੇ ਵਿਚ ਵਿਸ਼ੇਸ਼ ਆਧਾਰ ਹੋਣ ਕਾਰਨ ਪੰਜਾਬ ਵਿਧਾਨ ਸਭਾ ਦੀਆਂ ਸਾਲ 2007 ਵਿਚ ਹੋਈਆਂ ਚੋਣਾਂ 'ਚ ਕਾਂਗਰਸ ਅਕਾਲੀਆਂ ਦੇ ਗੜ੍ਹ ਵਿਚ ਸੰਨ੍ਹ ਲਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੀ ਸੀ। ਸਾਲ 2012 ਦੀਆਂ ਚੋਣਾਂ ਦੌਰਾਨ ਮਾਲਵੇ ਵਿਚ ਕਾਂਗਰਸੀਆਂ ਵੱਲੋਂ ਆਪਣਾ ਆਧਾਰ ਬਰਕਰਾਰ ਰੱਖਣ ਅਤੇ ਅਤੇ ਅਕਾਲੀਆਂ ਵੱਲੋਂ ਆਪਣਾ ਖੁੱਸਿਆ ਆਧਾਰ ਵਾਪਸ ਹਾਸਲ ਕਰਨ ਲਈ ਹੀ ਅਸਲੀ ਰਾਜਸੀ ਲੜਾਈ ਲੜੀ ਜਾਵੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਇਹ ਕਹਿ ਚੁੱਕੇ ਹਨ ਕਿ ਅਕਾਲੀ ਦਲ ਦੀ ਰਾਜਨੀਤਕ ਲੜਾਈ ਪੰਜਾਬ ਕਾਂਗਰਸ ਨਾਲ ਹੈ ਅਤੇ ਇਸ ਦੀ ਕਮਾਨ ਭਾਵੇਂ ਅਮਰਿੰਦਰ ਦੇ ਹੱਥ ਹੋਵੇ ਤੇ ਭਾਵੇਂ ਭੱਠਲ ਦੇ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਸਿਆਸੀ ਤੌਰ 'ਤੇ ਕਾਂਗਰਸੀਆਂ ਅਤੇ ਅਕਾਲੀਆਂ ਵੱਲੋਂ ਇਹੀ ਪ੍ਰਭਾਵ ਛੱਡਿਆ ਜਾਂਦਾ ਹੈ ਕਿ ਅਮਰਿੰਦਰ ਸਿੰਘ ਦੇ ਸਿਆਸੀ ਮੈਦਾਨ ਵਿਚ ਮੋਹਰੀ ਵਜੋਂ ਆਉਣ ਨਾਲ ਅਕਾਲੀ ਦਲ ਲਈ ਸਿਰਦਰਦੀ ਕਈ ਗੁਣਾ ਵੱਧ ਜਾਵੇਗੀ।

ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦਾ ਮੁੱਖ ਮੰਤਰੀ ਹੁੰਦਿਆਂ ਜਦੋਂ ਪਾਣੀਆਂ ਬਾਰੇ ਵਿਧਾਨ ਸਭਾ ਤੋਂ ਮਤਾ ਪਾਸ ਕਰਵਾਇਆ ਸੀ ਤਾਂ ਉਨ੍ਹਾਂ ਦੀ ਹਰ ਪਾਸੇ ਬੱਲੇ ਬੱਲੇ ਹੋਈ ਸੀ। ਸ੍ਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸੁਰਿੰਦਰ ਕੌਰ ਬਾਦਲ ਅਤੇ ਹੋਰਨਾਂ ਅਕਾਲੀਆਂ ਵਿਰੁਧ ਭ੍ਰਿਸ਼ਟਾਚਾਰ ਦੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ 'ਚ ਸੁੱਟਣ ਕਾਰਨ ਅਮਰਿੰਦਰ ਸਿੰਘ ਬੇਹੱਦ ਚਰਚਾ ਵਿਚ ਰਹੇ। ਹਾਲਾਂਕਿ ਸੱਤਾ ਪਲਟਦਿਆਂ ਹੀ ਅਮਰਿੰਦਰ ਸਿੰਘ ਖ਼ਿਲਾਫ਼ ਵੀ ਭ੍ਰਿਸ਼ਟਾਚਾਰ ਦੇ ਕੇਸ ਦਰਜ ਹੋ ਗਏ ਅਤੇ ਇੱਥੋਂ ਤੱਕ ਕਿ ਉਨ੍ਹਾਂ ਨੂੰ ਵਿਧਾਨ ਸਭਾ ਤੋਂ ਵੀ ਬਰਖਾਸਤ ਕਰ ਦਿੱਤਾ ਗਿਆ ਸੀ। ਫਿਰ ਸੁਪਰੀਮ ਕੋਰਟ ਵਿਚੋਂ ਕਾਨੂੰਨੀ ਲੜਾਈ ਜਿੱਤਣ ਤੋਂ ਬਾਅਦ ਉਨ੍ਹਾਂ ਦੀ ਮੈਂਬਰੀ ਬਹਾਲ ਹੋ ਗਈ। ਅਮਰਿੰਦਰ ਸਿੰਘ 'ਤੇ ਇਹ ਦੋਸ਼ ਵੀ ਲਗਦਾ ਹੈ ਕਿ ਉਹ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਘੱਟ ਮਿਲਦੇ ਹਨ। ਇਸ ਦੋਸ਼ ਤੋਂ ਹੁਣ ਉਹ ਕਿਵੇਂ ਬਚਦੇ ਹਨ, ਇਸ ਦਾ ਜਵਾਬ ਸਮਾਂ ਹੀ ਦੇਵੇਗਾ। ਇਸ ਦੇ ਉਲਟ ਕੈਪਟਨ ਦੇ ਹਮਾਇਤੀ ਕਹਿੰਦੇ ਹਨ ਕਿ ਉਨ੍ਹਾਂ ਵਿਚ ਮਹਾਰਾਜਿਆਂ ਵਾਲੇ ਕਈ ਗੁਣ ਹਨ, ਇਹ ਠੀਕ ਹੈ ਕਿ ਉਹ ਪ੍ਰਕਾਸ਼ ਸਿੰਘ ਬਾਦਲ ਵਾਂਗ ਹੇਠਲੇ ਪੱਧਰ ਦੇ ਵਰਕਰਾਂ ਨੂੰ ਨਹੀਂ ਮਿਲਦੇ ਪਰ ਨਾਲ ਹੀ ਇਹ ਵੀ ਠੀਕ ਹੈ ਕਿ ਉਹ ਬਾਦਲਾਂ ਵਾਂਗ ਨੀਵੇਂ ਪੱਧਰ ਦੀ ਰਾਜਨੀਤੀ ਵੀ ਨਹੀਂ ਕਰਦੇ।

ਇਸੇ ਦੌਰਾਨ ਪਾਰਟੀ ਦੇ ਵਿਧਾਇਕ ਕੇਵਲ ਸਿੰਘ ਢਿੱਲੋਂ ਅਤੇ ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ ਨੇ ਅਮਰਿੰਦਰ ਸਿੰਘ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸਹੀ ਫੈਸਲਾ ਲਿਆ ਗਿਆ ਹੈ ਤੇ ਅਮਰਿੰਦਰ ਸਿੰਘ ਹੀ ਅਕਾਲੀਆਂ ਨੂੰ ਰਾਜਸੀ ਟੱਕਰ ਦੇਣ ਦੇ ਸਮਰੱਥ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵ ਨਿਯੁਕਤ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਰਟੀ ਦੇ ਹਰ ਆਗੂ ਨੂੰ ਨਾਲ ਲੈ ਕੇ ਚੱਲਣਾ ਮੇਰੀ ਪਹਿਲੀ ਡਿਊਟੀ ਹੈ। ਉਨ੍ਹਾਂ ਕਿਹਾ, "ਕਾਂਗਰਸ ਪਾਰਟੀ ਇੱਕ ਪਰਿਵਾਰ ਵਾਂਗ ਹੈ ਤੇ ਅਸੀਂ ਸਾਰੇ ਰਲ ਕੇ ਆਉਣ ਵਾਲੀ ਸਿਆਸੀ ਲੜਾਈ ਲੜਾਂਗੇ ਤੇ ਪਾਰਟੀ ਦੇ ਏਕੇ ਲਈ ਜੇਕਰ ਮੈਨੂੰ ਪਾਰਟੀ ਦੇ ਕਿਸੇ ਆਗੂ ਦੇ ਘਰ ਜਾਣਾ ਪਿਆ ਤਾਂ ਮੈਂ ਜਾਵਾਂਗਾ।" ਉਨ੍ਹਾਂ ਦਾਅਵਾ ਕੀਤਾ ਕਿ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਕਾਂਗਰਸ ਪੰਜਾਬ ਦੀ ਸੱਤਾ ਸੰਭਾਲੇਗੀ। ਅਮਰਿੰਦਰ ਸਿੰਘ ਨੇ ਪ੍ਰਦੇਸ਼ ਪ੍ਰਧਾਨ ਵਜੋਂ ਨਿਯੁਕਤੀ ਲਈ ਕੁੱਲ ਹਿੰਦ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ, ਪਾਰਟੀ ਆਗੂਆਂ ਤੇ ਵਰਕਰਾਂ ਦੇ ਵੀ ਕਰਜ਼ਦਾਰ ਹਨ, ਜਿਨ੍ਹਾਂ ਨੇ ਸਦਾ ਪਿਆਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਕਾਂਗਰਸ ਪੰਜਾਬ ਦੀ ਸੱਤਾ ਸੰਭਾਲੇਗੀ।

# ਸਿੱਖ ਓਬਾਮਾ ਦੀ ਅੰਮ੍ਰਿਤਸਰ ਫੇਰੀ ਯਕੀਨੀ ਬਣਾਉਣ ਲਈ ਸਰਗਰਮ

ਦੌਰਾ ਰੱਦ ਹੋਣ ਦੀ ਸੰਭਾਵਨਾ ਬਣ ਗਈ ਹੈ। ਸ੍ਰੀ ਓਬਾਮਾ ਦਾ ਕਹਿਣਾ ਹੈ ਕਿ ਉਹ ਸ੍ਰੀ ਦਰਬਾਰ ਸਾਹਿਬ ਅੰਦਰ ਜਾਣ ਵੇਲੇ ਸਿਰ ਢੱਕਣ ਲਈ ਪਗੜੀ ਨਹੀਂ ਬੰਨ੍ਹ ਸਕਦੇ ਕਿਉਂਕਿ ਅਜਿਹਾ ਕਰਨ ਨਾਲ ਉਹ ਮੁਸਲਮਾਨਾਂ ਵਾਂਗ ਲੱਗਦੇ ਹਨ ਜਿਸ ਦਾ ਅਮਰੀਕੀਆਂ 'ਚ ਮਾੜਾ ਪ੍ਰਭਾਵ ਜਾਵੇਗਾ। ਦੂਜੇ ਪਾਸੇ ਸਿੱਖ ਭਾਈਚਾਰੇ ਦੇ ਇੱਕ ਹਿੱਸੇ 'ਚ ਇਹ ਵੀ ਚਰਚਾ ਹੈ ਕਿ ਭਾਰਤੀ ਏਜੰਸੀਆਂ ਹੀ ਨਹੀਂ ਚਾਹੁੰਦੀਆਂ ਕਿ ਸ੍ਰੀ ਓਬਾਮਾ ਸਿੱਖਾਂ ਦੇ ਸਰਬਉਚ ਸਥਾਨ ਦੇ ਦਰਸ਼ਨ ਕਰਨ ਲਈ ਆਉਣ।

ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਸ੍ਰੀ ਓਬਾਮਾ ਸਫੇਦ ਰੁਮਾਲ ਨਾਲ ਸਿਰ ਢੱਕ ਸਕਦੇ ਹਨ ਜਿਸ ਤਰ੍ਹਾਂ ਆਮ ਤੌਰ 'ਤੇ ਦੂਜੇ ਧਰਮਾਂ ਦੇ ਲੋਕ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਵੇਲੇ ਕਰਦੇ ਹਨ। ਇਸ ਮਾਮਲੇ ਦਾ ਕੋਈ ਢੁਕਵਾਂ ਹੱਲ ਕੱਢਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਅਮਰੀਕੀ ਪ੍ਰਸ਼ਾਸਨ ਕੋਲ ਨਿੱਜੀ ਤੌਰ 'ਤੇ ਮੁੱਦਾ ਉਠਾਉਣ ਦੀ ਬੇਨਤੀ ਕੀਤੀ ਹੈ। ਉਧਰ 25 ਅਕਤੂਬਰ ਨੂੰ ਅਮਰੀਕਾ ਦੇ ਵਿਦੇਸ਼ ਰਾਜ ਮੰਤਰੀ ਰਾਬਰਟ ਬਲੈਕ ਤੇ ਭਾਰਤ 'ਚ ਅਮਰੀਕੀ ਰਾਜਦੂਤ ਟਿਮੋਥੀ ਜੇ. ਰੋਮਰ ਸਮੇਤ ਅਮਰੀਕੀ ਉਚ ਅਧਿਕਾਰੀਆਂ ਦੀ ਟੀਮ ਨੇ ਦਿੱਲੀ ਵਿਚ ਸ੍ਰੀ ਓਬਾਮਾ ਦੀ ਭਾਰਤ ਫੇਰੀ ਸਬੰਧੀ ਪ੍ਰੋਗਰਾਮ ਨੂੰ ਅੰਤਿਮ ਰੂਪ ਦੇਣ ਲਈ ਭਾਰਤੀ ਸੰਸਦ ਮੈਂਬਰਾਂ ਦੇ ਵਿਚਾਰ ਲਏ ਹਨ। ਇਸ ਮੀਟਿੰਗ ਲਈ ਅਮਰੀਕੀ ਸਫਾਰਤਖਾਨੇ ਵੱਲੋਂ ਭਾਜਪਾ ਦੇ ਬਲਬੀਰ ਪੁੰਜ, ਕਾਂਗਰਸ ਦੇ ਮਨੀਸ਼ ਤਿਵਾੜੀ, ਅਕਾਲੀ ਦਲ ਦੇ ਹਰਸਿਮਰਤ ਕੌਰ ਬਾਦਲ, ਭਾਜਪਾ ਦੇ ਆਨੰਦ ਹੈਗੜੇ, ਰਾਸ਼ਟਰੀ ਲੋਕ ਦਲ ਦੇ ਜਯੰਤ ਚੌਧਰੀ ਤੇ ਕਾਂਗਰਸ ਦੀ ਸ਼ਰੂਤੀ ਚੌਧਰੀ ਤੋਂ ਇਲਾਵਾ ਕੁਝ ਹੋਰ ਸੰਸਦ ਮੈਂਬਰਾਂ ਤੇ ਦੂਜੇ ਆਗੂਆਂ ਨਾਲ ਵੀ ਗੱਲਬਾਤ ਕੀਤੀ ਗਈ ਹੈ। ਇਸ ਮੌਕੇ ਹਰਸਿਮਰਤ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਦੇ ਦੌਰੇ 'ਚ ਅੰਮ੍ਰਿਤਸਰ ਨੂੰ ਸ਼ਾਮਲ ਰੱਖਿਆ ਜਾਵੇ ਕਿਉਂਕਿ ਇਹ ਦੌਰਾ ਰੱਦ ਹੋਣ ਨਾਲ ਦੁਨੀਆਂ ਭਰ 'ਚ ਰਹਿ ਰਹੇ ਸਿੱਖ ਭਾਈਚਾਰੇ ਅੰਦਰ ਗਲਤ ਸੰਦੇਸ਼ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਬਰਤਾਨਵੀ ਮਹਾਂਰਾਣੀ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਸਮੇਤ ਅਨੇਕਾਂ ਕੌਮਾਂਤਰੀ ਹਸਤੀਆਂ ਬਿਨਾਂ ਕਿਸੇ ਸੁਰੱਖਿਆ ਮੁਸ਼ਕਲ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰ ਚੁੱਕੀਆਂ ਹਨ।

ਇਸੇ ਦੌਰਾਨ ਸਿੱਖ ਕੌਂਸਲ ਆਨ ਰਿਲੀਜ਼ਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਡਾ. ਰਾਜਵੰਤ ਸਿੰਘ ਨੇ ਵਾਈਟ ਹਾਊਸ ਨਾਲ ਰਾਬਤਾ ਕਾਇਮ ਕਰਨ ਤੋਂ ਇਲਾਵਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਇਸ ਸਬੰਧੀ ਆਪਣੇ ਰਸੂਖ ਦੀ ਵਰਤੋਂ ਕਰਦੇ ਹੋਏ ਕੋਸ਼ਿਸ਼ ਕਰਨ ਕਿ ਰਾਸ਼ਟਰਪਤੀ ਉਬਾਮਾ ਪਹਿਲਾਂ ਬਣੇ ਪ੍ਰੋਗਰਾਮ ਅਨੁਸਾਰ ਸ੍ਰੀ ਦਰਬਾਰ ਸਾਹਿਬ ਜਾਣ। ਡਾ. ਰਾਜਵੰਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਰਾਸ਼ਟਰਪਤੀ ਉਬਾਮਾ ਦੇ ਪ੍ਰੈਸ ਸਕੱਤਰ ਰੌਬਰਟ ਗਿੱਬਜ਼ ਨੇ ਕਿਹਾ ਹੈ ਕਿ ਰਾਸ਼ਟਰਪਤੀ ਦੀ ਕਿਸੇ ਵੀ ਦੇਸ਼ ਦੀ ਯਾਤਰਾ ਮੌਕੇ ਪਹਿਲਾਂ ਅਗਾਊਂ ਟੀਮਾਂ ਭੇਜੀਆਂ ਜਾਂਦੀਆਂ ਹਨ ਤੇ ਮੇਜ਼ਬਾਨ ਦੇਸ਼ ਦੀ ਸਲਾਹ ਨਾਲ ਹੀ ਇਹ ਫ਼ੈਸਲਾ ਲਿਆ ਜਾਂਦਾ ਹੈ ਕਿ ਰਾਸ਼ਟਰਪਤੀ ਕਿੱਥੇ-ਕਿੱਥੇ ਜਾਣਗੇ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਮਾਮਲੇ 'ਚ ਭਾਰਤ ਸਰਕਾਰ ਦੀ ਸਲਾਹ ਅਨੁਸਾਰ ਹੀ ਕੋਈ ਫੈਸਲਾ ਲਿਆ ਜਾਵੇਗਾ।

# ਟੋਰਾਂਟੋ ਨਗਰ ਪਾਲਿਕਾ ਚੋਣਾਂ 'ਚ ਵਿੱਕੀ ਢਿੱਲੋਂ ਤੇ ਹਰਿੰਦਰ ਮੱਲ੍ਹੀ ਜੇਤੂ

**ਟਰਾਂਟੋ:** ਸੂਬਾਈ ਨਗਰਪਾਲਿਕਾ ਚੋਣਾਂ ਸੁਖੀਂ-ਸਾਂਦੀ ਨਿਬੜ ਗਈਆਂ ਅਤੇ ਮੰਗਲਵਾਰ ਸ਼ਾਮ ਨੂੰ ਆਏ ਇਸ ਦੇ ਨਤੀਜੇ ਪੰਜਾਬੀਆਂ ਦੇ ਵੱਕਾਰ ਨੂੰ ਹੋਰ ਵੀ ਬੁਲੰਦ ਕਰ ਗਏ। ਬਰੈਂਪਟਨ ਸ਼ਹਿਰ ਵਿਚ ਬਠਿੰਡੇ ਦਾ ਵਿੱਕੀ ਢਿੱਲੋਂ ਜਿੱਥੇ ਦੁਬਾਰਾ ਆਪਣੀ ਸੀਟ ਬਚਾਉਣ 'ਚ ਕਾਮਯਾਬ ਹੋਇਆ ਹੈ ਉਥੇ ਪਹਿਲੀ ਵਾਰ ਸਿਆਸੀ ਮੈਦਾਨ 'ਚ ਉਤਰੀ ਨੌਜਵਾਨ ਕੁੜੀ ਹਰਿੰਦਰ ਮੱਲ੍ਹੀ ਦਾ ਸਕੂਲ ਟਰੱਸਟੀ ਵਜੋਂ ਜਿੱਤਣਾ ਸਮੁਚੇ ਦੇਸੀ ਭਾਈਚਾਰੇ ਲਈ ਬਹੁਤ ਮਾਣ 'ਤੇ ਖੁਸ਼ੀ ਦਾ ਸਬੱਬ ਬਣ ਗਿਆ। ਟੋਰਾਂਟੋ ਦੇ ਮੇਅਰ ਦੀ ਚੋਣ ਲਈ ਵੱਖ-ਵੱਖ ਸਰਵੇਖਣਾਂ ਅਨੁਸਾਰ ਟੱਕਰ ਜਿੰਨੀ ਕਾਂਟੇ ਦੀ ਦੱਸੀ ਜਾ ਰਹੀ ਸੀ ਨਤੀਜਾ ਆਉਣ 'ਤੇ ਓਨੀ ਨੇੜੇ ਦੀ ਨਹੀਂ ਰਹੀ।

ਰੌਬ ਫੋਰਡ ਟੋਰਾਂਟੋ ਦਾ ਨਵਾਂ ਮੇਅਰ ਚੁਣਿਆ ਗਿਆ ਹੈ ਉਸ ਨੂੰ 380201 ਵੋਟਾਂ ਭਾਵ 47 ਫੀਸਦੀ ਵੋਟਾਂ ਪਈਆਂ ਸਨ ਜਦੋਂ ਕਿ ਉਸ ਦਾ ਨਿਕਟ ਵਿਰੋਧੀ ਸਾਬਕਾ ਉਪ ਮੁੱਖ ਮੰਤਰੀ ਜਾਰਜ ਸਮਿਦਰਮੈਨ 287393 ਭਾਵ 35 ਫੀਸਦੀ ਵੋਟਾਂ ਲੈ ਕੇ ਦੂਜੇ ਥਾਂ ਰਿਹਾ। ਸੂਬੇ 'ਚ ਕੁਲ 444 ਵੱਖ ਵੱਖ ਸੀਟਾਂ ਲਈ ਵੋਟਾਂ ਪਈਆਂ।

ਮਿਸੀਸਾਗਾ ਵਿਚ 89 ਸਾਲਾ ਬੇਬੇ ਹੇਜ਼ਲ ਮਕੈਲੀਅਨ ਲਗਾਤਾਰ 12ਵੀਂ ਵਾਰ ਫਿਰ ਮੇਅਰ ਚੁਣੀ ਗਈ ਹੈ। ਉਸ ਨੂੰ 103,320 ਭਾਵ 76.33% ਵੋਟਾਂ ਪਈਆਂ ਸਨ।

ਉਨਟਾਰੀਓ ਦੇ ਸਭ ਤੋਂ ਤੇਜ਼ੀ ਨਾਲ ਅੱਗੇ ਵਧ ਰਹੇ ਸ਼ਹਿਰ ਬਰੈਂਪਟਨ ਜਿੱਥੇ ਸਾਊਥ ਏਸ਼ਿਆਈ ਵਸੋਂ ਹੈ, ਵਿੱਚ ਫਿਰ ਤੋਂ ਮੌਜੂਦਾ ਮੇਅਰ ਸੂਜ਼ਨ ਫੈਨਲ ਨੇ ਮੇਅਰ ਦੀ ਚੋਣ ਜਿੱਤ ਲਈ ਹੈ।

ਬਰੈਂਪਟਨ ਦੇ ਸਭ ਤੋਂ ਚਰਚਿਤ ਅਤੇ ਪੰਜਾਬੀ ਭਾਈਚਾਰੇ ਦੀ ਉਤਸੁਕਤਾ ਵਾਲੇ ਵਾਰਡ 9-10 ਵਿੱਚੋਂ ਮੌਜੂਦਾ ਪੰਜਾਬੀ ਕੌਂਸਲਰ ਵਿੱਕੀ ਢਿੱਲੋਂ ਨੇ ਪਿਛਲੀਆਂ ਚੋਣਾਂ ਨਾਲੋਂ ਕਿਤੇ ਵੱਧ ਵੋਟ ਲੈ ਕੇ ਆਪਣੀ ਸਰਦਾਰੀ ਬਣਾਈ ਹੈ। ਵਿੱਕੀ ਜਿੱਥੇ 2006 ਦੀਆਂ ਚੋਣਾਂ ਵਿਚ 4700 ਦੇ ਕਰੀਬ ਵੋਟਾਂ ਨਾਲ ਜਿੱਤਿਆ ਸੀ, ਉਥੇ ਉਸ ਨੇ ਇਸ ਵਾਰ 12377 ਦੇ ਕਰੀਬ ਵੋਟਾਂ ਨਾਲ ਮਾਅਰਕੇ ਵਾਲੀ ਜਿੱਤ ਹਾਸਲ ਕੀਤੀ ਹੈ। ਵਰਣਨਯੋਗ ਹੈ ਕਿ ਉਸ ਦੇ ਵਿਰੋਧ 'ਚ ਦੋ ਪੰਜਾਬੀ ਵੀ ਖੜ੍ਹੇ ਸਨ। ਬਹੁਤੇ ਲੋਕਾਂ ਨੂੰ ਤੌਖਲਾ ਸੀ ਕਿ ਦੇਸੀ ਵੋਟਾਂ ਦੀ ਵੰਡ ਹੋਣ ਨਾਲ ਕਿਧਰੇ ਪੰਜਾਬੀਆਂ ਹੱਥੋਂ ਪੁਰਾਣੀ ਸੀਟ ਵੀ ਜਾਂਦੀ ਨਾ ਲੱਗੇ।

ਇਸ ਵਾਰ ਸ਼ਹਿਰ ਪੱਧਰ 'ਤੇ ਦੋ ਪੰਜਾਬੀਆਂ ਨੇ ਬਰੈਂਪਟਨ ਦੀਆਂ ਚੋਣਾਂ ਵਿਚ ਇਕ ਕਦਮ ਹੋਰ ਅੱਗੇ ਪੁੱਟਦਿਆਂ ਸਕੂਲ ਟਰੱਸਟੀ ਦੀ ਸੀਟ ਜਿੱਤ ਲਈ ਹੈ। ਵਾਰਡ 9 ਅਤੇ 10 ਵਿਚ ਹੀ ਟਰੱਸਟੀ ਦੀ ਸੀਟ ਲਿਬਰਲ ਐਮ.ਪੀ. ਗੁਰਬਖਸ਼ ਸਿੰਘ ਮੱਲ੍ਹੀ ਦੀ ਪੁੱਤਰੀ ਹਰਿੰਦਰ ਕੌਰ ਮੱਲ੍ਹੀ ਦੇ ਹਿੱਸੇ ਆਈ ਹੈ। ਵਿੱਕੀ ਨੇ 5 ਵਿਰੋਧੀਆਂ ਨੂੰ ਚਿੱਤ ਕੀਤਾ ਅਤੇ ਮੱਲ੍ਹੀ ਨੇ 7 ਨੂੰ ਹਰਾਇਆ ਹੈ। ਦੋ ਦਰਜਨ ਦੇਸੀ ਉਮੀਦਵਾਰਾਂ 'ਚੋਂ ਦੋ ਹੀ ਨਿੱਤਰੇ ਹਨ ਅਤੇ ਬਰੈਂਪਟਨ ਅਤੇ ਮਿਸੀਸਾਗਾ ਦੇ ਬਾਕੀ ਵਾਰਡਾਂ ਵਿਚੋਂ ਕਰੀਬ ਪਹਿਲਾਂ ਵਾਲੇ ਉਮੀਦਵਾਰ ਹੀ ਜਿੱਤੇ ਹਨ।

## ਹਿੰਦ-ਜਪਾਨ ਮੁਕਤ ਵਪਾਰ ਸਮਝੌਤਾ ਛੇਤੀ ਸਿਰੇ ਚੜ੍ਹਨਾ ਯਕੀਨੀ

ਹੰਢਾਇਆ ਹੈ।"

ਸੋਮਵਾਰ ਦਿਨ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਜਪਾਨ ਦੀਆਂ ਫਰਮਾਂ ਨੂੰ ਭਾਰਤ ਦੇ ਪਰਮਾਣੂ ਊਰਜਾ ਪ੍ਰੋਗਰਾਮ ਵਿਚ ਵੱਡੇ ਨਿਵੇਸ਼ ਕਰਨ ਦਾ ਸੱਦਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਪਾਨ ਸ਼ਾਂਤੀਪੂਰਨ ਪਰਮਾਣੂ ਊਰਜਾ ਪ੍ਰੋਗਰਾਮ ਵਿਚ ਭਾਰਤ ਦਾ ਸਹਿਯੋਗੀ ਬਣੇਗਾ। ਇਸੇ ਦੌਰਾਨ ਦੋਹਾਂ ਦੇਸ਼ਾਂ ਦੇ ਆਗੂਆਂ ਨੇ ਸਰਕਾਰੀ ਤੌਰ 'ਤੇ ਸਮੂਹਕ ਆਰਥਕ ਭਾਈਵਾਲੀ ਸਮਝੌਤੇ ਨੂੰ ਪਾਸ ਕਰ ਦਿੱਤਾ ਪਰ ਇਸ ਸਮਝੌਤੇ 'ਤੇ ਹਸਤਾਖਰ ਨਹੀਂ ਹੋ ਸਕੇ। ਜਪਾਨ ਵੱਲੋਂ ਇਸ ਸਬੰਧੀ ਕਈ ਪੱਧਰ 'ਤੇ ਪ੍ਰਵਾਨਗੀ ਲੈਣੀ ਹੋਵੇਗੀ ਅਤੇ ਦੇਸ਼ ਦੀ ਪਾਰਲੀਮੈਂਟ ਵਿਚ ਪਾਸ ਕਰਵਾਉਣਾ ਹੋਵੇਗਾ। ਇਸ ਸਮਝੌਤੇ 'ਤੇ ਗੱਲਬਾਤ 2007 ਵਿਚ ਸ਼ੁਰੂ ਹੋਈ ਸੀ।

ਦੁਵੱਲੀ ਗੱਲਬਾਤ ਪਿੱਛੋਂ ਸ੍ਰੀ ਕਾਨ ਨੇ ਕਿਹਾ ਕਿ ਦੋਵੇਂ ਦੇਸ਼ ਇਕ ਦੂਜੇ ਲਈ ਅਹਿਮ ਮਾਮਲਿਆਂ 'ਚ ਸਹਿਯੋਗ ਦੇਣ ਦੇ ਹੱਕ 'ਚ ਹਨ। ਉਧਰ ਡਾ. ਮਨਮੋਹਨ ਸਿੰਘ ਨੇ ਸਮਝੌਤੇ 'ਤੇ ਗੱਲਬਾਤ ਦਾ ਸਿਰੇ ਲੱਗਣਾ ਇਤਿਹਾਸਕ ਪ੍ਰਾਪਤੀ ਹੈ। ਇਸ ਨਾਲ ਬਿਜ਼ਨਸ ਦੇ ਨਵੇਂ ਮੌਕੇ ਪੈਦਾ ਹੋਣਗੇ। ਦੋਹਾਂ ਆਗੂਆਂ ਨੇ ਅਫਗਾਨ ਸਮੱਸਿਆ, ਮੌਸਮ ਬਦਲਾਅ, ਸੰਯੁਕਤ ਰਾਸ਼ਟਰ 'ਚ ਸੁਧਾਰ ਸਮੇਤ ਅਨੇਕ ਮੁੱਦਿਆਂ 'ਤੇ ਗੱਲਬਾਤ ਕੀਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਮੀਂਹ, ਝੱਖੜ ਤੇ ਗੜੇਮਾਰੀ ਨਾਲ ਝੋਨੇ ਦੀ ਤਬਾਹੀ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਵਿਚ 22 ਅਕਤੂਬਰ ਨੂੰ ਕਈ ਥਾਂ ਬੇਮੌਸਮੀ ਬਾਰਸ਼, ਝੱਖੜ ਅਤੇ ਗੜੇ ਪੈਣ ਨਾਲ ਝੋਨੇ ਦੀ ਖੜ੍ਹੀ ਫਸਲ ਦੀ ਭਾਰੀ ਤਬਾਹੀ ਹੋਈ ਹੈ। ਮੰਡੀਆਂ ਵਿਚ ਵਿਕਣ ਲਈ ਆਈ ਜਿਣਸ ਵੀ ਭਿੱਜ ਗਈ ਹੈ।

ਮੰਡੀਆਂ ਵਿਚ ਝੋਨੇ ਦੀ ਆਮਦ ਜ਼ੋਰਾਂ 'ਤੇ ਹੈ ਅਤੇ ਖੇਤਾਂ ਵਿਚ ਕੰਬਾਈਨਾਂ ਨਾਲ ਝੋਨੇ ਦੀ ਵਾਢੀ ਵੀ ਤੇਜ਼ੀ ਨਾਲ ਜਾਰੀ ਹੈ। ਵੀਰਵਾਰ ਹੀ ਪੰਜਾਬ ਦੇ ਸਿਵਲ ਸਪਲਾਈ ਅਤੇ ਖੁਰਾਕ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਕਿਹਾ ਸੀ ਕਿ ਝੋਨੇ ਦੀ ਖਰੀਦ ਦਾ ਕੰਮ ਖੁਸ਼ਕ ਮੌਸਮ ਸਦਕਾ ਸਹੀ ਢੰਗ ਨਾਲ ਚੱਲ ਰਿਹਾ ਹੈ। ਬੇਸ਼ੱਕ ਝੋਨੇ ਦੀ ਖਰੀਦ ਤੋਂ ਕੁਝ ਦਿਨ ਪਹਿਲਾਂ ਤੱਕ ਭਰਵੀਂ ਬਾਰਸ਼ ਹੋਣ ਕਾਰਨ ਖਰੀਦ ਏਜੰਸੀਆਂ ਲਈ ਚਿੰਤਾ ਬਣੀ ਹੋਈ ਸੀ ਪਰ ਖਰੀਦ ਸ਼ੁਰੂ ਹੋਣ ਤੋਂ ਬਾਅਦ ਮੌਸਮ ਖੁਸ਼ਕ ਹੋਣ ਕਾਰਨ ਖਰੀਦ ਦਾ ਕੰਮ ਸੁਖਾਵਾਂ ਚੱਲ ਰਿਹਾ ਸੀ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਹੈ ਕਿ ਬੇਮੌਸਮੀ ਬਾਰਸ਼ ਨਾਲ ਮੰਡੀਆਂ ਵਿਚ ਪਈ ਫਸਲ ਤਾਂ ਤਰਪਾਲਾਂ ਨਾਲ ਢਕ ਲਈ ਗਈ ਸੀ ਪਰ ਸੜਕਾਂ ਦੇ ਕਿਨਾਰੇ ਅਤੇ ਕੱਚੇ ਥਾਂ ਪਈ ਜਿਣਸ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਹਿਲਾਂ ਹੜ੍ਹ ਆਉਣ ਨਾਲ ਕਈ ਇਲਾਕਿਆਂ ਵਿਚ ਨੁਕਸਾਨ ਹੋਇਆ ਅਤੇ ਹੁਣ ਖੜ੍ਹੀ ਫਸਲ ਦਾ ਪ੍ਰਭਾਵਿਤ ਖੇਤਰਾਂ ਵਿਚ ਬਹੁਤ ਨੁਕਸਾਨ ਹੋਇਆ ਹੈ।

ਪੰਜਾਬ ਦੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਬਲਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਬਾਰਸ਼ ਅਤੇ ਗੜੇਮਾਰੀ ਕਾਰਨ ਖੜ੍ਹੀਆਂ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਵੇਲੇ ਝੋਨੇ ਦੀ ਫਸਲ ਨੂੰ ਬਾਰਸ਼ ਦੀ ਕੋਈ ਲੋੜ ਨਹੀਂ ਹੈ।

ਮੌਸਮ ਵਿਭਾਗ ਦੇ ਸੂਤਰਾਂ ਅਨੁਸਾਰ ਲੁਧਿਆਣਾ ਵਿਚ 21 ਮਿਲੀਮੀਟਰ ਬਾਰਸ਼ ਹੋਈ ਹੈ ਅਤੇ ਤਕਰੀਬਨ ਚਾਲੀ ਮਿੰਟ ਸਮਰਾਲਾ ਇਲਾਕੇ ਵਿਚ ਗੜੇ ਪਏ ਹਨ। ਮੌਸਮ ਵਿਭਾਗ ਦੇ ਸੂਤਰਾਂ ਅਨੁਸਾਰ ਪਾਕਿਸਤਾਨ ਅਤੇ ਉਤਰੀ-ਪੂਰਬੀ ਰਾਜਸਥਾਨ 'ਤੇ ਹਵਾ ਦਾ ਦਬਾਅ ਬਣਿਆ ਹੋਣ ਕਾਰਨ ਇਸ ਖਿੱਤੇ ਵਿਚ ਬਾਰਸ਼ ਹੋਈ ਹੈ। ਇਸ ਨਾਲ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਪੱਕੀ ਫਸਲ 'ਤੇ ਗੜੇ ਪੈਣ ਨਾਲ ਦਾਣਿਆਂ ਵਾਲਾ ਸਿੱਟਾ ਸਾਰਾ ਹੀ ਝੜ ਜਾਂਦਾ ਹੈ।

ਪਟਿਆਲਾ ਦੇ ਰਾਜਪੁਰਾ ਇਲਾਕੇ 'ਚ ਭਰਵੀਂ ਬਾਰਸ਼ ਹੋਈ ਹੈ। ਇਸ ਨਾਲ ਪਿਛੇਤੀ ਫਸਲ ਦਾ ਤਾਂ ਕੋਈ ਨੁਕਸਾਨ ਨਹੀਂ ਹੋਇਆ ਪਰ ਪੱਕੀ ਫਸਲ ਦਾ ਨੁਕਸਾਨ ਹੋਇਆ ਹੈ। ਬਰਾਨੀ ਖੇਤਰ ਵਿਚ ਕਣਕ ਦੀ ਬਿਜਾਈ ਕਰਨ ਵਿਚ ਸੌਖ ਹੋ ਜਾਵੇਗੀ ਕਿਉਂਕਿ ਇਸ ਖੇਤਰ ਵਿਚ ਨਹਿਰੀ ਪਾਣੀ ਨਾ ਹੋਣ ਕਾਰਨ ਪਾਣੀ ਦੀ ਗੰਭੀਰ ਸਮੱਸਿਆ ਹੈ। ਇਸ ਤੋਂ ਇਲਾਵਾ ਹੁਸ਼ਿਆਰਪੁਰ ਵਿਚ ਵੀ ਬਾਰਸ਼ ਹੋਈ ਹੈ।

ਗੁਰਦਾਸਪੁਰ, ਰੋਪੜ ਅਤੇ ਨਵਾਂ ਸ਼ਹਿਰ ਦੇ ਖੇਤਰਾਂ ਵਿਚ ਵੀ ਬਾਰਸ਼ ਨਾਲ ਝੋਨੇ ਦਾ ਨੁਕਸਾਨ ਹੋਇਆ ਹੈ। ਬੇਮੌਸਮੀ ਬਾਰਸ਼ ਕਾਰਨ ਮੰਡੀਆਂ ਵਿਚ ਵੀ ਝੋਨੇ ਦੀ ਖਰੀਦ ਦਾ ਕੰਮ ਰੁਕ ਗਿਆ ਹੈ। ਕਈ ਨੀਵੀਆਂ ਮੰਡੀਆਂ ਵਿਚ ਪਾਣੀ ਭਰ ਗਿਆ ਅਤੇ ਝੋਨੇ ਦੀ ਫਸਲ ਸੰਭਾਲਣ ਲਈ ਕਿਸਾਨਾਂ ਅਤੇ ਖਰੀਦ ਏਜੰਸੀਆਂ ਨੂੰ ਮੁਸ਼ਕਲ ਆਈ। ਹਰਿਆਣਾ ਵਿਚ ਅੰਬਾਲਾ ਇਲਾਕੇ ਵਿਚ ਬਾਰਸ਼ ਹੋਣ ਨਾਲ ਝੋਨੇ ਦਾ ਨੁਕਸਾਨ ਹੋਇਆ ਹੈ।

# ਕਸ਼ਮੀਰ 'ਚ ਸਿੱਖ ਨੌਜਵਾਨਾਂ ਨੂੰ ਵਰਤਣ ਦੀ ਤਿਆਰੀ

**ਜਲੰਧਰ:** ਜੰਮੂ-ਕਸ਼ਮੀਰ 'ਚ ਚੱਲ ਰਹੇ ਸੰਘਰਸ਼ ਖ਼ਿਲਾਫ ਸਿੱਖ ਨੌਜਵਾਨਾਂ ਨੂੰ ਵਰਤਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਨਵੇਂ ਫਾਰਮੂਲੇ ਅਨੁਸਾਰ ਸਿੱਖ ਨੌਜਵਾਨਾਂ ਨੂੰ ਪੁਲਿਸ 'ਚ ਭਰਤੀ ਕੀਤਾ ਜਾਵੇਗਾ। ਭਾਵੇਂ ਇਸ ਬਾਰੇ ਸਿੱਖ ਭਾਈਚਾਰੇ ਦੀ ਸੁਰੱਖਿਆ ਦਾ ਤਰਕ ਦਿੱਤਾ ਜਾ ਰਿਹਾ ਹੈ ਪਰ ਇਸ ਤਰ੍ਹਾਂ ਮੁਸਲਮਾਨ ਭਾਈਚਾਰੇ ਨਾਲ ਤਕਰਾਰ ਵਧਣ ਦੇ ਆਸਾਰ ਹਨ। ਜੰਮੂ-ਕਸ਼ਮੀਰ ਪੁਲਿਸ ਦਾ ਕਹਿਣਾ ਹੈ ਕਿ ਸੂਬੇ ਵਿਚ ਸਿੱਖਾਂ ਨੂੰ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਵਾਦੀ ਦੇ ਪੇਂਡੂ ਖੇਤਰਾਂ 'ਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਲਈ ਨਵਾਂ ਫਾਰਮੂਲਾ ਤਿਆਰ ਕੀਤਾ ਗਿਆ ਹੈ। ਇਸ ਫ਼ਾਰਮੂਲੇ ਤਹਿਤ ਸਿੱਖ ਅਬਾਦੀ ਵਾਲੇ ਪਿੰਡਾਂ 'ਚੋਂ ਸਿੱਖ ਨੌਜਵਾਨ ਪੁਲਿਸ ਵਿਚ ਭਰਤੀ ਕੀਤੇ ਜਾਣਗੇ। ਉਨ੍ਹਾਂ ਨੂੰ ਸਿਖਲਾਈ ਦੇ ਕੇ ਉਨ੍ਹਾਂ ਹੀ ਪਿੰਡਾਂ ਵਿਚ ਤਾਇਨਾਤ ਕੀਤਾ ਜਾਵੇਗਾ। ਇਥੇ ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਸਿੱਖਾਂ ਨੂੰ ਇਲਾਕੇ 'ਚੋਂ ਬਾਹਰ ਚਲੇ ਜਾਣ ਦੀਆਂ ਧਮਕੀਆਂ ਮਿਲੀਆਂ ਸਨ ਪਰ ਮੁਸਲਮਾਨ ਜਥੇਬੰਦੀਆਂ ਨੇ ਇਨ੍ਹਾਂ ਧਮਕੀਆਂ ਨਾਲ ਕੋਈ ਵੀ ਸਬੰਧ ਹੋਣ ਤੋਂ ਇਨਕਾਰ ਕਰਦਿਆਂ ਭਾਰਤੀ ਏਜੰਸੀਆਂ 'ਤੇ ਉਂਗਲ ਉਠਾਈ ਸੀ।

ਇਸ ਤੋਂ ਬਾਅਦ ਜਦੋਂ ਸਿੱਖਾਂ ਨੇ ਸੁਰੱਖਿਆ ਦੀ ਮੰਗ ਉਠਾਈ ਤਾਂ ਸਰਕਾਰ ਨੇ ਸਿੱਖ ਆਬਾਦੀ ਵਾਲੇ ਪਿੰਡਾਂ 'ਚ ਸੀ.ਆਰ.ਪੀ.ਐਫ. ਦੀ ਤਾਇਨਾਤੀ ਕਰਨ ਦੇ ਨਾਲ ਇਹ ਸ਼ਰਤ ਲਾ ਦਿੱਤੀ ਕਿ ਸਿੱਖਾਂ ਨੂੰ ਸੀ.ਆਰ.ਪੀ.ਐਫ. ਦੇ ਰਹਿਣ ਲਈ ਥਾਂ ਮੁਹੱਈਆ ਕਰਾਉਣੀ ਪਵੇਗੀ। ਇਸ ਦੇ ਨਾਲ ਹੀ ਇੱਕ ਹੋਰ ਪੱਤਾ ਖੇਡਦਿਆਂ ਦੂਜੀ ਤਜਵੀਜ਼ ਰੱਖੀ ਕਿ ਸਬੰਧਤ ਪਿੰਡਾਂ 'ਚੋਂ ਹੀ ਸਿੱਖ ਨੌਜਵਾਨਾਂ ਨੂੰ ਜੰਮੂ-ਕਸ਼ਮੀਰ ਪੁਲਿਸ ਵਿਚ ਭਰਤੀ ਕਰ ਲਿਆ ਜਾਵੇ ਤੇ ਉਨ੍ਹਾਂ ਨੂੰ ਸਿਖਲਾਈ ਤੇ ਹਥਿਆਰ ਦੇ ਕੇ ਉਨ੍ਹਾਂ ਪਿੰਡਾਂ ਦੀ ਰਾਖੀ ਲਈ ਤਾਇਨਾਤ ਕਰ ਦਿੱਤਾ ਜਾਵੇ। ਉਧਰ ਕੁਝ ਸਿੱਖ ਜਥੇਬੰਦੀਆਂ ਵੱਲੋਂ ਹਾਮੀ ਭਰਨ ਤੋਂ ਬਾਅਦ ਜੰਮੂ-ਕਸ਼ਮੀਰ ਦੇ ਪੁਲਿਸ ਮੁਖੀ ਨੇ ਬਾਰਾਮੂਲਾ ਤੇ ਕੁਪਵਾੜਾ ਦੇ ਪੁਲਿਸ ਮੁਖੀਆਂ ਨੂੰ ਇਸ ਬਾਰੇ ਹੁਕਮ ਜਾਰੀ ਕਰ ਦਿੱਤੇ ਹਨ ਤੇ ਪੁਲਿਸ 'ਚ ਭਰਤੀ ਹੋਣ ਦੇ ਇੱਛੁਕ ਨੌਜਵਾਨਾਂ ਦੀ ਸੂਚੀ ਮੁਹੱਈਆ ਕਰਾਉਣ ਲਈ ਕਿਹਾ ਗਿਆ ਹੈ।

ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਨਵੰਬਰ 'ਚ ਭਾਰਤ ਆਉਣ ਦੇ ਪ੍ਰੋਗਰਾਮ ਨੇ ਕਸ਼ਮੀਰ ਵਾਦੀ ਦੇ ਸਿੱਖਾਂ ਵਿਚ ਦਹਿਸ਼ਤ ਤੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਕਿਉਂਕਿ ਇਹ ਫ਼ੇਰੀ ਉਨ੍ਹਾਂ ਨੂੰ ਮਾਰਚ 2000 ਦੇ ਉਸ ਘਟਨਾ ਦੀ ਯਾਦ ਤਾਜ਼ਾ ਕਰਵਾ ਰਹੀ ਹੈ ਜਦ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਜੰਮੂ-ਕਸ਼ਮੀਰ ਦੇ ਅਨੰਤਨਾਮ ਜ਼ਿਲ੍ਹੇ 'ਚ ਛੱਤੀ ਸਿੰਘਪੁਰਾ ਨਾਂ ਦੀ ਥਾਂ 'ਤੇ 36 ਸਿੱਖਾਂ ਨੂੰ ਗੋਲੀਆਂ ਮਾਰ ਕੇ ਮਾਰ ਕਰ ਦਿੱਤਾ ਸੀ।

# ਡਾ. ਜੋਧ ਸਿੰਘ ਢਾਕਾ ਯੂਨੀਵਰਸਿਟੀ ਦੇ ਵਿਜ਼ਟਿੰਗ ਪ੍ਰੋਫੈਸਰ ਨਿਯੁਕਤ

**ਕੋਲਕਾਤਾ:** ਬੰਗਲਾਦੇਸ਼ ਦੀ ਢਾਕਾ ਯੂਨੀਵਰਸਿਟੀ ਨੇ ਸਿੱਖ ਧਰਮ ਅਤੇ ਇਤਿਹਾਸ ਦੀ ਪੜ੍ਹਾਈ ਲਈ ਸਿੱਖ ਵਿਦਵਾਨ ਪ੍ਰੋ. ਜੋਧ ਸਿੰਘ ਨੂੰ ਵਿਜ਼ਟਿੰਗ ਪ੍ਰੋਫੈਸਰ ਨਿਯੁਕਤ ਕੀਤਾ ਹੈ। ਇਹ ਜਾਣਕਾਰੀ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦੇ ਪ੍ਰਧਾਨ ਅਜੀਤ ਸਿੰਘ ਬੋਪਾਰਾਏ ਨੇ ਆਪਣੀ ਬੰਗਲਾਦੇਸ਼ ਦੀ ਸੰਖੇਪ ਯਾਤਰਾ ਤੋਂ ਬਾਅਦ ਇਥੇ ਵਾਪਸ ਪੁੱਜਣ 'ਤੇ ਦਿੱਤੀ। ਸ੍ਰੀ ਬੋਪਾਰਾਏ ਨੇ ਦੱਸਿਆ ਕਿ ਢਾਕਾ ਯੂਨੀਵਰਸਿਟੀ 'ਚ ਸੰਸਾਰ ਧਰਮਾਂ ਬਾਰੇ ਵਿਭਾਗ ਦੇ ਮੁਖੀ ਡਾ. ਕਾਜ਼ੀ ਨੂਰੁਲ ਇਸਲਾਮ ਨੇ ਢਾਕਾ ਵਿਚ ਮੁਲਾਕਾਤ ਸਮੇਂ ਦੱਸਿਆ ਕਿ ਯੂਨੀਵਰਸਿਟੀ 'ਚ ਵੱਖ-ਵੱਖ ਧਰਮਾਂ, ਜਿਨ੍ਹਾਂ ਵਿਚ ਸਿੱਖ ਧਰਮ ਵੀ ਸ਼ਾਮਲ ਹੈ, ਦੀ ਪੜ੍ਹਾਈ ਕਰਾਈ ਜਾਂਦੀ ਹੈ ਤੇ ਇਸ ਲਈ ਵੱਖਰਾ ਵਿਭਾਗ ਹੈ। ਸਿੱਖ ਧਰਮ ਦੀ ਪੜ੍ਹਾਈ ਲਈ ਯੂਨੀਵਰਸਿਟੀ ਨੇ ਡਾ. ਜੋਧ ਸਿੰਘ ਨੂੰ ਵਿਜ਼ਟਿੰਗ ਪ੍ਰੋਫੈਸਰ ਨਿਯੁਕਤ ਕੀਤਾ ਹੈ। ਡਾ. ਜੋਧ ਸਿੰਘ ਨਵੰਬਰ 'ਚ ਢਾਕਾ ਪਹੁੰਚਣਗੇ ਤੇ ਯੂਨੀਵਰਸਿਟੀ 'ਚ ਸਿੱਖ ਧਰਮ ਬਾਰੇ ਪੜ੍ਹਾਈ ਦੀ ਕਲਾਸ ਸ਼ੁਰੂ ਕਰਨਗੇ।

ਡਾ. ਜੋਧ ਸਿੰਘ ਇਕ ਮਹੀਨਾ ਢਾਕਾ ਰਹਿਣਗੇ। ਡਾ. ਇਸਲਾਮ ਦੇ ਦੱਸਣ ਅਨੁਸਾਰ ਨਵੰਬਰ ਦੇ ਅਖੀਰ 'ਚ ਢਾਕਾ ਯੂਨੀਵਰਸਿਟੀ ਵੱਲੋਂ ਵੱਖ-ਵੱਖ ਧਰਮਾਂ ਬਾਰੇ ਸੈਮੀਨਾਰ ਵੀ ਕਰਾਇਆ ਜਾ ਰਿਹਾ ਹੈ। ਡਾ. ਜੋਧ ਸਿੰਘ ਉਸ ਸੈਮੀਨਾਰ ਵਿਚ ਵੀ ਹਿੱਸਾ ਲੈਣਗੇ। ਵਰਨਣਯੋਗ ਹੈ ਕਿ ਡਾ. ਕਾਜ਼ੀ ਨੂਰੁਲ ਇਸਲਾਮ ਨਾਲ ਸਲਾਹ-ਮਸ਼ਵਰਾ ਕਰਕੇ ਹੀ ਸੰਪਰਦਾਇਕ ਕਾਰ ਸੇਵਾ ਸਰਹਾਲੀ ਤਰਨਤਾਰਨ ਦੇ ਮੁਖੀ ਬਾਬਾ ਸੁੱਖਾ ਸਿੰਘ ਨੇ ਗੁਰਦੁਆਰਾ ਨਾਨਕਸ਼ਾਹੀ ਵਿਖੇ ਸਿੱਖ ਰਿਸਰਚ ਸੈਂਟਰ ਸਥਾਪਤ ਕੀਤਾ ਤਾਂ ਕਿ ਉਸ ਸਥਾਨ ਤੋਂ ਦੱਖਣ-ਪੂਰਬ ਏਸ਼ੀਆ ਵਿਚ ਸਿੱਖ ਧਰਮ ਦਾ ਪ੍ਰਚਾਰ ਹੋ ਸਕੇ।

*www.punjabtimesusa.com*

## Matrimonials

### ਕੰਨਿਆ ਦੀ ਲੋੜ

ਜੱਟ ਸਿੱਖ ਬਰਾੜ, 37 ਸਾਲ, ਕੱਦ 6'11", ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਚਾਹੀਦੀ ਹੈ। ਸੰਪਰਕ ਕਰੋ: 503-409-4844

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

### ਵਰ ਦੀ ਲੋੜ

ਬ੍ਰਾਹਮਣ 27 ਸਾਲਾ, 5'6", ਸੁਨੱਖੀ, ਪੜ੍ਹੀ-ਲਿਖੀ ਅਤੇ ਅਸਟਰੇਲੀਆ ਰਹਿ ਰਹੀ ਨਿਰਦੋਸ਼ ਤਲਾਕਸ਼ੁਦਾ ਲੜਕੀ ਲਈ ਅਮਰੀਕੀ ਸਿਟੀਜ਼ਨ ਵਰ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ, ਕੁੰਡਲੀ ਮਿਲਣਾ ਜ਼ਰੂਰੀ। ਕਾਲ ਕਰੋ:61-430907199 ਜਾਂ e-mail: sonamlovesu21@yahoo.com

Suitable match for Khatri Sikh pretty girl 28, Canadian born UBC educated l.l.B. honors, currently pursuing at Kingston varsity London. Call 604-261-9555 & email bio data/photo to Dalipmehta @hotmail.com

US citizen vegetarian, professional match for pretty, sincere, honest, obedient and never married girl, in her 30, 5'-2". Only serious inquiries, cast no bar: Singhb1@yahoo.com

*www.punjabtimesusa.com*


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Easy Travel Inc.
Consolidator of Major Airlines
ਸਸਤੀਆਂ ਹਵਾਈ ਟਿਕਟਾਂ



Detroit-Delhi $1110
Chicago-Delhi $1050
Tel: 734-451-9526, Toll Free 866-51-INDIA

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



R K Carpet & Flooring, Inc.
6346 N. Claremont Ave. Chicago, IL 60659
ਵਾਜ਼ਬ ਭਾਅ, ਭਰੋਸੇਯੋਗ ਸਰਵਿਸ



*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਅਯੁੱਧਿਆ ਫ਼ੈਸਲਾ ਬਾਬਰੀ ਮਸਜਿਦ ਢਾਹੁਣ ਨੂੰ ਜਾਇਜ਼ ਨਹੀਂ ਠਹਿਰਾਉਂਦਾ:ਮੋਇਲੀ

**ਨਵੀਂ ਦਿੱਲੀ:** ਕਾਨੂੰਨ ਮੰਤਰੀ ਐਮ.ਵੀਰੱਪਾ ਮੋਇਲੀ ਨੇ ਕਿਹਾ ਹੈ ਕਿ ਅਯੁੱਧਿਆ ਮਸਲੇ ਸਬੰਧੀ ਅਲਾਹਾਬਾਦ ਹਾਈ ਕੋਰਟ ਵੱਲੋਂ ਸੁਣਾਏ ਫ਼ੈਸਲੇ ਬਾਰੇ ਆਮ ਰਾਇ ਹੈ ਕਿ "ਫ਼ੈਸਲਾ ਸਬੂਤਾਂ 'ਤੇ ਘੱਟ ਅਤੇ ਵਿਸ਼ਵਾਸ ਉਤੇ ਵੱਧ ਆਧਾਰਤ ਹੈ ਅਤੇ ਵਿਵਾਦਿਤ ਥਾਂ 'ਤੇ ਮੰਦਿਰ ਹੋਣ ਦਾ ਕੋਈ ਠੋਸ ਸੰਕੇਤ ਨਹੀਂ।"

ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਰਾਜ ਚੇਂਗੱਪਾ ਨਾਲ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਸ੍ਰੀ ਮੋਇਲੀ ਨੇ ਕਿਹਾ, "ਅਯੁੱਧਿਆ ਦੀ ਵਿਵਾਦਿਤ ਜ਼ਮੀਨ ਦੇ ਮਾਲਕਾਨਾ ਹੱਕਾਂ ਬਾਰੇ ਫ਼ੈਸਲੇ ਵਿਚ ਭਾਵੇਂ ਬਹੁਤੀ ਥਾਂ ਮੰਦਿਰ ਲਈ ਦਿੱਤੀ ਗਈ ਹੈ ਪਰ ਇਹ ਫੈਸਲਾ ਕਿਸੇ ਵੀ ਤਰ੍ਹਾਂ ਸਾਲ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਨੂੰ ਜਾਇਜ਼ ਨਹੀਂ ਠਹਿਰਾਉਂਦਾ। ਇਸ ਨੂੰ ਮਸਜਿਦ ਢਾਹੁਣ ਜਾਂ ਇਸ ਹਮਲੇ ਦੇ ਸਹੀ ਹੋਣ 'ਤੇ ਮੋਹਰ ਲਾਉਣ ਵਜੋਂ ਨਹੀਂ ਦੇਖਿਆ ਜਾ ਸਕਦਾ।" ਉਨ੍ਹਾਂ ਕਿਹਾ ਕਿ ਮਸਜਿਦ ਢਾਹੁਣਾ ਵੱਖਰਾ ਮਸਲਾ ਹੈ ਅਤੇ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਅਤੇ ਹੋਰਾਂ ਖ਼ਿਲਾਫ਼ ਫੌਜਦਾਰੀ ਕੇਸ ਹਾਲੇ ਵੀ ਚੱਲ ਰਹੇ ਹਨ। ਇਸ ਲਈ ਫੈਸਲੇ ਨੂੰ ਇਸ ਨਾਲ ਨਹੀਂ ਜੋੜਿਆ ਜਾ ਸਕਦਾ।

ਫੈਸਲੇ ਦੇ ਆਧਾਰ ਬਾਰੇ ਉਨ੍ਹਾਂ ਕਿਹਾ ਕਿ ਕਿਸੇ ਵੀ ਮਸਲੇ ਨਾਲ ਕਿਸੇ ਦੀਆਂ ਭਾਵਨਾਵਾਂ ਜੁੜੀਆਂ ਹੋਣ ਦੇ ਆਧਾਰ ਉਤੇ ਕੋਈ ਫੈਸਲਾ ਨਹੀਂ ਕੀਤਾ ਜਾ ਸਕਦਾ। ਖ਼ਾਸ ਤੌਰ ਉਤੇ ਮੁੱਖ ਕੇਸ ਵਿਚ ਤਾਂ ਅਜਿਹਾ ਹੋ ਹੀ ਨਹੀਂ ਸਕਦਾ। ਸ੍ਰੀ ਮੋਇਲੀ ਨੇ ਕਿਹਾ ਕਿ 2.7 ਏਕੜ ਵਿਵਾਦਗ੍ਰਸਤ ਥਾਂ ਨੂੰ ਨਿਰਮੋਹੀ ਅਖਾੜਾ, ਸੁੰਨੀ ਵਕਫ਼ ਬੋਰਡ ਅਤੇ ਰਾਮ ਲੱਲਾ ਵਿਚਕਾਰ ਬਰਾਬਰ ਵੰਡਣ ਦੇ ਫੈਸਲੇ ਨੂੰ ਸਹੀ ਜਾਂ ਗਲਤ ਠਹਿਰਾਉਣਾ ਉਨ੍ਹਾਂ ਦਾ ਕੰਮ ਨਹੀਂ ਪਰ ਇਹ ਦੇਖਣਾ ਬਣਦਾ ਹੈ ਕਿ ਮੁੱਖ ਕੇਸ ਵਿਚ ਅਜਿਹਾ ਫੈਸਲਾ ਢੁੱਕਵਾਂ ਹੈ ਜਾਂ ਨਹੀਂ।

ਮੰਤਰੀ ਨੇ ਸਪੱਸ਼ਟ ਕੀਤਾ ਕਿ ਹਾਈ ਕੋਰਟ ਵਿਚਲੇ ਮੁਕੱਦਮੇ ਵਿਚ ਕੇਂਦਰ ਸਰਕਾਰ ਧਿਰ ਨਹੀਂ ਸੀ। ਇਸ ਲਈ ਉਹ ਸੁਪਰੀਮ ਕੋਰਟ ਵਿਚ ਕੋਈ ਅਪੀਲ ਦਾਖਲ ਨਹੀਂ ਕਰੇਗੀ। ਸਰਕਾਰ ਤਾਂ ਮੁਕੱਦਮੇ ਵਿਚ ਸ਼ਾਮਲ ਧਿਰਾਂ ਵੱਲੋਂ ਦਾਖਲ ਅਪੀਲਾਂ ਉਤੇ ਸੁਪਰੀਮ ਕੋਰਟ ਦੇ ਫੈਸਲੇ ਦੀ ਉਡੀਕ ਕਰੇਗੀ। ਇੰਟਰਵਿਊ ਦੌਰਾਨ ਉਨ੍ਹਾਂ ਨੇ ਮੁਲਕ ਨਾਲ ਜੁੜੇ ਗੰਭੀਰ ਵਿਵਾਦਗ੍ਰਸਤ ਮੁੱਦਿਆਂ ਸਮੇਤ ਹੋਰ ਬਹੁਤ ਸਾਰੇ ਮੁੱਦਿਆਂ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ। ਇਨ੍ਹਾਂ ਵਿਚ ਭਾਜਪਾ ਦੀ ਸੱਤਾ ਵਾਲੇ ਕਰਨਾਟਕ ਰਾਜ ਵਿਚਲਾ ਸਿਆਸੀ ਅਤੇ ਸੰਵਿਧਾਨਕ ਸੰਕਟ, ਜੱਜਾਂ ਦੀ ਨਿਯੁਕਤੀ, ਜਾਤ ਆਧਾਰਤ ਮਰਦਮਸ਼ੁਮਾਰੀ, ਖਾਪ ਪੰਚਾਇਤਾਂ, ਅਤਿਵਾਦ ਅਤੇ ਸੰਸਦ ਉਤੇ ਹਮਲੇ ਦੇ ਮੁੱਖ ਮੁਲਜ਼ਮ ਅਫ਼ਜ਼ਲ ਗੁਰੂ ਨੂੰ ਫਾਂਸੀ ਲਗਾਉਣ ਵਿਚ ਕੀਤੀ ਜਾ ਰਹੀ ਦੇਰੀ ਸ਼ਾਮਲ ਹਨ।

ਕਰਨਾਟਕ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਹਾਈ ਕੋਰਟ ਨੇ ਵਿਧਾਇਕਾਂ ਨੂੰ ਅਯੋਗ ਕਰਾਰ



ਕਾਨੂੰਨ ਮੰਤਰੀ ਐਮ.ਵੀਰੱਪਾ ਮੋਇਲੀ

ਦਿੱਤੇ ਜਾਣ ਨੂੰ ਗੈਰ-ਕਾਨੂੰਨੀ ਠਹਿਰਾਇਆ ਤਾਂ ਬੀ.ਐਸ. ਯੇਦੀਯੁਰੱਪਾ ਦੀ ਅਗਵਾਈ ਵਾਲੀ ਸਰਕਾਰ ਡਿੱਗੇਗੀ ਅਤੇ ਜੇਕਰ ਸਪੀਕਰ ਦਾ ਫੈਸਲਾ ਰੱਦ ਨਹੀਂ ਕੀਤਾ ਜਾਂਦਾ ਤਾਂ ਵੀ ਵਿਧਾਇਕਾਂ ਦੀ ਖਰੀਦੋ-ਫਰੋਖਤ ਜਿਹੀਆਂ ਰਿਪੋਰਟਾਂ ਦੇ ਮੱਦੇਨਜ਼ਰ ਸਰਕਾਰ ਦੇ ਬਣੀ ਰਹਿਣ ਉਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ।

ਉਨ੍ਹਾਂ ਨੂੰ ਜਦੋਂ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਜੱਜਾਂ ਦੀ ਨਿਯੁਕਤੀ ਵਿਚ ਪਾਰਦਰਸ਼ਤਾ ਦੀ ਘਾਟ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ, ਬਿਲਕੁਲ, ਸਰਕਾਰ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਤਾਂ ਜੋ ਅਜਿਹੀ ਪ੍ਰਣਾਲੀ ਆ ਸਕੇ ਜਿਸ ਵਿਚ ਪਾਰਦਰਸ਼ਤਾ ਹੋਵੇ ਤੇ ਲੋਕਾਂ ਤੱਕ ਇਹ ਪ੍ਰਭਾਵ ਨਾ ਜਾਵੇ ਕਿ ਜੱਜਾਂ ਦੀਆਂ ਨਿਯੁਕਤੀਆਂ 'ਚ ਘਾਲਾ-ਮਾਲਾ ਹੋ ਰਿਹਾ ਹੈ।

ਉਨ੍ਹਾਂ ਸਪਸ਼ਟ ਕੀਤਾ ਕਿ ਹਾਈ ਕੋਰਟਾਂ ਦੇ ਚੀਫ ਜਸਟਿਸਾਂ ਦੀਆਂ ਨਿਯੁਕਤੀਆਂ ਬਾਰੇ ਮੌਜੂਦਾ ਨੀਤੀ ਬਦਲਣ ਦੀ ਫਿਲਹਾਲ ਕੋਈ ਲੋੜ ਨਹੀਂ। ਖਾਪ ਪੰਚਾਇਤਾਂ ਬਾਰੇ ਉਨ੍ਹਾਂ ਕਿਹਾ, "ਇਹ ਗੈਰ-ਕਾਨੂੰਨੀ ਨਹੀਂ ਹਨ, ਪਰ ਇਨ੍ਹਾਂ ਵੱਲੋਂ ਕਤਲ ਤੇ ਹੋਰ ਅਪਰਾਧਾਂ ਲਈ ਉਕਸਾਉਣਾ ਗੈਰ-ਕਾਨੂੰਨੀ ਹੈ। ਇਨ੍ਹਾਂ ਖਾਪ ਪੰਚਾਇਤਾਂ ਨੂੰ ਕਾਨੂੰਨੀ ਰੁਤਬਾ ਨਹੀਂ ਦਿੱਤਾ ਜਾ ਸਕਦਾ।"

ਸਰਕਾਰ ਵੱਲੋਂ ਜਾਤ ਆਧਾਰਤ ਮਰਦਮਸ਼ੁਮਾਰੀ ਨੂੰ ਹਰੀ ਝੰਡੀ ਦੇਣ ਬਾਰੇ ਸ੍ਰੀ ਮੋਇਲੀ ਨੇ ਕਿਹਾ ਕਿ ਇਹ ਫੈਸਲਾ ਬਿਲਕੁਲ ਸਹੀ ਹੈ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਾਤ-ਪਾਤ ਕੈਂਸਰ ਦੇ ਬਰਾਬਰ ਹੈ ਪਰ ਸਾਨੂੰ ਸਹੀ ਲੋਕਾਂ ਤੱਕ ਉਨ੍ਹਾਂ ਦਾ ਹੱਕ ਪਹੁੰਚਾਉਣ ਲਈ ਜਾਤ ਆਧਾਰਤ ਅੰਕੜਿਆਂ ਦੀ ਬਹੁਤ ਲੋੜ ਹੈ। ਅਫਜ਼ਲ ਗੁਰੂ ਨੂੰ ਫਾਂਸੀ ਦੇਣ 'ਚ ਹੋ ਰਹੀ ਦੇਰੀ ਬਾਰੇ ਉਨ੍ਹਾਂ ਕਿਹਾ, "ਅਸੀਂ ਉਸ ਨੂੰ ਸਿਰਫ ਇਸ ਲਈ ਫਾਂਸੀ ਨਹੀਂ ਦੇ ਸਕਦੇ ਕਿ ਉਹ ਅਫਜ਼ਲ ਗੁਰੂ ਹੈ, ਆਖਰਕਾਰ ਇਹ ਕਿਸੇ ਦੀ ਜਾਨ ਦਾ ਸੁਆਲ ਹੈ, ਜਿਸ ਕਰਕੇ ਸਾਨੂੰ ਸਾਰੀ ਪ੍ਰਕਿਰਿਆ ਵਿਚੋਂ ਲੰਘਣਾ ਪਵੇਗਾ। ਸਿਰਫ ਅਸੀਂ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਿਚ ਕਿਸੇ ਨੂੰ ਫਾਂਸੀ 'ਤੇ ਲਟਕਾਉਣ ਦੀ ਪ੍ਰਕਿਰਿਆ ਆਪਣੀ ਚਾਲ ਚਲਦੀ ਹੈ।

ਅਤਿਵਾਦ ਨੂੰ ਅਸਾਧਾਰਨ ਅਪਰਾਧ ਕਰਾਰ ਦਿੱਤੇ ਜਾਣ 'ਤੇ ਇਸ ਖ਼ਿਲਾਫ਼ ਅਸਾਧਾਰਨ ਕਦਮ ਚੁੱਕਣ ਸਬੰਧੀ ਬਿਆਨ ਬਾਰੇ ਸ੍ਰੀ ਮੋਇਲੀ ਨੇ ਕਿਹਾ, "ਆਈ.ਪੀ.ਸੀ. ਵਿਚ ਅਤਿਵਾਦ ਨਾਲ ਨਜਿੱਠਣ ਲਈ ਵੱਖਰੀ ਵਿਵਸਥਾ ਨਹੀਂ ਹੈ ਜੇਕਰ ਅਸੀਂ ਚਾਹੁੰਦੇ ਹਾਂ ਕਿ ਅਤਿਵਾਦੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ ਤਾਂ ਸਾਨੂੰ ਵੱਖਰਾ ਅਤਿਵਾਦ ਵਿਰੋਧੀ ਕਾਨੂੰਨ ਬਣਾਉਣਾ ਪਵੇਗਾ।"

ਅਦਾਲਤਾਂ ਵਿਚ ਲਟਕਦੇ 3 ਕਰੋੜ ਕੇਸਾਂ ਨੂੰ ਘਟਾਉਣ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਦੇ ਕਹਿਣ 'ਤੇ ਜੱਜ ਫੈਸਲੇ ਨਹੀਂ ਸੁਣਾ ਸਕਦੇ। ਇਸ ਲਈ 13ਵੇਂ ਵਿੱਤ ਕਮਿਸ਼ਨ ਦੇ ਸੁਝਾਅ ਮੁਤਾਬਕ ਖ਼ਾਸ ਪ੍ਰਣਾਲੀ ਅਪਣਾਉਣੀ ਪਵੇਗੀ ਤੇ ਜੁਡੀਸ਼ਲ ਬੁਨਿਆਦੀ ਢਾਂਚੇ 'ਚ ਸੁਧਾਰ ਕਰਨਾ ਪਵੇਗਾ।

# ਕਨਿਸ਼ਕ ਕਾਂਡ:ਹੋਰ ਮੁਆਵਜ਼ੇ ਦੀ ਪੇਸ਼ਕਸ਼

**ਟੋਰਾਂਟੋ:** ਕੈਨੇਡਾ ਸਰਕਾਰ ਨੇ ਏਅਰ ਇੰਡੀਆ ਕਨਿਸ਼ਕ ਕਾਂਡ ਦੇ 329 ਮ੍ਰਿਤਕਾਂ ਦੇ ਪਰਿਵਾਰਾਂ ਨੂੰ 20 ਤੋਂ 25 ਹਜ਼ਾਰ ਡਾਲਰ ਹੋਰ ਦੇਣ ਦੀ ਪੇਸ਼ਕਸ਼ ਕੀਤੀ ਹੈ। ਵਰਨਣਯੋਗ ਹੈ ਕਿ ਕੁਝ ਸਾਲ ਪਹਿਲਾਂ ਅਦਾਲਤ ਤੋਂ ਬਾਹਰ ਸਮਝੌਤਾ ਕਰਨ 'ਤੇ ਪੀੜਤ ਪਰਿਵਾਰਾਂ ਨੂੰ 75-75 ਹਜ਼ਾਰ ਡਾਲਰ ਦਿੱਤੇ ਜਾ ਚੁੱਕੇ ਹਨ ਪਰ ਜੌਹਨ ਮੇਜਰ ਜਾਂਚ ਕਮਿਸ਼ਨ ਨੇ ਸਰਕਾਰ ਨੂੰ ਹੋਰ ਮੁਆਵਜ਼ਾ ਦੇਣ ਲਈ ਕਿਹਾ ਸੀ। ਮਾਂਟਰੀਅਲ ਤੋਂ ਨਵੀਂ ਦਿੱਲੀ ਲਈ ਜਾ ਰਹੇ ਇਸ ਜਹਾਜ਼ ਵਿਚ 23 ਜੂਨ 1985 'ਚ ਧਮਾਕਾ ਹੋਇਆ ਸੀ ਅਤੇ ਇਹ ਧਮਾਕਾ ਖਾਲਿਸਤਾਨੀ ਖਾੜਕੂਆਂ ਵਲੋਂ ਕੀਤਾ ਗਿਆ ਸਮਝਿਆ ਜਾਂਦਾ ਹੈ। ਕੈਨੇਡਾ ਦੇ ਸਾਬਕਾ ਚੀਫ ਜਸਟਿਸ ਜੌਹਨ ਮੇਜਰ ਨੇ ਆਪਣੀ ਜਾਂਚ ਦੌਰਾਨ ਦੋਸ਼ ਲਗਾਇਆ ਸੀ ਕਿ ਇਹ ਘਟਨਾ ਕੈਨੇਡਾ ਦੀਆਂ ਸੁਰੱਖਿਆ ਏਜੰਸੀਆਂ ਦੀ ਨਾਕਾਮੀ ਕਾਰਨ ਹੋਈ ਸੀ ਤੇ ਇਸ ਲਈ ਸਰਕਾਰ ਪੀੜਤਾਂ ਨੂੰ ਮੁਆਵਜ਼ਾ ਦੇਵੇ।

ਬੀਤੇ ਦਿਨ ਪੀੜਤ ਪਰਿਵਾਰ ਕੈਨੇਡਾ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜੈਸਨ ਕੈਨੀ ਤੇ ਜਨਤਕ ਸੁਰੱਖਿਆ ਮੰਤਰੀ ਵਿਕ ਟੋਏਜ ਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਮੁਆਵਜ਼ਾ ਪੈਕੇਜ 'ਤੇ ਚਰਚਾ ਕੀਤੀ। ਮੰਤਰੀ ਤਾਂ ਆਖ ਰਹੇ ਹਨ ਕਿ ਮੀਟਿੰਗ ਦੌਰਾਨ ਕਿਸੇ ਤਰ੍ਹਾਂ ਦੇ ਪੈਕੇਜ ਦੀ ਗੱਲ ਨਹੀਂ ਹੋਈ ਪਰ ਰਿਪੋਰਟਾਂ ਮੁਤਾਬਕ ਸਰਕਾਰ ਹਰ ਪਰਿਵਾਰ ਨੂੰ 20 ਤੋਂ 25 ਹਜ਼ਾਰ ਡਾਲਰ ਦੇਣ ਲਈ ਤਿਆਰ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਪੀੜਤ ਪਰਿਵਾਰ ਸਰਕਾਰ ਦੀ ਇਸ ਪੇਸ਼ਕਸ਼ ਤੋਂ ਖੁਸ਼ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ 1988 ਵਿਚ ਲਾਕਰਬਾਏ ਬੰਬ ਕਾਂਡ ਦੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਲਿਬੀਆ ਨੇ ਇਕ-ਇਕ ਕਰੋੜ ਡਾਲਰ ਦਿੱਤੇ ਸਨ ਤੇ ਕੈਨੇਡਾ ਸਰਕਾਰ ਕਨਿਸ਼ਕ ਕਾਂਡ ਦੇ ਪੀੜਤ ਪਰਿਵਾਰਾਂ ਨੂੰ ਤੁੱਛ ਜਿਹੀ ਰਾਸ਼ੀ ਦੇ ਕੇ ਜਾਨ ਛੁਡਾਉਣਾ ਚਾਹੁੰਦੀ ਹੈ। ਸੂਤਰਾਂ ਮੁਤਾਬਕ ਸਰਕਾਰ ਪੀੜਤਾਂ ਨੂੰ ਮੁਆਵਜ਼ਾ ਦੇ ਕੇ ਛੇਤੀ ਤੋਂ ਛੇਤੀ ਇਸ ਮਾਮਲੇ ਨੂੰ ਬੰਦ ਕਰਨ ਦੀ ਇੱਛੁਕ ਹੈ। ਇਸ ਦੁਖਾਂਤ ਵਿਚ ਮਾਰੇ ਗਏ 329 ਵਿਅਕਤੀਆਂ ਵਿਚੋਂ 280 ਭਾਰਤੀ ਮੂਲ ਦੇ ਕੈਨੇਡਾ ਨਾਗਰਿਕ ਸਨ।

## ਕੇਂਦਰੀ ਵਿਜੀਲੈਂਸ ਕਮਿਸ਼ਨ ਵੱਲੋਂ ਰਿਸ਼ਵਤ ਵਿਰੁਧ ਹੈਲਪਲਾਈਨ ਸ਼ੁਰੂ

**ਨਵੀਂ ਦਿੱਲੀ:** ਸਰਕਾਰੀ ਦਫ਼ਤਰਾਂ ਵਿਚ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਦਿਆਂ ਕੇਂਦਰੀ ਵਿਜੀਲੈਂਸ ਕਮਿਸ਼ਨ ਨੇ ਰਿਸ਼ਵਤ ਵਿਰੋਧੀ ਹੈਲਪਲਾਈਨ ਸ਼ੁਰੂ ਕੀਤੀ ਹੈ। ਕੇਂਦਰੀ ਵਿਜੀਲੈਂਸ ਕਮਿਸ਼ਨ ਅਨੁਸਾਰ ਇਸ ਸੇਵਾ ਨਾਲ ਲੋਕਾਂ ਦੇ ਕੰਮਾਂ ਨੂੰ ਬੇਵਜ੍ਹਾ ਲਮਕਾਅ ਕੇ ਰਿਸ਼ਵਤ ਹਾਸਲ ਕਰਨ ਸਬੰਧੀ ਸ਼ਿਕਾਇਤਾਂ ਦੇ ਨਿਬੇੜੇ ਵਿਚ ਸਹਾਇਤਾ ਮਿਲੇਗੀ।

ਕਮਿਸ਼ਨ ਦੇ ਸੂਤਰਾਂ ਅਨੁਸਾਰ ਇਸ ਪਹਿਲਕਦਮੀ ਨਾਲ ਪੀੜਤ ਬੇਇਨਸਾਫੀ ਅਤੇ ਗ਼ੈਰਜ਼ਰੂਰੀ ਪ੍ਰੇਸ਼ਾਨੀ ਵਿਰੁਧ ਤੁਰੰਤ ਸ਼ਿਕਾਇਤ ਕਰ ਸਕਣਗੇ, ਉਨ੍ਹਾਂ ਦਾ ਰਾਬਤਾ ਤੁਰੰਤ ਸਬੰਧਤ ਵਿਭਾਗ ਦੇ ਮੁੱਖ ਵਿਜੀਲੈਂਸ ਅਧਿਕਾਰੀ ਨਾਲ ਕਰਵਾਇਆ ਜਾਵੇਗਾ। ਵਿਜੀਲੈਂਸ ਅਧਿਕਾਰੀ ਸ਼ਿਕਾਇਤਕਰਤਾ ਤੋਂ ਸਾਰੇ ਵੇਰਵੇ ਹਾਸਲ ਕਰੇਗਾ ਅਤੇ ਪੜਤਾਲ ਕਰੇਗਾ ਕਿ ਕੀ ਉਸ ਦੀ ਸ਼ਿਕਾਇਤ ਜਾਇਜ਼ ਹੈ? ਇਸ ਤੋਂ ਬਾਅਦ ਲੋੜ ਅਨੁਸਾਰ ਕਾਰਵਾਈ ਕਰੇਗਾ।

## ਅਮਰੀਕਾ 'ਚ 38 ਫ਼ੀਸਦੀ ਡਾਕਟਰ ਭਾਰਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀਆਂ ਨੇ ਵਿਸ਼ਵ ਦੇ ਸੁਪਰ ਪਾਵਰ ਦੇਸ਼ ਅਮਰੀਕਾ 'ਚ ਵੀ ਆਪਣਾ ਦਬਦਬਾ ਬਣਾ ਲਿਆ ਹੈ। ਨੱਬਵਿਆਂ ਦੇ ਦਹਾਕੇ ਤੋਂ ਹੀ ਅਮਰੀਕਾ ਦੀ ਸਿਲੀਕਾਨ ਵੈਲੀ 'ਚ ਭਾਰਤੀਆਂ ਵੱਲੋਂ 10 ਫ਼ੀਸਦੀ ਹਾਈਟੈਕ ਫਰਮਾਂ ਸਥਾਪਤ ਕੀਤੀਆਂ ਜਾ ਗਈਆਂ ਹਨ ਤੇ ਅਮਰੀਕਾ 'ਚ 38 ਫ਼ੀਸਦੀ ਡਾਕਟਰ, 34 ਫ਼ੀਸਦੀ ਮਾਈਕਰੋਸਾਫਟ ਕਰਮਚਾਰੀ ਤੇ 36 ਫ਼ੀਸਦੀ ਨਾਸਾ ਦੇ ਵਿਗਿਆਨੀ ਭਾਰਤੀ ਜਾਂ ਭਾਰਤੀ ਮੂਲ ਦੇ ਹਨ।

ਇਹ ਅਹਿਮ ਜਾਣਕਾਰੀ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੇ ਡਾਇਰੈਕਟਰ ਜਨਰਲ ਡਾ. ਆਰ.ਐਸ. ਖੰਡਪੁਰ ਨੇ ਦਿੱਤੀ।

# ਪੁਲਿਸ ਮੁਕਾਬਲੇ 'ਚ ਮੌਤ ਦੀ ਰਿਪੋਰਟ 48 ਘੰਟੇ 'ਚ ਸੌਂਪਣ ਦੀ ਹਦਾਇਤ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਜਿੱਥੇ ਇੱਕ ਪਾਸੇ ਪੁਲਿਸ ਨੂੰ ਵੱਧ ਅਧਿਕਾਰ ਦੇ ਕੇ ਲਗਾਤਾਰ ਸ਼ਕਤੀਸ਼ਾਲੀ ਬਣਾਇਆ ਜਾ ਰਿਹਾ ਹੈ ਉਥੇ ਮਨੁੱਖੀ ਹੱਕਾਂ ਬਾਰੇ ਕੌਮੀ ਕਮਿਸ਼ਨ ਨੇ ਸ਼ਿਕੰਜਾ ਕੱਸਦਿਆਂ ਸਾਰੇ ਸੂਬਿਆਂ ਨੂੰ ਹਦਾਇਤ ਦਿੱਤਾ ਹੈ ਕਿ ਪੁਲਿਸ ਮੁਕਾਬਲਿਆਂ 'ਚ ਹੁੰਦੀਆਂ ਮੌਤਾਂ ਦੀ ਰਿਪੋਰਟ 48 ਘੰਟੇ ਦੇ ਅੰਦਰ-ਅੰਦਰ ਸੌਂਪੀ ਜਾਵੇ।

ਇਸ ਤੋਂ ਇਲਾਵਾ ਕਿਸੇ ਪੁਲਿਸ ਮੁਲਾਜ਼ਮ ਵਿਰੁੱਧ ਦਰਜ ਹੱਤਿਆ ਦੇ ਮਾਮਲੇ ਦੀ ਜਾਂਚ ਜੋ ਪਹਿਲਾਂ ਰਾਜ ਦੇ ਅਪਰਾਧ ਬਾਰੇ ਜਾਂਚ ਵਿਭਾਗ ਵੱਲੋਂ ਕੀਤੀ ਜਾਂਦੀ ਸੀ ਹੁਣ ਇਹ ਜਾਂਚ ਕਿਸੇ ਏਜੰਸੀ ਵੱਲੋਂ ਕਰਵਾਈ ਜਾਵੇਗੀ। ਕਮਿਸ਼ਨ ਨੇ ਜਾਰੀ ਦਿਸ਼ਾ ਨਿਰਦੇਸ਼ਾਂ 'ਚ ਪੁਲਿਸ ਨੂੰ ਕਿਹਾ ਹੈ ਕਿ ਕਿਸੇ ਵੀ ਮੁਕਾਬਲੇ 'ਚ ਮੌਤ ਦੀ ਰਿਪੋਰਟ 48 ਘੰਟੇ 'ਚ ਕਮਿਸ਼ਨ ਨੂੰ ਸੌਂਪ ਦਿੱਤੀ ਜਾਵੇ। ਕਮਿਸ਼ਨ ਨੇ ਪਹਿਲਾਂ ਪੁਲਿਸ ਮੁਕਾਬਲਿਆਂ ਬਾਰੇ ਰਿਪੋਰਟ 6 ਮਹੀਨੇ 'ਚ ਇੱਕ ਵਾਰ ਦੇਣ ਦੇ ਦਿਸ਼ਾਂ ਨਿਰਦੇਸ਼ ਦਿੱਤੇ ਸਨ ਪਰ ਹੁਣ ਸੋਧ ਕਰਦਿਆਂ ਪੁਲਿਸ ਲਈ ਇਹ ਜ਼ਰੂਰੀ ਬਣਾ ਦਿੱਤਾ ਹੈ ਕਿ ਉਹ ਅਜਿਹੇ ਮਾਮਲਿਆਂ 'ਚ ਮੌਤ ਦੀ ਤਰੀਕ ਤੋਂ 3 ਮਹੀਨੇ ਦੇ ਅੰਦਰ ਆਪਣੀ ਦੂਸਰੀ ਰਿਪੋਰਟ ਦੇਵੇ। ਸੋਧੇ ਹੋਏ ਦਿਸ਼ਾ ਨਿਰਦੇਸ਼ਾਂ 'ਚ ਕਮਿਸ਼ਨ ਨੇ ਰਾਜ ਸਰਕਾਰਾਂ ਨੂੰ ਕਿਹਾ ਹੈ ਕਿ ਦੂਸਰੀ ਰਿਪੋਰਟ ਦੇ ਨਾਲ ਪੋਸਟ ਮਾਰਟਮ ਰਿਪੋਰਟ, ਤਹਿਕੀਕਾਤ ਰਿਪੋਰਟ ਤੇ ਮੈਜਿਸਟ੍ਰੇਟ ਤੇ ਸੀਨੀਅਰ ਅਧਿਕਾਰੀਆਂ ਦੀ ਜਾਂਚ ਰਿਪੋਰਟ ਵੀ ਨਾਲ ਭੇਜੀ ਜਾਵੇ। ਇਸ ਤੋਂ ਪਹਿਲਾਂ ਮੁਕਾਬਲੇ ਦੇ ਮਾਮਲਿਆਂ 'ਚ ਰਿਪੋਰਟ ਰਾਜਾਂ ਦੇ ਪੁਲਿਸ ਮੁਖੀ ਵੱਲੋਂ ਭੇਜੀ ਜਾਂਦੀ ਸੀ ਪਰ ਹੁਣ ਇਹ ਰਿਪੋਰਟ ਸਬੰਧਤ ਜ਼ਿਲ੍ਹੇ ਦੇ ਐਸ.ਐਸ.ਪੀ. ਜਾਂ ਐਸ.ਪੀ. ਵੱਲੋਂ ਭੇਜੀ ਜਾਵੇਗੀ।

# ਮਾਓਵਾਦੀਆਂ ਦੇ ਧਮਾਕੇ 'ਚ 6 ਪੁਲਿਸ ਮੁਲਾਜ਼ਮ ਹਲਾਕ

**ਪਟਨਾ:** ਬਿਹਾਰ ਦੇ ਸ਼ਿਓਹਾਰ ਇਲਾਕੇ 'ਚ ਮਾਓਵਾਦੀਆਂ ਵੱਲੋਂ ਕੀਤੇ ਗਏ ਬਾਰੂਦੀ ਸੁਰੰਗ ਧਮਾਕੇ ਵਿਚ ਛੇ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ ਜਦੋਂ ਕਿ ਇਕ ਗੰਭੀਰ ਜ਼ਖਮੀ ਹੋ ਗਿਆ। ਇਸ ਮੁੱਦੇ ਨੂੰ ਲੈ ਕੇ ਵਿਰੋਧੀ ਧਿਰ ਨੇ ਬਿਹਾਰ ਵਿਚ ਮਾਓਵਾਦ ਨਾਲ ਸਿੱਝਣ ਵਿਚ ਕਥਿਤ ਨਾਕਾਮ ਰਹਿਣ ਕਾਰਨ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਸਰਕਾਰ ਦੀ ਆਲੋਚਨਾ ਕੀਤੀ ਹੈ ਜਦੋਂ ਕਿ ਸੱਤਾਧਾਰੀ ਐਨ.ਡੀ.ਏ. ਨੇ ਇਸ ਲਈ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਉਧਰ ਪੱਛਮੀ ਬੰਗਾਲ ਦੇ ਪੱਛਮੀ ਮਿਦਨਾਪੁਰ ਵਿਚ ਮਾਓਵਾਦੀਆਂ ਨੇ ਗੋਲੀ ਮਾਰ ਕੇ ਪੀ.ਸੀ.ਪੀ.ਏ. ਦੇ ਦੋ ਮੈਂਬਰਾਂ ਦਾ ਕਤਲ ਕਰ ਦਿੱਤਾ। ਮਾਓਵਾਦੀਆਂ ਨੇ ਪੁਰੂਲੀਆ ਵਿਚੋਂ ਆਈ.ਬੀ. ਇੰਸਪੈਕਟਰ ਅਤੇ ਗੈਰ ਸਰਕਾਰੀ ਸੰਗਠਨ ਦੇ ਕਾਰਕੁਨ ਨੂੰ ਅਗਵਾ ਕਰ ਲਿਆ।

ਬਿਹਾਰ ਦੇ ਡੀ.ਜੀ.ਪੀ. ਨੀਲਮਣੀ ਨੇ ਕਿਹਾ ਕਿ ਪੁਲਿਸ ਦੀ ਗਸ਼ਤੀ ਪਾਰਟੀ ਸ਼ਿਓਹਾਰ ਦੇ ਸ਼ਿਆਮਪੁਰ ਭਿੱਟਾ ਪੁਲਿਸ ਸਟੇਸ਼ਨ ਪਰਤ ਰਹੀ ਸੀ। ਜਿਉਂ ਹੀ ਪੁਲਿਸ ਦਾ ਵਾਹਨ ਉਥੋਂ ਲੰਘਿਆ, ਮਾਓਵਾਦੀਆਂ ਨੇ ਬਾਰੂਦੀ ਸੁਰੰਗ ਉਡਾ ਦਿੱਤੀ। ਇਸ ਕਾਰਨ ਇਕ ਇੰਸਪੈਕਟਰ ਸਮੇਤ ਛੇ ਪੁਲਿਸ ਕਰਮਚਾਰੀ ਮਾਰੇ ਗਏ ਜਦੋਂ ਕਿ ਇਕ ਹੋਰ ਗੰਭੀਰ ਜ਼ਖ਼ਮੀ ਹੋ ਗਿਆ।

ਵਿਰੋਧੀ ਪਾਰਟੀਆਂ ਵੱਲੋਂ ਨਿਤੀਸ਼ ਕੁਮਾਰ ਸਰਕਾਰ ਉਤੇ ਮਾਓਵਾਦ ਨਾਲ ਸਿੱਝਣ ਵਿਚ ਨਾਕਾਮ ਰਹਿਣ ਦੇ ਦੋਸ਼ ਲਗਾਉਣ ਮਗਰੋਂ ਸੱਤਾਧਾਰੀ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਨੇ ਇਸ ਦੇ ਖਾਤਮੇ ਲਈ ਸੰਗਠਿਤ ਕਾਰਜ ਯੋਜਨਾ ਬਣਾਉਣ ਵਿਚ ਨਾਕਾਮ ਰਹਿਣ ਦਾ ਭਾਂਡਾ ਕੇਂਦਰ ਸਰਕਾਰ ਸਿਰ ਭੰਨਿਆ ਹੈ। ਜੇ.ਡੀ.ਯੂ. ਦੇ ਕੌਮੀ ਪ੍ਰਧਾਨ ਸ਼ਰਦ ਯਾਦਵ ਨੇ ਸ਼ਿਓਹਾਰ ਵਿਚ ਛੇ ਪੁਲਿਸ ਮੁਲਾਜ਼ਮ ਮਾਰੇ ਜਾਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਵਿਰੋਧੀ ਧਿਰ ਨੂੰ ਇਸ ਤੋਂ ਸਿਆਸੀ ਲਾਹਾ ਲੈਣ ਦਿਓ। ਸਭ ਜਾਣਦੇ ਹਨ ਕਿ ਸਮੱਸਿਆ ਦੀ ਜੜ੍ਹ ਕੀ ਹੈ ਅਤੇ ਇਸ ਦੇ ਹੱਲ ਦੀ ਜ਼ਿੰਮੇਵਾਰੀ ਕਿਸ ਦੀ ਹੈ? ਗੌਰਤਲਬ ਹੈ ਕਿ ਐਲ.ਜੇ.ਪੀ. ਪ੍ਰਧਾਨ ਰਾਮ ਵਿਲਾਸ ਪਾਸਵਾਨ ਅਤੇ ਆਰ.ਜੇ.ਡੀ. ਦੇ ਸਕੱਤਰ ਜਨਰਲ ਰਾਮਕ੍ਰਿਪਾਲ ਯਾਦਵ ਨੇ ਨਿਤੀਸ਼ ਸਰਕਾਰ ਦੇ ਮਾਓਵਾਦ ਨਾਲ ਸਿੱਝਣ ਵਿਚ ਬੁਰੀ ਤਰ੍ਹਾਂ ਨਾਕਾਮ ਰਹਿਣ ਦੀ ਗੱਲ ਆਖੀ ਸੀ। ਮਾਓਵਾਦੀਆਂ ਨੇ ਵਪਾਰੀ ਤੋਂ ਲੁੱਟੇ ਪੈਸਿਆਂ ਦੀ ਵੰਡ ਨੂੰ ਲੈ ਕੇ ਪੱਛਮੀ ਮਿਦਨਾਪੁਰ ਵਿਚ ਪੀ.ਸੀ.ਪੀ.ਏ. ਮੈਂਬਰਾਂ ਬਿਸਵਨਾਥ ਅਤੇ ਪ੍ਰਦੀਪ ਮਹਾਤੋ ਦਾ ਕਤਲ ਕਰ ਦਿੱਤਾ। ਦੂਜੇ ਪਾਸੇ ਪੁਰੂਲੀਆ ਜ਼ਿਲ੍ਹੇ ਵਿਚੋਂ ਇੰਟੈਲੀਜੈਂਸ ਬਰਾਂਚ ਦੇ ਇੰਸਪੈਕਟਰ ਪਰਥ ਬਿਸਵਾਸ ਅਤੇ ਗੈਰ-ਸਰਕਾਰੀ ਸੰਗਠਨ ਦੇ ਕਾਰਕੁਨ ਸਮਰਜੀਤ ਬਾਸੂ ਨੂੰ ਅਗਵਾ ਕਰ ਲਿਆ ਗਿਆ।



*ਸ਼ਿਓਹਾਰ (ਬਿਹਾਰ) ਵਿਚ ਬਾਰੂਦੀ ਸੁਰੰਗ ਫਟਣ ਕਾਰਨ ਤਬਾਹ ਹੋਈ ਜੀਪ ਦਾ ਜਾਇਜ਼ਾ ਲੈ ਰਹੇ ਪੁਲਿਸ ਮੁਲਾਜ਼ਮ*

## ਬੰਗਲਾਦੇਸ਼ 'ਚ ਟੈਗੋਰ ਯੂਨੀਵਰਸਿਟੀ ਬਣੇਗੀ

**ਢਾਕਾ:** ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦੱਸਿਆ ਹੈ ਕਿ ਕਵੀ ਰਬਿੰਦਰ ਨਾਥ ਟੈਗੋਰ ਦੇ ਨਾਂ 'ਤੇ ਢਾਕਾ ਵਿਚ ਯੂਨੀਵਰਸਿਟੀ ਤੇ ਅਕੈਡਮੀ ਸਥਾਪਤ ਕੀਤੀ ਜਾਵੇਗੀ ਤਾਂ ਜੋ ਉਚੇਰੀ ਸਿੱਖਿਆ ਹਾਸਲ ਕੀਤੀ ਜਾ ਸਕੇ। ਇਹ ਗੱਲ ਉਨ੍ਹਾਂ ਰਬਿੰਦਰ ਨਾਥ ਟੈਗੋਰ ਦਾ 150ਵਾਂ ਜਨਮ ਦਿਹਾੜਾ ਮਨਾਉਣ ਸਬੰਧੀ ਰੱਖੀ ਕੌਮੀ ਕਮੇਟੀ ਦੀ ਮੀਟਿੰਗ ਦੌਰਾਨ ਕਹੀ। ਇਥੇ ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਪ੍ਰੋਗਰਾਮ ਦੀਆਂ ਤਿਆਰੀਆਂ ਨੂੰ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ। ਇਸ ਸਾਲ ਜਨਵਰੀ 'ਚ ਹਸੀਨਾ ਦੀ ਨਵੀਂ ਦਿੱਲੀ ਦੀ ਫੇਰੀ ਦੌਰਾਨ ਭਾਰਤ ਤੇ ਬੰਗਲਾਦੇਸ਼ ਨੇ ਗੁਰਦੇਵ ਟੈਗੋਰ ਦਾ 150ਵਾਂ ਜਨਮ ਦਿਵਸ ਸਾਂਝੇ ਤੌਰ 'ਤੇ ਮਨਾਉਣ ਲਈ ਸਹਿਮਤੀ ਪ੍ਰਗਟਾਈ ਸੀ।

ਹਸੀਨਾ ਨੇ ਕੋਲਕਾਤਾ ਅਤੇ ਢਾਕਾ ਵਿਚੋਂ ਲੰਘਣ ਵਾਲੀ ਯਾਤਰੀ ਰੇਲ ਗੱਡੀ ਦਾ ਨਾਂ ਵੀ ਟੈਗੋਰ ਦੀ ਪ੍ਰਸਿੱਧ ਕਵਿਤਾ 'ਸੋਨਾਰ ਟੋਰੀ' (ਸੁਨਿਹਰੀ ਬੇੜੀ) ਦੇ ਨਾਂ 'ਤੇ ਰੱਖਣ ਦਾ ਪ੍ਰਸਤਾਵ ਦਿੱਤਾ ਹੈ। ਇਸ ਰੇਲ ਗੱਡੀ ਦਾ ਮੌਜੂਦਾ ਨਾਮ 'ਮੈਤਰੀ' (ਮਿੱਤਰਤਾ) ਐਕਸਪ੍ਰੈਸ' ਹੈ। "ਅਸੀਂ ਵਿਸ਼ਵ ਕਵੀ ਦਾ ਜਨਮ ਦਿਹਾੜਾ ਸਾਂਝੇ ਰੂਪ 'ਚ ਮਨਾਵਾਂਗੇ। ਇਹ ਕਹਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਨੂੰ ਮਨਾਉਣ ਲਈ ਵੱਖ-ਵੱਖ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਇਨ੍ਹਾਂ ਪ੍ਰੋਗਰਾਮਾਂ ਦਾ ਪ੍ਰਬੰਧ ਕਰਨ ਲਈ ਸਰਕਾਰ ਵੱਲੋਂ ਸਭਿਆਚਾਰਕ ਸੰਸਥਾਵਾਂ ਦੀ ਵਿੱਤੀ ਸਹਾਇਤਾ ਵੀ ਕੀਤੀ ਜਾਵੇਗੀ।

# ਪਾਕਿਸਤਾਨ ਨਾਲ ਸਬੰਧ ਸੁਧਾਰਨ ਲਈ ਭਾਰਤ ਅੱਧਿਓਂ ਵੱਧ ਪੈਂਡਾ ਤੈਅ ਕਰਨ ਲਈ ਤਿਆਰ: ਚਿਦੰਬਰਮ



ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਹੁਸੈਨੀਵਾਲਾ ਵਿਖੇ ਪਾਕਿਸਤਾਨੀ ਫੌਜੀਆਂ ਨੂੰ ਤੋਹਫ਼ੇ ਵਜੋਂ ਮਠਿਆਈ ਦਿੰਦੇ ਹੋਏ। ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਨਾਲ ਖੜ੍ਹੇ ਹਨ।




ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਮਾਧੀ ਉਤੇ ਫੁੱਲਾਂ ਦਾ ਗੁਲਦਸਤਾ ਰੱਖਦੇ ਹੋਏ

**ਫਿਰੋਜ਼ਪੁਰ:** ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਗੁਆਂਢੀ ਮੁਲਕ ਪਾਕਿਸਤਾਨ ਨਾਲ ਰਿਸ਼ਤੇ ਸੁਧਾਰਨ ਲਈ ਭਾਰਤ ਅੱਧੇ ਤੋਂ ਵੱਧ ਪੈਂਡਾ ਤੈਅ ਕਰਨ ਲਈ ਤਿਆਰ ਹੈ ਤਾਂ ਜੋ ਦੋਵੇਂ ਮੁਲਕਾਂ ਵਿਚ ਅਮਨ ਬਹਾਲੀ ਦੇ ਨਾਲ-ਨਾਲ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਜਾ ਸਕੇ।

ਇੱਥੇ ਹੁਸੈਨੀਵਾਲਾ ਸਰਹੱਦ ‘ਤੇ ਸਥਿਤ ਸੀਮਾ ਸੁਰੱਖਿਆ ਬਲ ਦੀ ਜੁਆਇੰਟ ਚੈਕ ਪੋਸਟ ‘ਤੇ 6 ਕਰੋੜ 22 ਲੱਖ ਰੁਪਏ ਦੀ ਲਾਗਤ ਨਾਲ ਉਸਾਰੀ ਜਾਣ ਵਾਲੀ ਦਰਸ਼ਕ ਗੈਲਰੀ ਦਾ ਨੀਂਹ ਪੱਥਰ ਰੱਖਣ ਮੌਕੇ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਚਿਦੰਬਰਮ ਨੇ ਕਿਹਾ ਕਿ ਭਾਰਤ ਆਪਣੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਸਬੰਧ ਸੁਧਾਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਸ ਬਾਰੇ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਮੀਦ ਹੈ ਕਿ ਜਲਦ ਹੀ ਰਿਸ਼ਤਿਆਂ ਵਿਚ ਸੁਧਾਰ ਹੋ ਸਕੇਗਾ। ਫਿਰੋਜ਼ਪੁਰ ਵਾਸੀਆਂ ਦੀ ਪਿਛਲੇ ਲੰਬੇ ਸਮੇਂ ਤੋਂ ਹੁਸੈਨੀਵਾਲਾ-ਗੰਡਾ ਸਿੰਘ ਵਾਲਾ ਬਾਰਡਰ ਨੂੰ ਵਪਾਰ ਲਈ ਖੋਲ੍ਹੇ ਜਾਣ ਦੀ ਮੰਗ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਜਲਦ ਹੀ ਇਹ ਸਰਹੱਦ ਵਪਾਰ ਲਈ ਖੁੱਲ੍ਹ ਜਾਵੇਗੀ, ਪਰ ਕਦੋਂ ਤੱਕ ਖੁੱਲ੍ਹੇਗੀ, ਇਸ ਬਾਰੇ ਦੋਵੇਂ ਮੁਲਕਾਂ ਵਿਚਾਲੇ ਰਿਸ਼ਤਿਆਂ ਵਿਚ ਸੁਧਾਰ ਹੋਣ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ।

ਗ੍ਰਹਿ ਮੰਤਰੀ ਨੇ ਕਿਹਾ ਕਿ ਉਹ ਅੱਜ ਸ਼ਹੀਦਾਂ ਦੀ ਧਰਤੀ ‘ਤੇ ਪਹੁੰਚ ਕੇ ਮਾਣ ਮਹਿਸੂਸ ਕਰ ਰਹੇ ਹਨ। ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਸਾਨੂੰ ਆਜ਼ਾਦ ਫਿਜ਼ਾ ਵਿਚ ਸਾਹ ਲੈਣ ਦਾ ਮੌਕਾ ਮਿਲਿਆ ਹੈ। ਸ਼ਹੀਦਾਂ ਦੇ ਪਰਿਵਾਰਾਂ ਲਈ ਕਾਫ਼ੀ ਕੁਝ ਕੀਤਾ ਗਿਆ ਹੈ, ਪਰ ਹਾਲੇ ਵੀ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਇਸ ਲਈ ਉਹ ਹੁਸੈਨੀਵਾਲਾ ਸਰਹੱਦ ‘ਤੇ ਉਸਾਰੀ ਜਾਣ ਵਾਲੀ ਦਰਸ਼ਕ ਗੈਲਰੀ ਨੂੰ ਸ਼ਹੀਦਾਂ ਨੂੰ ਸਮਰਪਿਤ ਕਰਦੇ ਹਨ। ਦਰਸ਼ਕ ਗੈਲਰੀ ਬਣਨ ਨਾਲ ਝੰਡਾ ਉਤਾਰਨ ਦੀ ਰਸਮ ਵੇਖਣ ਆਉਣ ਵਾਲੇ ਲੋਕਾਂ ਨੂੰ ਬੈਠਣ ਦੀ ਵਧੀਆ ਸਹੂਲਤ ਮਿਲੇਗੀ।

ਇਸ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਦਾ ਦਰਸ਼ਕ ਗੈਲਰੀ ਉਸਾਰੇ ਜਾਣ ਲਈ ਧੰਨਵਾਦ ਕੀਤਾ ਅਤੇ ਸਰਹੱਦੀ ਲੋਕਾਂ ਦੀਆਂ ਮੁਸ਼ਕਲਾਂ ਅਤੇ ਮੰਗਾਂ ਬਾਰੇ ਮੈਮੋਰੰਡਮ ਵੀ ਦਿੱਤਾ। ਸ੍ਰੀ ਬਾਦਲ ਨੇ ਕਿਹਾ ਕਿ ਹੁਸੈਨੀਵਾਲਾ ਸਰਹੱਦ ਵਪਾਰ ਲਈ ਖੋਲ੍ਹੇ ਜਾਣ ਨਾਲ ਨਾ-ਸਿਰਫ਼ ਪੰਜਾਬ, ਸਗੋਂ ਪੂਰੇ ਦੇਸ਼ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਦੇ ਲੋਕ ਪਛੜੇਪਣ ਦਾ ਬੁਰੀ ਤਰ੍ਹਾਂ ਨਾਲ ਸ਼ਿਕਾਰ ਹਨ। ਕੇਂਦਰ ਸਰਹੱਦੀ ਖੇਤਰ ਦੇ ਲੋਕਾਂ ਲਈ ਸਿੱਖਿਆ, ਸਿਹਤ, ਰੁਜ਼ਗਾਰ ਲਈ ਸਪੈਸ਼ਲ ਪੈਕੇਜ ਦਾ ਐਲਾਨ ਕਰੇ। ਉਨ੍ਹਾਂ ਕਿਹਾ ਕਿ ਵਾਜਪਾਈ ਸਰਕਾਰ ਵੇਲੇ ਤਾਰੋਂ ਪਾਰ ਦੀਆਂ ਜ਼ਮੀਨਾਂ ‘ਤੇ ਮਿਲਦਾ 2500 ਰੁਪਏ ਦਾ ਮੁਆਵਜ਼ਾ ਹੁਣ ਬੰਦ ਹੋ ਗਿਆ ਹੈ। ਕੇਂਦਰ ਸਰਕਾਰ ਇਸ ਨੂੰ ਮੁੜ ਚਾਲੂ ਕਰਕੇ ਮੁਆਵਜ਼ੇ ਦੀ ਰਕਮ ਪੰਜ ਹਜ਼ਾਰ ਕਰੇ। ਉਨ੍ਹਾਂ ਫਿਰੋਜ਼ਪੁਰ ਤੋਂ ਅੰਮ੍ਰਿਤਸਰ ਰੇਲ ਮਾਰਗ ਅਤੇ ਫਿਰੋਜ਼ਪੁਰ ਤੋਂ ਦਿੱਲੀ ਤੱਕ ਸ਼ਤਾਬਦੀ ਰੇਲਗੱਡੀ ਚਲਾਉਣ ਦੀ ਵੀ ਮੰਗ ਕੀਤੀ।

ਇਸ ਤੋਂ ਪਹਿਲਾਂ ਸ੍ਰੀ ਚਿਦੰਬਰਮ ਨੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ, ਸੁਖਦੇਵ, ਬੀ.ਕੇ. ਦੱਤ ਅਤੇ ਪੰਜਾਬ ਮਾਤਾ ਦੀ ਸਮਾਧ ‘ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਸ ਤੋਂ ਬਾਅਦ ਬੀ.ਐਸ.ਐਫ. ਜਵਾਨਾਂ ਅਤੇ ਪਾਕਿਸਤਾਨ ਦੇ ਰੇਂਜਰਾਂ ਨੇ ਸ੍ਰੀ ਚਿਦੰਬਰਮ ਨੂੰ ਜ਼ੀਰੋ-ਲਾਈਨ ‘ਤੇ ਗਾਰਡ ਆਫ਼ ਆਨਰ ਦਿੱਤਾ।

ਇਸ ਪਿੱਛੋਂ ਪੰਜਾਬ ਦੇ ਮੁੱਖ ਸੰਸਦੀ ਸਕੱਤਰ ਸੁਖਪਾਲ ਸਿੰਘ ਨੰਨੂ ਨੇ ਸਰਹੱਦੀ ਖੇਤਰ ਦੇ ਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮੰਗ-ਪੱਤਰ ਸ੍ਰੀ ਚਿਦੰਬਰਮ ਨੂੰ ਦਿੱਤਾ। ਰਾਣਾ ਗੁਰਮੀਤ ਸਿੰਘ ਸੋਢੀ ਚੀਫ਼ ਵਿੱਪ੍ਹ ਪੰਜਾਬ ਵਿਧਾਨ ਸਭਾ ਕਾਂਗਰਸ ਵਿਧਾਇਕ ਦਲ ਅਤੇ ਪਰਮਿੰਦਰ ਸਿੰਘ ਪਿੰਕੀ ਨੇ ਵੀ ਸਰਹੱਦੀ ਲੋਕਾਂ ਦੀਆਂ ਮੰਗਾਂ ਤੋਂ ਕੇਂਦਰੀ ਮੰਤਰੀ ਨੂੰ ਜਾਣੂ ਕਰਵਾਇਆ ਗਿਆ।

## ਹੁਸੈਨੀਵਾਲਾ ਸਰਹੱਦੀ ਲਾਂਘਾ ਮੁੜ ਖੋਲ੍ਹਿਆ ਜਾਵੇ: ਗਿੱਲ

**ਚੰਡੀਗੜ੍ਹ:** ਫਿਰੋਜ਼ਪੁਰ ਤੇ ਆਲੇ-ਦੁਆਲੇ ਦੇ ਖੇਤਰਾਂ ਦੇ ਵਸਨੀਕਾਂ ਵੱਲੋਂ ਕੀਤੀ ਗਈ ਹੁਸੈਨੀਵਾਲਾ ਸਰਹੱਦੀ ਲਾਂਘਾ ਖੋਲ੍ਹਣ ਦੀ ਮੰਗ ਸਬੰਧੀ ਇਕ ਰਿਪੋਰਟ ਛਪਣ ਬਾਅਦ ਕੇਂਦਰੀ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਨੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਕਰੀਬ ਚਾਰ ਦਹਾਕੇ ਪਹਿਲਾਂ ਬੰਦ ਹੋਇਆ ਇਹ ਲਾਂਘਾ ਪਾਕਿਸਤਾਨ ਨਾਲ ਵਪਾਰ ਲਈ ਬਹੁਤ ਮਹੱਤਵਪੂਰਨ ਹੁੰਦਾ ਸੀ। ਹੁਣ ਵੀ ਇਸ ਲਾਂਘੇ ਦਾ ਦੋਵਾਂ ਦੇਸ਼ਾਂ ‘ਚ ਵਪਾਰ ਤੇ ਲੋਕਾਂ ਦੇ ਆਪਸੀ ਮਿਲਵਰਤਣ ਲਈ ਓਨਾ ਹੀ ਮਹੱਤਵ ਹੈ, ਇਸ ਲਈ ਇਸ ਨੂੰ ਮੁੜ ਖੋਲ੍ਹਿਆ ਜਾਏ।

## ਸ਼ੈਰੀ ਰਹਿਮਾਨ ਤੇ ਅੱਬਾਸੀ ਨੂੰ ਪਾਰਟੀ ਵੱਲੋਂ ਨੋਟਿਸ

**ਇਸਲਾਮਾਬਾਦ:** ਪਾਕਿਸਤਾਨ ਦੀ ਸੱਤਾਧਾਰੀ ਧਿਰ ‘ਪਾਕਿਸਤਾਨ ਪੀਪਲਜ਼ ਪਾਰਟੀ’ (ਪੀ.ਪੀ.ਪੀ.) ਨੇ ਸਾਬਕਾ ਸੂਚਨਾ ਮੰਤਰੀ ਸ਼ੈਰੀ ਰਹਿਮਾਨ ਤੇ ਸਵਰਗੀ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਨਜ਼ਦੀਕੀ ਰਹੇ ਮੁਅੱਤਲਸ਼ੁਦਾ ਸਫਦਰ ਅੱਬਾਸੀ ਨੂੰ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਹੇਠ ਨੋਟਿਸ ਜਾਰੀ ਕੀਤੇ ਹਨ। ਉਨ੍ਹਾਂ ਉਪਰ ‘ਜੀਓ’ ਨਿਊਜ਼ ਚੈਨਲ ਨੂੰ ਇੰਟਰਵਿਊ ਦੇਣ ਦਾ ਦੋਸ਼ ਹੈ। ਪਾਰਟੀ ਨੇ ਇਸ ਮੀਡੀਆ ਗਰੁੱਪ ਦਾ ਬਾਈਕਾਟ ਕੀਤਾ ਹੋਇਆ ਹੈ। ਸ਼ੈਰੀ ਤੇ ਅੱਬਾਸੀ ਸੰਸਦ ਦੇ ਮੈਂਬਰ ਹਨ। ਅਸਲ ਵਿਚ ‘ਜੀਓ ਨਿਊਜ਼’ ਚੈਨਲ ਦਾ ਮਾਲਕ ‘ਜੰਗ’ ਮੀਡੀਆ ਗਰੁੱਪ ਹੈ। ਇਸ ਉਪਰ ਪੀ.ਪੀ.ਪੀ. ਦੇ ਮੁਖੀ ਤੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਖ਼ਿਲਾਫ਼ ਭੰਡੀ-ਪ੍ਰਚਾਰ ਮੁਹਿੰਮ ਛੇੜਨ ਦਾ ਦੋਸ਼ ਹੈ।


# ਸੱਜਣ ਕੁਮਾਰ ਖਿਲਾਫ਼ ਇਕ ਹੋਰ ਮੁਕੱਦਮਾ

**ਨਵੀਂ ਦਿੱਲੀ:** ਸੀਨੀਅਰ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ 1984 ਦੇ ਸਿੱਖ-ਵਿਰੋਧੀ ਦੰਗਿਆਂ ਸਬੰਧੀ ਇਕ ਹੋਰ ਫੌਜਦਾਰੀ ਕਾਰਵਾਈ ਦਾ ਰਾਹ ਲੰਘੇ ਸ਼ੁੱਕਰਵਾਰ ਉਦੋਂ ਸਾਫ਼ ਹੋ ਗਿਆ ਜਦੋਂ ਇੱਥੋਂ ਦੀ ਇਕ ਅਦਾਲਤ ਨੇ ਇਸ ਕੇਸ ਨੂੰ ਮੁਲਜ਼ਮ ਖ਼ਿਲਾਫ਼ ਪਹਿਲਾਂ ਹੀ ਦੰਗਿਆਂ ਸਬੰਧੀ ਜਾਰੀ ਇਕ ਹੋਰ ਕੇਸ ਨਾਲ ਜੋੜਨ ਦੀ ਦਿੱਲੀ ਪੁਲਿਸ ਦੀ ਗੁਜ਼ਾਰਿਸ਼ ਨੂੰ ਖਾਰਜ ਕਰ ਦਿੱਤਾ।

ਰੋਹਿਣੀ ਦੇ ਜ਼ਿਲ੍ਹਾ ਜੱਜ ਐਸ.ਕੇ. ਸਰਵਰੀਆ ਨੇ ਇਸ ਮਾਮਲੇ ਵਿਚ ਵਿਸ਼ੇਸ਼ ਸਰਕਾਰੀ ਵਕੀਲ ਦੀ ਉਹ ਅਰਜ਼ੀ ਮਨਜ਼ੂਰ ਕਰ ਲਈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਸੱਜਣ ਕੁਮਾਰ ਖ਼ਿਲਾਫ਼ 1992 ਵਿਚ ਲਿਖੀ ਗਈ ਚਾਰਜਸ਼ੀਟ ਨੂੰ ਉਸ ਕੇਸ ਨਾਲ ਨਹੀਂ ਜੋੜਿਆ ਜਾ ਸਕਦਾ ਜਿਸ ਦੀ ਸੁਣਵਾਈ ਪਹਿਲਾਂ ਹੀ ਜਾਰੀ ਹੈ। ਅਦਾਲਤ ਨੇ ਆਪਣੇ ਹੁਕਮਾਂ ਵਿਚ ਕਿਹਾ ਹੈ, “ਐਫ.ਆਈ.ਆਰ. ਨੰਬਰ 67/87 ਨਾਲ ਐਫ.ਆਈ.ਆਰ. ਨੰਬਰ 418/1991 ਨੂੰ ਜੋੜਨ ਦਾ ਅਦਾਲਤੀ ਰਿਕਾਰਡ ਵਿਚ ਕੋਈ ਹੁਕਮ ਨਹੀਂ ਹੈ।”

ਅਦਾਲਤ ਨੇ ਹੁਕਮ ਦਿੱਤਾ ਕਿ ਦਿੱਲੀ ਪੁਲਿਸ ਇਹ ਚਾਰਜਸ਼ੀਟ ਵੱਖਰੇ ਤੌਰ ‘ਤੇ ਇਸ ਅਦਾਲਤ ‘ਚ ਪੇਸ਼ ਕਰੇ। ਇਸ ਤਰ੍ਹਾਂ ਸੱਜਣ ਕੁਮਾਰ ਵਿਰੁਧ ਨਵੰਬਰ ‘84 ਦੇ ਦੰਗਿਆਂ ਨਾਲ ਸਬੰਧਤ ਤੀਜਾ ਮੁਕੱਦਮਾ ਅਦਾਲਤ ਵਿਚ ਸੁਣਵਾਈ ਦੀ ਪ੍ਰਕਿਰਿਆ ਹੇਠ ਆ ਜਾਵੇਗਾ। ਪਹਿਲਾਂ ਉਸ ਵਿਰੁਧ ਕੜਕੜਡੂਮਾ ‘ਚ ਦੋ ਮੁਕੱਦਮੇ ਚੱਲ ਰਹੇ ਹਨ, ਜੋ ਦਿੱਲੀ ਕੈਂਟ ਤੇ ਸੁਲਤਾਨਪੁਰੀ ‘ਚ ਹੋਈ ਹਿੰਸਾ ਨਾਲ ਸਬੰਧਤ ਹਨ।

ਅਦਾਲਤ ਨੇ ਆਪਣੇ ਫੈਸਲੇ ‘ਚ ਦਿੱਲੀ ਪੁਲਿਸ ਨੂੰ ਹਦਾਇਤ ਦਿੱਤੀ ਕਿ 8 ਅਪਰੈਲ, 1992 ਨੂੰ ਸੱਜਣ ਕੁਮਾਰ ਵਿਰੁਧ ਤਿਆਰ ਕੀਤੀ



ਸੱਜਣ ਕੁਮਾਰ

ਚਾਰਜਸ਼ੀਟ ਨੂੰ ਉਹ ਅਦਾਲਤ ‘ਚ ਪੇਸ਼ ਕਰੇ। ਇਹ ਮੁਕੱਦਮਾ ਗੁਰਬਚਨ ਸਿੰਘ ਦੀ ਸ਼ਿਕਾਇਤ ਉਤੇ ਦਰਜ ਕੀਤਾ ਗਿਆ ਸੀ।

ਪੀੜਤ ਧਿਰ ਦੇ ਵਕੀਲ ਐਚ.ਐਸ. ਫੂਲਕਾ ਨੇ ਇਸ ਫੈਸਲੇ ਬਾਰੇ ਪੱਤਰਕਾਰਾਂ ਨੂੰ ਦੱਸਿਆ ਕਿ ਜੱਜ ਸ੍ਰੀ ਸਰਵਰੀਆ ਵੱਲੋਂ ਸੁਣਾਏ ਫੈਸਲੇ ਤਹਿਤ ਇਹ ਤੱਥ ਸਾਹਮਣੇ ਆਇਆ ਹੈ ਕਿ ਦਿੱਲੀ ਪੁਲਿਸ ਲਈ ਕੋਈ ਵੀ ਅਜਿਹਾ ਹੁਕਮ ਨਹੀਂ ਸੀ ਕਿ ਉਹ ਇਸ ਮੁਕੱਦਮੇ ਦੀ ਚਾਰਜਸ਼ੀਟ ਨੂੰ ਦੂਜੇ ਮੁਕੱਦਮੇ ਨਾਲ ਜੋੜਦੀ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਉਸ ਘਟਨਾ ਨਾਲ ਸਬੰਧਤ ਹੈ ਜਦੋਂ ਦੰਗਿਆਂ ਦੌਰਾਨ ਨਾਂਗਲੋਈ ਥਾਣਾ ਖੇਤਰ ‘ਚ 5 ਸਿੱਖਾਂ ਨੂੰ ਦੰਗਾਈ ਭੀੜ ਦੇ ਸ਼ਿਕਾਰ ਹੋ ਕੇ ਆਪਣੀ ਜਾਨ ਗੁਆਉਣੀ ਪਈ ਸੀ ਤੇ ਦਿੱਲੀ ਪੁਲਿਸ ਨੇ ਸੱਜਣ ਕੁਮਾਰ ਨੂੰ ਕਥਿਤ ਤੌਰ ‘ਤੇ ਬਚਾਉਣ ਲਈ ਚਾਰਜਸ਼ੀਟ ਨੂੰ ਦੂਜੇ ਮੁਕੱਦਮੇ ਨਾਲ ਜੋੜ ਦਿੱਤਾ ਸੀ।

ਸ੍ਰੀ ਫੂਲਕਾ ਨੇ ਕਿਹਾ ਕਿ ਅਜਿਹਾ ਸ਼ਾਇਦ ਇਤਿਹਾਸ ‘ਚ ਪਹਿਲੀ ਵਾਰ ਵਾਪਰਿਆ ਹੋਵੇਗਾ ਕਿ ਜਾਂਚ ਅਧਿਕਾਰੀ ਦੇ ਦਸਤਖਤਾਂ ਹੇਠ ਤਿਆਰ ਚਾਰਜਸ਼ੀਟ 18 ਸਾਲਾਂ ਤਕ ਫਾਈਲ ਅੰਦਰ ਹੀ ਦੱਬੀ ਰਹੀ, ਜਿਸ ਤੋਂ ਸਾਬਤ ਹੁੰਦਾ ਹੈ ਕਿ ਪੁਲਿਸ ਕਿਸ ਕਦਰ ਸੱਜਣ ਕੁਮਾਰ ਦਾ ਬਚਾਅ ਕਰ ਰਹੀ ਸੀ। ਉਨ੍ਹਾਂ ਕਿਹਾ ਕਿ ਉਹ ਪੁਲਿਸ ਦੀ ਢਿੱਲੀ ਕਾਰਵਾਈ ਵਿਰੁਧ ਹਾਈ ਕੋਰਟ ‘ਚ ਜਾਣਗੇ।

ਵਿਸ਼ੇਸ਼ ਸਰਕਾਰੀ ਵਕੀਲ ਬੀ.ਐਸ. ਜੂਨ ਨੇ ਮੰਗੀ ਚਾਰਜਸ਼ੀਟ ਵੱਲ ਅਦਾਲਤ ਦਾ ਧਿਆਨ ਖਿੱਚਿਆ ਸੀ। ਸ੍ਰੀ ਜੂਨ ਮੁਤਾਬਕ ਨਾਂਗਲੋਈ ‘ਚ ਸਿੱਖਾਂ ਦੇ ਕਤਲ ਨਾਲ ਸਬੰਧਤ ਕੇਸ ਨਾਂਗਲੋਈ ਥਾਣੇ ਵਿਖੇ 1991 ਨੂੰ ਦਰਜ ਕੀਤਾ ਗਿਆ ਸੀ ਅਤੇ ਸੱਜਣ ਕੁਮਾਰ ਸਮੇਤ ਕੁੱਲ ਪੰਜ ਵਿਅਕਤੀਆਂ ਦਾ ਜ਼ਿਕਰ ਇਕ ਕੇਸ ਵਿਚ ਸੀ ਪਰ ਪੁਲਿਸ ਵੱਲੋਂ ਸੱਜਣ ਕੁਮਾਰ ਦਾ ਨਾਂ ਹਟਾ ਦਿੱਤਾ ਗਿਆ ਸੀ। ਇਸ ਮੁਕੱਦਮੇ ਦੀ ਚਾਰਜਸ਼ੀਟ ਐਫ.ਆਈ.ਆਰ. ਨੰਬਰ 67/87 ਨਾਲ ਜੋੜ ਦਿੱਤੀ ਗਈ ਸੀ।

## ਅਫ਼ਗਾਨ ਕਿਸਾਨਾਂ ਦਾ ਵਫ਼ਦ ਉਤਰਾਖੰਡ ਦੌਰੇ ‘ਤੇ

**ਊਧਮ ਸਿੰਘ ਨਗਰ:** ਅਫ਼ਗਾਨਿਸਤਾਨ ਤੋਂ ਅਧਿਕਾਰੀਆਂ ਅਤੇ ਕਿਸਾਨਾਂ ਦਾ ਵਫ਼ਦ ਪੰਤਨਗਰ ਖੇਤੀਬਾੜੀ ਯੂਨੀਵਰਸਿਟੀ ਦੇ ਦੌਰੇ ‘ਤੇ ਹੈ, ਜਿੱਥੇ ਉਹ ਖੇਤੀਬਾੜੀ ਸਬੰਧੀ ਨਵੀਆਂ ਤਕਨੀਕਾਂ ਤੋਂ ਜਾਣੂ ਹੋ ਰਹੇ ਹਨ। ਯੂਨੀਵਰਸਿਟੀ ਦੇ ਉਪ ਕੁਲਪਤੀ ਬੀ.ਐਸ. ਬਿਸ਼ਟ ਨੇ ਦੱਸਿਆ ਕਿ ਇਕ ਹਫ਼ਤਾ ਪਹਿਲਾਂ ਭਾਰਤ ਪੁੱਜੀ 20 ਮੈਂਬਰੀ ਟੀਮ ਖੇਤੀਬਾੜੀ ਉਤਪਾਦਨ ਵਧਾਉਣ ਦੀਆਂ ਤਕਨੀਕਾਂ ਅਤੇ ਨਵੇਂ ਢੰਗਾਂ ਬਾਰੇ ਜਾਣਕਾਰੀ ਹਾਸਲ ਕਰ ਰਹੀ ਹੈ।

ਕੰਧਾਰ ਤੋਂ ਖੇਤੀਬਾੜੀ ਅਧਿਕਾਰੀ ਸੱਯਦ ਮੁਹੰਮਦ ਕਬੀਰ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਆਧੁਨਿਕ ਤਕਨੀਕਾਂ ਤਿਆਰ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਉਹ ਗ੍ਰਹਿਣ ਕਰਕੇ ਆਪਣੇ ਮੁਲਕ ਵਿਚ ਵਰਤੋਂ ‘ਚ ਲਿਆਉਣਗੇ। ਗੰਨੇ ਦੀ ਕਾਸ਼ਤ ਬਾਰੇ ਵੀ ਉਨ੍ਹਾਂ ਜਾਣਕਾਰੀ ਹਾਸਲ ਕੀਤੀ। ਅਫ਼ਗਾਨਿਸਤਾਨ ਤੋਂ ਆਈ ਟੀਮ ਕਾਸ਼ੀਪੁਰ, ਜਿਓਲੀਕੋਟ, ਹਲਦਵਾਨੀ ਤੇ ਨੈਨੀਤਾਲ ਵੀ ਜਾ ਰਹੀ ਹੈ। ਉਪ ਕੁਲਪਤੀ ਸ੍ਰੀ ਬਿਸ਼ਟ ਨੇ ਦੱਸਿਆ ਕਿ ਯੂਨੀਵਰਸਿਟੀ ਦੀ ਇਕ ਟੀਮ ਪਿੱਛੇ ਜਿਹੇ ਅਫ਼ਗਾਨਿਸਤਾਨ ਦਾ ਦੌਰਾ ਕਰਕੇ ਵੀ ਆਈ ਹੈ।

## ਸ਼ਿਵ ਸੈਨਾ ਵੱਲੋਂ ਰਾਹੁਲ ਗਾਂਧੀ ਵਿਰੁਧ ਦਸਤਖ਼ਤੀ ਮੁਹਿੰਮ

**ਮੁੰਬਈ:** ਸ਼ਹਿਰ ਵਿਚ ਆਗਾਮੀ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਸ਼ਿਵ ਸੈਨਾ ਦੇ ਕਾਰਜਕਾਰੀ ਪ੍ਰਧਾਨ ਊਧਵ ਠਾਕਰੇ ਨੇ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੂੰ ਮਰਾਠੀ ਵਿਰੋਧੀ ਕਰਾਰ ਦਿੱਤਾ ਹੈ ਅਤੇ ਸ੍ਰੀ ਗਾਂਧੀ ਵੱਲੋਂ ਮਹਾਰਾਸ਼ਟਰ ਦੇ ਆਰਥਿਕ ਵਿਕਾਸ ਵਿਚ ਬਿਹਾਰੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਨ ਮਗਰੋਂ ਸ਼ਿਵ ਸੈਨਾ ਨੇ ਉਨ੍ਹਾਂ ਖ਼ਿਲਾਫ਼ ਦਸਤਖਤੀ ਮੁਹਿੰਮ ਸ਼ੁਰੂ ਕੀਤੀ ਹੈ।

ਸ੍ਰੀ ਰਾਹੁਲ ਗਾਂਧੀ ਦੇ ਕਥਿਤ ਮਰਾਠੀ ਵਿਰੋਧੀ ਹੋਣ ਕਾਰਨ ਉਨ੍ਹਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ 20 ਫੁੱਟ ਉਚੇ ਬੋਰਡ ਉਤੇ ਸ਼ਿਵ ਸੈਨਾ ਦੇ ਕਾਰਜਕਾਰੀ ਪ੍ਰਧਾਨ ਨੇ ਸਭ ਤੋਂ ਪਹਿਲਾਂ ਦਸਤਖ਼ਤ ਕੀਤੇ। ਸ੍ਰੀ ਠਾਕਰੇ ਨੇ ਕਿਹਾ ਕਿ ਸ੍ਰੀ ਗਾਂਧੀ ਦੀਆਂ ਟਿੱਪਣੀਆਂ ਮਰਾਠੀ ਲੋਕਾਂ, ਸ਼ਿਵਾਜੀ, ਜਯੋਤੀਬਾਈ ਫੂਲੇ ਅਤੇ ਡਾ. ਬਾਬਾ ਸਾਹਿਬ ਅੰਬੇਦਕਰ ਜਿਹੇ ਆਗੂਆਂ ਦੀ ਬੇਇੱਜ਼ਤੀ ਹਨ। ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਅਤੇ ਮੁੰਬਈ ਵਿਚੋਂ ਬਿਹਾਰੀਆਂ ਨੂੰ ਕੱਢਣ ਦੀ ਮੁਹਿੰਮ ਦੀ ਅਗਵਾਈ ਕਰਨ ਕਰ ਕੇ ਸ੍ਰੀ ਗਾਂਧੀ ਨੇ ਸ਼ਿਵ ਸੈਨਾ ਅਤੇ ਮਹਾਰਾਸ਼ਟਰ ਨਵਨਿਰਮਾਣ ਸੈਨਾ ਦੀ ਕਥਿਤ ਆਲੋਚਨਾ ਕੀਤੀ ਸੀ।

## ਅੰਮ੍ਰਿਤਸਰ ਵਿਚ ਨਿਜੀ ਤੇਜ਼ ਰਫ਼ਤਾਰ ਆਵਾਜਾਈ ਪ੍ਰਣਾਲੀ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਵਿਚ ਨਿੱਜੀ ਤੇਜ਼ ਰਫ਼ਤਾਰੀ ਪ੍ਰਣਾਲੀ ਲਾਗੂ ਕਰਨ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਤਹਿਤ ਅੰਮ੍ਰਿਤਸਰ ਦੇ ਲੋਕਲ ਰੇਲਵੇ ਸਟੇਸ਼ਨ ਅਤੇ ਬੱਸ ਅੱਡੇ ਨੂੰ ਸ੍ਰੀ ਹਰਿਮੰਦਰ ਸਾਹਿਬ ਨਾਲ ਜੋੜਿਆ ਜਾਵੇਗਾ ਤਾਂ ਜੋ ਵਿਸ਼ਵ ਭਰ ਤੋਂ ਆਉਂਦੇ ਸ਼ਰਧਾਲੂਆਂ ਨੂੰ ਬਿਨਾਂ ਕਿਸੇ ਰੁਕਾਵਟ ਵਧੀਆ ਆਵਾਜਾਈ ਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਇਹ ਫੈਸਲਾ ਉਨ੍ਹਾਂ ਇੱਥੇ ਪੰਜਾਬ ਰਾਜ ਬੁਨਿਆਦੀ ਢਾਂਚਾ ਵਿਕਾਸ ਬੋਰਡ ਦੀ 27ਵੀਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।

ਇਥੇ ਮੁੱਖ ਮੰਤਰੀ ਦੀ ਰਿਹਾਇਸ਼ ‘ਤੇ ਹੋਈ ਇਸ ਮੀਟਿੰਗ ਵਿਚ ਬੁਨਿਆਦੀ ਢਾਂਚਾ ਵਿਕਾਸ ਬੋਰਡ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਸੁਖਬੀਰ ਸਿੰਘ ਸੰਧੂ ਨੇ ਦੱਸਿਆ ਕਿ ਇਹ ਤੇਜ਼ ਆਵਾਜਾਈ ਪ੍ਰਣਾਲੀ ਆਪਣੀ ਕਿਸਮ ਦੀ ਦੇਸ਼ ਵਿਚ ਪਹਿਲੀ ਹੋਵੇਗੀ ਜੋ ਕਿ ਹੁਣ ਤੱਕ ਵਿਸ਼ਵ ਵਿਚ ਕੇਵਲ ਲੰਡਨ ਦੇ ਹੀਥਰੋ ਏਅਰਪੋਰਟ ‘ਤੇ ਹੀ ਮੌਜੂਦ ਹੈ। ਮੀਟਿੰਗ ਵਿਚ ਇਹ ਵੀ ਦੱਸਿਆ ਗਿਆ ਕਿ ਤਾਜ ਗਰੁੱਪ ਅਤੇ ਸੈਰੇਟਨ ਗਰੁੱਪ ਵਲੋਂ ਛੇਤੀ ਹੀ ਅੰਮ੍ਰਿਤਸਰ ਵਿਚ ਦੋ ਪੰਜ ਸਿਤਾਰਾ ਹੋਟਲਾਂ ਦਾ ਨਿਰਮਾਣ ਕੀਤਾ ਜਾਵੇਗਾ।

ਮੀਟਿੰਗ ਵਿਚ ਮੁੱਖ ਮੰਤਰੀ ਨੂੰ ਰਾਜ ਵਿਚ ਨਹਿਰਾਂ ਅਤੇ ਰਜਬਾਹਿਆਂ ਦੇ ਆਲੇ ਦੁਆਲੇ ਬੀ.ਓ.ਟੀ. ਆਧਾਰ ‘ਤੇ ਬਣਾਈਆਂ ਜਾ ਰਹੀਆਂ ਸੜਕਾਂ ਸਬੰਧੀ ਵੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ।


# ਕਮਿਊਨਿਸਟ ਚੀਨ ਦੇ ਸੁਪਨੇ ਵਰਗੇ ਸ਼ਹਿਰ ਬੀਜਿੰਗ ਦਾ ਯਥਾਰਥ

**ਸੁਤਿੰਦਰ ਸਿੰਘ ਨੂਰ**

ਪਿਛਲੇ ਦਿਨੀਂ ਬੀਜਿੰਗ ਵਿਚ 17ਵਾਂ ਬੀਜਿੰਗ ਵਿਸ਼ਵ ਪੁਸਤਕ ਮੇਲਾ ਸੀ ਤੇ ਮੈਂ ਉਸ ਵਿਚ ਭਾਰਤੀ ਵਫਦ ਦੇ ਮੁਖੀ ਵਜੋਂ ਸ਼ਾਮਲ ਸੀ ਤੇ ਇਸ ਦੇ ਸੈਮੀਨਾਰ ਦੇ ਪਹਿਲੇ ਸੈਸ਼ਨ ਦੀ ਮੈਨੂੰ ਹੀ ਪ੍ਰਧਾਨਗੀ ਕਰਨ ਲਈ ਕਿਹਾ ਗਿਆ ਜਿਸ ਵਿਚ ਚੀਨੀ ਤੇ ਭਾਰਤੀ ਲੇਖਕਾਂ ਨੇ ਇਸ ਗੱਲ 'ਤੇ ਵਿਚਾਰ ਕਰਨੀ ਸੀ ਕਿ ਪ੍ਰਾਂਤਕ ਭਾਸ਼ਾਵਾਂ ਦੇ ਸਾਹਿਤ ਨੂੰ ਕਿਵੇਂ ਵਿਕਾਸ ਦਿਸ਼ਾ ਦਿੱਤੀ ਜਾਵੇ। ਸਾਡੇ ਵਾਂਗ ਹੀ ਚੀਨ ਵੀ ਬਹੁਭਾਸ਼ਾਈ ਦੇਸ਼ ਹੈ। ਚੀਨੀ ਭਾਸ਼ਾ ਤੋਂ ਬਿਨਾਂ ਉਸ ਦੀਆਂ 13 ਹੋਰ ਭਾਸ਼ਾਵਾਂ ਹਨ ਪਰ ਹੁਣ ਲਿਪੀ ਇੱਕੋ ਹੀ ਹੈ। ਕਈ ਮੌਖਿਕ ਭਾਸ਼ਾਵਾਂ ਵੀ ਹਨ। ਅਸੀਂ ਨਵਾਂ ਬੀਜਿੰਗ ਦੇਖ ਕੇ ਹੈਰਾਨ ਰਹਿ ਗਏ। ਇਹ ਪਿਛਲੇ ਤੀਹ ਸਾਲਾਂ 'ਚ ਬਣਿਆ ਹੈ। ਇਸ ਨੂੰ ਮਾਓ ਤੋਂ ਪਿੱਛੋਂ ਦਾ ਮਹਾਂਨਗਰ ਆਖਿਆ ਜਾਂਦਾ ਹੈ। ਵੀਹ-ਵੀਹ, ਪੰਝੀ-ਪੰਝੀ ਮੰਜ਼ਲੀਆਂ ਇਮਾਰਤਾਂ ਤੇ ਫਲੈਟ ਆਮ, ਕਿਤੇ ਕਿਤੇ ਪੰਜਾਹ-ਪੰਜਾਹ, ਅੱਸੀ-ਅੱਸੀ ਮੰਜ਼ਲੀਆਂ ਉਤਰ ਆਧੁਨਿਕ ਨਮੂਨੇ ਦੀਆਂ ਇਮਾਰਤਾਂ, ਸਭ ਦੇ ਡਿਜ਼ਾਈਨ ਅਤਿ-ਖੂਬਸੂਰਤ ਤੇ ਇਕ ਦੂਜੇ ਤੋਂ ਵੱਖਰੇ। ਨਿਊ ਯਾਰਕ ਜਾਂ ਪੱਛਮ ਦੇ ਕਿਸੇ ਵੀ ਮਹਾਂਨਗਰ ਨੂੰ ਮਾਤ ਪਾਉਂਦਾ ਸ਼ਹਿਰ। ਸ਼ਹਿਰ ਵਿਚ ਫਿਰਦਿਆਂ ਦੇਖਿਆ ਕਿ ਇਨ੍ਹਾਂ ਬਹੁਮੰਜ਼ਲੀਆਂ ਇਮਾਰਤਾਂ ਦੀ ਗਿਣਤੀ ਹਜ਼ਾਰ ਤੋਂ ਵੱਧ ਹੈ। ਫੈਸ਼ਨ ਵਿਚ ਬੀਜਿੰਗ ਸਾਰੇ ਪੱਛਮ ਨੂੰ ਮਾਤ ਪਾ ਚੁੱਕਾ ਹੈ। ਜਿਸਮ ਨਿਤੰਭਾਂ ਤਕ ਅੱਧ-ਪਚੱਧੇ ਮਸਾਂ ਹੀ ਢਕੇ, ਠੁਮਕ-ਠੁਮਕ ਕਰਦੀਆਂ ਸਰਗਰਮ ਨਜ਼ਰ ਆਉਂਦੀਆਂ ਮੁਟਿਆਰਾਂ। ਡੀਲ-ਡੌਲ ਵਾਲੇ ਨੌਜਵਾਨ ਜਿਵੇਂ ਹੁਣੇ ਮਾਰਸ਼ਲ ਆਰਟ 'ਚੋਂ ਆਏ ਹੋਣ। ਸਾਰੇ ਸ਼ਹਿਰ ਵਿਚ ਅਥਾਹ ਲੰਮੀਆਂ ਅਮਰੀਕਨ ਕਾਰਾਂ ਦੀ ਭੀੜ ਹੋਣ ਦੇ ਬਾਵਜੂਦ ਚੁੱਪ-ਚਾਂ, ਹਾਰਨ ਵਜਾਉਣ ਦੀ ਮਨਾਹੀ। ਸੜਕਾਂ ਦੇ ਆਲੇ-ਦੁਆਲੇ ਸਾਈਕਲਾਂ ਲਈ ਰਾਹ ਤੇ ਪਗਡੰਡੀਆਂ। ਸਵੇਰ ਸ਼ਾਮ 40% ਲੋਕ ਦਫਤਰਾਂ ਲਈ ਸਾਈਕਲਾਂ ਦੀ ਵਰਤੋਂ ਕਰਦੇ। ਕਾਲਜਾਂ-ਯੂਨੀਵਰਸਿਟੀਆਂ ਨੂੰ ਜਾਂਦੇ ਵਿਦਿਆਰਥੀ ਵੀ ਸਾਈਕਲਾਂ 'ਤੇ, ਮਾਓ ਦੇ ਸਮੇਂ ਤੋਂ ਹੀ ਸਿਹਤ ਲਈ ਬਣਿਆ ਇਹ ਵਿਸ਼ਵਾਸ। ਘਰ ਦੀ ਆਰਥਿਕਤਾ ਨੂੰ ਵੀ ਠੀਕ ਰੱਖਣ ਦੀ ਵਿਧੀ।

ਪਹਿਲੀ ਸ਼ਾਮ ਹੀ ਅਸੀਂ ਫਾਈਵ ਸਟਾਰਨੁਮਾ ਹੋਟਲ 'ਨੋਵੋਟੈਲ' ਵਿਚ ਟਿਕ-ਟਿਕਾ ਕਰਨ ਬਾਅਦ ਰਾਤ ਦੇ ਭੋਜਨ ਲਈ ਇਕ ਪੰਜਾਬੀ ਹੋਟਲ ਪਹੁੰਚੇ। ਜਸਮੀਨ ਸਿੰਘ ਦਾ ਪੰਜਾਬੀ ਹੋਟਲ। ਬੀਜਿੰਗ ਵਿਚ ਇਕ ਸਿੱਖ ਦਾ ਹੋਟਲ ਦੇਖ ਕੇ ਸਾਨੂੰ ਹੈਰਾਨੀ ਵੀ ਹੋਈ। ਘਰ ਵਰਗੀ ਰੋਟੀ। ਇਕ ਹਫਤੇ ਵਿਚ ਅਸੀਂ ਦੇਖਿਆ ਕਿ ਬੀਜਿੰਗ ਵਿਚ ਹੁਣ ਕੋਈ ਦਸ ਭਾਰਤੀ ਹੋਟਲ ਹਨ ਜਿੱਥੇ ਖਾਣਾ ਖਾਣ ਬਹੁਤ ਸਾਰੇ ਚੀਨੀ ਵੀ ਆਉਂਦੇ ਹਨ ਤੇ ਪੰਜਾਬੀ ਰੋਟੀ ਹਰ ਥਾਂ ਮੌਜੂਦ ਹੈ।

ਪੁਸਤਕ ਮੇਲੇ ਵਿਚ ਪ੍ਰਵੇਸ਼ ਕਰਨ ਲਈ ਪਹਿਲੇ ਦਿਨ ਹਜ਼ਾਰਾਂ ਲੋਕ ਉਡੀਕ ਰਹੇ ਸਨ। ਹਫਤਾ ਭਰ ਇਹ ਭੀੜ ਇਵੇਂ ਹੀ ਰਹੀ। ਹੋਰ ਲੇਖਕਾਂ ਨਾਲ ਕਈ ਨੌਜਵਾਨ ਲੇਖਕ ਵੀ ਮਿਲੇ। ਪੁਰਾਣੇ ਲੇਖਕ ਸਾਹਿਤ ਦੀ ਸਥਿਤੀ ਬਾਰੇ ਬਹੁਤਾ ਨਹੀਂ ਬੋਲ ਰਹੇ ਸਨ ਪਰ ਨੌਜਵਾਨ ਸਾਹਿਤ ਵਿਚ ਹੋ ਰਹੇ ਕੁਝ ਪ੍ਰਯੋਗਾਂ ਬਾਰੇ, ਨਾਰੀਵਾਦ, ਨਵੀਨਤਾ ਬਾਰੇ ਕੁਝ ਗੱਲਾਂ ਕਰ ਰਹੇ ਸਨ। ਅਹਿਸਾਸ ਹੋ ਰਿਹਾ ਸੀ ਕਿ ਚੀਨ ਖੁੱਲ੍ਹ ਰਿਹਾ ਹੈ। ਹਜ਼ਾਰਾਂ ਕਿਤਾਬਾਂ ਹਰ ਸਾਲ ਬਾਹਰਲੀਆਂ ਭਾਸ਼ਾਵਾਂ 'ਚੋਂ ਅਨੁਵਾਦ ਹੁੰਦੀਆਂ ਹਨ। ਲੱਖਾਂ 'ਚ ਵਿਕਦੀਆਂ ਹਨ। ਪਿਛਲੇ ਵਰ੍ਹਿਆਂ ਦਾ ਚਰਚਿਤ ਅੰਗਰੇਜ਼ੀ ਨਾਵਲ ਪਿਛਲੇ ਦੋ ਸਾਲਾਂ ਵਿਚ ਚੀਨੀ ਭਾਸ਼ਾ ਵਿਚ 16 ਲੱਖ ਵਿਕਿਆ ਹੈ। ਮੈਂ ਸੈਮੀਨਾਰ ਵਿਚ ਚੀਨੀ ਭਾਸ਼ਾਵਾਂ ਅਤੇ ਪੰਜਾਬੀ ਦੇ ਟੋਨਲ ਭਾਸ਼ਾਵਾਂ ਹੋਣ ਦਾ ਜ਼ਿਕਰ ਕੀਤਾ ਤੇ ਉਦਾਹਰਣਾਂ ਦੇ ਕੇ ਵਿਸਥਾਰ ਕੀਤਾ। ਚੀਨੀ ਵਿਦਵਾਨਾਂ ਨੇ ਇਸ ਗੱਲ ਦੀ ਖੋਜ ਵਿਚ ਬਹੁਤ ਦਿਲਚਸਪੀ ਦਿਖਾਈ ਕਿਉਂਕਿ ਸਾਡੇ ਦੁਭਾਸ਼ੀਏ ਨਾਲੋ-ਨਾਲ ਹਰ ਗੱਲ ਅਨੁਵਾਦ ਕਰ ਰਹੇ ਸਨ। ਉਂਜ ਹੁਣ ਚੀਨ ਦੀ ਨਵੀਂ ਪੀੜ੍ਹੀ ਅੰਗਰੇਜ਼ੀ ਬੜੀ ਤੇਜ਼ੀ ਨਾਲ ਪੜ੍ਹ ਰਹੀ ਹੈ।



ਬੀਜਿੰਗ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਮੁਖੀ ਪ੍ਰੋ. ਦੇਵਿੰਦਰ ਸ਼ੁਕਲ ਸਾਰੇ ਪ੍ਰੋਗਰਾਮਾਂ ਵਿਚ ਮੌਜੂਦ ਰਹੇ ਤੇ ਉਨ੍ਹਾਂ ਦੇ ਵਿਦਿਆਰਥੀ ਵੀ। ਪ੍ਰੋ. ਸ਼ੁਕਲ ਨੇ ਦੱਸਿਆ ਕਿ ਉਨ੍ਹਾਂ ਕੁਝ ਪੰਜਾਬੀ ਕਵਿਤਾਵਾਂ ਵੀ ਚੀਨੀ ਵਿਚ ਅਨੁਵਾਦ ਕੀਤੀਆਂ ਹਨ। ਪਾਸ਼ ਦੀਆਂ ਵੀਹ ਕਵਿਤਾਵਾਂ, ਸੁਰਜੀਤ ਪਾਤਰ ਦੀਆਂ ਵੀ। ਤੇ ਮੈਨੂੰ ਦੱਸਿਆ ਕਿ ਤੁਹਾਡੀਆਂ ਵੀ ਕਰ ਚੁੱਕਾ ਹਾਂ। ਹਿੰਦੀ 'ਚ ਹੋਰ ਭੇਜਿਆ ਕਰੋ। ਮੈਂ ਪ੍ਰੋ. ਸ਼ੁਕਲ ਨੂੰ ਨਵੇਂ ਚੀਨੀ ਸਾਹਿਤ ਬਾਰੇ ਇਕ ਅੰਕ ਤਿਆਰ ਕਰਨ ਲਈ ਆਖਿਆ? ਜੋ ਉਨ੍ਹਾਂ ਨੇ ਸਵੀਕਾਰ ਕਰ ਲਿਆ। ਮੈਂ ਨੌਜਵਾਨ ਲੇਖਕਾਂ, ਅਨੁਵਾਦਕਾਂ ਜੂਲੀਆ ਯੁਆਨ, ਯੂਲਿਨਾ, ਜੂ ਸ਼ਿਓ ਔਂ, ਜਿਆਨ ਸਾਨ ਨਾਲ ਉਥੋਂ ਦੇ ਨਵੇਂ ਸਾਹਿਤ ਬਾਰੇ ਢੇਰ ਸਾਰੀਆਂ ਗੱਲਾਂ ਕਰਦਾ। ਉਹ ਹਿੰਦੀ ਤੇ ਅੰਗਰੇਜ਼ੀ ਬੜੀ ਆਸਾਨੀ ਨਾਲ ਬੋਲਦੇ। ਜੂਲੀ ਯੁਆਨ ਮੈਨੂੰ ਹਿੰਦੀ ਵਿਚ ਆਖਦੀ, "ਤੁਸੀਂ ਜਦੋਂ ਅਗਲੀ ਵਾਰ ਆਉਗੇ ਤਾਂ ਮੈਂ ਤੁਹਾਡੇ ਨਾਲ ਪੰਜਾਬੀ ਵਿਚ ਗੱਲਾਂ ਕਰਾਂਗੀ।"

ਮੈਂ ਉਨ੍ਹਾਂ ਤੋਂ ਕਈ ਗੱਲਾਂ ਬੀਜਿੰਗ ਬਾਰੇ ਵੀ ਪੁੱਛਦਾ। ਬੀਜਿੰਗ ਬਿਰਖਾਂ ਨਾਲ ਭਰਪੂਰ ਹੈ। ਸੁੰਦਰ ਬਿਰਖ, ਪਰ ਕਿਸੇ ਬਿਰਖ ਨੂੰ ਕੋਈ ਫਲ ਨਹੀਂ ਲਗਦਾ, ਫੁਲ ਨਹੀਂ ਲਗਦਾ। ਬੀਜਿੰਗ ਵਿਚ ਕੋਈ ਪੰਛੀ ਨਹੀਂ, ਜਾਨਵਰ ਨਹੀਂ। ਚਿੜੀ ਦੀ ਚੀਂ-ਚੀਂ ਤੋਂ ਵੀ ਬੀਜਿੰਗ ਦੇ ਲੋਕ ਵਾਕਫ ਨਹੀਂ। ਇਕ ਦਿਨ ਮੈਂ ਇਕ ਨੌਜਵਾਨ ਤੋਂ ਇਸ ਬਾਰੇ ਪੁੱਛਿਆ। ਉਸ ਨੇ ਆਖਿਆ, "ਇਨ੍ਹਾਂ ਸਭਨਾਂ ਕਰਕੇ ਪ੍ਰਦੂਸ਼ਣ ਫੈਲਦਾ ਹੈ। ਸਫਾਈ ਨਹੀਂ ਰਹਿੰਦੀ।"

ਅਸੀਂ ਜਿਸ ਦਿਨ ਚੀਨ ਦੀ ਮਹਾਨ ਦੀਵਾਰ ਦੇਖਣ ਗਏ, ਜੋ ਬੀਜਿੰਗ ਤੋਂ 70 ਕਿਲੋਮੀਟਰ ਦੂਰ ਸੀ ਤਾਂ ਰਾਹ ਵਿਚ ਇਕ ਕਾਰਖਾਨੇ ਦੇ ਬਾਹਰ ਊਠ ਬੰਨ੍ਹਿਆ ਦੇਖਿਆ ਜੋ ਸ਼ਿੰਗਾਰਿਆ ਹੋਇਆ ਸੀ। ਪਤਾ ਲੱਗਾ ਕਿ ਇਹ ਕਾਰਖਾਨੇ ਵਾਲਿਆਂ ਨੇ ਸਰਕਾਰ ਤੋਂ ਆਗਿਆ ਲੈ ਕੇ ਮਸ਼ਹੂਰੀ ਲਈ ਬੰਨ੍ਹਿਆ ਹੋਇਆ ਸੀ ਕਿਉਂਕਿ ਸੈਲਾਨੀ ਉਸ ਦੀਆਂ ਤਸਵੀਰਾਂ ਖਿੱਚ ਰਹੇ ਸਨ। ਮੈਂ ਚੀਨ ਦੀ ਮਹਾਨ ਦੀਵਾਰ ਕੋਲ ਦੋ ਕਬੂਤਰ ਦੇਖੇ ਤੇ ਉਨ੍ਹਾਂ ਨੂੰ ਕਿਸੇ ਨੇ ਚੋਗਾ ਵੀ ਪਾਇਆ ਹੋਇਆ ਸੀ। ਇਸ ਗੱਲ 'ਤੇ ਹੋਰ ਵੀ ਹੈਰਾਨੀ ਹੋਈ ਕਿ ਬੀਜਿੰਗ ਦੇ ਨੇੜੇ ਹੁਣ ਕੋਈ ਪੰਛੀ ਫਟਕਦਾ ਵੀ ਨਹੀਂ।

ਅਗਲੇ ਦਿਨ ਕਵਿਤਾ ਬਾਰੇ ਹੋਏ ਸੈਸ਼ਨ ਵਿਚ ਇਧਰ ਤੇ ਉਧਰ ਦੀ ਕਵਿਤਾ ਬਾਰੇ ਚਰਚਾ ਹੋਇਆ। ਭਾਰਤੀ ਭਾਸ਼ਾਵਾਂ ਦੇ ਕਵੀਆਂ ਨੇ ਆਪਣੀ-ਆਪਣੀ ਭਾਸ਼ਾ ਵਿਚ ਕਵਿਤਾਵਾਂ ਸੁਣਾਈਆਂ ਜੋ ਚੀਨੀ ਵਿਚ ਅਨੁਵਾਦ ਕੀਤੀਆਂ ਵੀ ਨਾਲ-ਨਾਲ ਪੜ੍ਹੀਆਂ ਗਈਆਂ। ਮੈਨੂੰ ਚੀਨੀ ਦੀ 1980 ਤੋਂ ਪਿੱਛੋਂ ਦੀ ਕਵਿਤਾ ਬਾਰੇ ਵੀ ਬੋਲਣ ਦਾ ਮੌਕਾ ਮਿਲਿਆ ਕਿਉਂਕਿ ਚੀਨੀ ਲੇਖਕ ਨਵੇਂ ਸਾਹਿਤ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰ ਰਹੇ ਸਨ। ਸੈਂਸਰ ਵਰਗਾ ਅਜੇ ਵੀ ਭੈਅ ਸੀ। ਮੈਂ ਉਨ੍ਹਾਂ ਦੇ ਲੇਖਕਾਂ ਮੋ ਯਾਨ, ਸੂ ਤੋਂਗ, ਜਿਨਯੌਂਗ, ਡੀ ਲਿੰਗ, ਯਾਂਗ ਮੂ, ਜਾਉ ਜ਼ਿਗਜ਼ਿਆਨ (ਨੋਬੇਲ ਇਨਾਮ) ਦੀ ਖਾਸ ਚਰਚਾ ਕੀਤੀ ਜਿਨ੍ਹਾਂ ਦੇ ਕੁਝ ਅਨੁਵਾਦ ਪ੍ਰਾਪਤ ਹਨ। ਲੇਖਿਕਾਵਾਂ 'ਚੋਂ ਡਿੰਗ ਲਿੰਗ ਤੇ ਸਮਕਾਲੀ ਸ਼ਾਇਰਾ ਲੀ ਕੀ ਨੂੰ ਸਲਾਹਿਆ ਤੇ ਆਖਿਆ ਲੀ ਕੀ ਦੀ ਇਕ ਕਵਿਤਾ ਮੈਂ ਆਪਣੀ ਭਾਸ਼ਾ 'ਚ ਪੜ੍ਹਨਾ ਚਾਹੁੰਦਾ ਹਾਂ। ਚੀਨੀ ਲੇਖਿਕਾਵਾਂ ਦੇ ਚਿਹਰੇ ਖਿੜ ਉਠੇ। ਮੈਂ ਉਸ ਦੀ ਕਵਿਤਾ 'ਕਾਲੀਆਂ ਨਾਚੀਆਂ ਦੇਖਦਿਆਂ' ਪੰਜਾਬੀ ਵਿਚ ਪੜ੍ਹੀ:

'ਉਨ੍ਹਾਂ ਦਾ ਲੱਕ ਸੰਸਾਰ ਵਿਚ ਸਭ ਤੋਂ ਸੋਹਣਾ ਹੈ  
ਸਿਲਕ ਤੇ ਸਾਟਿਨ ਵਾਂਗ ਰੇਸ਼ਮੀ ਤੇ ਮੁਲਾਇਮ  
ਹਵਾ ਵਿਚ ਫੜਫੜਾਉਂਦਾ।  
ਉਹ ਸਾਨੂੰ ਯਾਦ ਕਰਾਉਂਦੀਆਂ ਨੇ  
ਪੌਣਾਂ ਦੀਆਂ ਬਾਰਾਂ ਵਿਚ ਪੰਛੀ ਤੇ ਹਿਰਨੀਆਂ  
ਉਨ੍ਹਾਂ ਦੀਆਂ ਅੱਖਾਂ ਦੇ ਸੁਮੇਲ  
ਤੇ ਚਿਹਰਿਆਂ ਤੋਂ ਡੁੱਲ੍ਹਦੀ ਮੁਸਕਾਨ ਨਾਲ  
ਸਾਡੇ ਬਚਪਨ ਦਾ ਭੋਲਾਪਣ ਜਾਗਦਾ।  
ਸੰਸਾਰ ਦੀਆਂ ਉਹ ਕਾਲੀਆਂ ਨਾਚੀਆਂ  
ਸੁਡੌਲ ਅੰਗਾਂ ਤੇ ਮੋਤੀਆਂ ਵਰਗੇ ਚਮਕਦੇ ਦੰਦਾਂ ਨਾਲ  
ਸੰਗੀਤ ਦੀਆਂ ਲਹਿਰਾਂ 'ਤੇ ਲਹਿਰਦੀਆਂ  
ਉਹ ਮੁਟਿਆਰਾਂ ਦਾ ਝੁੰਡ  
ਜਿਸਮ ਉਨ੍ਹਾਂ ਦੇ ਵਲ ਖਾਂਦੇ  
ਪਹਾੜਾਂ 'ਤੇ ਸਰਸਰਾਉਂਦੇ ਬੁੰਬਲਾਂ ਵਾਂਗ।  
ਉਸ ਕਾਲੇ ਝੁੰਡ ਦੇ ਗੀਤ ਤੇ ਨਾਚ  
ਸਾਨੂੰ ਕਹਾਣੀ ਕਹਿੰਦੇ ਹਨ ਉਦਾਸ ਅਨੁਭਵਾਂ ਦੀ  
ਸਾਨੂੰ ਯਾਦ ਕਰਾਉਂਦੇ ਨੇ ਇਨ੍ਹਾਂ ਦੀਆਂ ਜੜ੍ਹਾਂ  
ਜੋ ਜੰਗਲਾਂ ਦੀ ਡੂੰਘਾਈ 'ਚ ਦੱਬੀਆਂ ਨੇ  
ਇਨ੍ਹਾਂ ਦੇ ਬਾਬਿਆਂ ਦੀਆਂ ਜੜ੍ਹਾਂ  
ਜੋ ਸਖਤ ਮਿਹਨਤ ਮੁਸ਼ੱਕਤ ਕਰਦੇ ਸਨ।  
ਦੇਖੋ ਉਹ ਕਿੰਨੀ ਸ਼ਾਨ ਨਾਲ ਨੱਚਦੀਆਂ ਨੇ  
ਬੇਰੋਕ ਬਲਦੀਆਂ ਮਸ਼ਾਲਾਂ ਵਾਂਗ  
ਕਿੰਨੀਆਂ ਪੀੜ੍ਹੀਆਂ ਕਿੰਨੇ ਯੁੱਗਾਂ ਤੋਂ  
ਉਨ੍ਹਾਂ ਨੇ ਆਪਣੀ ਧਰਤੀ ਨੂੰ ਸਾਂਭਿਆ ਹੈ।'

ਮੈਂ ਇਉਂ ਹੀ ਹੋਰ ਚੀਨੀ ਕਵਿਤਾ ਸੁਣਾਉਣਾ ਚਾਹੁੰਦਾ ਸਾਂ ਪਰ ਸਮਾਂ ਨਹੀਂ ਸੀ। ਇਕ ਪੱਤਰਕਾਰ ਨੇ ਮੈਨੂੰ ਇੰਟਰਵਿਊ ਕਰਨਾ ਸੀ, ਉਹ ਪਹੁੰਚ ਗਈ ਸੀ। ਉਸ ਨੇ ਤਿੱਖੇ ਸੁਆਲ ਕੀਤੇ। ਮੈਂ ਉਸ ਨੂੰ ਮਾਉ ਦੇ ਪ੍ਰਭਾਵਾਂ ਬਾਰੇ ਪੁੱਛਦਾ, ਉਹ ਝੱਟ ਹੀ ਕਨਫੂਸ਼ੀਅਸ ਬਾਰੇ ਬੋਲਣਾ ਸ਼ੁਰੂ ਕਰ ਦਿੰਦੀ। ਆਖਦੀ ਅਸੀਂ ਇਕ ਵਾਰ ਫਿਰ ਕਨਫੂਸ਼ੀਅਸ ਵਿਚ ਦਿਲਚਸਪੀ ਲੈ ਰਹੇ ਹਾਂ। ਤੁਹਾਡੇ ਇਸ ਬਾਰੇ ਕੀ ਵਿਚਾਰ ਨੇ?

ਮੈਂ ਉਸ ਨੂੰ ਪੁੱਛਿਆ, "ਤਿਆਨਮਨ ਚੌਕ ਵਿਚ ਉਦੋਂ ਕਿੰਨੇ ਨੌਜਵਾਨ ਮਾਰੇ ਗਏ ਸਨ?" ਉਸ ਨੇ ਉਤਰ ਦਿੱਤਾ, "ਮਰੇ ਤਾਂ ਬਹੁਤ ਸਨ, ਪਰ ਸਾਨੂੰ ਇਹ ਦੱਸਣ ਦੀ ਆਗਿਆ ਨਹੀਂ।" ਇਹ ਕਹਿੰਦਿਆਂ ਉਸ ਨੇ ਆਪਣੇ ਮੂੰਹ 'ਤੇ ਹੱਥ ਰੱਖ ਲਿਆ।

ਅਸੀਂ ਸ਼ਾਮ ਨੂੰ ਤਿਆਨਮਨ ਚੌਕ ਦੇਖਣ ਗਏ। ਉਥੇ ਪੈਰ ਰੱਖਣ ਨੂੰ ਥਾਂ ਨਹੀਂ ਸੀ। ਹਜ਼ਾਰਾਂ ਲੋਕ ਮੌਜੂਦ ਸਨ। ਮਾਉ ਨੇ ਵੀ ਇਨਕਲਾਬ ਉਪਰੰਤ ਆਪਣਾ ਪਹਿਲਾ ਭਾਸ਼ਣ ਇਥੇ ਹੀ ਦਿੱਤਾ ਸੀ। ਪੁਰਾਣੀ ਬੀਜਿੰਗ ਨਵੀਂ ਬੀਜਿੰਗ ਦੇ ਨਾਲ ਹੀ ਖਹਿੰਦੀ ਹੈ। ਉਸ ਦੇ ਆਲੇ-ਦੁਆਲੇ ਇਕ ਸੁੰਦਰ ਉਚੀ ਦੀਵਾਰ ਬਣਾ ਦਿੱਤੀ ਗਈ ਹੈ। ਪੁਰਾਣੀ ਬੀਜਿੰਗ ਨੂੰ ਅੰਦਰੋਂ ਦੇਖਣ ਲਈ ਟਿਕਟ ਲਗਦੀ ਹੈ। ਇਕ ਕੰਪਨੀ ਨੂੰ ਠੇਕਾ ਦਿੱਤਾ ਗਿਆ ਹੈ। ਪੁਰਾਣੇ ਚੁੱਲ੍ਹੇ ਚੌਂਕੇ ਤੇ ਸਥਾਨਕ ਸਭਿਆਚਾਰ, ਮਸੀਤ ਆਦਿ ਉਥੇ ਦੇਖੇ ਜਾ ਸਕਦੇ ਹਨ। ਮਹਾਂਨਗਰ ਦੇ ਪੁਰਾਣੇ ਮਹਿਲਾਂ (ਫਾਰਬਿਡਨ ਸਿਟੀ) ਤੇ ਮੰਦਰਾਂ ਨੂੰ ਦੇਖਣ ਵਿਚ ਲੋਕ ਦਿਲਚਸਪੀ ਲੈਂਦੇ ਹਨ। ਇਕ ਮਹਿਲ ਜੋ ਬਾਅਦ ਵਿਚ ਬੋਧੀ ਮੰਦਰ ਬਣ ਗਿਆ, ਦੇ ਬਾਹਰ ਲਿਖਿਆ ਹੋਇਆ ਹੈ, 'ਸਭਿਆਚਾਰਕ ਇਨਕਲਾਬ ਵੇਲੇ ਮਾਉ ਨੇ ਇਸ ਨੂੰ ਢਾਹੁਣ ਦਾ ਦਸ ਵਾਰ ਯਤਨ ਕੀਤਾ ਪਰ ਚੂ ਇਨ ਲਾਈ ਨੇ ਹਰ ਵਾਰ ਰੋਕ ਦਿੱਤਾ।'

ਅਸੀਂ ਇਕ ਖਰੀਦੋ-ਫਰੋਖਤ ਬਾਅਦ ਵੱਡੀ ਮਾਲ 'ਚੋਂ ਬਾਹਰ ਆਉਂਦੇ ਹਾਂ। ਬਹੁਤ ਸਾਰੀਆਂ ਗਰੀਬ-ਬੁੱਢੀਆਂ ਔਰਤਾਂ ਸਾਥੋਂ ਉਸ ਬਿੱਲ ਦੀ ਕਾਪੀ ਮੰਗਦੀਆਂ ਹਨ, ਜੋ ਅਸੀਂ ਅੰਦਰ ਖਰਚ ਕਰਕੇ ਆਏ ਹਾਂ। ਸਾਨੂੰ ਹੈਰਾਨੀ ਹੁੰਦੀ ਹੈ। ਕਿਸੇ ਤੋਂ ਪੁੱਛ ਕੇ ਪਤਾ ਲਗਦਾ ਹੈ ਕਿ ਇਹ ਬਿੱਲ ਦੁਕਾਨਦਾਰ ਇਨ੍ਹਾਂ ਤੋਂ ਕੁਝ ਪੈਸੇ ਦੇ ਕੇ ਖਰੀਦ ਲੈਂਦੇ ਹਨ, ਉਨ੍ਹਾਂ ਨੂੰ ਇਹ ਦਿਖਾ ਕੇ ਇਨਕਮ ਟੈਕਸ ਵਿਚ ਕੁਝ ਰਿਆਇਤ ਮਿਲ ਜਾਂਦੀ ਹੈ।

ਸਵੇਰ ਦਾ ਨਾਸ਼ਤਾ ਕਰਕੇ ਇਥੋਂ ਦਾ ਅੰਗਰੇਜ਼ੀ ਦਾ ਅਖ਼ਬਾਰ ਪੜ੍ਹਿਆ। ਇਕ ਖ਼ਬਰ ਹੋਰ ਹੈਰਾਨ ਕਰ ਦਿੰਦੀ ਹੈ। ਮੁੱਖ ਸੁਰਖੀ ਹੈ: ਵੱਡੇ ਸ਼ਹਿਰਾਂ ਵਿਚ ਬੱਚੇ ਚੁੱਕੇ ਜਾ ਰਹੇ ਹਨ, ਜੋ ਕਿਸਾਨਾਂ ਕੋਲ ਪਿੰਡਾਂ 'ਚ ਕੰਮ ਕਰਨ ਲਈ ਵੇਚ ਦਿੱਤੇ ਜਾਂਦੇ ਹਨ। ਇਸ ਸਾਲ ਇਸ ਅਪਰਾਧ 'ਚ 45 ਫੀਸਦੀ ਵਾਧਾ ਹੋਇਆ ਹੈ। ਸਕੂਲਾਂ ਦੁਆਲੇ ਸਕਿਉਰਿਟੀ ਆਇਦ ਕਰ ਦਿੱਤੀ ਗਈ ਹੈ। ਅਗਲੇ ਦਿਨ ਇਸ ਦੀਆਂ ਫਿਰ ਖ਼ਬਰਾਂ ਹਨ।

ਉਸੇ ਦਿਨ ਅਸੀਂ ਸ਼ਾਮ ਨੂੰ ਚੀਨ ਵਿਚ ਭਾਰਤੀ ਅੰਬੈਸੀ ਵਲੋਂ ਦਿੱਤੇ ਰਾਤਰੀ ਭੋਜ ਤੋਂ ਚੀਨ ਦੀ ਇਕ ਸਟੇਟ ਮਨਿਸਟਰ ਨਾਲ ਬਾਹਰ ਆਉਂਦੇ ਹਾਂ। ਮਨਿਸਟਰ ਮੈਨੂੰ ਪੁੱਛਦੀ ਹੈ, "ਤੁਸੀਂ ਲਾਲ ਪੱਗ ਕਿਉਂ ਬੰਨ੍ਹੀ ਹੈ? ਕੀ ਸਾਰੇ ਸਿੱਖ ਲਾਲ ਪੱਗ ਬੰਨ੍ਹਦੇ ਨੇ?" ਮੈਂ ਮਖੌਲ ਨਾਲ ਆਖਦਾ ਹਾਂ, "ਲਾਲ ਦੇਸ਼ ਵਿਚ ਹਾਂ ਨਾ, ਇਸ ਲਈ ਲਾਲ ਪੱਗ ਬੰਨ੍ਹੀ ਏ।" ਉਹ ਖਿੜਖਿੜਾਈ ਤੇ ਹੈਰਾਨ ਮੁਦਰਾ ਵਿਚ ਹੋਟਲ ਦੇ ਵਿਹੜੇ ਵਿਚ ਸਾਰਿਆਂ ਨੂੰ ਵਿਦਾ ਆਖਦੀ ਹੈ। ਇਕ ਚੀਨੀ ਕੁੜੀ ਹੌਲੀ ਜਿਹੇ ਅੰਗਰੇਜ਼ੀ ਵਿਚ ਮੇਰੇ ਕੋਲ ਆ ਕੇ ਆਖਦੀ ਹੈ, "ਸਵੇਰ ਤੋਂ ਭੁੱਖੀ ਹਾਂ, ਮੇਰੇ ਖਾਣੇ ਦਾ ਬਿੱਲ ਦੇ ਦਿਉ।" ਮੇਰੀ ਹੈਰਾਨੀ ਹੋਰ ਵੱਧ ਜਾਂਦੀ ਹੈ।

ਇਉਂ ਸਾਡਾ ਬੀਜਿੰਗ ਦੇ ਯਥਾਰਥ ਨਾਲ ਸੰਵਾਦ ਹੁੰਦਾ ਰਿਹਾ। ਲੋਕਾਂ ਨਾਲ ਗੱਲਾਂ, ਸ਼ੰਘਾਈ ਤੇ ਪਿੰਡਾਂ ਦੀਆਂ ਵੀ ਕਰਦੇ ਰਹੇ ਪਰ ਸੰਵਾਦ ਕੇਵਲ ਬੀਜਿੰਗ ਨਾਲ ਹੀ ਹੋਇਆ।

# ਚੀਨ ਚੀਨੀਆਂ ਨੂੰ ਢਾਲਦੈ ਤੇ ਭਾਰਤੀ ਭਾਰਤ ਨੂੰ ਮਹਾਨ ਬਣਾਉਂਦੇ ਨੇ

**ਐਮ.ਜੇ. ਅਕਬਰ**

ਛੋਟਾ ਕਸਬਾ ਵਧ ਕੇ ਇਕ ਵੱਡਾ ਸ਼ਹਿਰ ਬਣ ਜਾਂਦਾ ਹੈ। ਕੀ ਉਸਦੇ ਆਕਾਰ ਦੀ ਕੋਈ ਅਹਿਮੀਅਤ ਹੁੰਦੀ ਹੈ? ਭੂਗੋਲ ਦਾ ਆਪਣਾ ਹੀ ਵੱਖਰਾ ਹਿਸਾਬ-ਕਿਤਾਬ ਹੁੰਦਾ ਹੈ। ਕੋਈ ਮੋਟਾ ਆਦਮੀ ਤੁਹਾਨੂੰ ਕਾਫੀ ਵੱਡੇ ਆਕਾਰ ਦਾ ਲੱਗ ਸਕਦਾ ਹੈ ਪਰ ਜ਼ਰੂਰੀ ਨਹੀਂ ਕਿ ਉਹ ਓਨਾ ਤਾਕਤਵਰ ਵੀ ਹੋਵੇ।

ਕੁਝ ਦੇਸ਼ਾਂ ਦੀ ਇਕ-ਚੌਥਾਈ ਜਨਤਾ ਗੰਦੀਆਂ ਬਸਤੀਆਂ 'ਚ ਬਹੁਤ ਤਰਸਯੋਗ ਹਾਲਤ 'ਚ ਰਹਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਦੇਸ਼ ਆਪਣੇ ਸ਼ਹਿਰਾਂ ਦਾ ਵਿਸਤਾਰ ਨਹੀਂ ਕਰ ਸਕੇ। ਅਮਰੀਕਾ ਦੀ ਤਾਕਤ ਇਕੱਲੇ ਨਿਊ ਯਾਰਕ ਅਤੇ ਵਾਸ਼ਿੰਗਟਨ 'ਚ ਹੀ ਨਹੀਂ ਲੁਕੀ, ਅਸਲੀਅਤ ਇਹ ਹੈ ਕਿ ਮਾਈਕ੍ਰੋਸਾਫਟ ਦਾ ਜਨਮ ਸਿਆਟਲ 'ਚ ਹੋਇਆ ਅਤੇ ਦੁਨੀਆ ਦੇ ਸਾਫਟਵੇਅਰ ਉਦਯੋਗ ਦਾ ਕੰਟਰੋਲ ਕੈਲੀਫੋਰਨੀਆ ਦੇ ਮਾਰੂਥਲ 'ਚ ਸਥਿਤ ਸੈਂਟਰ 'ਚ ਹੁੰਦਾ ਹੈ।

ਭਾਰਤ ਉਦੋਂ ਤੱਕ ਕਮਜ਼ੋਰ ਰਿਹਾ, ਜਦੋਂ ਤੱਕ ਇਸ ਦੀ ਤਾਕਤ ਰਵਾਇਤੀ ਤੌਰ 'ਤੇ ਚਾਰ ਮਹਾਨਗਰਾਂ ਦਿੱਲੀ, ਮੁੰਬਈ, ਕੋਲਕਾਤਾ ਅਤੇ ਚੇਨਈ 'ਚ ਮੰਨੀ ਜਾਂਦੀ ਰਹੀ। ਇਹ ਮਹਾਨਗਰ ਆਰਥਿਕ ਵਿਕਾਸ ਦਾ ਕੇਂਦਰ ਬਣੇ ਤਾਂ ਇਥੇ ਰੋਜ਼ੀ-ਰੋਟੀ ਦੀ ਭਾਲ 'ਚ ਆਉਣ ਵਾਲੇ ਗਰੀਬਾਂ ਦਾ ਵੀ ਹੜ੍ਹ ਆਇਆ। ਉਹ ਇਥੇ ਵੱਡੇ-ਵੱਡੇ ਸੁਪਨੇ ਤੇ ਉਮੀਦਾਂ ਲੈ ਕੇ ਆਏ ਪਰ ਉਹ ਗੈਰ-ਅਮਲੀ ਹੀ ਸਿੱਧ ਹੋਈਆਂ।

ਇਹ ਚਾਰੇ ਮਹਾਨਗਰ ਇਕ ਤਰ੍ਹਾਂ ਨਾਲ ਅੰਗਰੇਜ਼ਾਂ ਨੇ ਬਣਵਾਏ। ਚੇਨਈ, (ਜਿਸ ਦਾ ਨਾਂ ਪਹਿਲਾਂ ਮਦਰਾਸ ਸੀ) ਦੀ ਸਥਾਪਨਾ ਇਕ ਅੰਗਰੇਜ਼ ਨੇ ਇਸ ਲਈ ਕਰਵਾਈ ਸੀ ਕਿਉਂਕਿ ਉਹ ਆਪਣੀ ਇਕ ਸਥਾਨਕ ਪ੍ਰੇਮਿਕਾ ਦੇ ਇੰਨਾ ਨੇੜੇ ਰਹਿਣਾ ਚਾਹੁੰਦਾ ਸੀ ਕਿ ਉਹ ਆਸਾਨੀ ਨਾਲ ਘੋੜੇ 'ਤੇ ਸਵਾਰ ਹੋ ਕੇ ਉਸ ਕੋਲ ਪਹੁੰਚ ਸਕੇ।

ਮੁੰਬਈ ਹਾਰਬਰ ਚਾਰਲਸ ਦੂਜੇ ਨੂੰ ਦਾਜ ਵਿਚ ਮਿਲਿਆ ਸੀ ਅਤੇ ਬ੍ਰਿਟੇਨ ਨੇ ਇਸ ਨੂੰ ਈਸਟ ਇੰਡੀਆ ਕੰਪਨੀ ਨੂੰ ਕਿਰਾਏ 'ਤੇ ਦੇ ਦਿੱਤਾ ਸੀ ਤੇ ਬਾਅਦ ਵਿਚ ਇਹ ਬੰਬਈ ਮਹਾਂਨਗਰ ਵਜੋਂ ਵਿਕਸਿਤ ਹੋਇਆ।

ਜੌਬ ਚਾਰਨੋਕ ਨੇ ਕੋਲਕਾਤਾ ਦੀ ਸਥਾਪਨਾ ਕੀਤੀ ਕਿਉਂਕਿ ਉਸ ਨੇ ਹੁਗਲੀ ਦੇ ਤੱਟ 'ਤੇ ਇਸ ਜਗ੍ਹਾ ਨੂੰ ਯੂਰਪੀ ਵਪਾਰੀਆਂ ਲਈ ਬਹੁਤ ਸਹੂਲਤਮਈ ਸਮਝਿਆ। ਇਸ ਤਰ੍ਹਾਂ ਇਹ ਸ਼ਹਿਰ ਸ਼ੁਰੂ 'ਚ ਆਏ ਯੂਰਪੀ ਵਪਾਰੀਆਂ ਲਈ ਵੱਡਾ ਵਪਾਰਕ ਕੇਂਦਰ ਬਣ ਗਿਆ।

ਤੁਸੀਂ ਸੋਚ ਸਕਦੇ ਹੋ ਕਿ ਦਿੱਲੀ ਤਾਂ ਮੁਗਲਾਂ ਵਲੋਂ ਵਸਾਇਆ ਗਿਆ ਸ਼ਹਿਰ ਹੈ। ਤੁਹਾਡਾ ਸੋਚਣਾ ਠੀਕ ਹੈ ਪਰ 1857 'ਚ ਹੋਏ ਪਹਿਲੇ ਆਜ਼ਾਦੀ ਸੰਗਰਾਮ 'ਚ ਈਸਟ ਇੰਡੀਆ ਕੰਪਨੀ ਦੀਆਂ ਫੌਜਾਂ ਨੇ ਦਿੱਲੀ 'ਚ ਕਾਫੀ ਤਬਾਹੀ ਮਚਾਈ ਸੀ। ਤੁਸੀਂ ਅੱਜ ਜਿਸ ਆਧੁਨਿਕ ਨਵੀਂ ਦਿੱਲੀ ਨੂੰ ਦੇਖਦੇ ਹੋ, ਉਹ ਅੰਗਰੇਜ਼ਾਂ ਵਲੋਂ ਵਸਾਈ ਗਈ ਸੀ। ਇਹ ਸਹੀ ਹੈ ਕਿ ਦਿੱਲੀ ਆਪਣੇ-ਆਪ ਵਿਚ ਇਕ ਖੁਸ਼ਹਾਲ ਇਤਿਹਾਸ ਸਮੇਟੀ ਬੈਠੀ ਹੈ। ਭਾਰਤ ਦੀਆਂ ਪੁਰਾਣੀਆਂ ਮਹਾਨ ਰਾਜਧਾਨੀਆਂ ਜਿਵੇਂ ਲਖਨਊ, ਮੈਸੂਰ, ਪਟਨਾ ਤੇ ਜੈਪੁਰ ਆਦਿ ਦਾ ਅੰਗਰੇਜ਼ਾਂ ਦੇ ਸ਼ਾਸਨਕਾਲ 'ਚ ਜਾਂ ਤਾਂ ਵਿਕਾਸ ਰੁਕ ਗਿਆ ਜਾਂ ਉਨ੍ਹਾਂ ਦਾ ਪਤਨ ਹੋਇਆ। ਆਧੁਨਿਕ ਭਾਰਤ ਆਪਣੇ ਪੁਰਾਣੇ ਆਰਥਿਕ ਤੇ ਸਿਆਸੀ ਸ਼ਕਤੀ ਕੇਂਦਰਾਂ 'ਚ ਆਪਣਾ ਪੁਨਰ ਨਿਰਮਾਣ ਕਰ ਰਿਹਾ ਹੈ। ਇਥੋਂ ਤੱਕ ਕਿ ਭਾਰਤ 'ਚ ਛੋਟੀਆਂ ਥਾਵਾਂ ਤੋਂ ਉਭਰੇ ਅਣਪਛਾਤੇ ਉਦਮੀਆਂ ਨੇ ਉਦਯੋਗ ਵਪਾਰ ਜਗਤ 'ਚ ਆਪਣਾ ਨਾਂ ਚਮਕਾਇਆ ਹੈ।

ਜਮਸ਼ੇਦ ਜੀ ਟਾਟਾ ਨੇ ਜਮਸ਼ੇਦਪੁਰ ਨੂੰ ਅੱਗੇ ਵਧਾਇਆ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਸਰਕਾਰੀ ਸੋਮਿਆਂ ਦੀ ਵਰਤੋਂ ਦੇਸ਼ ਦੇ ਸਟੀਲ ਨਗਰਾਂ ਦੇ ਵਿਕਾਸ ਲਈ ਕੀਤੀ। ਧੀਰੂਭਾਈ ਅੰਬਾਨੀ ਨੇ ਪ੍ਰਾਈਵੇਟ ਸੈਕਟਰ 'ਚ ਇਕ ਨਵੀਂ ਸੱਭਿਅਤਾ ਲਿਆ ਕੇ ਉਦਯੋਗ ਜਗਤ ਲਈ ਨਵੇਂ ਰਾਹ ਖੋਲ੍ਹੇ।

ਭਾਰਤ 'ਚ ਜੋ ਆਰਥਿਕ ਮਾਹੌਲ ਬਣਿਆ, ਉਸ ਵਿਚ ਨਵੇਂ ਉਦਯੋਗਪਤੀਆਂ ਲਈ ਕਈ ਬੂਹੇ ਖੁੱਲ੍ਹੇ ਤੇ ਨਵੇਂ ਮੌਕੇ ਪੈਦਾ ਹੋਏ, ਜਿਸ ਨਾਲ ਭਾਰਤ ਨੇ ਆਪਣੇ ਭਵਿੱਖ ਦਾ ਨਿਰਮਾਣ ਕਰਨਾ ਸ਼ੁਰੂ ਕੀਤਾ। ਅੱਜ ਭਾਰਤ ਦੇ ਨਕਸ਼ੇ 'ਚ ਕਈ ਅਹਿਮ ਉਦਯੋਗਿਕ ਕੇਂਦਰ ਖੁੱਲ੍ਹ ਗਏ ਹਨ। ਕੋਚੀ, ਔਰੰਗਾਬਾਦ ਤੇ ਬਾੜਮੇਰ ਅੱਜ ਉਦਯੋਗਪਤੀਆਂ ਤੇ ਰੁਜ਼ਗਾਰ ਦੇ ਚਾਹਵਾਨ ਲੋਕਾਂ ਨੂੰ ਆਪਣੇ ਵਲ ਖਿੱਚ ਰਹੇ ਹਨ। ਨੇੜਲੇ ਭਵਿੱਖ 'ਚ ਬਾੜਮੇਰ, ਜੈਪੁਰ ਦਾ ਮੁਕਾਬਲਾ ਕਰ ਸਕਦਾ ਹੈ।

ਇਸ ਤਰ੍ਹਾਂ ਭਾਰਤ ਆਰਥਿਕ ਤੇ ਸਮਾਜਿਕ ਖੇਤਰ 'ਚ ਆਪਣਾ ਵਿਕਾਸ ਕਰ ਰਿਹਾ ਹੈ। ਸਾਡਾ ਦੇਸ਼ ਇਕ ਲੋਕਤੰਤਰਿਕ ਦੇਸ਼ ਹੈ ਤੇ ਅਸੀਂ ਅਮਰੀਕਨ ਨਹੀਂ, ਸਗੋਂ ਯੂਰਪੀਅਨ ਲੋਕਤੰਤਰਿਕ ਪ੍ਰਣਾਲੀ 'ਤੇ ਚੱਲ ਰਹੇ ਹਾਂ। ਭਾਰਤ ਨੇ ਕਾਮਨਵੈਲਥ ਖੇਡਾਂ 'ਚ ਵੱਡੀ ਗਿਣਤੀ 'ਚ ਮੈਡਲ ਜਿੱਤ ਕੇ ਆਪਣੀ ਧਾਕ ਜਮਾਈ ਹੈ। ਖੇਡਾਂ ਜਿਥੇ ਸਾਨੂੰ ਦੁਨੀਆਂ 'ਚ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਦਿੰਦੀਆਂ ਹਨ, ਉਥੇ ਹੀ ਸਾਨੂੰ ਆਪਣੀ ਆਰਥਿਕ ਤਾਕਤ ਵਧਾਉਣ ਦਾ ਮੌਕਾ ਵੀ ਦਿੰਦੀਆਂ ਹਨ। ਇਸ ਤਰ੍ਹਾਂ ਦੁਨੀਆ 'ਚ ਸਾਡੀ ਵੀ 'ਬੱਲੇ-ਬੱਲੇ' ਹੋਈ ਹੈ। ਮੈਡਲ ਜਿੱਤਣ ਵਾਲੇ ਇਨ੍ਹਾਂ ਖਿਡਾਰੀਆਂ 'ਚ ਇਕ ਉਸ ਕਿਸਾਨ ਦਾ ਬੇਟਾ ਵੀ ਸ਼ਾਮਿਲ ਸੀ, ਜੋ ਸ਼ਹਿਰਾਂ ਦੀ ਸੱਭਿਅਤਾ ਤੋਂ ਅਣਜਾਣ ਹੋਣ ਕਰਕੇ ਸਟੇਡੀਅਮ 'ਚ ਆਪਣੇ ਬੇਟੇ ਨੂੰ ਮੈਡਲ ਹਾਸਲ ਕਰਦਿਆਂ ਨਹੀਂ ਦੇਖ ਸਕਿਆ, ਉਨ੍ਹਾਂ ਨੂੰ ਇਹ ਗੱਲ ਸਿੱਖਣ ਨੂੰ ਮਿਲੀ ਕਿ ਕੰਪੀਟੀਸ਼ਨ ਕਿਵੇਂ ਜਿੱਤਿਆ ਜਾਂਦਾ ਹੈ।

ਸਾਡੇ ਇਹ ਖਿਡਾਰੀ ਚੀਨ ਦੇ ਖਿਡਾਰੀਆਂ ਵਰਗੇ ਨਹੀਂ ਹਨ ਜੋ ਚੀਨ ਸਰਕਾਰ ਦੀ ਕਿਸੇ 'ਫੈਕਟਰੀ' 'ਚ ਤਿਆਰ ਹੋਏ ਲਗਦੇ ਹਨ। ਸਾਡੇ ਇਹ ਖਿਡਾਰੀ ਆਜ਼ਾਦ ਪ੍ਰੇਰਨਾ ਅਤੇ ਪ੍ਰਤੀਯੋਗਿਤਾ ਦੀ ਭਾਵਨਾ ਨਾਲ ਅੱਗੇ ਵਧੇ ਤੇ ਜਿੱਤੇ। ਸਾਡੀ ਇਹ ਸਫਲਤਾ ਇਕ ਅਜ਼ਾਦ ਸਮਾਜ ਦੀ ਪ੍ਰੇਰਨਾ ਦਾ ਸਿੱਟਾ ਹੈ। ਇਸ ਸੰਬੰਧੀ ਅਸੀਂ ਇਹੋ ਕਹਿ ਸਕਦੇ ਹਾਂ ਕਿ ਚੀਨ ਚੀਨੀਆਂ ਨੂੰ ਢਾਲਦਾ ਹੈ ਅਤੇ ਭਾਰਤੀ ਭਾਰਤ ਨੂੰ ਮਹਾਨ ਤੇ ਸ਼ਕੀਤਸ਼ਾਲੀ ਬਣਾਉਂਦੇ ਹਨ।

# ਸੁਰਜੀਤ ਹਾਕੀ ਟੂਰਨਾਮੈਂਟ ਇੰਡੀਅਨ ਆਇਲ ਨੇ ਜਿਤਿਆ

**ਜਲੰਧਰ:** ਇੰਡੀਅਨ ਆਇਲ ਮੁੰਬਈ ਨੇ ਏਅਰ ਇੰਡੀਆ ਮੁੰਬਈ ਨੂੰ ਫਾਈਨਲ ਵਿਚ ਟਾਈ ਬਰੇਕਰ ਰਾਹੀਂ 6-5 ਨਾਲ ਹਰਾ ਕੇ 27ਵੇਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਦਾ ਖਿਤਾਬ ਆਪਣੇ ਨਾਂ ਕੀਤਾ ਹੈ। ਉਲੰਪੀਅਨ ਸੁਰਜੀਤ ਸਿੰਘ ਦੀ ਯਾਦ ਵਿਚ ਇਥੇ ਸੁਰਜੀਤ ਹਾਕੀ ਸਟੇਡੀਅਮ ਵਿਚ ਖੇਡੇ ਗਏ ਫਾਈਨਲ ਮੁਕਾਬਲੇ ਵਿਚ ਦੋਵੇਂ ਟੀਮਾਂ ਨਿਰਧਾਰਤ ਸਮੇਂ ਦੌਰਾਨ 2-2 ਦੀ ਬਰਾਬਰੀ 'ਤੇ ਰਹੀਆਂ। ਟਾਈ ਬਰੇਕਰ ਰਾਹੀਂ ਇੰਡੀਅਨ ਆਇਲ ਵਲੋਂ 4 ਅਤੇ ਏਅਰ ਇੰਡੀਆਂ ਵਲੋਂ 3 ਗੋਲ ਕੀਤੇ ਗਏ। ਜੇਤੂ ਇੰਡੀਅਨ ਆਇਲ ਟੀਮ ਨੂੰ ਢਾਈ ਲੱਖ ਅਤੇ ਉਪ ਜੇਤੂ ਏਅਰ ਇੰਡੀਆ ਨੂੰ ਡੇਢ ਲੱਖ ਰੁਪਏ ਦਾ ਇਨਾਮ ਦਿੱਤਾ ਗਿਆ।

ਜੇਤੂ ਟੀਮ ਲਈ ਢਾਈ ਲੱਖ ਰੁਪਏ ਦਾ ਪਹਿਲਾ ਇਨਾਮ ਪਰਵਾਸੀ ਭਾਰਤੀ ਅਮੋਲਕ ਸਿੰਘ ਗਾਖਲ ਵਲੋਂ ਸਪਾਂਸਰ ਕੀਤਾ ਗਿਆ ਸੀ ਜਦਕਿ ਉਪ ਜੇਤੂ ਦਾ ਇਨਾਮ ਨਵਦੀਪ ਸਿੰਘ ਬਦੇਸ਼ਾ ਵਲੋਂ ਦਿੱਤਾ ਗਿਆ। ਏਅਰ ਇੰਡੀਆ ਦੇ ਕਪਤਾਨ ਸਮੀਰ ਦਾਦ ਨੂੰ ਮੈਨ ਆਫ ਦਾ ਮੈਚ ਅਤੇ ਰੇਲਵੇ ਦੇ ਚਿੰਗਲਿੰਗ ਸੈਨਾ ਨੂੰ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ।

ਫਾਈਨਲ ਮੈਚ ਵਿਚ ਏਅਰ ਇੰਡੀਆ ਮੁੰਬਈ ਅਤੇ ਇੰਡੀਅਨ ਆਇਲ ਮੁੰਬਈ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਖੇਡ ਦੇ ਸ਼ੁਰੂਆਤੀ ਪਲਾਂ ਵਿਚ ਏਅਰ ਇੰਡੀਆ ਨੇ 6ਵੇਂ ਮਿੰਟ ਵਿਚ ਪਹਿਲਾ ਪੈਨਲਟੀ ਕਾਰਨਰ ਹਾਸਲ ਕੀਤਾ ਜਿਸ ਨੂੰ ਵੀ ਐਸ ਵੀਨੇ ਨੇ ਗੋਲ ਵਿਚ ਬਦਲ ਕੇ ਸਕੋਰ 1-0 ਕਰ ਦਿੱਤਾ। ਇਸ ਤੋਂ ਬਾਅਦ ਇੰਡੀਅਨ ਆਇਲ ਨੇ ਆਪਣੀ ਲੈਅ ਫੜ੍ਹਦੇ ਹੋਏ ਹਮਲੇ ਸ਼ੁਰੂ ਕੀਤੇ ਅਤੇ ਖੇਡ ਦੇ 28ਵੇਂ ਮਿੰਟ ਵਿਚ ਇੰਡੀਅਨ ਆਇਲ ਨੂੰ ਪਹਿਲਾ ਪੈਨਲਟੀ ਕਾਰਨਰ ਮਿਲਿਆ ਜਿਸ ਨੂੰ ਰਘੂਨਾਥ ਨੇ ਗੋਲ ਵਿਚ ਬਦਲ ਕੇ ਆਪਣੀ ਟੀਮ ਨੂੰ ਬਰਾਬਰੀ ਦੇ ਲੈ ਆਂਦਾ। ਖੇਡ ਦੇ ਦੂਜੇ ਅੱਧ ਵਿਚ ਇੰਡੀਅਨ ਆਇਲ ਦੇ 38ਵੇਂ ਮਿੰਟ ਵਿਚ ਪੈਨਲਟੀ ਕਾਰਨਰ ਗਵਾਉਣ ਤੋਂ ਬਾਅਦ ਅਗਲੇ ਹੀ ਮਿੰਟ ਵਿਚ ਸੱਜੇ ਪਾਸੇ ਤੋਂ ਆਏ ਕਰਾਸ ਨੂੰ ਕਪਤਾਨ ਇੰਦਰਜੀਤ ਚੱਢਾ ਨੇ ਗੋਲ ਵਿਚ ਬਦਲ ਕੇ ਆਪਣੀ ਟੀਮ ਨੂੰ 2-1 ਨਾਲ ਅੱਗੇ ਕਰ ਦਿੱਤਾ। ਇਸ ਤੋਂ ਬਾਅਦ ਏਅਰ ਇੰਡੀਆ ਨੇ ਬਰਾਬਰੀ 'ਤੇ ਆਉਣ ਲਈ ਲਗਾਤਾਰ ਜ਼ੋਰ ਲਾਇਆ ਪਰ ਉਹ ਕਾਮਯਾਬ ਨਾ ਹੋ ਸਕੇ। ਖੇਡ ਦੇ 65ਵੇਂ ਮਿੰਟ ਵਿਚ ਏਅਰ ਇੰਡੀਆ ਦੇ ਸੰਦੀਪ ਮਾਇਕਲ ਨੇ ਗੋਲ ਕਰਕੇ ਟੀਮ ਨੂੰ 2-2 ਦੀ ਬਰਾਬਰੀ ਤੇ ਲੈ ਆਂਦਾ। ਮੈਚ ਦਾ ਫੈਸਲਾ ਟਾਈ ਬਰੇਕਰ ਰਾਹੀਂ ਕੀਤਾ ਗਿਆ।



*ਜੇਤੂ ਟੀਮ ਨੂੰ ਟਰਾਫੀ ਤੇ ਚੈਕ ਦਿੰਦੇ ਹੋਏ ਸੁਖਬੀਰ ਬਾਦਲ, ਮਨੋਰੰਜਨ ਕਾਲੀਆ, ਅਮੋਲਕ ਸਿੰਘ ਗਾਖਲ, ਡਾ. ਦਲਜੀਤ ਸਿੰਘ ਚੀਮਾ ਅਤੇ ਹੋਰ*

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਆਉਣ ਵਾਲੇ ਸਾਲ ਵਿਚ ਪੰਜਾਬ ਵਿਚ 100 ਕਰੋੜ ਦੀ ਲਾਗਤ ਨਾਲ 13 ਨਵੇਂ ਸਟੇਡੀਅਮ ਉਸਾਰੇ ਜਾਣਗੇ। ਉਨ੍ਹਾਂ ਕਿਹਾ ਕਿ ਨਵੀਂ ਖੇਡ ਨੀਤੀ ਤਹਿਤ 10 ਖੇਡਾਂ ਦੀ ਚੋਣ ਕੀਤੀ ਗਈ ਹੈ ਜਿਨ੍ਹਾਂ ਦੇ ਖਿਡਾਰੀਆਂ ਨੂੰ ਆਧੁਨਿਕ ਸਹੂਲਤਾਂ ਦੇ ਕੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਬਣਾਇਆ ਜਾਵੇਗਾ। ਉਨ੍ਹਾਂ ਨਾਲ ਹੀ ਕਿਹਾ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਇਕ ਇਕ ਸਪੋਰਟਸ ਸਕੂਲ ਬਣਾਇਆ ਜਾਵੇਗਾ ਜਿਥੇ ਖਿਡਾਰੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਸ. ਬਾਦਲ ਨੇ ਹੋਰ ਕਿਹਾ ਕਿ ਇਕ ਸਾਲ ਵਿਚ ਪੰਜਾਬ ਵਿਚ 11 ਐਸਟ੍ਰੋਟਰਫ ਮੈਦਾਨ ਤਿਆਰ ਕਰਵਾਏ ਜਾਣਗੇ। ਪੰਜਾਬ ਵਿਚ ਹਰ ਸਾਲ ਵੱਖ ਵੱਖ ਖੇਡਾ ਦਾ ਪੰਜਾਬ ਗੋਲਡ ਕੱਪ ਕਰਵਾਇਆ ਜਾਵੇਗਾ ਜਿਸ ਦੇ ਜੇਤੂਆਂ ਨੂੰ 25-25 ਲੱਖ ਦਾ ਨਗਦ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਸੁਰਜੀਤ ਯਾਦਗਾਰੀ ਹਾਕੀ ਸੁਸਾਇਟੀ ਦੀ ਸ਼ਲਾਘਾ ਕਰਦਿਆਂ ਸੁਰਜੀਤ ਹਾਕੀ ਸੁਸਾਇਟੀ ਨੂੰ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ ਸ. ਬਾਦਲ ਨੂੰ ਜੀ ਆਇਆਂ ਆਖਿਆ।

ਫਾਈਨਲ ਮੈਚ ਤੋਂ ਪਹਿਲਾ ਪ੍ਰਸਿੱਧ ਪੰਜਾਬੀ ਗਾਇਕ ਨਛੱਤਰ ਗਿੱਲ ਅਤੇ ਬਲਰਾਜ ਨੇ ਪੰਜਾਬੀ ਗੀਤਾਂ ਨਾਲ ਦਰਸ਼ਕਾਂ ਦਾ ਮਨ ਮੋਹਿਆ।

ਇਸ ਮੌਕੇ ਡੀ ਸੀ ਜਲੰਧਰ ਪ੍ਰਿਯੰਕ ਭਾਰਤੀ, ਡਾਇਰੈਕਟਰ ਸਪੋਰਟਸ ਪਰਗਟ ਸਿੰਘ, ਪਰਵਾਸੀ ਭਾਰਤੀ ਖੇਡ ਪ੍ਰਮੋਟਰ ਅਮੋਲਕ ਸਿੰਘ ਗਾਖਲ, ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ, ਬਲਜੀਤ ਸਿੰਘ ਨੀਲਾਮਹਿਲ, ਚੇਅਰਮੈਨ ਨਗਰ ਸੁਦਾਰ ਟਰੱਸਟ ਜਲੰਧਰ, ਵਿਧਾਇਕ ਸਰਬਜੀਤ ਸਿੰਘ ਮੱਕੜ, ਵਿਧਾਇਕ ਕੇ ਡੀ ਭੰਡਾਰੀ, ਪਵਨ ਕੁਮਾਰ ਟੀਨੂੰ (ਚੇਅਰਮੈਨ), ਪਰਵਾਸੀ ਭਾਰਤੀ ਸੁਰਜੀਤ ਸਿੰਘ ਟੁੱਟ, ਰਣਬੀਰ ਸਿੰਘ ਟੁੱਟ, ਨੱਥਾ (ਨਿਕ) ਸਿੰਘ ਗਾਖਲ, ਗੁਰਚਰਨ ਸਿੰਘ, ਸੁਰਿੰਦਰ ਭਾਪਾ, ਮਨਵਿੰਦਰ ਬੱਲ, ਅਰੁਨਦੀਪ ਸਿੰਘ ਤੂਰ ਅਤੇ ਸੁਰਿੰਦਰ ਸਿੰਘ ਸੁੰਨੜ, ਉਲੰਪੀਅਨ ਬਲਵਿੰਦਰ ਸਿੰਘ ਸ਼ੰਮੀ ਹਾਜ਼ਰ ਸਨ।

# ਬੱਬਰ ਖਾਲਸਾ ਦਾ ਖਾੜਕੂ ਮੱਖਣ ਸਿੰਘ ਯੂ.ਪੀ. ਤੋਂ ਗ੍ਰਿਫ਼ਤਾਰ

**ਲਖਨਊ (ਪੰਜਾਬ ਟਾਈਮਜ਼ ਬਿਊਰੋ):** ਪੁਲਿਸ ਨੇ ਉਤਰ ਪ੍ਰਦੇਸ਼ ਦੇ ਸਿਧਾਰਥ ਨਗਰ ਜ਼ਿਲ੍ਹੇ 'ਚੋਂ ਰੇਲਵੇ ਸਟੇਸ਼ਨ ਨੇੜਿਓਂ ਮੱਖਣ ਸਿੰਘ ਉਰਫ਼ ਦਿਆਲ ਸਿੰਘ ਵਾਸੀ ਨੂਰਪੁਰ ਜੱਟਾਂ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ 'ਤੇ ਦੋਸ਼ ਹੈ ਕਿ ਉਸ ਦੇ ਸਬੰਧ ਖਾੜਕੂ ਜਥੇਬੰਦੀ ਬੱਬਰ ਖ਼ਾਲਸਾ ਨਾਲ ਹਨ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਮੱਖਣ ਸਿੰਘ ਬੱਬਰ ਖ਼ਾਲਸਾ ਦੇ ਮੁਖੀ ਵਧਾਵਾ ਸਿੰਘ ਉਰਫ਼ ਚਾਚਾ ਦਾ ਨੇੜਲਾ ਸਾਥੀ ਹੈ ਜੋ ਪਾਕਿਸਤਾਨ 'ਚੋਂ ਆਪਣੀਆਂ ਸਰਗਰਮੀਆਂ ਚਲਾ ਰਿਹਾ ਹੈ।

ਪੁਲਿਸ ਅਨੁਸਾਰ ਮੱਖਣ ਸਿੰਘ ਨੂੰ ਇਸੇ ਮਹੀਨੇ ਕਾਬੂ ਕੀਤੇ ਗਏ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੈਂਬਰ ਗੁਰਜੰਟ ਸਿੰਘ ਵਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਸੂਤਰਾਂ ਅਨੁਸਾਰ ਪੁੱਛਗਿੱਛ ਦੌਰਾਨ ਮੱਖਣ ਸਿੰਘ ਨੇ ਦੱਸਿਆ ਹੈ ਕਿ ਉਹ 1987 ਤੋਂ ਬਾਅਦ ਕਈ ਦੇਸ਼ਾਂ 'ਚ ਗਿਆ ਤੇ 1997 'ਚ ਉਹ ਭਾਰਤ ਪਰਤ ਆਇਆ ਸੀ। ਦੂਜੇ ਪਾਸੇ ਗੁਰਬਤ ਭਰਿਆ ਜੀਵਨ ਬਤੀਤ ਕਰ ਰਹੀ ਮੱਖਣ ਸਿੰਘ ਦੀ ਮਾਂ ਨੇ ਕਿਹਾ ਹੈ ਕਿ ਉਸਦੇ ਪੁੱਤਰ ਦਾ ਖਾੜਕੂ ਜਥੇਬੰਦੀਆਂ ਨਾਲ ਕਦੇ ਵੀ ਕੋਈ ਸਬੰਧ ਨਹੀਂ ਰਿਹਾ ਪਰ ਅੱਜ 12-13 ਸਾਲ ਬਾਅਦ ਪੁਲਿਸ ਵਲੋਂ ਉਸਨੂੰ ਗ੍ਰਿਫਤਾਰ ਕਰਨ ਦੀ ਖ਼ਬਰ ਮਿਲੀ ਹੈ। ਮਾਹਿਲਪੁਰ ਲਾਗਲੇ ਪਿੰਡ ਨੂਰਪੁਰ ਜੱਟਾਂ ਦੀ ਬਜ਼ੁਰਗ ਔਰਤ ਮਨਸੋ (90) ਪਤਨੀ ਸਵਰਗੀ ਦਿਵਾਨ ਸਿੰਘ ਤੇ ਮੱਖਣ ਸਿੰਘ ਦੀ 42 ਸਾਲਾ ਪਤਨੀ ਸੁਖਵਿੰਦਰ ਕੌਰ ਨੇ ਦੱਸਿਆ ਕਿ ਮੱਖਣ ਸਿੰਘ ਖੇਤੀ ਕਰਕੇ ਘਰ ਦਾ ਗੁਜ਼ਾਰਾ ਕਰਦਾ ਸੀ। ਸਾਲ 1984 ਵਿਚ ਮੱਖਣ ਸਿੰਘ ਦਾ ਵਿਆਹ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਗੰਗਾਨਗਰ ਦੀ ਵਾਸੀ ਸੁਖਵਿੰਦਰ ਕੌਰ ਪੁੱਤਰੀ ਜੀਤ ਸਿੰਘ ਨਾਲ ਹੋਇਆ। ਵਿਆਹ ਤੋਂ ਥੋੜ੍ਹੇ ਦਿਨ ਬਾਅਦ ਹੀ ਮੱਖਣ ਸਿੰਘ ਅਮਰੀਕਾ ਚਲਾ ਗਿਆ। 1987 ਵਿਚ ਉਹ ਅਮਰੀਕਾ ਤੋਂ ਵਾਪਸ ਆਇਆ ਤਾਂ ਘਰੋਂ ਗੜ੍ਹਸ਼ੰਕਰ ਥਾਣੇ ਦੀ ਪੁਲਿਸ ਉਸ ਨੂੰ ਬਿਨਾਂ ਕੁਝ ਦੱਸਿਆਂ ਗ੍ਰਿਫ਼ਤਾਰ ਕਰਕੇ ਲੈ ਗਈ ਪਰ ਕੁਝ ਦਿਨ ਬਾਅਦ ਰਿਹਾ ਕਰ ਦਿੱਤਾ। ਪੰਜਾਬ ਪੁਲਿਸ ਦੀ ਦਹਿਸ਼ਤ ਕਾਰਨ ਮੱਖਣ ਸਿੰਘ ਫਿਰ ਅਮਰੀਕਾ ਚਲਾ ਗਿਆ। ਉਨ੍ਹਾਂ ਦੱਸਿਆ ਕਿ 1997-98 'ਚ ਉਹ ਮੁੜ ਪਿੰਡ ਆਏ ਤਾਂ ਪੁਲਿਸ ਨੇ ਉਸ ਨੂੰ ਫਿਰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਹ ਦੁਖੀ ਹੋ ਕੇ ਫਿਰ ਅਮਰੀਕਾ ਚਲਾ ਗਿਆ। 1997-98 ਵਿਚ ਉਸ ਨੇ ਅਮਰੀਕਾ ਤੋਂ ਸਿਰਫ ਇਕ ਵਾਰ ਟੁੱਟੇ ਹੋਏ ਘਰ ਦੀ ਮੁਰੰਮਤ ਲਈ ਇਕ ਲੱਖ ਰੁਪਿਆ ਭੇਜਿਆ ਤੇ ਇਸ ਤੋਂ ਬਾਅਦ ਉਸ ਦਾ ਪਰਿਵਾਰ ਸਮੇਤ ਸਮੂਹ ਰਿਸ਼ਤੇਦਾਰਾਂ ਨਾਲੋਂ ਸੰਪਰਕ ਟੁੱਟ ਗਿਆ। ਉਸ ਨੇ ਕਿਸੇ ਨੂੰ ਕਦੇ ਕੋਈ ਫੋਨ ਨਹੀਂ ਕੀਤਾ ਤੇ ਨਾ ਹੀ ਪੈਸੇ ਭੇਜੇ। ਉਸ ਨੇ ਦੱਸਿਆ ਕਿ ਮੱਖਣ ਸਿੰਘ ਨੇ ਆਪਣੀ ਲੜਕੀ ਅਮਨਦੀਪ ਕੌਰ ਦੀ ਸ਼ਕਲ ਤਕ ਨਹੀਂ ਦੇਖੀ ਜੋ ਹੁਣ ਵਿਆਹੀ ਗਈ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਦਾ ਕਹਿਣਾ ਸੀ ਕਿ ਮੱਖਣ ਸਿੰਘ ਵਿਦੇਸ਼ ਤੋਂ ਵਾਪਸ ਆਇਆ ਹੈ ਤੇ ਉਸ ਨੇ ਆਪਣੇ ਸਾਥੀ ਕਰਨਵੀਰ ਸਿੰਘ ਉਰਫ ਬੱਬਲੂ ਤੇ ਹੋਰ ਸਾਥੀਆਂ ਨਾਲ ਮਿਲ ਕੇ ਪਿੰਡ ਬੱਡੋਂ ਦੇ ਸੰਤ ਪ੍ਰਧਾਨ ਸਿੰਘ ਦਾ ਕਤਲ ਕੀਤਾ ਹੈ। ਬਜ਼ੁਰਗ ਮਾਤਾ ਅਤੇ ਪਤਨੀ ਨੇ ਦੱਸਿਆ ਕਿ ਡੇਰਾ ਮਈਆ ਦਾਸ ਬੱਡੋਂ ਦੇ ਸੰਤ ਪ੍ਰਧਾਨ ਸਿੰਘ ਦਾ ਕਤਲ 16 ਮਈ ਨੂੰ ਹੋਇਆ ਸੀ। ਮੱਖਣ ਸਿੰਘ ਪੰਜਾਬ ਵਿਚ ਸੀ ਤਾਂ ਉਸ ਨੇ ਪਰਿਵਾਰ ਦੇ ਮੈਂਬਰਾਂ ਨਾਲ ਕੋਈ ਸੰਪਰਕ ਕਿਉਂ ਨਹੀਂ ਕੀਤਾ। ਉਸ ਕੋਲ ਵਿਦੇਸ਼ੀ ਭਾਰਤੀ ਕਰੰਸੀ ਸੀ ਤਾਂ ਉਸ ਨੇ ਪਿੰਡ ਬਜ਼ੁਰਗ ਮਾਂ ਤੇ 42 ਸਾਲ ਦੀ ਹੋ ਚੁੱਕੀ ਪਤਨੀ ਨੂੰ ਫੁੱਟੀ ਕੌਡੀ ਵੀ ਕਿਉਂ ਨਹੀਂ ਭੇਜੀ।

# ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਭੇਜਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਵਿਚ ਬੁੜੈਲ ਜੇਲ੍ਹ 'ਚ ਨਜ਼ਰਬੰਦ ਜਗਤਾਰ ਸਿੰਘ ਹਵਾਰਾ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਤੋਂ ਦਿੱਲੀ ਦੀ ਤਿਹਾੜ ਜੇਲ੍ਹ 'ਚ ਭੇਜ ਦਿੱਤਾ ਗਿਆ ਹੈ। ਭਾਵੇਂ ਉਸ ਨੂੰ ਤੀਸ ਹਜ਼ਾਰੀ ਅਦਾਲਤ 'ਚ ਪੇਸ਼ ਕਰਨ ਲਈ ਦਿੱਲੀ ਲਿਜਾਇਆ ਗਿਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਹੁਣ ਭਾਈ ਹਵਾਰਾ ਨੂੰ ਤਿਹਾੜ ਜੇਲ੍ਹ 'ਚ ਹੀ ਰੱਖਿਆ ਜਾਵੇਗਾ। ਅਦਾਲਤ ਵਲੋਂ ਭਾਈ ਹਵਾਰਾ ਦੀ ਅਗਲੀ ਸੁਣਵਾਈ 7 ਨਵੰਬਰ ਤੈਅ ਕੀਤੀ ਗਈ ਹੈ।


*ਜਗਤਾਰ ਸਿੰਘ ਹਵਾਰਾ*

ਸੂਤਰਾਂ ਅਨੁਸਾਰ ਚੰਡੀਗੜ੍ਹ ਪ੍ਰਸ਼ਾਸਨ ਨੇ ਅਦਾਲਤ ਨੂੰ ਪਿਛਲੇ ਦਿਨੀਂ ਇਸ ਗੱਲ ਤੋਂ ਜਾਣੂ ਕਰਾਇਆ ਸੀ ਕਿ ਹਵਾਰਾ ਖ਼ਤਰਨਾਕ ਵਿਅਕਤੀ ਹੈ ਤੇ ਕਦੇ ਵੀ ਕੋਈ ਮੁਸੀਬਤ ਪੈ ਸਕਦੀ ਹੈ। ਇਸ ਤੋਂ ਇਲਾਵਾ ਪੁਲਿਸ ਦਾ ਕਹਿਣਾ ਸੀ ਕਿ ਬੁੜੈਲ ਜੇਲ੍ਹ ਵਿਚ ਉਸ ਦਾ ਪੂਰਾ ਦਬਦਬਾ ਹੈ। ਪੁਲਿਸ ਤੇ ਜੇਲ੍ਹ ਪ੍ਰਸ਼ਾਸਨ ਚਾਹੁੰਦੇ ਸਨ ਕਿ ਭਾਈ ਹਵਾਰਾ ਨੂੰ ਇਥੋਂ ਤਿਹਾੜ ਵਰਗੀ ਮੁਕਾਬਲਤਨ ਜ਼ਿਆਦਾ ਸੁਰੱਖਿਆ ਵਾਲੀ ਜੇਲ੍ਹ 'ਚ ਤਬਦੀਲ ਕਰ ਦਿੱਤਾ ਜਾਵੇ। ਇਸੇ ਲਈ ਹਾਈਕੋਰਟ ਵਲੋਂ ਫ਼ੈਸਲਾ ਸੁਣਾਉਣ ਪਿੱਛੋਂ ਪ੍ਰਸ਼ਾਸਨ ਭਾਈ ਹਵਾਰਾ ਨੂੰ ਇਥੋਂ ਤਬਦੀਲ ਕਰਾਉਣ ਲਈ ਕਾਹਲਾ ਸੀ।

KHALSA
INSURANCE AGENCY, INC.
WE NOW INSURE IN 33 STATES
LARGEST INDEPENDENT INSURANCE BROKERS
REPRESENTING OVER 100 A+ RATED COMPANIES


TAXI—CABS · LIMOUSINES
COMMERCIAL AUTO

Gas Stations, Repair Shops, Liquor/Grocery Stores, Restaurants, 99 Cent stores, Hotels & Motels
Licensed in: Alabama • Arkansas • Arizona • California • Colorado • Connecticut • DC • Georgia • Florida • Idaho • Iowa Indiana • Illinois • Kansas • Louisiana • Maryland • Mississippi • Michigan • Minnesota • Nevada • New Jersey • New York New Mexico • Oregon • Ohio • Oklahoma • Pennsylvania • Texas • Utah • Virginia • Vermont Washington • Wisconsin
WWW.KHALSAINSURANCE.COM
California License # 0F89805
3750 McKee Road, Suite A • San Jose, CA 95127 • Fax 408.493.4552
408-272-2500 • 1-800-954-5409

ਪੰਜਾਬ ਟਾਈਮਜ਼

ਸਨਿਚਰਵਾਰ, 30 ਅਕਤੂਬਰ 2010

ਸੰਵਾਦ ਦੀ ਖੁੱਲ੍ਹਦਿਲੀ ਜਮਹੂਰੀਅਤ ਦਾ ਬੁਨਿਆਦੀ ਗੁਣ ਹੈ। -ਪੀਟਰ ਫਨ

## ਕਣਕ ਦੇ ਭਾਅ 'ਚ ਮਾਮੂਲੀ ਵਾਧਾ

ਸਰਕਾਰ ਨੇ ਕਣਕ, ਦਾਲਾਂ ਅਤੇ ਤੇਲ ਬੀਜਾਂ ਦੇ ਸਰਕਾਰੀ ਭਾਅ ਵਿਚ ਵਾਧੇ ਸੰਬੰਧੀ ਬੀਤੇ ਦਿਨੀਂ ਐਲਾਨ ਕੀਤਾ। ਇਸ ਤਹਿਤ ਜਿਥੇ ਮਸਰਾਂ ਦੀ ਦਾਲ ਤੇ ਛੋਲਿਆਂ ਦੀਆਂ ਕੀਮਤਾਂ ਵਿਚ ਸਿੱਧਾ 380 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ, ਉਥੇ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 20 ਰੁਪਏ ਵਧਾ ਕੇ 1120 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਕਣਕ ਦੇ ਭਰੇ ਭੰਡਾਰਾਂ ਦਾ ਬਹਾਨਾ ਲਾ ਕੇ ਸਰਕਾਰ ਵਲੋਂ ਕਣਕ ਦੇ ਭਾਅ ਵਿਚ ਮਾਮੂਲੀ ਜਿਹਾ ਵਾਧਾ ਕਰਨ ਨੂੰ ਲੈ ਕੇ ਕਿਸਾਨ ਅਤੇ ਖੇਤੀ ਮਾਹਿਰ ਚਿੰਤਤ ਹਨ। ਇਸੇ ਕਾਰਨ ਕਣਕ ਦੇ ਮੁੱਖ ਉਤਪਾਦਕ ਸੂਬੇ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ, ਕਿਸਾਨ ਜਥੇਬੰਦੀਆਂ ਅਤੇ ਖੇਤੀ ਅਰਥਸ਼ਾਸਤਰੀਆਂ ਨੇ ਇਸ ਵਾਧੇ ਨੂੰ ਕਿਸਾਨਾਂ ਨਾਲ ਬੇਇਨਸਾਫੀ ਕਰਾਰ ਦਿੰਦਿਆਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।

ਪਿਛਲੇ ਸਮੇਂ ਵਿਚ ਹਰ ਚੀਜ਼ ਦੇ ਭਾਅ ਅਸਮਾਨੀਂ ਚੜ੍ਹੇ ਹਨ ਅਤੇ ਮਹਿੰਗਾਈ ਦਰ ਵੀ ਕਾਫੀ ਉਚੀ ਰਹੀ ਹੈ। ਇਸ ਕਾਰਨ ਖੇਤੀ ਲਾਗਤਾਂ ਦਾ ਖਰਚਾ ਵੀ ਬਹੁਤ ਵਧ ਗਿਆ ਹੈ। ਖਾਦਾਂ, ਕੀੜੇਮਾਰ ਦਵਾਈਆਂ, ਬਿਜਲੀ, ਮਜ਼ਦੂਰੀ ਅਤੇ ਖਾਸ ਤੌਰ 'ਤੇ ਡੀਜ਼ਲ ਦੇ ਰੇਟਾਂ ਵਿਚ ਕਾਫੀ ਜਿਆਦਾ ਵਾਧਾ ਹੋਇਆ। ਇਹ ਵਾਧਾ, ਕਣਕ ਦੇ ਸਮਰਥਨ ਮੁੱਲ ਵਿਚ ਕੀਤੇ ਗਏ ਮਾਮੂਲੀ ਵਾਧੇ ਤੋਂ ਬਹੁਤ ਜ਼ਿਆਦਾ ਹੈ। ਜੇ ਸਰਕਾਰ ਮਹਿੰਗਾਈ ਦਰ, ਖੇਤੀ ਲਾਗਤਾਂ ਵਿਚ ਵਾਧੇ ਅਤੇ ਕਿਸਾਨ ਦੀ ਮਿਹਨਤ ਦੇ ਹਿਸਾਬ ਨਾਲ ਵੀ ਕਣਕ ਦਾ ਮੁੱਲ ਵਧਾਉਂਦੀ ਤਾਂ ਇਹ ਘੱਟੋ-ਘੱਟ 1500 ਰੁਪਏ ਬਣਦਾ ਸੀ। ਸਵਾਮੀਨਾਥਨ ਕਮਿਸ਼ਨ ਨੇ ਵੀ ਅਜਿਹਾ ਹੀ ਕਰਨ ਦਾ ਸੁਝਾਅ ਕੇਂਦਰ ਸਰਕਾਰ ਨੂੰ ਦਿੱਤਾ ਸੀ ਜਦਕਿ ਸਰਕਾਰੀ ਅਧਿਕਾਰੀਆਂ ਅਨੁਸਾਰ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ ਪਹਿਲਾਂ ਹੀ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਬਣਦੇ ਮੁੱਲ ਤੋਂ ਕਾਫੀ ਜ਼ਿਆਦਾ ਹੈ। ਇਥੇ ਜ਼ਿਕਰਯੋਗ ਹੈ ਕਿ ਜੋ ਕਣਕ 5 ਕੁ ਮਹੀਨੇ ਪਹਿਲਾਂ 1100 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦੀ ਗਈ ਸੀ, ਉਹ ਹੁਣ 1500 ਰੁਪਏ ਪ੍ਰਤੀ ਕੁਇੰਟਲ ਤੋਂ ਉਪਰ ਵਿਕ ਰਹੀ ਹੈ। ਇਸ ਤਰ੍ਹਾਂ ਕਣਕ ਦੀ ਜਮ੍ਹਾਖੋਰੀ ਕਰਨ ਵਾਲੇ ਤੱਤ ਬਿਨਾਂ ਕਿਸੇ ਲਾਗਤ ਤੋਂ ਹੀ 25 ਫੀਸਦੀ ਤੋਂ ਵੱਧ ਮੁਨਾਫਾ ਕਮਾ ਰਹੇ ਹਨ। ਇਹ ਵੀ ਧਿਆਨ ਦੇਣਾ ਬਣਦਾ ਹੈ ਕਿ ਹੁਣ ਆਟਾ ਪਰਚੂਨ ਵਿਚ 18 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ। ਕਣਕ ਦੇ ਨਾਲ ਹੀ ਦਾਲਾਂ ਤੇ ਤੇਲ ਦੇ ਬੀਜਾਂ ਦੀਆਂ ਕੀਮਤਾਂ ਵਿਚ ਵੀ ਵਾਧਾ ਕੀਤਾ ਗਿਆ। ਮਸਰ ਦੀ ਦਾਲ ਦੀ ਕੀਮਤ ਵਾਧੇ ਤੋਂ ਬਾਅਦ 2250 ਰੁਪਏ ਪ੍ਰਤੀ ਕੁਇੰਟਲ ਹੋ ਗਈ ਜਦਕਿ ਬਾਜ਼ਾਰ ਵਿਚ ਇਹ ਦਾਲ 5000 ਰੁਪਏ ਪ੍ਰਤੀ ਕੁਇੰਟਲ ਤੋਂ ਵੱਧ ਕੀਮਤ 'ਤੇ ਵਿਕ ਰਹੀ ਹੈ। ਇਸੇ ਤਰ੍ਹਾਂ ਹੀ ਛੋਲਿਆਂ ਦੀ ਕੀਮਤ ਵੀ ਵਾਧੇ ਤੋਂ ਬਾਅਦ 2100 ਰੁਪਏ ਪ੍ਰਤੀ ਕੁਇੰਟਲ ਹੋ ਗਈ ਜਦਕਿ ਬਾਜ਼ਾਰ ਵਿਚ ਇਸਦਾ ਭਾਅ 3000 ਰੁਪਏ ਪ੍ਰਤੀ ਕੁਇੰਟਲ ਤੋਂ ਵੱਧ ਚੱਲ ਰਿਹਾ ਹੈ। ਪਹਿਲਾਂ ਹੀ ਬੁਰੀ ਤਰ੍ਹਾਂ ਕਰਜ਼ੇ ਹੇਠ ਦੱਬੇ ਹੋਏ ਕਿਸਾਨ ਸਰਕਾਰ ਦੇ ਇਸ ਐਲਾਨ ਨਾਲ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਜਿਥੇ ਬਾਕੀ ਜ਼ਰੂਰੀ ਵਸਤਾਂ ਦੇ ਭਾਅ ਨਿੱਤ ਨਵੀਆਂ ਉਚਾਈਆਂ ਛੂਹ ਰਹੇ ਹਨ, ਉਥੇ ਕਿਸਾਨਾਂ ਨੂੰ ਵੀ ਆਪਣੀ ਉਪਜ ਦਾ ਵਾਜਬ ਮੁੱਲ ਮਿਲਣਾ ਜ਼ਰੂਰੀ ਹੈ। ਕਿਸਾਨ ਆਪਣੀ ਫਸਲ ਮੁੱਖ ਤੌਰ 'ਤੇ ਕਣਕ ਤੇ ਝੋਨਾ ਸਰਕਾਰ ਵਲੋਂ ਮਿੱਥੇ ਗਏ ਘੱਟੋ-ਘੱਟ ਸਮਰਥਨ ਮੁੱਲ ਦੇ ਹਿਸਾਬ ਨਾਲ ਹੀ ਮਸਾਂ ਵੇਚ ਸਕਦੇ ਹਨ।

ਦੇਸ਼ ਦੇ ਸਿਰਮੌਰ ਖੇਤੀ ਵਿਗਿਆਨੀ ਡਾ. ਐਮ. ਐਸ. ਸਵਾਮੀਨਾਥਨ, ਜਿਨ੍ਹਾਂ ਦਾ ਜ਼ਿਕਰ ਖੇਤੀ ਖੇਤਰ ਨਾਲ ਜੁੜੇ ਲੋਕਾਂ ਵਲੋਂ ਅਕਸਰ ਕੀਤਾ ਜਾਂਦਾ ਰਹਿੰਦਾ ਹੈ, ਦਾ ਕਹਿਣਾ ਹੈ ਕਿ ਕਣਕ ਦੀ ਕੀਮਤ ਵਿਚ ਇਹ ਵਾਧਾ ਕਿਸਾਨਾਂ ਨੂੰ ਕੋਈ ਲਾਭ ਨਹੀਂ ਪਹੁੰਚਾ ਸਕਦਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਣਕ ਖਰੀਦਣ ਮੌਕੇ ਸਰਕਾਰ ਵਲੋਂ ਕਿਸਾਨਾਂ ਨੂੰ ਬੋਨਸ ਦਿੱਤੇ ਜਾਣ ਦੀ ਆਸ ਪ੍ਰਗਟ ਕੀਤੀ ਜਦਕਿ ਕੇਂਦਰ ਸਰਕਾਰ ਦੇ ਅਧਿਕਾਰੀਆਂ ਦਾ ਇਸ ਬਾਰੇ ਕਹਿਣਾ ਹੈ ਕਿ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ ਪਹਿਲਾਂ ਹੀ ਔਸਤ ਲਾਗਤ ਤੋਂ 50 ਫੀਸਦੀ ਤੋਂ ਵੀ ਵੱਧ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਜੇ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਵੀ ਮੰਨ ਲਈਆਂ ਜਾਣ ਤਾਂ ਵੀ ਇਹ ਕੀਮਤ 800 ਰੁਪਏ ਪ੍ਰਤੀ ਕੁਇੰਟਲ ਦੇ ਲਗਭਗ ਹੀ ਹੋਣੀ ਸੀ।

ਇਸ ਦੌਰਾਨ ਪੰਜਾਬ ਸਰਕਾਰ ਨੇ ਕਣਕ ਦੇ ਸਮਰਥਨ ਮੁੱਲ ਵਿਚ 20 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਸ ਵਾਧੇ ਨੂੰ ਨਗੂਣਾ ਕਰਾਰ ਦਿੰਦਿਆਂ ਕਣਕ ਦਾ ਸਮਰਥਨ ਮੁੱਲ 1400 ਰੁਪਏ ਪ੍ਰਤੀ ਕੁਇੰਟਲ ਤੈਅ ਕਰਨ ਦੀ ਮੰਗ ਕੀਤੀ ਜਦੋਂਕਿ ਹਰਿਆਣਾ ਵਲੋਂ ਕਣਕ ਦਾ ਭਾਅ 1275 ਰੁਪਏ ਪ੍ਰਤੀ ਕੁਇੰਟਲ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਅਰਥਸ਼ਾਸਤਰੀ ਸਰਦਾਰਾ ਸਿੰਘ ਜੌਹਲ ਨੇ ਵੀ ਕਣਕ ਦੇ ਭਾਅ ਵਿਚ ਘੱਟੋ-ਘੱਟ 50 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਰਨ ਦੀ ਮੰਗ ਕੀਤੀ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਕਣਕ ਦਾ ਭਾਅ 1800 ਰੁਪਏ ਪ੍ਰਤੀ ਕੁਇੰਟਲ ਬੰਨ੍ਹੇ ਜਦਕਿ ਜਦਕਿ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਆਗੂ ਸੁਖਦੇਵ ਸਿੰਘ ਕੋਕਰੀਕਲਾਂ ਨੇ ਵੀ ਡਾ. ਸਵਾਮੀਨਾਥਨ ਦੀਆਂ ਸਿਫਾਰਸ਼ਾਂ ਮੁਤਾਬਕ ਕਣਕ ਦਾ ਭਾਅ ਵਧਾਉਣ ਦੀ ਮੰਗ ਕੀਤੀ।

ਇਸ ਸਾਲ ਸਰਕਾਰ ਨੇ ਆਮਦਨ ਕਰ ਵਿਚ 1,20,000 ਕਰੋੜ ਰੁਪਏ ਦੀ ਰਿਆਇਤ ਦਿੱਤੀ ਹੈ। ਵੱਡੇ ਕਾਰਪੋਰੇਟ ਘਰਾਣਿਆਂ ਨੂੰ ਅਰਬਾਂ ਰੁਪਏ ਦੀਆਂ ਛੋਟਾਂ ਦਿੱਤੀਆਂ ਗਈਆਂ ਹਨ ਜਦਕਿ ਸਰਕਾਰੀ ਅੰਕੜਿਆਂ ਅਨੁਸਾਰ ਹੀ ਦੇਸ਼ ਦੇ 77 ਫੀਸਦੀ ਲੋਕ 20 ਰੁਪਏ ਰੋਜ਼ਾਨਾ 'ਤੇ ਗੁਜ਼ਾਰਾ ਕਰਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦਾ ਪੂਰਾ ਮੁੱਲ ਦੇਵੇ ਅਤੇ ਸਾਰੇ ਗਰੀਬਾਂ ਨੂੰ ਸਸਤੇ ਭਾਅ ਅਨਾਜ ਮੁਹੱਈਆ ਕਰਾਉਣ ਲਈ ਸਬਸਿਡੀ ਦੇਵੇ। ਇਸ ਸਬਸਿਡੀ ਲਈ ਰਕਮ ਅਮੀਰ ਘਰਾਣਿਆਂ 'ਤੇ ਯੋਗ ਢੰਗ ਨਾਲ ਟੈਕਸ ਲਗਾ ਕੇ ਇਕੱਠੀ ਕੀਤੀ ਜਾ ਸਕਦੀ ਹੈ। ਸਰਕਾਰ ਦਾ ਫਰਜ਼ ਹੈ ਕਿ ਉਹ ਕਰਜ਼ੇ ਹੇਠ ਨਪੀੜੀ ਹੋਈ ਕਿਸਾਨੀ ਨੂੰ ਉਪਰ ਉਠਾਉਣ ਲਈ ਉਨ੍ਹਾਂ ਦੀ ਬਣਦੀ ਸਹਾਇਤਾ ਕਰੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਧਰਮ ਪ੍ਰਚਾਰ ਕਿ ਵਿਓਪਾਰ?

ਸੱਚੀ ਮੰਨੀਏ ਉਨ੍ਹਾਂ ਦੀ ਗੱਲ ਕਿਹੜੀ? ਜਿਹੜੇ ਦੋਗਲਾ ਜਿਹਾ ਵਿਵਹਾਰ ਕਰਦੇ।
ਸ਼ਬਦ-ਗੁਰੂ ਨੂੰ ਆਪਣਾ ਇਸ਼ਟ ਕਹਿ ਕੇ, ਗੁਰੂ ਡੰਮ ਦਾ ਨਾਲੇ ਪ੍ਰਚਾਰ ਕਰਦੇ।
ਕਦੇ 'ਪੂਜਾ ਅਕਾਲ ਕੀ' ਗਾਈ ਜਾਂਦੇ, ਨਾਲੇ ਡੇਰਿਆਂ ਦੀ ਜੈ-ਜੈਕਾਰ ਕਰਦੇ।
ਭਗਵੇਂ, ਚਿੱਟੇ ਤੇ ਨੀਲੇ ਰਲ-ਗਡ ਕਰਕੇ, ਧੁੰਦਲਾ ਪੰਥ ਦਾ ਸਭਿਆਚਾਰ ਕਰਦੇ।
ਦੇਖ ਦੇਖ ਕੇ ਕਾਰੇ ਬਹਿਰੂਪੀਆਂ ਦੇ, ਸਿਦਕੀ ਸਿੱਖ ਨੇ ਤਾਹੀਂ ਧ੍ਰਿਗਕਾਰ ਕਰਦੇ।
ਲੇਬਲ 'ਧਰਮ ਪ੍ਰਚਾਰ' ਦੇ ਨਾਮ ਵਾਲਾ, ਲੋਕੀਂ ਸੱਚ ਕਹਿੰਦੇ ਇਹ ਵਿਓਪਾਰ ਕਰਦੇ!

# ਲੋਕ ਹੱਕਾਂ ਦੇ ਵਿਰੁਧ ਨੇ ਪੰਜਾਬ ਸਰਕਾਰ ਦੇ ਨਵੇਂ ਕਾਨੂੰਨ

**-ਗੋਬਿੰਦ ਠੁਕਰਾਲ**

ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੌਰਾਨ ਅਕਾਲੀ-ਭਾਜਪਾ ਸੱਤਾਧਾਰੀ ਗਠਜੋੜ ਨੇ ਦੋ ਅਜਿਹੇ ਬਿੱਲ ਪਾਸ ਕੀਤੇ ਹਨ ਜੋ ਇਕ ਤਰ੍ਹਾਂ ਨਾਲ ਸਖਤ ਹਨ ਤੇ ਦੂਜੇ ਪਾਸੇ ਅਕਾਲੀ ਦਲ ਦੀ ਮੁਢਲੀ ਵਿਚਾਰਧਾਰਾ ਦੇ ਵੀ ਵਿਰੁਧ ਜਾਂਦੇ ਹਨ। ਇਹ ਬਿੱਲ ਹਨ ਪੰਜਾਬ ਵਿਸ਼ੇਸ਼ ਸੁਰੱਖਿਆ ਸਮੂਹ ਬਿੱਲ (2010) ਤੇ ਜਨਤਕ ਅਤੇ ਨਿੱਜੀ ਜਾਇਦਾਦ ਦੀ ਭੰਨ-ਤੋੜ ਰੋਕੂ ਬਿੱਲ (2010)। ਇਸ ਦਾ ਪੰਜਾਬ ਦੇ ਹਰ ਵਰਗ ਵਲੋਂ ਵਿਰੋਧ ਹੋਇਆ ਹੈ। ਇਸ ਦੇ ਵਿਰੋਧ ਵਿਚ ਹੀ ਕਾਂਗਰਸ ਵਿਧਾਨ ਸਭਾ 'ਚੋਂ ਵਾਕਆਊਟ ਕਰ ਗਈ ਸੀ। ਇਹ ਬਿੱਲ ਆਸਾਨੀ ਨਾਲ ਪਾਸ ਕਰ ਲਏ ਗਏ ਕਿਉਂਕਿ ਅਕਾਲੀ-ਭਾਜਪਾ ਗਠਜੋੜ ਨੂੰ ਬਹੁਮਤ ਪ੍ਰਾਪਤ ਹੈ।

ਇਨ੍ਹਾਂ ਬਿੱਲਾਂ ਨੂੰ ਸਦਨ 'ਚ ਪੇਸ਼ ਕਰਦੇ ਹੋਏ ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਦਲੀਲ ਦਿੱਤੀ ਕਿ ਕੇਂਦਰੀ ਏਜੰਸੀਆਂ ਤੋਂ ਇਤਲਾਹ ਮਿਲੀ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਭਾਰਤ, ਖਾਸ ਕਰਕੇ ਪੰਜਾਬ ਵਿਚ ਖਾੜਕੂ ਜਥੇਬੰਦੀਆਂ 'ਤੇ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਦਬਾਅ ਪਾ ਰਹੀ ਹੈ। ਇਨ੍ਹਾਂ ਜਥੇਬੰਦੀਆਂ ਨੂੰ ਰਾਜ ਵਿਚਲੀ ਸ਼ਾਂਤੀ ਅਤੇ ਚੈਨ ਭੰਗ ਕਰਨ ਲਈ ਕਿਹਾ ਗਿਆ ਹੈ। ਵਿਦੇਸ਼ਾਂ ਵਿਚ ਬੈਠੇ ਕੱਟੜਪੰਥੀ ਆਗੂ ਵੀ ਪੰਜਾਬ ਵਿਚ ਉਘੀਆਂ ਸ਼ਖਸੀਅਤਾਂ 'ਤੇ ਹਮਲਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪੰਜਾਬ ਵਿਚ ਕਈ ਸ਼ਖਸੀਅਤਾਂ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਇਸ ਦੇ ਮੱਦੇਨਜ਼ਰ ਅੱਤਵਾਦੀ ਤੇ ਨਕਸਲੀ ਸਰਗਰਮੀਆਂ ਨੂੰ ਕਾਬੂ ਕਰਨ ਲਈ ਰਾਜ ਵਿਚ ਹਥਿਆਰਬੰਦ ਦਸਤਾ ਕਾਇਮ ਕਰਨ ਲਈ ਅਤੇ ਹਿੰਸਕ ਤੱਤਾਂ ਦੀਆਂ ਧਮਕੀਆਂ ਦੇ ਸ਼ਿਕਾਰ ਵਿਅਕਤੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਢੁਕਵੀਂ ਸੁਰੱਖਿਆ ਮੁਹਈਆ ਕਰਨ ਲਈ ਕਾਨੂੰਨ ਦੀ ਲੋੜ ਮਹਿਸੂਸ ਹੋਈ ਹੈ। ਕੀ ਇਹ ਕੋਈ ਨਵੀਆਂ ਖਬਰਾਂ ਹਨ, ਜੋ ਅਜਿਹੇ ਕਾਨੂੰਨਾਂ ਨੂੰ ਜ਼ਰੂਰੀ ਬਣਾਉਂਦੀਆਂ ਹਨ, ਜਿਨ੍ਹਾਂ ਦੇ ਲਾਗੂ ਹੋਣ 'ਤੇ ਸ਼ਾਂਤਮਈ ਅੰਦੋਲਨ ਜੋ ਪੰਜਾਬੀ ਲਗਭਗ ਰੋਜ਼ਾਨਾ ਸਰਕਾਰ 'ਤੇ ਦਬਾਅ ਪਾਉਣ ਲਈ ਕਰਦੇ ਹਨ, ਦੀ ਵੀ ਅਧਿਕਾਰੀਆਂ ਤੋਂ ਵਿਸ਼ੇਸ਼ ਇਜ਼ਾਜ਼ਤ ਲੈਣੀ ਪਵੇਗੀ।

ਸ. ਸੁਖਬੀਰ ਸਿੰਘ ਬਾਦਲ ਉਸ ਜਾਣਕਾਰੀ ਬਾਰੇ ਖੁੱਲ੍ਹ ਕੇ ਨਹੀਂ ਦੱਸਣਗੇ ਜੋ ਉਨ੍ਹਾਂ ਨੂੰ ਇੰਟੈਲੀਜੈਂਸ ਬਿਊਰੋ ਵਰਗੀਆਂ ਕੇਂਦਰੀ ਏਜੰਸੀਆਂ ਅਤੇ ਰਾਜ ਦੀ ਆਪਣੀਏਜੰਸੀ ਸੀ.ਆਈ.ਡੀ. ਨੇ ਮੁਹੱਈਆ ਕਰਾਈ ਹੈ। ਅਸੀਂ ਜਾਣਦੇ ਹੀ ਹਾਂ ਕਿ 'ਟਾਡਾ', 'ਪੋਟਾ' ਅਤੇ ਹਥਿਆਰਬੰਦ ਫੌਜਾਂ ਦਾ ਵਿਸ਼ੇਸ਼ ਸ਼ਕਤੀਆਂ ਸਬੰਧੀ ਕਾਨੂੰਨ ਬਣਾਉਣ ਸਮੇਂ ਵੀ ਇਸ ਤਰ੍ਹਾਂ ਦੀਆਂ ਦਲੀਲਾਂ ਹੀ ਦਿੱਤੀਆਂ ਗਈਆਂ ਸਨ। ਇਨ੍ਹਾਂ ਕਾਨੂੰਨਾਂ ਦੀ ਅਰਧ-ਫੌਜੀ ਬਲਾਂ ਅਤੇ ਪੁਲਿਸ ਵਲੋਂ ਦੁਰਵਰਤੋਂ ਕੀਤੀ ਜਾਂਦੀ ਰਹੀ ਹੈ।

ਪੰਜਾਬ ਕਾਂਗਰਸ ਜੋ ਇਸ ਬਿੱਲ ਨੂੰ ਹਾਈ ਕੋਰਟ 'ਚ ਚੁਣੌਤੀ ਦੇਵੇਗੀ, ਨੇ ਇਨ੍ਹਾਂ ਦੋਵਾਂ ਬਿੱਲਾਂ ਬਾਰੇ ਕਿਹਾ ਹੈ ਕਿ ਇਹ ਜ਼ਾਲਮ ਕਾਨੂੰਨ ਹਨ ਜੋ ਸ਼ਹਿਰੀਆਂ ਦੇ ਬੁਨਿਆਦੀ ਹੱਕਾਂ ਦੀ ਉਲੰਘਣਾ ਕਰਨਗੇ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਇਹ ਲੁਕ-ਛਿਪ ਕੇ ਪਾਸ ਕੀਤੇ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਜਦੋਂ ਰਾਜ ਦਾ ਮਾਹੌਲ ਸ਼ਾਂਤਮਈ ਹੈ ਤਾਂ ਅਜਿਹੇ ਨਵੇਂ ਕਾਨੂੰਨ ਨੂੰ ਲਿਆਉਣ ਦੀ ਕੀ ਲੋੜ ਹੈ? ਮੈਂ ਸੋਚਦਾ ਹਾਂ ਕਿ ਇਹ ਕਾਨੂੰਨ 2010 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਸਾਹਮਣੇ ਰੱਖਦਿਆਂ ਬਣਾਏ ਗਏ ਹਨ ਤਾਂ ਜੋ ਕੁਝ ਖਾਸ ਸਖਸ਼ਾਂ 'ਤੇ ਸ਼ਿਕੰਜਾ ਕੱਸਿਆ ਜਾ ਸਕੇ। ਇਸ ਤਹਿਤ ਸਰਕਾਰ ਆਪਣੇ ਵਿਰੋਧੀਆਂ ਨੂੰ ਆਪਣੇ ਕਾਬੂ ਹੇਠ ਰੱਖਣ ਲਈ ਇਕ 'ਨਿੱਜੀ ਫੌਜ' ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਸੀਂ ਇਸ ਨੂੰ ਹੋਣ ਨਹੀਂ ਦੇਵਾਂਗੇ।' ਵੱਖ-ਵੱਖ ਵਿਚਾਰਾਂ ਵਾਲੇ ਕਾਰਕੁੰਨਾਂ ਤੋਂ ਇਲਾਵਾ ਕਮਿਊਨਿਸਟਾਂ ਦੀਆਂ ਕਈ ਜਨਤਕ ਜਥੇਬੰਦੀਆਂ ਤੇ ਹੋਰ ਮਜ਼ਦੂਰ ਜਥੇਬੰਦੀਆਂ ਨੇ ਵੀ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕੀਤਾ ਹੈ।

ਰਾਜ ਦੇ ਸਾਬਕਾ ਐਡਵੋਕੇਟ ਜਨਰਲ ਸ. ਰਾਜਿੰਦਰ ਸਿੰਘ ਚੀਮਾ ਜਿਨ੍ਹਾਂ ਨੇ ਬਿੱਲਾਂ ਦੇ ਖਰੜਿਆਂ ਦਾ ਅਧਿਐਨ ਕੀਤਾ ਹੈ, ਨੇ ਕਿਹਾ ਹੈ ਕਿ ਜਦੋਂ ਰਾਸ਼ਟਰ ਵਿਰੋਧੀ ਤੱਤਾਂ ਨੂੰ ਰੋਕਣ, ਖੋਜਣ ਤੇ ਸਜ਼ਾ ਦੇਣ ਲਈ ਪਹਿਲਾਂ ਹੀ ਕਈ ਕਾਨੂੰਨ ਹਨ ਤਾਂ ਇਨ੍ਹਾਂ ਕਾਨੂੰਨਾਂ ਦੀ ਕੀ ਲੋੜ ਹੈ? ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਦੋਸ਼ੀ ਨੂੰ ਸਜ਼ਾ ਦੇਣ ਦੀ ਵਿਵਸਥਾ ਲਾਗੂ ਕਰਨ ਲਈ ਵਿਸ਼ੇਸ਼ ਸੁਰੱਖਿਆ ਸਮੂਹ ਕਿਉਂ ਕਾਇਮ ਕੀਤੀ ਜਾ ਰਿਹਾ ਹੈ। ਇਸ ਕਾਨੂੰਨ ਦੇਤਹਿਤ, ਕੇਂਦਰ ਸਰਕਾਰ ਮੂਹਰੇ ਜਵਾਬਦੇਹ ਬਣਨ ਤੋਂ ਬਿਨਾਂ ਹੀ ਪੁਲਿਸ ਰਾਜ ਦੀਆਂ ਹੱਦਾਂ ਤੋਂ ਪਾਰ ਜਾ ਕੇ ਕਿਸੇ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦੀ ਹੈ ਜਾਂ ਇਥੋਂ ਤੱਕ ਕਿ ਉਸ ਨੂੰ ਮਾਰ ਵੀ ਸਕਦੀ ਹੈ। ਅਜਿਹੀ ਕਾਨੂੰਨੀ ਸੁਰੱਖਿਆ ਪੁਲਿਸ ਨੂੰ ਹੋਰ ਉਤਸ਼ਾਹਿਤ ਕਰੇਗੀ ਜੋ ਪਹਿਲਾਂ ਹੀ ਲੋਕਾਂ ਦੇ ਹੱਕਾਂ ਦਾ ਘਾਣ ਕਰਦੀ ਹੈ। ਕੀ ਅਕਾਲੀ ਸਰਕਾਰ ਰਾਜ ਦੇ ਲੋਕਾਂ ਨੂੰ ਪੁਲਿਸ ਅਧਿਕਾਰੀਆਂ ਦੇ ਖਿਦਮਤਗਾਰ ਬਣਾਉਣ ਜਾ ਰਹੀ ਹੈ?



ਸਰਕਾਰ ਨੇ 'ਰਾਸ਼ਟਰ ਵਿਰੋਧੀ ਤਾਕਤਾਂ' ਜਾਂ 'ਗ਼ੈਰ-ਕਾਨੂੰਨੀ ਸਰਗਰਮੀਆਂ' ਵਰਗੇ ਲਕਬਾਂ ਦੀ ਵਿਆਖਿਆ ਨਹੀਂ ਕੀਤੀ ਹੈ। ਐਡਵੋਕੇਟ ਸ. ਰਾਜਿੰਦਰ ਸਿੰਘ ਚੀਮਾ ਦੀ ਸੋਚਣੀ ਹੈ ਕਿ 'ਇਨ੍ਹਾਂ ਦਾ ਅਰਥ ਜਨਤਕ ਥਾਵਾਂ 'ਤੇ ਸਿਗਰਟ ਪੀਣਾ ਜਾਂ ਲਾਲ ਬੱਤੀ 'ਤੇ ਵਾਹਨ ਨਾ ਰੋਕਣਾ ਵੀ ਹੋ ਸਕਦਾ ਹੈ। ਇਸ ਲਈ ਇਸ ਨੂੰ ਪਰਿਭਾਸ਼ਿਤ ਕਿਉਂ ਨਹੀਂ ਕੀਤਾ ਗਿਆ?' ਇਸ ਵਿਚ ਉਸ ਸਖਸ਼ ਅਤੇ ਉਸ ਦੇ ਪਰਿਵਾਰ ਬਾਰੇ ਕੁਝ ਨਹੀਂ ਕਿਹਾ ਗਿਆ, ਜਿਸ ਨੂੰ ਧਮਕੀ ਮਿਲੀ ਹੋਵੇ। ਇਹ ਕੁਝ ਕੁ ਵੀ.ਆਈ.ਪੀਜ਼ ਨੂੰ ਫਾਇਦਾ ਪਹੁੰਚਾਉਣ ਲਈ ਤਿਆਰ ਕੀਤਾ ਹੋ ਸਕਦਾ ਹੈ।

ਇਸੇ ਤਰ੍ਹਾਂ ਜਨਤਕ ਤੇ ਨਿੱਜੀ ਜਾਇਦਾਦ ਦੀ ਤੋੜ-ਭੰਨ ਨੂੰ ਰੋਕਣ ਸਬੰਧੀ ਬਿੱਲ ਦੀ ਧਾਰਾ 3 ਤਹਿਤ ਸਰਕਾਰ ਨੇ ਸ਼ਾਂਤਮਈ ਵਿਖਾਵਿਆਂ 'ਤੇ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਕੰਮ ਸੀ.ਆਰ.ਪੀ.ਸੀ. ਦੀ ਧਾਰਾ 144 ਦੇ ਤਹਿਤ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਵਿਸ਼ੇਸ਼ ਸੁਰੱਖਿਆ ਗਰੁੱਪ ਬਿੱਲ ਦੀ ਧਾਰਾ 14 ਕਹਿੰਦੀ ਹੈ, 'ਕੋਈ ਵੀ ਕਾਨੂੰਨੀ ਦਾਅਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈਆਂ ਪੁਲਿਸ ਦੇ ਕਿਸੇ ਵੀ ਮੈਂਬਰ ਵਿਰੁਧ ਲਾਗੂ ਨਹੀਂ ਹੋਣਗੀਆਂ, ਜਿਸ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ।' ਜਾਇਦਾਦ ਦੀ ਭੰਨ-ਤੋੜ ਰੋਕੂ ਕਾਨੂੰਨ ਦੀ ਧਾਰਾ 3 ਦੇ ਅਨੁਸਾਰ, 'ਜੇ ਕੋਈ ਵੀ ਸ਼ਾਂਤੀਪੂਰਨ ਵਿਖਾਵਾ ਕਰਨਾ ਚਾਹੁੰਦਾ ਹੈ, ਉਸ ਨੂੰ ਇਜਾਜ਼ਤ ਲੈਣ ਲਈ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਅਰਜ਼ੀ ਦੇਣੀ ਪਵੇਗੀ।' ਉਹ ਇਸ ਦੀ ਇਜਾਜ਼ਤ ਦੇ ਵੀ ਸਕਦਾ ਹੈ, ਨਹੀਂ ਵੀ ਦੇ ਸਕਦਾ। ਕਿੰਨਾ ਹਾਸੋਹੀਣਾ ਕਦਮ ਹੈ। ਵਿਸ਼ੇਸ਼ ਸੁਰੱਖਿਆ ਗਰੁੱਪ ਬਿੱਲ ਦੀ ਧਾਰਾ 14 ਪੁਲਿਸ ਨੂੰ (ਕਾਨੂੰਨੀ) ਸੁਰੱਖਿਆ ਪ੍ਰਦਾਨ ਕਰਦੀ ਹੈ।

ਇਹ ਬਿੱਲ ਲੋਕਾਂ ਦੇ ਮੁਢਲੇ, ਸਿਆਸੀ ਅਤੇ ਨਾਗਰਿਕ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਹਰੇਕ ਸ਼ਹਿਰੀ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦੀ ਮਿਲੀ ਆਜ਼ਾਦੀ ਵੀ ਇਸ ਨਾਲ ਖਤਰੇ 'ਚ ਪੈ ਜਾਵੇਗੀ। ਇਥੋਂ ਤੱਕ ਕਿ ਜੇ ਅਗਲੀ ਸਰਕਾਰ ਕਾਂਗਰਸ ਦੀ ਬਣ ਜਾਂਦੀ ਹੈ ਤਾਂ ਅਕਾਲੀ ਦਲ ਲਈ ਆਪਣੇ ਹੀ ਬੀਜੇ ਕੰਡਿਆਂ 'ਤੇ ਤੁਰਨਾ ਔਖਾ ਹੋ ਜਾਵੇਗਾ। ਇਹ ਬਿੱਲ ਉਦੋਂ ਸਾਹਮਣੇ ਲਿਆਂਦੇ ਗਏ ਹਨ ਜਦੋਂ ਭਾਰਤ ਦੇ ਸਾਰੇ ਆਮ ਲੋਕ ਹਥਿਆਰਬੰਦ ਫੌਜਾਂ ਨੂੰ ਵਿਸ਼ੇਸ਼ ਸ਼ਕਤੀਆਂ ਪ੍ਰਦਾਨ ਕਰਨ ਵਾਲੇ ਕਾਨੂੰਨ ਦਾ ਵਿਰਧ ਕਰ ਰਹੇ ਹਨ।

ਬਦਕਿਸਮਤੀ ਨਾਲ ਅਕਾਲੀਆਂ ਨੇ ਵੱਖਰੇ ਨਾਂ ਹੇਠ ਉਹ ਸ਼ਕਤੀਆਂ ਪੁਲਿਸ ਨੂੰ ਦੇ ਦਿੱਤੀਆਂ। ਵਿਸ਼ੇਸ਼ ਸੁਰੱਖਿਆ ਗਰੁੱਪ ਬਿੱਲ ਸੰਯੁਕਤ ਰਾਸ਼ਟਰ ਦੇ ਨਾਗਰਿਕ ਤੇ ਸਿਆਸੀ ਅਧਿਕਾਰਾਂ ਸਬੰਧੀ ਮਸੌਦੇ ਵਿਚ ਨਿਰਧਾਰਿਤ ਮਾਪਦੰਡਾਂ ਦੀ ਵੀ ਉਲੰਘਣਾ ਕਰੇਗਾ।

ਇਹ ਹੈਰਾਨੀ ਵਾਲੀ ਹੀ ਨਹੀਂ, ਸਗੋਂ ਸਦਮੇ ਵਾਲੀ ਗੱਲ ਹੈ ਕਿ ਅਕਾਲੀ ਜੋ ਕਿਸੇ ਵੀ ਦਮਨਕਾਰੀ ਕਾਨੂੰਨ ਵਿਰੁਧ ਮੂਹਰੇ ਹੋ ਕੇ ਲੜਦੇ ਰਹੇ ਹਨ, ਅਜਿਹੇ ਕਾਨੂੰਨ ਬਣਾ ਰਹੇ ਹਨ ਤੇ ਉਹ ਵੀ ਉਦੋਂ ਜਦੋਂ ਰਾਜ ਵਿਚ ਸ਼ਾਂਤਮਈ ਤੇ ਜਮਹੂਰੀ ਲਹਿਰਾਂ ਜੜ੍ਹਾਂ ਫੜ ਰਹੀਆਂ ਹਨ। ਦਸੰਬਰ, 1920 ਵਿਚ ਆਪਣੇ ਜਨਮ ਤੋਂ ਲੈ ਕੇ ਅਕਾਲੀ ਦਲ ਹਰ ਤਰ੍ਹਾਂ ਦੇ ਤਾਨਾਸ਼ਾਹੀ ਅਮਲਾਂ ਵਿਰੁਧ ਹਮੇਸ਼ਾ ਜ਼ੋਰਦਾਰ ਢੰਗ ਨਾਲ ਲੜਦਾ ਰਿਹਾ ਹੈ। ਇਸ ਦਾ ਇਤਿਹਾਸ ਸ਼ਾਨਦਾਰ ਸੰਘਰਸ਼ਾਂ, ਜਿਨ੍ਹਾਂ ਵਿਚ ਅਕਾਲੀਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ, ਪੁਲਿਸ ਦੇ ਹੱਥੋਂ ਡੰਡੇ ਖਾਧੇ, ਲੰਮੀਆਂ ਜੇਲ੍ਹਾਂ ਕੱਟੀਆਂ ਤੇ ਜਾਨਾਂ ਵੀ ਵਾਰੀਆਂ, ਨਾਲ ਭਰਿਆ ਹੋਇਆ ਹੈ। ਗੁਰੂ ਕਾ ਬਾਗ ਮੋਰਚਾ, ਗੁਰਦੁਆਰਾ ਸੁਧਾਰ ਲਹਿਰ ਤੋਂ ਲੈ ਕੇ ਪੰਜਾਬੀ ਸੂਬਾ ਮੋਰਚਾ, 1975 ਵਿਚ ਐਮਰਜੈਂਸੀ ਵਿਰੁਧ ਲੜਨ ਤੋਂ ਇਲਾਵਾ ਬਾਅਦ ਵਿਚ ਕੀਤੇ ਗਏ ਕਈ ਹੋਰ ਸੰਘਰਸ਼ਾਂ ਵਿਚ ਵੀ ਅਕਾਲੀਆਂ ਨੇ ਆਪਣੀ ਸ਼ਾਨ ਸਥਾਪਿਤ ਕੀਤੀ। ਸ਼੍ਰੋਮਣੀ ਅਕਾਲੀ ਦਲ ਵਲੋਂ ਅਨੇਕਾਂ ਅਜਿਹੇ ਮਤੇ ਪਾਸ ਕੀਤੇ ਗਏ ਜੋ ਇਸ ਕਿਸਮ ਦੇ ਦਮਨਕਾਰੀ ਕਾਨੂੰਨਾਂ ਦੇ ਵਿਰੁਧ ਪ੍ਰਭਾਵੀ ਰੂਪ 'ਚ ਬੋਲਦੇ ਸਨ। ਅਕਾਲੀ ਅਜਿਹੇ ਕਾਨੂੰਨਾਂ ਤੋਂ ਘਿਰਣਾ ਕਰਦੇ ਰਹੇ ਹਨ। ਇਸ ਦੇ ਬਾਵਜੂਦ ਉਹ ਅਜਿਹੇ ਕਾਨੂੰਨਾਂ ਨੂੰ ਲਾਗੂ ਕਰ ਰਹੇ ਹਨ। ਇਹ ਨਵਾਂ ਰੁਝਾਨ ਕਿੰਨਾ ਅਜੀਬ ਤੇ ਖਤਰਨਾਕ ਹੈ।

# ਡਿਗਰੀਆਂ ਤੇ ਸ਼ਾਇਰੀ ਨਾਲੋਂ ਸਿਆਸੀ ਤਜਰਬਾ ਜਰੂਰੀ

**-ਈਸ਼ਵਰ ਡਾਵਰਾ**

ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਜਿਨ੍ਹਾਂ ਦੀ ਪਛਾਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਵਜੋਂ ਹੈ, ਬਹੁਤ ਆਲਮ-ਫਾਜ਼ਿਲ, ਦੂਨ ਸਕੂਲ ਤੋਂ ਪੜ੍ਹੇ ਹਨ ਤੇ ਉਨ੍ਹਾਂ ਨੇ ਯੂ.ਕੇ. ਤੋਂ ਵਕਾਲਤ ਦੀ ਡਿਗਰੀ ਲਈ ਹੈ। ਪੜ੍ਹਾਈ-ਲਿਖਾਈ ਤੋਂ ਬਾਅਦ ਉਨ੍ਹਾਂ ਨੇ ਲੋਕਾਂ ਦੀ ਸੇਵਾ ਦਾ ਬੀੜਾ ਚੁੱਕਿਆ ਤਾਂ ਸਭ ਤੋਂ ਸੌਖਾ ਰਾਹ ਆਪਣੀ ਖਾਨਦਾਨੀ ਵਿਰਾਸਤ ਤੋਂ ਮਿਲੀ ਸਿਆਸਤ ਨੂੰ ਅਪਣਾ ਲਿਆ। ਕੋਈ ਖਾਸ ਮੁਸ਼ਕਿਲ ਨਹੀਂ ਹੋਈ। ਉਹ ਵਿਧਾਨ ਸਭਾ ਹਲਕੇ ਗਿੱਦੜਬਾਹਾ ਤੋਂ ਆਸਾਨੀ ਨਾਲ ਚੋਣ ਜਿੱਤ ਗਏ ਅਤੇ ਜਿਵੇਂ ਸੁਖਬੀਰ ਬਾਦਲ ਉਪ ਮੁੱਖ ਮੰਤਰੀ ਬਣੇ, ਉਸੇ ਸੁਭਾਵਿਕਤਾ ਨਾਲ ਆਪਣੇ ਤਾਇਆ ਜੀ ਦੇ ਆਸ਼ੀਰਵਾਦ ਨਾਲ ਮਨਪ੍ਰੀਤ ਵੀ ਪੰਜਾਬ ਦੇ ਵਿੱਤ ਮੰਤਰੀ ਬਣ ਗਏ। ਜੇ ਸੁਖਬੀਰ ਦਾ ਸਿਆਸੀ ਰਾਹ ਖਾਨਦਾਨੀ ਵਿਰਾਸਤ ਨੇ ਪੱਧਰਾ ਕੀਤਾ ਤਾਂ ਮਨਪ੍ਰੀਤ ਵੀ ਕੁਨਬਾਪ੍ਰਸਤੀ ਦੇ ਰਸਤੇ ਹੀ ਇੱਥੋਂ ਤਕ ਪਹੁੰਚੇ, ਜਿੱਥੋਂ ਤਕ ਪਹੁੰਚਣ ਲਈ ਬਹੁਤ ਜ਼ਿਆਦਾ ਪਾਪੜ ਵੇਲਣੇ ਪੈਂਦੇ ਹਨ ਤੇ ਪਹੁੰਚਦੇ-ਪਹੁੰਚਦੇ ਜਵਾਨੀ ਲੰਘ ਜਾਂਦੀ ਹੈ।

ਮੰਤਰੀ ਅਹੁਦਾ ਗੁਆ ਕੇ ਮਨਪ੍ਰੀਤ ਬਾਦਲ ਆਪਣਾ ਅਕਸ ਇਕ ਦੁਖੀ ਆਦਮੀ ਵਾਲਾ ਬਣਾਉਣ 'ਚ ਕੁਝ ਹੱਦ ਤੱਕ ਸਫਲ ਰਹੇ ਹਨ। ਜੋ ਕੁਝ ਹੁਣ ਤੱਕ ਉਨ੍ਹਾਂ ਦੇ ਅਤੇ ਸੱਤਾਧਾਰੀ ਬਾਦਲ ਪਰਿਵਾਰ ਦਰਮਿਆਨ ਹੋਇਆ ਹੈ, ਉਹ ਖੁਸ਼ਕਿਸਮਤੀ ਨਾਲ ਸ਼ੁਰੂ ਤੋਂ ਹੀ ਉਨ੍ਹਾਂ ਦੀ ਲਿਖੀ 'ਸਕ੍ਰਿਪਟ' ਅਨੁਸਾਰ ਹੈ। ਸੀਨੀਅਰ ਬਾਦਲ ਕੈਂਪ ਦੀ ਜਲਦਬਾਜ਼ੀ ਨੇ ਮਨਪ੍ਰੀਤ ਨੂੰ 'ਐਜ' ਦੇ ਦਿੱਤਾ ਹੈ ਅਤੇ ਕਾਫੀ ਲੋਕਾਂ ਦੀ ਹਮਦਰਦੀ ਉਨ੍ਹਾਂ ਦੇ ਨਾਲ ਹੈ। ਕਿਹਾ ਜਾ ਰਿਹਾ ਹੈ ਕਿ ਦੇਖੋ ਇਕ ਕਾਬਲ ਅਤੇ ਚੰਗੇ ਪੜ੍ਹੇ-ਲਿਖੇ ਨੌਜਵਾਨ ਨੇਤਾ ਦੀ ਕਿੰਨੀ ਬੇਕਦਰੀ ਹੋ ਰਹੀ ਹੈ। ਇਹ ਵੀ ਸੁਣਿਆ ਹੈ ਕਿ ਉਨ੍ਹਾਂ ਦੀ ਕਾਬਲੀਅਤ ਦਾ ਸਬੂਤ ਇਹ ਹੈ ਕਿ ਉਹ ਗੱਲ-ਗੱਲ 'ਤੇ ਉਰਦੂ ਦੇ ਸ਼ੇਅਰ ਬੋਲਦੇ ਹਨ, ਅਰਥ-ਸ਼ਾਸਤਰ ਦੀ ਭਾਸ਼ਾ ਬੋਲਦੇ ਹਨ ਤੇ ਪੱਤਰਕਾਰਾਂ ਨਾਲ ਸ਼ੁਰੂ ਤੋਂ ਹੀ ਸਹਿਜ ਰੂਪ 'ਚ ਇੰਟਰਵਿਊ ਵਗੈਰਾ ਕਰਕੇ ਆਪਣਾ ਸਿਆਸੀ ਕੱਦ ਬਣਾਉਂਦੇ ਰਹੇ ਹਨ। ਆਪਣੇ ਆਪ 'ਚ ਇਹ ਖੂਬੀਆਂ ਘੱਟ ਨਹੀਂ ਹਨ ਪਰ ਸਿਆਸੀ ਯੋਗਤਾ ਇਥੇ ਹੀ ਖਤਮ ਨਹੀਂ ਹੁੰਦੀ। ਵੱਡੇ ਬਾਦਲ ਸਾਹਿਬ ਦਾ ਸਬਸਿਡੀ-ਪ੍ਰੇਮ, ਵਿੱਤ ਮੰਤਰੀ ਦੇ ਫਰਜ਼ ਦੇ ਸਿਰਫ ਇਕ ਹਿੱਸੇ ਵਿਚ ਰੁਕਾਵਟ ਪਾਉਂਦਾ ਹੋਵੇਗਾ, ਬਾਕੀ ਖੇਤਰ ਤਾਂ ਉਨ੍ਹਾਂ ਦੇ ਸਾਹਮਣੇ ਹੀ ਸਨ ਜਿਵੇਂ ਪ੍ਰਸ਼ਾਸਨਿਕ ਸੁਧਾਰ, ਵਿੱਤ ਵਿਭਾਗ 'ਚੋਂ ਭ੍ਰਿਸ਼ਟਾਚਾਰ ਹਟਾਉਣਾ ਅਤੇ ਵਿਭਾਗ ਦੀ ਕਾਰਗੁਜ਼ਾਰੀ ਨੂੰ 'ਸਟ੍ਰੀਮ ਲਾਈਨ' ਕਰਨਾ। ਪਰ ਇਥੇ ਵਿੱਤ ਮੰਤਰੀ ਜੀ ਨੇ ਕੀ ਕੀਤਾ?

# ਸਾਰੇ ਪੱਖਾਂ ਤੋਂ ਖੋਖਲੀ ਹੈ ਭਾਰਤ ਦੀ ਜਮਹੂਰੀਅਤ

**ਅਰੁੰਧਾਤੀ ਰਾਇ ਦੇ ਵਿਚਾਰਾਂ ਦੇ ਪ੍ਰਸੰਗ ਵਿਚ**

**ਕੰਵਰਜੀਤ ਸਿੰਘ**

ਅਰੁੰਧਾਤੀ ਰਾਇ ਇਕ ਤੇਜ਼ ਤਰਾਰ ਚਿੰਤਕ ਹੈ। ਸਿਆਸਤ ਤੇ ਸਮਾਜ ਬਾਰੇ ਉਸਦੀਆਂ ਟਿੱਪਣੀਆਂ ਤਲਖ ਪਰ ਸੱਚੀਆਂ ਹੁੰਦੀਆਂ ਹਨ। ਹਮੇਸ਼ਾ ਹੀ ਹਾਸ਼ੀਆਗ੍ਰਸਤ ਲੋਕਾਂ ਦੇ ਹੱਕ ਵਿਚ ਖੜੋ ਕੇ ਗੱਲ ਕਰਨ ਵਾਲੀ ਅਰੁੰਧਾਤੀ ਸਾਰੇ ਵਿਸ਼ਵ ਵਿਚ ਆਪਣੀ ਵਿਲੱਖਣ ਪਹਿਚਾਣ ਰੱਖਦੀ ਹੈ। ਆਪਣੇ ਪਹਿਲੇ ਹੀ ਨਾਵਲ 'ਦੀ ਗਾਡ ਆਫ ਸਮਾਲ ਥਿੰਗਜ਼' ਲਈ ਵੱਕਾਰੀ ਬੁੱਕਰ ਐਵਾਰਡ ਜਿੱਤ ਲੈਣ ਵਾਲੀ ਅਰੁੰਧਾਤੀ ਨੇ ਫੇਰ ਪਿੱਛੇ ਮੁੜ ਕੇ ਨਹੀਂ ਦੇਖਿਆ। ਆਪਣੇ ਨਾਵਲ ਦੇ ਨਾਂ ਦੇ ਪੰਜਾਬੀ ਅਰਥਾਂ 'ਨਿਤਾਣਿਆਂ ਦੇ ਤਾਣ' ਵਾਂਗ ਹੀ ਉਹ ਹਮੇਸ਼ਾ ਦੱਬੇ-ਕੁਚਲੇ ਤੇ ਸਭ ਪਾਸਿਓਂ ਹੀਣੇ ਕਰ ਦਿੱਤੇ ਗਏ ਲੋਕਾਂ ਦੇ ਹੱਕ ਵਿਚ ਨੰਗੇ ਧੜ ਜੂਝਦੀ ਆ ਰਹੀ ਹੈ। ਉਸਦੇ ਲੇਖਾਂ, ਭਾਸ਼ਨਾਂ ਅਤੇ ਚੈਨਲਾਂ 'ਤੇ ਇੰਟਰਵਿਊਆਂ ਨੇ ਉਸਨੂੰ ਬੇਬਾਕ ਟਿੱਪਣੀਕਾਰ ਵਜੋਂ ਪਹਿਚਾਣ ਦਿੱਤੀ ਹੈ। ਬਹੁਤੇ ਲੇਖਕਾਂ ਲਈ ਮੀਲ ਪੱਥਰ ਦਾ ਰੁਤਬਾ ਰੱਖਣ ਵਾਲਾ ਸਾਹਿਤ ਅਕਾਦਮੀ ਐਵਾਰਡ ਉਸਨੇ ਬਿਨਾਂ ਝਿਜਕ ਹੀ ਇਹ ਕਹਿ ਕੇ ਠੁਕਰਾ ਦਿੱਤਾ ਕਿ ਜਿਹੜੀ ਸਰਕਾਰ ਦੀਆਂ ਨੀਤੀਆਂ ਤੇ ਵਿਚਾਰਾਂ ਦਾ ਉਹ ਵਿਰੋਧ ਕਰਦੀ ਹੈ, ਉਸ ਤੋਂ ਹੀ ਸਨਮਾਨ ਲੈਣ ਉਸਨੂੰ ਗਵਾਰਾ ਨਹੀਂ।

ਬੀਤੇ ਦਿਨੀਂ ਅਰੁੰਧਾਤੀ ਰਾਇ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਚ ਆਪ੍ਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ ਦੇ ਸੱਦੇ 'ਤੇ ਕਨਵੈਨਸ਼ਨ ਨੂੰ ਸੰਬੋਧਨ ਕਰਨ ਲਈ ਆਈ। ਪੰਜਾਬ ਦੇ ਲੋਕਾਂ ਵਲੋਂ ਅਰੁੰਧਾਤੀ ਦਾ ਬਹੁਤ ਵਧੀਆ ਸਵਾਗਤ ਹੋਇਆ ਜਿਸ ਦਾ ਪਤਾ ਭਾਸ਼ਨ ਸੁਣਨ ਲਈ ਵੱਡੀ ਤਾਦਾਦ ਵਿਚ ਆਏ ਸਰੋਤਿਆਂ ਤੋਂ ਵੀ ਲਗਦਾ ਹੈ। ਉਸ ਵਲੋਂ ਆਪਣੇ ਭਾਸ਼ਨ ਦੌਰਾਨ ਪ੍ਰਗਟਾਏ ਵਿਚਾਰਾਂ ਦੀ ਹਰ ਵਰਗ ਤੇ ਹਰ ਵਿਚਾਰਧਾਰਾ ਦੇ ਸਰੋਤੇ ਵਲੋਂ ਸ਼ਲਾਘਾ ਹੀ ਸੁਣਨ ਨੂੰ ਮਿਲੀ। ਸਮੁੱਚੇ ਭਾਸ਼ਨ ਦੌਰਾਨ ਅਰੁੰਧਾਤੀ ਨੇ ਛੱਤੀਸਗੜ੍ਹ ਦੇ ਜੰਗਲਾਂ ਵਿਚ ਚਲਾਏ ਜਾ ਰਹੇ ਆਪ੍ਰੇਸ਼ਨ ਗ੍ਰੀਨ ਹੰਟ ਨੂੰ ਪੰਜਾਬ ਦੇ ਸੰਦਰਭ ਨਾਲ ਜੋੜ ਕੇ ਗੱਲ ਕੀਤੀ। ਕਈ ਥਾਈਂ ਅੰਗਰੇਜ਼ੀ ਦੇ ਸ਼ਬਦ ਵਰਤਦੇ ਹੋਏ, ਸਰਲ ਹਿੰਦੀ ਵਿਚ ਦਿੱਤੇ ਭਾਸ਼ਨ ਦੌਰਾਨ ਅਰੁੰਧਾਤੀ ਨੇ ਬਿਲਕੁਲ ਸਹਿਜ ਤੇ ਸੰਖੇਪਤਾ ਨਾਲ ਸਮੁੱਚੇ ਮਸਲੇ ਦੀ ਪੇਸ਼ਕਾਰੀ ਕੀਤੀ। ਇਸ ਦੌਰਾਨ ਉਨ੍ਹਾਂ ਵਲੋਂ ਜੋ ਕੁਝ ਵੀ ਕਿਹਾ ਗਿਆ, ਉਹ ਬਹੁਤ ਮਹੱਤਵਪੂਰਨ ਹੈ। ਸਿਰਫ ਸਥਾਨਕ ਜਾਂ ਕੌਮੀ ਪੱਧਰ 'ਤੇ ਹੀ ਨਹੀਂ, ਸਗੋਂ ਕੌਮਾਂਤਰੀ ਪੱਧਰ 'ਤੇ ਵੀ ਵੱਖ-ਵੱਖ ਮਸਲਿਆਂ ਉਪਰ ਅਰੁੰਧਾਤੀ ਦੀਆਂ ਸਟੀਕ ਟਿੱਪਣੀਆਂ ਬਹੁਤ ਡੂੰਘੇ ਅਰਥ ਰੱਖਦੀਆਂ ਹਨ।

ਆਪ੍ਰੇਸ਼ਨ ਗ੍ਰੀਨ ਹੰਟ ਨੂੰ ਉਨ੍ਹਾਂ ਪੰਜਾਬ ਵਿਚ ਕਈ ਦਹਾਕੇ ਪਹਿਲਾਂ ਆਏ ਤੇ ਇਕ ਨਿਆਮਤ ਵਜੋਂ ਪ੍ਰਚਾਰੇ ਜਾਂਦੇ ਹਰੇ ਇਨਕਲਾਬ ਦਾ ਹੀ ਵਿਸਥਾਰ ਦਸਦਿਆਂ ਕਿਹਾ ਕਿ ਲੋਕਾਂ ਦੇ ਸਿਰ ਉਪਰ ਬਾਜ਼ਾਰ ਦੀ ਸੱਤਾ ਦਾ ਪ੍ਰਕੋਪ ਹੀ ਅਪ੍ਰੇਸ਼ਨ ਗ੍ਰੀਨ ਹੰਟ ਹੈ। ਉਨ੍ਹਾਂ ਕਿਹਾ, "ਇਸ ਆਪ੍ਰੇਸ਼ਨ ਤਹਿਤ ਉਚ ਜਾਤੀ ਹਿੰਦੂ ਸਟੇਟ ਵਲੋਂ ਦਲਿਤਾਂ, ਕਸ਼ਮੀਰੀਆਂ, ਮਨੀਪੁਰੀਆਂ ਤੇ ਕਬਾਇਲੀਆਂ ਆਦਿ ਬਹੁਤ ਸਾਰੀਆਂ ਘੱਟਗਿਣਤੀਆਂ ਤੇ ਪਛੜੇ ਵਰਗਾਂ ਖਿਲਾਫ ਲੜਾਈ ਲੜੀ ਜਾ ਰਹੀ ਹੈ। ਭਾਰਤੀ ਰਾਜ ਦੇ ਖਾਸੇ ਦਾ ਵਿਸ਼ਲੇਸ਼ਣ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਹੀ ਲੋਕਾਂ ਵਿਰੁਧ ਨਿਰੰਤਰ ਲੰਬੀ ਜੰਗ ਲੜ ਰਹੀ ਹੈ। ਉਨ੍ਹਾਂ ਪੂਰੇ ਦੇਸ਼ ਵਿਚ ਵੱਖ-ਵੱਖ ਸੂਬਿਆਂ ਅੰਦਰ ਭਾਰਤੀ ਫੌਜ ਵਲੋਂ ਕੀਤੇ ਗਏ ਹਮਲਿਆਂ ਦਾ ਵੀ ਹਵਾਲਾ ਦਿੱਤਾ। ਭਾਰਤੀ ਰਾਜ ਦੇ ਸਾਰੇ ਸੰਦਰਭਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਰਾਜ ਤਾਂ ਹਿੰਦੂਤਵ ਤੇ ਕਾਰਪੋਰੇਟ ਜਗਤ ਨੇ ਡੇਗ ਦਿੱਤਾ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਅੰਦਰ ਦਰਜ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਲੋਕਤੰਤਰੀ ਗਣਤੰਤਰ ਦੀ ਥਾਂ ਇਹ ਹੁਣ ਉਚ ਵਰਗੀ, ਉਚ ਜਾਤੀ, ਕਾਰਪੋਰੇਟ ਹਿੰਦੂ ਗਣਤੰਤਰ ਬਣ ਗਿਆ ਹੈ।

ਮੌਜੂਦਾ ਆਪ੍ਰੇਸ਼ਨ ਗ੍ਰੀਨ ਹੰਟ ਨੂੰ ਉਨ੍ਹਾਂ ਨਸਲਕੁਸ਼ੀ ਗਰਦਾਨਦਿਆਂ ਕਿਹਾ ਕਿ ਆਦਿਵਾਸੀਆਂ ਨੂੰ ਪਿੰਡਾਂ 'ਚੋਂ ਕੱਢ ਕੇ ਸੜਕ ਕਿਨਾਰੇ ਬਣੇ ਪੁਲਿਸ ਕੈਂਪਾਂ ਵਿਚ ਧੱਕਿਆ ਜਾ ਰਿਹਾ ਹੈ। ਇਹ ਤਰੀਕਾ 'ਪਹਿਲਾਂ ਅੰਗਰੇਜ਼ਾਂ ਨੇ ਮਲੇਸ਼ੀਆ ਵਿਚ ਵਰਤਿਆ ਸੀ, ਇਹੀ ਢੰਗ 1947 ਤੋਂ ਬਾਅਦ ਭਾਰਤ ਸਰਕਾਰ ਨੇ ਉਤਰ-ਪੂਰਬ ਵਿਚ ਵਰਤਿਆ ਤੇ ਹੁਣ ਇਹੀ ਕਬਾਇਲੀਆਂ 'ਤੇ ਵਰਤਿਆ ਜਾ ਰਿਹਾ ਹੈ। ਮੱਧ ਤੇ ਉਚ ਵਰਗ ਨੇ ਆਪਣੀ ਹੀ ਕਲਪਨਾ ਦਾ ਦੇਸ਼ ਬਣਾ ਲਿਆ ਹੈ। ਉਹ ਸਭ ਕੁਝ ਖੋਹਣਾ ਚਾਹੁੰਦੇ ਹਨ ਤੇ ਖੋਹ ਰਹੇ ਹਨ। ਲੋਕ ਆਪਣੇ ਕੋਲ ਬਚੀ ਥੋੜ੍ਹੀ-ਥੋੜ੍ਹੀ ਜ਼ਮੀਨ ਲਈ ਜਦੋਜਹਿਦ ਕਰ ਰਹੇ ਹਨ, ਸਰਕਾਰ ਤਾਂ ਵੀ ਨਹੀਂ ਮੰਨ ਰਹੀ ਭਾਵੇਂਕਿ ਇਨਕਲਾਬ ਕਹਿ ਰਿਹਾ ਹੈ ਕਿ ਜੋ ਹੈ, ਉਹ ਨਾ ਖੋਹੋ, ਹੋਰ ਭਾਵੇਂ ਨਾ ਦਿਓ। ਵਿਕਾਸ ਤੇ ਨਸਲਕੁਸ਼ੀ ਦਾ ਨੇੜਲਾ ਰਿਸ਼ਤਾ ਹੈ। ਭਾਰਤ ਵਿਚ ਵੀ ਜੋ ਵਿਕਾਸ ਦਾ ਰੌਲਾ ਪੈ ਰਿਹਾ ਹੈ, ਉਸ ਦੀ ਆੜ ਹੇਠ ਨਸਲਕੁਸ਼ੀ ਹੋ ਰਹੀ ਹੈ। ਨਸਲਕੁਸ਼ੀ ਸਿਰਫ ਹਿਟਲਰ ਦੇ ਗੈਸ ਚੈਂਬਰ ਵਿਚ ਹੀ ਨਹੀਂ ਹੋਈ ਸਗੋਂ ਭਾਰਤ ਵਿਚ ਲੋਕਾਂ ਨੂੰ ਉਨ੍ਹਾਂ ਦੀ ਭਾਸ਼ਾ, ਸੱਭਿਆਚਾਰ ਤੇ ਕੁਦਰਤੀ ਸੋਮਿਆਂ ਤੋਂ ਵੱਖ ਕਰਕੇ ਮਾਰਿਆ ਜਾ ਰਿਹਾ ਹੈ। ਦੇਸ਼ ਦੇ ਸਭ ਤੋਂ ਵੱਧ ਗਰੀਬ ਲੋਕਾਂ ਨੂੰ ਸੈਨਾ ਘੇਰ ਚੁੱਕੀ ਹੈ ਪਰ ਲੋਕ ਚੁੱਪ ਹਨ, ਕੋਈ ਕੁਝ ਨਹੀਂ ਕਰ ਰਿਹਾ। ਜਦਕਿ ਬੋਲਣ ਦੀ ਲੋੜ ਹੈ।

ਸੰਸਾਰ ਪੱਧਰ 'ਤੇ ਵਾਪਰੀਆਂ ਤਬਦੀਲੀ ਦੇ ਪ੍ਰਸੰਗ ਵਿਚ ਉਨ੍ਹਾਂ ਹੋਰ ਕਿਹਾ ਕਿ ਜਦੋਂ ਸੰਸਾਰ ਵਿਚ ਤਾਕਤਾਂ ਦਾ ਸੰਤੁਲਨ ਇਕ ਪਾਸੇ ਝੁੱਕਿਆ ਤਾਂ ਭਾਰਤ ਵੀ ਵਿਸ਼ਵ ਤਾਕਤ ਬਣਨ ਦੇ ਰਾਹ ਤੁਰ ਪਿਆ। ਹੁਣ ਸਿੱਟਾ ਇਹ ਹੈ ਕਿ ਭਾਰਤੀ ਰਾਜਨੀਤੀਵਾਨ, ਵਿਸ਼ਵ ਸ਼ਕਤੀ ਅੱਗੇ ਨੌਕਰਾਂ ਦੀ ਤਰ੍ਹਾਂ ਮੱਥਾ ਟੇਕਦੇ ਹਨ। ਇਕ ਧਰੁਵੀ ਸੰਸਾਰ ਬਣਨ 'ਤੇ ਭਾਰਤ ਨੇ ਵਿਸ਼ਵ ਸਰਮਾਏ ਨੂੰ ਜੀ ਆਇਆਂ ਆਖੀ ਤੇ ਉਦੋਂ ਹੀ ਬਾਬਰੀ ਮਸਜਿਦ ਢਾਹੀ ਗਈ ਜਿਸ ਦੇ ਸਿੱਟੇ ਵਜੋਂ ਆਰਥਿਕ ਸਰਵੱਸਤਾਵਾਦ ਅਤੇ ਹਿੰਦੂ ਫਾਸ਼ੀਵਾਦ ਉਭਰਿਆ ਤੇ ਇਹ 1990 ਤੋਂ ਬਰਾਬਰ ਚੱਲ ਰਹੇ ਹਨ ਭਾਵੇਂ ਸਰਕਾਰ ਕਾਂਗਰਸ ਦੀ ਹੋਵੇ ਜਾਂ ਭਾਰਤੀ ਜਨਤਾ ਪਾਰਟੀ ਦੀ। ਹਿੰਦੂਤਵ ਤੇ ਬਾਜ਼ਾਰਵਾਦ ਨੇ ਗਰੰਟੀ ਲੈ ਰੱਖੀ ਹੈ ਕਿ ਸਰਕਾਰ ਕੋਈ ਵੀ ਆਏ, ਉਹ ਦੋਵੇਂ ਹੀ ਅਗਵਾਈ ਕਰਨਗੇ। ਇਸ ਦੇ ਪ੍ਰਤੀਕਰਮ ਵਜੋਂ ਇਸਲਾਮੀ ਤੇ ਮਾਓਵਾਦੀ ਅਤਿਵਾਦ ਪੈਦਾ ਹੋਏ।



ਗਾਂਧੀਵਾਦ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭੁੱਖੇ ਮਰਦੇ ਲੋਕਾਂ ਨੂੰ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਉਹ ਭੁੱਖ ਹੜਤਾਲ ਕਰਨ ਅਤੇ ਜਿਨ੍ਹਾਂ ਦੀ ਜੇਬ ਵਿਚ ਪੈਸਾ ਨਹੀਂ ਹੈ, ਉਨ੍ਹਾਂ ਵਲੋਂ ਵਿਦੇਸ਼ੀ ਚੀਜ਼ਾਂ ਦਾ ਬਾਈਕਾਟ ਕਰਨ ਦੀ ਕੋਈ ਤੁਕ ਨਹੀਂ ਹੈ। ਸੰਘਰਸ਼ ਦਾ ਗਾਂਧੀਵਾਦੀ ਢੰਗ ਇਕ ਰਾਜਨੀਤਕ ਰੰਗਮੰਚ ਹੈ ਜਿਸ ਲਈ ਦਰਸ਼ਕਾਂ ਦੀ ਹੋਂਦ ਜ਼ਰੂਰੀ ਹੈ ਪਰ ਜੰਗਲ ਵਿਚ ਦਰਸ਼ਕ ਨਹੀਂ ਹਨ। ਇਸ ਲਈ ਮਾਓਵਾਦੀਆਂ ਨੂੰ ਅਹਿੰਸਾ ਦਾ ਪਾਠ ਪੜ੍ਹਾਉਣਾ ਅਨੈਤਿਕਤਾ ਹੀ ਹੈ।

ਵਿਸ਼ਵ ਉਪਰ ਮੰਡੀ ਦੇ ਮਲਬੇ ਦੀ ਗੱਲ ਕਰਦਿਆਂ ਅਰੁੰਧਾਤੀ ਨੇ ਕਿਹਾ ਕਿ ਚੀਨ ਵੀ ਸਾਮਰਾਜੀ ਰਾਹ 'ਤੇ ਚੱਲ ਪਿਆ ਹੈ ਅਤੇ ਹੁਣ ਉਹ ਮੰਡੀ ਦਾ ਗੁਲਾਮ ਬਣ ਰਿਹਾ ਹੈ। ਇਸ ਵੇਲੇ ਸਿਰਫ 10 ਕਰੋੜ ਕਬਾਇਲੀ ਹੀ ਸਥਿਰ ਜੀਵਨ ਜਾਚ ਅਪਨਾ ਕੇ ਚੱਲ ਰਹੇ ਹਨ, ਜਿਸ ਨੂੰ ਕਾਇਮ ਰੱਖਿਆ ਜਾਣਾ ਜ਼ਰੂਰੀ ਹੈ। ਦੇਸ਼ ਵਿਚ ਨਵੀਆਂ ਆਰਥਿਕ ਨੀਤੀਆਂ ਦੇ ਚਲਦਿਆਂ ਦੱਖਣੀ ਅਫਰੀਕਾ ਦੇ ਸਭ ਤੋਂ ਗਰੀਬ 26 ਦੇਸ਼ਾਂ ਤੋਂ ਜ਼ਿਆਦਾ ਗਰੀਬ ਲੋਕ ਭਾਰਤ ਵਿਚ ਹਨ ਅਤੇ ਦੇਸ਼ ਦੀ 25 ਫੀਸਦੀ ਜਾਇਦਾਦ ਸਿਰਫ 100 ਅਰਬਪਤੀਆਂ ਕੋਲ ਹੈ। ਜਦਕਿ ਦੇਸ਼ ਦੇ 80 ਕਰੋੜ ਲੋਕ ਰੋਜ਼ਾਨਾ 20 ਰੁਪਏ ਨਾਲ ਗੁਜ਼ਾਰਾ ਕਰਨ ਲਈ ਮਜ਼ਬੂਰ ਹਨ। ਤੇ ਇਹੀ ਲੋਕ ਸਰਕਾਰ ਵਲੋਂ ਜਾਤਾਂ-ਧਰਮਾਂ ਦੇ ਨਾਂ 'ਤੇ ਲੜਾਏ ਜਾ ਰਹੇ ਹਨ। ਅਰੁੰਧਾਤੀ ਰਾਇ ਨੇ ਸਪੱਸ਼ਟ ਲਫਜ਼ਾਂ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਕਾਰਪੋਰੇਟ ਜਗਤ ਦੇ ਮੋਹਰੇ ਕਿਹਾ। ਉਨ੍ਹਾਂ ਕਿਹਾ ਕਿ ਚਿਦੰਬਰਮ 50 ਕਰੋੜ ਲੋਕਾਂ ਨੂੰ ਐਨ ਉਸੇ ਤਰ੍ਹਾਂ ਪਿੰਡਾਂ 'ਚੋਂ ਉਜਾੜ ਕੇ ਮਾਰ ਮੁਕਾ ਦੇਣਾ ਚਾਹੁੰਦਾ ਹੈ ਜਿਵੇਂ ਰਾਸ਼ਟਰਮੰਡਲ ਖੇਡਾਂ ਸਮੇਂ ਦਿੱਲੀ ਵਿਚੋਂ ਗਰੀਬ ਹੂੰਝ ਦਿੱਤੇ ਗਏ ਸਨ।

ਅਖੀਰ ਵਿਚ ਉਨ੍ਹਾਂ ਦੇਸ਼ ਅੰਦਰਲੀ ਜਮਹੂਰੀਅਤ ਦੀ ਤਲਖ ਹਕੀਕਤ ਵਿਸਥਾਰ ਨਾਲ ਬਿਆਨਦਿਆਂ ਕਿਹਾ ਕਿ ਸੰਵਿਧਾਨ ਨੂੰ ਬਿਲਕੁੱਲ ਖੋਖਲਾ ਕਰ ਦਿੱਤਾ ਗਿਆ ਹੈ ਤੇ ਉਸਦਾ ਹੁਣ ਕੋਈ ਮਤਲਬ ਨਹੀਂ ਰਹਿ ਗਿਆ। ਨਿਆਂਪਾਲਿਕਾ ਵੀ ਨਿਆਂ ਤੋਂ ਦੂਰ ਹੈ। ਅਯੁੱਧਿਆ ਮਾਮਲੇ ਵਿਚ ਜੱਜਾਂ ਨੇ ਨਿਆਂ ਨਾਲੋਂ ਰਾਜਨੀਤਕ ਬਿਆਨ ਵੱਧ ਦਿੱਤਾ। ਬਿਨਾਂ ਸਬੂਤ ਤੋਂ ਪਾਰਲੀਮੈਂਟ ਹਮਲੇ ਦੇ ਦੋਸ਼ੀ ਕਰਾਰ ਦਿੱਤੇ ਗਏ ਮੁਹੰਮਦ ਅਫਜ਼ਲ ਨੂੰ ਫਾਂਸੀ ਦੀ ਸਜ਼ਾ ਦਿੱਤੀ। ਜੱਜਾਂ ਨੇ ਆਪਣੇ ਫੈਸਲੇ ਲਈ ਤੱਥਾਂ ਤੇ ਸਬੂਤਾਂ ਦੀ ਬਜਾਇ ਸਮਾਜਿਕ ਉਤੇਜਨਾ ਨੂੰ ਆਧਾਰ ਬਣਾ ਕੇ ਨਿਆਂ ਦਾ ਕਤਲ ਕੀਤਾ। ਸਾਰੇ ਜੱਜ ਜਦ ਅੱਗੇ ਹੋ-ਹੋ ਕੇ ਕਹਿ ਰਹੇ ਹੋਣ ਕਿ ਉਨ੍ਹਾਂ ਦੇ ਫਲਾਣੇ ਕੰਪਨੀ ਵਿਚ ਏਨੇ ਸ਼ੇਅਰ ਹਨ ਤੇ ਧਮਕੇ ਵਿਚ ਏਨੇ ਤਾਂ ਨਿਆਂ ਦੀ ਆਸ ਕੀਤੀ ਵੀ ਕਿਵੇਂ ਜਾ ਸਕਦੀ ਹੈ? ਸੰਸਦ ਬਾਰੇ ਤਾਂ ਕਹਿਣਾ ਹੀ ਕੀ ਹੈ? ਕੋਈ ਗਰੀਬ ਆਦਮੀ ਸੰਸਦ ਵਿਚ ਨਹੀਂ ਪਹੁੰਚ ਸਕਦਾ ਸਿਰਫ ਫਿਲਮੀ ਹੀਰੋ ਤੇ ਕਾਰਪੋਰੇਟ ਅਦਾਰੇ ਚੋਣਾਂ ਨੂੰ ਉਤਸ਼ਾਹਿਤ ਕਰਦੇ ਹਨ ਪਰ ਸਿਰਫ ਚੋਣਾਂ ਹੀ ਤਾਂ ਲੋਕਤੰਤਰ ਨਹੀਂ ਹੈ। ਸਭ ਤੋਂ ਵੱਡੇ ਲੋਕਤੰਤਰ ਦੇ ਪ੍ਰਧਾਨ ਮੰਤਰੀ ਅਖਵਾਉਣ ਵਾਲੇ ਮਨਮੋਹਨ ਸਿੰਘ ਨੇ ਅੱਜ ਤੱਕ ਇਕ ਵੀ ਚੋਣ ਨਹੀਂ ਜਿੱਤੀ।

ਲੋਕਤੰਤਰ ਦਾ ਚੌਥਾ ਥੰਮ ਕਹੇ ਜਾਣ ਵਾਲੇ ਮੀਡੀਆ ਉਪਰ ਭਰਵਾਂ ਵਾਰ ਕਰਦਿਆਂ ਉਨ੍ਹਾਂ ਕਿਹਾ ਕਿ ਮੀਡੀਆ ਵੀ ਉਪਰਲੇ ਤਿੰਨਾਂ ਅੰਗਾਂ ਵਾਂਗ ਹੀ ਬਿਲਕੁਲ ਖੋਖਲਾ ਹੋ ਗਿਆ ਹੈ। ਮੀਡੀਆ ਦਾ ਸੌ ਫੀਸਦੀ ਇਸ਼ਤਿਹਾਰ ਕਾਰਪੋਰੇਟ ਜਗਤ ਤੋਂ ਆਉਂਦਾ ਹੈ ਤੇ ਉਹ ਆਪਣੇ ਇਨ੍ਹਾਂ ਆਕਿਆਂ ਦੀ ਹੀ ਖਬਰ ਲਾਉਂਦਾ ਹੈ। ਮੀਡੀਆ ਪੂਰੀ ਤਰ੍ਹਾਂ ਬਾਜ਼ਾਰੂ ਹੋ ਗਿਆ ਹੈ ਤੇ ਵੱਡੇ-ਵੱਡੇ ਅਖਬਾਰ ਆਪਣੇ ਸੰਪਾਦਕੀ ਪੰਨੇ ਤੱਕ ਵੇਚ ਰਹੇ ਹਨ।

ਜਮਹੂਰੀਅਤ ਪੂਰੀ ਤਰ੍ਹਾਂ ਖੋਖਲੀ ਹੋ ਚੁੱਕੀ ਹੈ, ਇਸੇ ਲਈ ਦੇਸ਼ ਨੂੰ ਪੁਲਿਸ ਰਾਜ ਵਿਚ ਬਦਲਿਆ ਜਾ ਰਿਹਾ ਹੈ। ਦੇਸ਼ ਦਾ ਕੁਲੀਨ ਵਰਗ ਮਿਲਟਰੀ ਰਾਜ ਦੀ ਤਿਆਰੀ ਵਿਚ ਹੈ। ਇਸ ਲਈ ਪੁਲਿਸ ਦੀ ਥਾਂ ਫੌਜ ਵਰਤੀ ਜਾ ਰਹੀ ਹੈ ਤੇ ਪੁਲਿਸ ਨੂੰ ਫੌਜ ਬਣਾਇਆ ਜਾ ਰਿਹਾ ਹੈ। ਜਿਵੇਂ ਕਿ ਹੁਣ ਕਸ਼ਮੀਰ ਵਿਚ ਹੈ, ਉਵੇਂ ਹੀ ਛੱਤੀਸਗੜ੍ਹ ਵਿਚ ਹੋਵੇਗਾ ਤੇ ਫਿਰ ਸਾਰੇ ਦੇਸ਼ ਵਿਚ ਹੋਵੇਗਾ। ਨਕਸਲੀ ਇਸ ਖਿਲਾਫ ਲੜ ਰਹੇ ਹਨ ਪਰ ਗੁਰੀਲਾ ਯੁੱਧ ਸਿਰਫ ਜੰਗਲ ਵਿਚ ਹੀ ਸੰਭਵ ਹੈ, ਸੋ ਬਾਕੀ ਥਾਂਵਾਂ 'ਤੇ ਇਸ ਨੂੰ ਮੌਕੇ ਮੁਤਾਬਿਕ ਲੜਾਈ ਦੇਣ ਦੀ ਜ਼ਰੂਰਤ ਹੈ। ਅਲੱਗ-ਅਲੱਗ ਤਰ੍ਹਾਂ ਦੇ ਅੰਦੋਲਨ ਵਿੱਢਣ ਦੀ ਲੋੜ ਹੈ।

ਪੰਜਾਬ ਦੇ ਸੰਦਰਭ ਵਿਚ ਅਰੁੰਧਾਤੀ ਰਾਇ ਨੇ ਕਿਸਾਨਾਂ ਦੇ ਮਸਲੇ ਨੂੰ ਉਭਾਰਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਵਲੋਂ ਜ਼ਮੀਨ ਖੋਹੇ ਜਾਣ ਖਿਲਾਫ ਲੜਾਈ ਆਪ੍ਰੇਸ਼ਨ ਗ੍ਰੀਨ ਹੰਟ ਖਿਲਾਫ ਲੜਾਈ ਹੀ ਹੈ। ਪੰਜਾਬ ਵਿਚ ਹਰੀ ਕ੍ਰਾਂਤੀ ਦੇ ਨਾਂ ਹੇਠ ਹੋਏ ਗ੍ਰੀਨ ਹੰਟ ਨੂੰ ਹੀ ਉਨ੍ਹਾਂ ਇਸ ਖੁਸ਼ਹਾਲ ਸੂਬੇ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਕਾਰਨ ਦੱਸਿਆ। ਉਨ੍ਹਾਂ ਕਿਹਾ ਕਿ ਹੁਣ ਸੰਘਰਸ਼ ਕਰ ਰਹੀਆਂ ਕਿਸਾਨ-ਮਜ਼ਦੂਰ ਜਥੇਬੰਦੀਆਂ ਨੂੰ ਨਕਸਲੀ ਕਿਹਾ ਜਾ ਰਿਹਾ ਹੈ। ਇਸ ਸੰਘਰਸ਼ ਦੇ ਚਲਦਿਆਂ ਜਾਂ ਤਾਂ ਸਰਕਾਰ ਆਪਣੀਆਂ ਨਿੱਜੀਕਰਨ ਤੇ ਉਦਾਰੀਕਰਨ ਵਾਲੀਆਂ ਨੀਤੀਆਂ ਵਾਪਸ ਲਵੇਗੀ ਜਾਂ ਫਿਰ ਫੌਜ ਆਵੇਗੀ। ਉਨ੍ਹਾਂ ਥਾਂ-ਥਾਂ 'ਤੇ ਬੈਠੇ ਲੋਕਾਂ ਨੂੰ ਥੋਪੇ ਜਾ ਰਹੇ ਬਾਜ਼ਾਰਵਾਦ ਖਿਲਾਫ ਸੰਘਰਸ਼ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਲਈ ਦਾਂਤੇਵਾੜਾ ਜਾਣ ਦੀ ਲੋੜ ਨਹੀਂ, ਨਾ ਹੀ ਭੁੱਖ ਹੜਤਾਲ ਦੀ ਲੋੜ ਹੈ। ਆਪੋ ਆਪਣੇ ਖੇਤਰਾਂ ਵਿਚ ਰਹਿ ਕੇ ਆਵਾਜ਼ ਉਠਾਉਣ ਅਤੇ ਲਾਮਬੰਦੀ ਦੀ ਲੋੜ ਹੈ।

ਇਸ ਬੇਬਾਕ ਬੁੱਧੀਜੀਵੀ ਵਲੋਂ ਜਿਸ ਸਪੱਸ਼ਟਤਾ ਨਾਲ ਭਾਰਤ ਦੇ ਅੰਦਰੂਨੀ ਕੁਹਜ ਨੂੰ ਨੰਗਾ ਕੀਤਾ ਗਿਆ, ਉਹ ਵੱਡੇ ਜੇਰੇ ਦਾ ਕੰਮ ਹੈ। ਪੂਰੇ ਭਾਸ਼ਨ ਦੌਰਾਨ ਜ਼ਰਾ ਵੀ ਤੈਸ਼ ਵਿਚ ਆਏ ਬਿਨਾਂ ਕੀਤੀਆਂ ਇਨ੍ਹਾਂ ਟਿੱਪਣੀਆਂ ਤੋਂ ਸੌਖੀਆਂ, ਸਿੱਧੀਆਂ ਤੇ ਨਰਮ ਟਿੱਪਣੀਆਂ ਅਜੋਕੇ ਮਾੜੇ ਸਮੇਂ ਅੰਦਰ ਸੰਭਵ ਹੀ ਨਹੀਂ। ਤੱਥਾਂ ਤੇ ਭਾਵਨਾਵਾਂ ਦੇ ਆਧਾਰ 'ਤੇ ਇਹ ਲਾਮਿਸਾਲ ਭਾਸ਼ਨ ਸੀ ਜਿਸ ਰਾਹੀਂ ਅਰੁੰਧਾਤੀ ਰਾਇ ਨੇ ਭਾਰਤ ਦੀ ਅਸਲ ਸੱਚਾਈ, ਸੰਵੇਦਨਾ ਅਤੇ ਅਸਲ ਤ੍ਰਾਸਦੀ ਨੂੰ ਪੇਸ਼ ਕੀਤਾ। ਉਨ੍ਹਾਂ ਵਲੋਂ ਪ੍ਰਗਟਾਏ ਖਦਸ਼ਿਆਂ ਦੇ ਸਬੰਧ ਵਿਚ ਚਿੰਤਾ ਕਰਨੀ ਜ਼ਰੂਰੀ ਵੀ ਹੈ ਤੇ ਜਾਇਜ਼ ਵੀ। ਮੂਧੇ ਮੂੰਹ ਵੱਜਦੇ ਜਾ ਰਹੇ ਦੇਸ਼ ਨੂੰ ਚਿੰਬੜੀਆਂ ਦੋ ਬਿਮਾਰੀਆਂ-ਹਿੰਦੂਤਵੀ ਫਾਸੀਵਾਦ ਤੇ ਬਾਜ਼ਾਰਵਾਦ ਦੀ ਸਹੀ ਨਿਸ਼ਾਨਦੇਹੀ ਤੇ ਸਮਝ ਬਗੈਰ ਅੱਗੇ ਕਦਮ ਪੁੱਟਿਆ ਜਾਣਾ ਔਖਾ ਹੈ। ਪੰਜਾਬ ਦੇ ਕਿਸਾਨਾਂ ਦੇ ਮਸਲੇ ਬਾਰੇ ਅਰੁੰਧਾਤੀ ਰਾਇ ਦੇ ਵਿਚਾਰ ਤੇ ਸਮਝ ਏਨੀ ਮੌਲਿਕ ਤੇ ਮੁਕੰਮਲ ਸੀ ਕਿ ਪੰਜਾਬ ਦੇ ਬਹੁਤੇ ਅਖੌਤੀ ਬੁੱਧੀਜੀਵੀ ਇਸ ਪੱਖੋਂ ਕੱਖੋਂ ਹੌਲੇ ਲਗਦੇ ਹਨ। ਸਮੁੱਚੇ ਭਾਸ਼ਨ ਦੌਰਾਨ ਅਰੁੰਧਾਤੀ ਵਲੋਂ ਜਿਵੇਂ ਕੇਂਦਰਵਾਦ, ਸੈਨਾਵਾਦ, ਬਜ਼ਾਰਵਾਦ ਤੇ ਹਿੰਦੂਵਾਦ ਅਤੇ ਇਸ ਖਿਲਾਫ ਲੜ ਰਹੇ ਮਾਓਵਾਦੀਆਂ, ਘੱਟਗਿਣਤੀਆਂ ਤੇ ਦਲਿਤਾਂ ਨੂੰ ਸਮੁੱਚੇ ਰੂਪ ਵਿਚ ਦੋ ਧਿਰਾਂ ਬਣਾ ਕੇ ਪੇਸ਼ ਕੀਤਾ ਗਿਆ, ਉਸ ਕਾਰਨ ਕਈ ਮੱਥਿਆਂ 'ਤੇ ਤਿਊੜੀ ਅਤੇ ਚਿਹਰਿਆਂ 'ਤੇ ਚਿੰਤਾ ਨਜ਼ਰ ਆਈ।

ਕੁੱਲ ਮਿਲਾ ਕੇ ਅਰੁੰਧਾਤੀ ਰਾਏ ਨੇ ਮਾਓਵਾਦੀ ਹਥਿਆਰਬੰਦ ਗੁਰੀਲਾ ਯੁੱਧ ਦੀ ਡਟ ਕੇ ਪ੍ਰੋੜਤਾ ਕੀਤੀ ਜਿਵੇਂ ਕਿ ਉਹ ਪਹਿਲਾਂ ਵੀ ਕਰਦੇ ਰਹੇ ਹਨ। ਵਿਚਾਰਨ ਵਾਲਾ ਮਸਲਾ ਇਹ ਹੈ ਕਿ ਵਿਆਪਕ ਹਥਿਆਰਬੰਦ ਲਹਿਰਾਂ ਅਤੇ ਲੋਕਾਂ ਵਲੋਂ ਇਨ੍ਹਾਂ ਨੂੰ ਭਰਵੀਂ ਹਮਾਇਤ ਦੇਣ ਦੇ ਬਾਵਜੂਦ ਵੀ ਦੇਸ਼ ਵਿਚ ਦਿਨੋ-ਦਿਨ ਸੱਤਾ ਦੀ ਤਾਕਤ ਅਤੇ ਕਹਿਰ ਵਧਦਾ ਹੀ ਗਿਆ ਤੇ ਕੋਈ ਵੱਡੀ ਰਾਜਨੀਤਕ-ਸਮਾਜਿਕ ਤਬਦੀਲੀ ਨਹੀਂ ਵਾਪਰੀ। ਇਸ ਲਈ ਹਥਿਆਰਬੰਦ ਲਹਿਰ ਦੇ ਸਮਾਨੰਤਰ ਹੀ ਵਿਸ਼ਾਲ ਰਾਜਨੀਤਕ ਜਨਤਕ ਅੰਦਲੋਨ ਦੀ ਲੋੜ ਹੈ ਜੋ ਹਾਸ਼ੀਆਗ੍ਰਸਤ ਲੋਕਾਂ ਲਈ ਹਰ ਪੱਖੋਂ ਬਰਾਬਰ ਮੌਕਿਆਂ ਦਾ ਰਾਹ ਖੋਲ੍ਹ ਸਕੇ। ਅਰੁੰਧਾਤੀ ਇਕ ਗਹਿਰ ਗੰਭੀਰ ਚਿੰਤਕ ਹੈ ਤੇ ਉਸ ਦੇ ਵਿਚਾਰਾਂ ਦੀ ਪੜਚੋਲ ਤੇ ਕਦਰ ਕੀਤੀ ਜਾਣੀ ਚਾਹੀਦੀ ਹੈ।

ਸਾਰੀਆਂ ਰਾਜਨੀਤਕ ਧਿਰਾਂ ਨੂੰ ਆਪਣੇ ਹੀ ਲੋਕਾਂ ਖਿਲਾਫ ਜੰਗ ਦਾ ਰਾਹ ਛੱਡ ਕੇ ਸਭ ਦੇ ਭਲੇ ਦੀਆਂ ਨੀਤੀਆਂ 'ਤੇ ਅਮਲ ਕਰਨ ਦੇ ਰਾਹ ਪੈਣਾ ਚਾਹੀਦਾ ਹੈ। ਜੰਗਲ ਵਿਚ ਭੁੱਖੇ-ਨੰਗੇ ਕਬਾਇਲੀਆਂ ਨੂੰ ਵੀ ਜਿਊਣ ਦਾ ਉਨਾ ਹੀ ਹੱਕ ਹੈ, ਜਿੰਨਾ ਦਿੱਲੀ ਜਾਂ ਮੁੰਬਈ ਦੇ ਸ਼ਾਹਾਨਾ ਐਵਨਿਊ ਤੇ ਮਾਡਲ ਟਾਊਨਾਂ ਵਰਗੀਆਂ ਸ਼ਾਹਾਨਾ ਕਾਲੋਨੀਆਂ ਦੇ ਲੋਕਾਂ ਨੂੰ। ਜਮਹੂਰੀਅਤ ਦੀ ਡੌਂਡੀ ਪਿੱਟਣ ਵਾਲੇ ਸਿਆਸਤਦਾਨਾਂ ਨੂੰ ਸਾਰੇ ਦੇਸ਼ ਵਿਚ ਬਰਾਬਰ ਮੌਕੇ ਅਤੇ ਬੁਨਿਆਦੀ ਜੀਵਨ ਢਾਂਚਾ ਵਿਕਸਿਤ ਕਰਨ ਦੀ ਲੋੜ ਹੈ, ਨਾ ਕਿ ਰਾਸ਼ਟਰਮੰਡਲ ਖੇਡਾਂ ਜਾਂ ਇਸ ਵਰਗੇ ਹੋਰ ਅਡੰਬਰ ਰਚਣ ਦੀ। ਸ਼ਾਇਦ ਇਹੀ ਸੁਨੇਹਾ ਹੈ ਜੋ ਅਰੁੰਧਾਤੀ ਰਾਇ ਜਾਂ ਮਾਓਵਾਦੀ ਦੇਣਾ ਚਾਹੁੰਦੇ ਹਨ ਪਰ ਸੱਤਾਧਾਰੀਆਂ ਕੋਲ ਸੁਣਨ ਤੇ ਸਮਝਣ ਦੀ ਨਾ ਵਿਹਲ ਹੈ, ਨਾ ਜੇਰਾ ਤੇ ਨਾ ਹੀ ਇੱਛਾ ਸ਼ਕਤੀ।

# ਰਾਸ਼ਟਰਮੰਡਲ ਖੇਡਾਂ ਦੇ ਹਰ ਵਿੱਤੀ ਅਤੇ ਪ੍ਰਬੰਧਕੀ ਪੱਖ ਦੀ ਜਾਂਚ ਹੋਵੇ

**ਵਰਿੰਦਰ ਵਾਲੀਆ**

ਰਾਸ਼ਟਰਮੰਡਲ ਖੇਡਾਂ ਤੋਂ ਬਾਅਦ ਹੁਣ ਜਵਾਬਦੇਹੀ ਅਤੇ ਜਵਾਬਤਲਬੀ ਦਾ ਸਮਾਂ ਆ ਗਿਆ ਹੈ। ਖੇਡਾਂ ਤੋਂ ਪਹਿਲਾਂ ਬੇਨੇਮੀਆਂ, ਭ੍ਰਿਸ਼ਟਾਚਾਰ, ਘਪਲਿਆਂ ਅਤੇ ਲੁੱਟ ਦੇ ਮਸਲਿਆਂ ਬਾਬਤ ਬਹੁਤ ਚਰਚਾ ਹੋਈ ਸੀ। ਤਿਆਰੀਆਂ ਦੇ ਪਛੇਤੇ ਅਤੇ ਗੈਰ-ਮਿਆਰੀ ਹੋਣ ਕਾਰਨ ਖੇਡ ਪ੍ਰਬੰਧਕਾਂ ਬਾਬਤ ਕਈ ਕਿਸਮ ਦੇ ਸਵਾਲ ਖੜੇ ਹੋਏ ਸਨ। ਇਨ੍ਹਾਂ ਮਸਲਿਆਂ ਨੂੰ ਖੇਡਾਂ ਖਤਮ ਹੋਣ ਤੱਕ ਅੱਗੇ ਪਾ ਕੇ ਪ੍ਰਧਾਨ ਮੰਤਰੀ ਨੇ ਪੁਖਤਾ ਜਾਂਚ ਕਰਵਾਉਣ ਦਾ ਵਾਅਦਾ ਕੀਤਾ ਸੀ। ਭਾਰਤੀ ਕਲਾਕਾਰਾਂ ਵਲੋਂ ਪੇਸ਼ ਕੀਤੇ ਗਏ ਦਮਦਾਰ ਉਦਘਾਟਨੀ ਸਮਾਗਮ ਤੋਂ ਬਾਅਦ ਖਿਡਾਰੀਆਂ ਨੇ ਚੰਗੀ ਕਾਰਗੁਜ਼ਾਰੀ ਨਾਲ ਰਾਸ਼ਟਰਮੰਡਲ ਖੇਡਾਂ ਵਿਚ ਹੁਣ ਤੱਕ ਦੀ ਤਮਗਿਆਂ ਦੀ ਸਭ ਤੋਂ ਵੱਡੀ ਖੇਪ ਜਿੱਤੀ ਹੈ। ਕਲਾਕਾਰਾਂ ਅਤੇ ਖਿਡਾਰੀਆਂ ਦੀ ਕਾਰਗੁਜ਼ਾਰੀ ਨਾਲ ਖੇਡ ਪ੍ਰਬੰਧਾਂ ਬਾਬਤ ਖੜੇ ਹੋਏ ਸਵਾਲਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਖੇਡਾਂ ਦੇ ਹਰ ਵਿੱਤੀ ਅਤੇ ਪ੍ਰਬੰਧਕੀ ਪੱਖ ਦੀ ਜਾਂਚ ਹੋਣੀ ਹੀ ਚਾਹੀਦੀ ਹੈ। ਇਨ੍ਹਾਂ ਖੇਡਾਂ ਵਿਚ ਬਹੁਤ ਵੱਡੇ ਪੱਧਰ 'ਤੇ ਬੇਨੇਮੀਆਂ, ਭ੍ਰਿਸ਼ਟਾਚਾਰ, ਫ਼ਜ਼ੂਲਖਰਚੀ ਅਤੇ ਕਾਨੂੰਨਾਂ ਦੇ ਉਲੰਘਣ ਹੋਣ ਦੇ ਇਲਜ਼ਾਮ ਹਨ। ਸਮੁੱਚੇ ਖੇਡ ਪ੍ਰਬੰਧ ਦੀ ਜਾਂਚ ਲਈ ਕਈ ਮਹਿਕਮਿਆਂ ਦੀ ਸ਼ਮੂਲੀਅਤ ਜ਼ਰੂਰੀ ਹੈ। ਹੁਣ ਕੇਂਦਰੀ ਵਿਜੀਲੈਂਸ ਬਿਊਰੋ, ਕੇਂਦਰੀ ਆਡੀਟਰ ਜਨਰਲ, ਆਮਦਨ ਟੈਕਸ ਵਿਭਾਗ, ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਜਾਂਚ ਦੇ ਕੰਮ ਵਿਚ ਲੱਗੇ ਹੋਏ ਹਨ। ਇਨ੍ਹਾਂ ਸਾਰੇ ਮਹਿਕਮਿਆਂ ਦੇ ਕਾਰਜ ਖੇਤਰ ਤੈਅ ਹਨ। ਜੇ ਇਹ ਸਾਰੇ ਮਹਿਕਮੇ ਤਾਲਮੇਲ ਨਾਲ ਸਮੁੱਚੀ ਜਾਂਚ ਨੂੰ ਨੇਪਰੇ ਚਾੜ੍ਹਨ ਵਿਚ ਕਾਮਯਾਬ ਹੁੰਦੇ ਹਨ ਤਾਂ ਸੱਚ-ਝੂਠ ਦਾ ਨਿਤਾਰਾ ਕੀਤਾ ਜਾ ਸਕਦਾ ਹੈ। ਇਸ ਮਾਮਲੇ ਵਿਚ ਹੁਣ ਸਬੂਤਾਂ, ਗਵਾਹਾਂ ਅਤੇ ਦਸਤਾਵੇਜ਼ਾਂ ਨੂੰ ਸੰਭਾਲਣ ਦਾ ਢੁਕਵਾਂ ਸਮਾਂ ਹੈ ਤਾਂ ਜੋ ਜਾਂਚ ਤੋਂ ਬਾਅਦ ਅਦਾਲਤੀ ਕਾਰਵਾਈ ਦਾ ਰਾਹ ਪੱਧਰਾ ਕੀਤਾ ਜਾ ਸਕੇ। ਵਿਦੇਸ਼ਾਂ ਤੋਂ ਕਿਰਾਏ 'ਤੇ ਲਏ ਗਏ ਸਮਾਨ ਦੇ ਨਮੂਨੇ ਸਾਂਭ ਕੇ ਇਸੇ ਦਿਸ਼ਾ ਵਲ ਅਹਿਮ ਕਦਮ ਪੁੱਟਿਆ ਗਿਆ ਹੈ।

ਖੇਡ ਪ੍ਰਬੰਧਾਂ ਵਿਚ ਕਈ ਕੌਮਾਂਤਰੀ ਕੰਪਨੀਆਂ ਸ਼ਾਮਿਲ ਸਨ। ਇਨ੍ਹਾਂ ਤੋਂ ਨਾ ਸਿਰਫ ਕੁਝ ਕੰਮ ਕਰਵਾਏ ਗਏ ਸਗੋਂ ਬਹੁਤ ਸਾਰਾ ਸਾਮਾਨ ਵੀ ਕਿਰਾਏ 'ਤੇ ਲਿਆ ਗਿਆ। ਇਨ੍ਹਾਂ ਕੰਪਨੀਆਂ ਦੀ ਕਾਰਗੁਜ਼ਾਰੀ ਦੀ ਦੋ ਪੱਖਾਂ ਤੋਂ ਜਾਂਚ ਦਸਤਾਵੇਜ਼ਾਂ ਰਾਹੀਂ ਹੋ ਸਕਦੀ ਹੈ। ਭਾਰਤ ਵਿਚ ਕੰਮ ਕਰਨ ਵਾਲੀਆਂ ਵਿਦੇਸ਼ੀ ਕੰਪਨੀਆਂ ਮੌਰੀਸ਼ੀਅਸ ਰਾਹੀਂ ਟੈਕਸ ਰਿਆਇਤਾਂ ਲੈਂਦੀਆਂ ਹਨ। ਮੌਰੀਸ਼ੀਅਸ ਦੀਆਂ ਕੰਪਨੀਆਂ ਨੂੰ ਦੁਵੱਲੇ ਸਮਝੌਤੇ ਤਹਿਤ ਟੈਕਸ ਰਿਆਇਤਾਂ ਮਿਲਦੀਆਂ ਹਨ। ਦੂਜੇ ਮੁਲਕਾਂ ਦੀਆਂ ਕੰਪਨੀਆਂ ਮੌਰੀਸ਼ੀਅਸ ਵਿਚੋਂ ਕਾਗ਼ਜ਼ੀ ਹਿੱਸੇਦਾਰਾਂ ਅਤੇ ਦਫਤਰਾਂ ਰਾਹੀਂ ਟੈਕਸ ਬਚਾਉਂਦੀਆਂ ਹਨ। ਦੂਜਾ ਪੱਖ ਇਹ ਹੈ ਕਿ ਇਨ੍ਹਾਂ ਕੰਪਨੀਆਂ ਵਲੋਂ ਵਸੂਲੀ ਗਈ ਰਕਮ ਅਤੇ ਬਾਜ਼ਾਰ ਦੀਆਂ ਕੀਮਤਾਂ ਨੂੰ ਮੇਲ ਕੇ ਜਾਂਚਿਆ ਜਾਣਾ ਚਾਹੀਦਾ ਹੈ। ਜਿਹੜੇ ਪੱਖ ਇਨ੍ਹਾਂ ਦੋਵਾਂ ਨੁਕਤਿਆਂ ਤੋਂ ਬਾਹਰ ਰਹਿ ਜਾਂਦੇ ਹਨ, ਉਨ੍ਹਾਂ ਦੀ ਜਾਂਚ ਲਈ ਕਾਲੇ ਧਨ ਵਾਲਾ ਪੱਖ ਵੀ ਵਿਚਾਰਿਆ ਜਾਣਾ ਚਾਹੀਦਾ ਹੈ। ਖੇਡ ਪਿੰਡ ਦੀ ਉਸਾਰੀ ਕਰਨ ਵਾਲੀਆਂ ਕੰਪਨੀਆਂ ਲਈ ਇਨ੍ਹਾਂ ਉਸਾਰੀਆਂ ਨੂੰ ਮੁੜ ਕੇ ਖਰੀਦਣ ਅਤੇ ਬਾਜ਼ਾਰੂ ਮੁੱਲ 'ਤੇ ਵੇਚਣ ਦੀ ਸ਼ਰਤ ਨਾਲ ਚੋਖਾ ਮੁਨਾਫ਼ਾ ਯਕੀਨੀ ਹੋ ਗਿਆ ਸੀ। ਇਸ ਦੇ ਬਾਵਜੂਦ ਸਮੁੱਚੀ ਉਸਾਰੀ ਦਾ ਮਿਆਰ ਨੀਵਾਂ ਹੈ ਅਤੇ ਇਸ ਨੂੰ ਨੇਪਰੇ ਚਾੜ੍ਹਨ ਵਿਚ ਬਹੁਤ ਜ਼ਿਆਦਾ ਸਮਾਂ ਲੱਗਿਆ ਹੈ। ਰਾਸ਼ਟਰਮੰਡਲ ਖੇਡਾਂ ਦੌਰਾਨ ਹੋਈਆਂ ਬੇਨੇਮੀਆਂ ਦਾ ਇਕ ਸਿਰਾ ਕਿਰਤ ਕਾਨੂੰਨਾਂ ਨਾਲ ਵੀ ਜੁੜਦਾ ਹੈ। ਮਨੁੱਖੀ ਹਕੂਕ ਜਥੇਬੰਦੀ 'ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ' ਵਲੋਂ ਕਿਰਤ ਕਾਨੂੰਨਾਂ ਦੀ ਉਲੰਘਣਾ ਬਾਬਤ ਰਿਪੋਰਟ ਦਿੱਲੀ ਹਾਈਕੋਰਟ ਵਿਚ ਪੇਸ਼ ਕੀਤੀ ਗਈ ਸੀ। ਅਦਾਲਤ ਵਲੋਂ ਬਣਾਈ ਗਈ ਜਾਂਚ ਕਮੇਟੀ ਨੇ ਪੁਸ਼ਟੀ ਕੀਤੀ ਸੀ ਕਿ ਕਿਰਤ ਕਾਨੂੰਨਾਂ ਦਾ ਕੰਮ ਹਾਲਾਤ, ਕੰਮ ਦੇ ਸਮੇਂ ਅਤੇ ਉਜਰਤਾਂ ਦੇ ਮਾਮਲੇ ਵਿਚ ਘੋਰ ਉਲੰਘਣ ਹੋ ਰਿਹਾ ਹੈ। ਰਿਪੋਰਟ ਮੁਤਾਬਕ ਠੇਕੇਦਾਰਾਂ ਨੇ ਮਜ਼ਦੂਰਾਂ ਨੂੰ ਰੋਜ਼ਾਨਾ ਇਕ ਕਰੋੜ ਰੁਪਏ ਦੀ ਠੱਗੀ ਲਗਾਈ। ਮਜ਼ਦੂਰਾਂ ਨੂੰ ਹਾਦਸਿਆਂ ਦੌਰਾਨ ਲੱਗੀਆਂ ਸੱਟਾਂ, ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਲਈ ਜ਼ਰੂਰੀ ਖ਼ਬਰ ਬਣੀਆਂ ਹੀ ਨਹੀਂ। ਪੁਲ ਟੁੱਟਣ ਵਾਲੇ ਹਾਦਸੇ ਵਿਚ ਜ਼ਖ਼ਮੀ ਹੋਏ ਮਜ਼ਦੂਰਾਂ ਦੀ ਖ਼ਬਰ ਸਿਰਫ ਗਿਣਤੀ ਤੱਕ ਮਹਿਦੂਦ ਰਹੀ। ਹੁਣ ਕਿਰਤ ਮਹਿਕਮੇ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਰਿਪੋਰਟ ਵਿਚ ਇਸ ਮਹਿਕਮੇ 'ਤੇ ਨਜ਼ਰਅੰਦਾਜ਼ੀ ਦਾ ਇਲਜ਼ਾਮ ਲਗਾਇਆ ਗਿਆ ਸੀ। ਰਾਸ਼ਟਰਮੰਡਲ ਖੇਡਾਂ ਦੇ ਮਾਮਲੇ ਵਿਚ ਇਹ ਦਲੀਲ ਬਹੁਤ ਜ਼ੋਰ ਨਾਲ ਪੇਸ਼ ਕੀਤੀ ਗਈ ਹੈ ਕਿ ਇਸ ਨਾਲ ਸਾਡਾ ਮੁਲਕ ਆਲਮੀ ਤਾਕਤ ਵਜੋਂ ਉਭਰਿਆ ਹੈ। ਸਵਾਲ ਇਹ ਹੈ ਕਿ ਕੀ ਕਾਨੂੰਨਾਂ ਦਾ ਪਾਲਣ, ਮਨੁੱਖੀ ਹਕੂਕ ਦਾ ਸਤਿਕਾਰ, ਪਾਰਦਰਸ਼ੀ ਜਾਂਚ ਅਤੇ ਜਵਾਬਦੇਹੀ ਵਾਲਾ ਸੱਭਿਆਚਾਰ ਆਲਮੀ ਤਾਕਤ ਦੇ ਗੁਣ ਹੁੰਦੇ ਹਨ?

# ਪੰਥਕ ਸਰਕਾਰ ਦੇ ਸੰਵਿਧਾਨਕ ਫਰਜ਼!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਆਸਤਿਕ ਲੋਕਾਂ ਦੇ ਮੂੰਹੋਂ ਰੱਬ ਬਾਰੇ ਤਾਂ ਇਹ ਗੱਲ ਬਹੁਤ ਵਾਰ ਸੁਣੀ ਹੈ ਕਿ ਉਹਦੇ ਹੁਕਮ ਬਗੈਰ ਪੱਤਾ ਵੀ ਨਹੀਂ ਝੁੱਲਦਾ। ਪਰ ਇਤਨੀ ਸਮਰੱਥਾ ਕੀ ਕਿਸੇ ਸਿਆਸੀ ਆਗੂ ਵਿਚ ਵੀ ਹੋ ਸਕਦੀ ਹੈ? ਜੀ ਹਾਂ, ਹੋ ਸਕਦੀ ਨਹੀਂ, ਹੁੰਦੀ ਹੈ। ਪ੍ਰੰਤੂ ਅਜਿਹੀ ਅਗੰਮੀ ਸ਼ਕਤੀ ਵਿਰਲੇ ਆਗੂਆਂ ਦੇ ਹਿੱਸੇ ਹੀ ਆਉਂਦੀ ਹੈ। ਜੋ ਐਨ ਸਰਬ ਸ਼ਕਤੀਮਾਨ ਰੱਬ ਵਾਂਗ ਹੀ ਚਲਦੀ ਹਵਾ ਰੋਕ ਸਕਦੇ ਹਨ। ਦਰਿਆਵਾਂ ਦੇ ਵਹਿਣ ਬਦਲ ਸਕਦੇ ਹਨ। ਲੱਖਾਂ ਲੋਕਾਂ ਦੀ ਜ਼ੁਬਾਨ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੂੰ ਬੇ-ਜ਼ਬਾਨੇ ਬਣਾ ਸਕਦੇ ਹਨ। ਹਜ਼ਾਰਾਂ ਲੋਕਾਂ ਨੂੰ ਪੀ. ਟੀ. ਕਰਵਾ ਰਹੇ ਫੌਜੀ ਵਾਂਗ 'ਵਿਸ਼ਰਾਮ' ਕਹਿ ਕੇ ਪੱਥਰ ਦੀਆਂ ਮੂਰਤੀਆਂ ਵਾਂਗ ਅਹਿਲ ਤੇ ਅਡੋਲ ਖੜ੍ਹੇ ਰਹਿਣ ਲਈ ਮਜਬੂਰ ਕਰ ਸਕਦੇ ਹਨ। ਜ਼ਿੰਦਾਬਾਦ ਜਾਂ ਮੁਰਦਾਬਾਦ ਦਾ ਹੋ-ਹੱਲਾ ਮਚਾ ਰਹੀਆਂ ਭੀੜਾਂ ਨੂੰ ਮੂਕ ਦਰਸ਼ਕਾਂ ਵਿਚ ਬਦਲ ਸਕਦੇ ਹਨ। ਜੋ ਚੁਟਕੀ ਵਿਚ ਹੋਣੀ ਨੂੰ ਅਣਹੋਣੀ ਬਣਾਉਣ ਦੇ ਸਮਰੱਥ ਹੁੰਦੇ ਨੇ! ਇਤਿਹਾਸ ਦੀ ਧੂੜ ਵਿਚੋਂ ਅਜਿਹੇ ਬਾਹੂਬਲੀਏ ਲੱਭਣ ਦੀ ਬਜਾਏ ਤੁਸੀਂ ਐਸੇ ਜਿਊਂਦੇ-ਜਾਗਦੇ, ਗੂੰਜਾਂ ਪਾ ਰਹੇ ਸਿਆਸਤਦਾਨ ਦੇ ਦਰਸ਼ਨ ਕਰ ਸਕਦੇ ਹੋ ਜਿਸ ਵਿਚ ਉਪਰੋਕਤ ਸੱਭੇ ਅਦਭੁਤ ਸ਼ਕਤੀਆਂ ਸਾਫ ਦਿਖਾਈ ਦਿੰਦੀਆਂ ਹਨ।

ਸਮਾਂ, ਇਸੇ ਅਕਤੂਬਰ ਮਹੀਨੇ ਦੀ 14 ਤੋਂ 16 ਤਰੀਕ ਤੱਕ ਦਾ। ਧਰਤੀ ਪੰਜਾਬ ਦੀ, ਵਿਧਾਨ ਸਭਾ ਹਲਕਾ ਗਿੱਦੜਬਾਹਾ। ਪੰਜਾਬ ਦਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਤਾਜ਼ਾ ਤਾਜ਼ਾ 'ਸਾਬਕਾ' ਬਣ ਕੇ ਆਪਣੇ ਹਲਕੇ ਵਿਚ ਪਹੁੰਚਿਆ। ਉਸ ਨੇ ਤੱਤੇ-ਘਾਹ ਐਲਾਨ ਕਰ ਦਿੱਤਾ ਕਿ ਉਹ 16 ਅਕਤੂਬਰ ਨੂੰ ਆਪਣੇ ਪ੍ਰਸ਼ੰਸਕਾਂ ਦਾ ਵਿਸ਼ਾਲ ਇਕੱਠ ਕਰੇਗਾ। ਹਲਕੇ ਦੇ ਛੋਟੇ-ਬੜੇ ਆਗੂਆਂ ਸਮੇਤ ਉਸਦੇ ਸਾਰੇ ਸਮਰਥਕਾਂ ਨੇ ਕਾਨਫਰੰਸ ਵਿਚ ਸ਼ਾਮਲ ਹੋਣ ਦੀ ਸਹਿਮਤੀ ਪ੍ਰਗਟਾ ਦਿੱਤੀ। ਇਕੱਠ ਨੂੰ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਬਣਾਉਣ ਲਈ ਮਨਪ੍ਰੀਤ ਅੱਡੀਆਂ ਚੁੱਕ ਕੇ ਸਰਗਰਮ ਹੋ ਗਿਆ।

ਇਧਰ ਆਪਣੇ ਸ਼ਰੀਕ ਦੀ ਪੈੜ ਦੱਬਦਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੀ ਸਾਰੇ ਰੁਝੇਵੇਂ ਰੱਦ ਕਰਕੇ ਗਿੱਦੜਬਾਹੇ ਜਾ ਗੱਜਿਆ। ਜਾਂਦੇ ਸਾਰ ਉਸਨੇ ਮਨਪ੍ਰੀਤ ਦੇ ਚਹੇਤੇ ਅਫ਼ਸਰਾਂ ਦੀਆਂ ਥੋਕ ਦੇ ਭਾਅ ਬਦਲੀਆਂ ਕਰਕੇ ਉਨ੍ਹਾਂ ਨੂੰ ਦੂਰ-ਦੂਰ ਚੱਕ ਮਾਰਿਆ। ਜ਼ਿਲਾ ਜਥੇਦਾਰ ਤੋਂ ਲੈ ਕੇ ਹੇਠਲੇ ਪੱਧਰ ਤੱਕ ਦੇ ਅਕਾਲੀਆਂ (ਇਥੇ 'ਬਾਦਲਕਿਆਂ' ਸ਼ਬਦ ਵਧੇਰੇ ਢੁਕਦਾ ਹੈ) ਨੂੰ ਠੋਕ ਵਜਾ ਕੇ ਹੁਕਮ ਚਾੜ੍ਹ ਦਿੱਤੇ ਕਿ ਉਨ੍ਹਾਂ ਦਾ ਮਨਪ੍ਰੀਤ ਦੀ ਰੈਲੀ 'ਚ ਪਹੁੰਚਣਾ ਤਾਂ ਕਿਤੇ ਰਿਹਾ, ਰੈਲੀ ਸਥਾਨ ਵੱਲ ਨੂੰ ਮੂੰਹ ਕੀਤਾ ਹੋਇਆ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਹਲਕੇ ਦੇ ਸਮੁੱਚੇ ਸਰਕਾਰੀ ਤੰਤਰ ਦਾ ਡੰਡਾ-ਚਾੜ੍ਹ ਹੁਕਮ ਦਿੱਤਾ ਗਿਆ ਕਿ ਰੈਲੀ ਵਿਚ ਚਿੜੀ ਨਾ ਫਟਕੇ। ਹੋਰ ਤਾਂ ਹੋਰ ਇਤਿਹਾਸਕ ਗੁਰਦੁਆਰਾ ਗੁਪਤਸਰ




ਸਾਹਿਬ ਦੇ ਪ੍ਰਬੰਧਕਾਂ ਨੂੰ ਗੁਪਤ ਨਹੀਂ ਸਗੋਂ ਕੰਨ ਮਰੋੜ ਸੰਦੇਸ਼ ਭੇਜ ਦਿੱਤਾ। ਉਨ੍ਹਾਂ ਨੇ ਫੌਰਨ ਦਰਵਾਜ਼ਿਆਂ ਨੂੰ ਜਿੰਦਰੇ ਠੋਕ ਦਿੱਤੇ। ਪੁਲਿਸ ਤੰਤਰ ਪੂਰੀ ਮੁਸਤੈਦੀ ਨਾਲ ਗਸ਼ਤ ਕਰਨ ਲੱਗਾ।

ਜਿਹੜੇ ਆਗੂਆਂ ਜਾਂ ਵਰਕਰਾਂ ਨੇ ਇਕ ਰਾਤ ਪਹਿਲਾਂ ਬਾਹਾਂ ਕੱਢ-ਕੱਢ ਹਿੱਕਾਂ ਥਾਪੜਦਿਆਂ ਮਨਪ੍ਰੀਤ ਦੀ ਰੈਲੀ 'ਚ ਸ਼ਾਮਲ ਹੋਣ ਦੇ ਵਾਅਦੇ ਕੀਤੇ ਸਨ, ਉਹ ਦਿਨ ਚੜ੍ਹਦੇ ਨੂੰ ਪਤਾ ਨਹੀਂ ਕਿਧਰ ਛਾਊਂ-ਮਾਊਂ ਹੋ ਗਏ। ਜੋਸ਼ ਵਿਚ ਆਏ ਵਿਚਾਰੇ ਮਨਪ੍ਰੀਤ ਨੂੰ ਗਿਣਤੀ ਦੇ ਸਾਧਾਰਨ ਜਿਹੇ ਮਲਵਈਆਂ ਨਾਲ ਬੁੱਤਾ ਸਾਰਨਾ ਪਿਆ।

ਮਨਪ੍ਰੀਤ ਨਾਲ ਬਗਲਗੀਰ ਹੋਣ ਵਾਲੇ ਬਿਆਸ ਹਲਕੇ ਦੇ ਵਿਧਾਨਕਾਰ ਸ. ਮਨਜਿੰਦਰ ਸਿੰਘ ਕੰਗ ਨਾਲ ਤਾਂ ਏਦੂੰ ਵੀ ਵੱਧ ਬੁਰੀ ਹੋਈ। ਚੰਡੀਗੜ੍ਹੋਂ ਬਿਆਸ ਨੂੰ ਤੁਰਿਆ ਹੋਇਆ ਉਹ ਹਾਲੇ ਕਿਤੇ ਅੱਧ ਵਿਚਾਲੇ ਹੀ ਸੀ ਕਿ ਸੁਖਬੀਰ ਬਾਦਲ ਦੇ 'ਵਿਸ਼ੇਸ਼ ਦੂਤਾਂ' ਨੇ ਬਿਆਸ ਹਲਕੇ ਦਾ ਚੱਪਾ-ਚੱਪਾ ਗਾਹ ਮਾਰਿਆ। ਆਪਣੇ 'ਆਕਾ' ਦੇ ਸਖ਼ਤ ਸੁਨੇਹੇ ਥਾਉਂ-ਥਾਈਂ ਪਹੁੰਚਾ ਦਿੱਤੇ। ਸਰਕਾਰੀ ਤੰਤਰ ਨੇ ਇਥੇ ਵੀ 'ਉਪਰੋਂ' ਆਏ ਆਦੇਸ਼ਾਂ ਨੂੰ ਸਿਰ ਮੱਥੇ ਕਬੂਲਦਿਆਂ ਸ. ਕੰਗ ਦੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਸਾਰੇ ਅਕਾਲੀਆਂ ਨੂੰ 'ਬਾਦਲਕਿਆਂ' ਵਿਚ ਤਬਦੀਲ ਕਰ ਦਿੱਤਾ। ਬੜੀਆਂ ਆਸਾਂ-ਉਮੀਦਾਂ ਨਾਲ ਆਪਣੇ ਹਲਕੇ 'ਚ ਆਇਆ ਭਾਈ ਕੰਗ ਹੱਕਾ-ਬੱਕਾ ਹੀ ਰਹਿ ਗਿਆ। ਮੁੱਕਦੀ ਗੱਲ, ਦੋਹੀਂ ਥਾਈਂ ਉਪ ਮੁੱਖ ਮੰਤਰੀ ਨੇ ਕੁਝ ਹੀ ਘੰਟਿਆਂ ਵਿਚ ਐਸਾ ਝੁਰਲੂ ਫੇਰਿਆ ਕਿ 'ਨਰ ਚਾਹਤ ਕਿਛੁ ਅਉਰ ਅਉਰੈ ਕੀ ਅਉਰੈ ਭਈ॥' ਵਾਲੀ ਸਥਿਤੀ ਬਣ ਗਈ। ਮਨਪ੍ਰੀਤ ਜਾਂ ਉਸਦੇ ਸਾਥੀ ਬਾਗੀ ਵਿਧਾਨਕਾਰਾਂ ਦਾ ਨਾਂ ਲੈਣ ਤੋਂ ਵੀ ਲੋਕੀਂ ਘਬਰਾਉਣ ਲੱਗੇ। ਉਪ ਮੁੱਖ ਮੰਤਰੀ ਕਰਾਮਾਤੀ ਆਗੂ ਸਾਬਤ ਹੋ ਗਿਆ ਕਿ ਨਾ?

ਅੱਛਾ, ਹੁਣ ਜ਼ਰਾ ਆਪਣੀਆਂ ਚਿੱਤ-ਬਿਰਤੀਆਂ ਨੂੰ ਕੁਝ ਕੁ ਮਹੀਨੇ ਅਤੀਤ ਵੱਲ ਜਾਣ ਦਿਓ। ਏਹੀ ਬਾਦਲ ਸਰਕਾਰ ਸੀ, ਅੱਜ ਵਾਲਾ ਹੀ ਉਪ ਮੁੱਖ ਮੰਤਰੀ। ਸਥਾਨ, ਪੰਜਾਬ ਦਾ ਹੀ ਸਨਅਤੀ ਸ਼ਹਿਰ ਸੀ ਲੁਧਿਆਣਾ। ਨੂਰਮਹਿਲੀਏ ਆਸੂਤੋਸ਼ ਵਲੋਂ ਉਥੇ ਵਿਸ਼ਾਲ ਸਮਾਗਮ ਕਰਾਉਣ ਦਾ ਐਲਾਨ ਕਰ ਦਿੱਤਾ ਗਿਆ। ਤਮਾਮ ਸਿੱਖ ਜਥੇਬੰਦੀਆਂ ਵਲੋਂ ਇਸ ਸਮਾਗਮ ਕਾਰਨ ਹਾਲਾਤ ਖਰਾਬ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਗਿਆ। ਇਸ ਨੂੰ ਰੁਕਵਾਉਣ ਵਾਸਤੇ ਲੋਕਰਾਜੀ ਸਿਸਟਮ ਦੇ ਸਾਰੇ ਤਰੀਕੇ ਅਪਨਾਏ ਗਏ। ਰੋਸ ਵਿਖਾਵੇ ਕੀਤੇ ਗਏ, ਧਰਨੇ ਮਾਰੇ ਗਏ ਅਤੇ ਜ਼ਿਲਾ ਪ੍ਰਸ਼ਾਸਨ ਨੂੰ ਮੈਮੋਰੰਡਮ ਦਿੱਤੇ ਗਏ। ਧਾਰਮਿਕ ਜਥੇਬੰਦੀਆਂ ਦੇ ਚੋਣਵੇਂ ਨੁਮਾਇੰਦਿਆਂ ਨੇ ਬੜੇ-ਛੋਟੇ ਦੋਹਾਂ ਮੁੱਖ ਮੰਤਰੀਆਂ ਨੂੰ ਅਪੀਲਾਂ ਕੀਤੀਆਂ, ਡੈਪੂਟੇਸ਼ਨ ਲੈ ਕੇ ਚੰਡੀਗੜ੍ਹ ਵੀ ਪਹੁੰਚੇ ਪਰ ਸਰਕਾਰ ਟਸ ਤੋਂ ਮਸ ਨਾ ਹੋਈ। ਸਿੱਖ ਜਜ਼ਬਾਤ ਨੂੰ ਪੰਥਕ ਸਰਕਾਰ ਵਲੋਂ ਬੁਰੀ ਤਰ੍ਹਾਂ ਰੋਂਦ ਦਿੱਤਾ ਗਿਆ।

ਜਿਸ ਦਾ ਅੰਦੇਸ਼ਾ ਸੀ ਓਹੀ ਹੋਇਆ। ਆਸੂਤੋਸ਼ੀਆਂ ਦਾ ਸਮਾਗਮ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋ ਗਿਆ। ਪ੍ਰੋਟੈਸਟ ਕਰਦੇ ਸਿੱਖਾਂ 'ਤੇ ਪੰਜਾਬ ਪੁਲਿਸ ਵਲੋਂ ਗੋਲੀਬਾਰੀ ਕੀਤੀ ਗਈ। ਦੋ ਸਿੰਘ ਸ਼ਹੀਦ ਹੋ ਗਏ ਅਤੇ ਦਰਜਨ ਦੇ ਲਗਭਗ ਗੰਭੀਰ ਜ਼ਖ਼ਮੀ ਹੋਏ। ਖੂਨ-ਖਰਾਬਾ ਹੋਣ ਅਤੇ ਮਾਰਧਾੜ ਮਚਣ ਤੋਂ ਬਾਅਦ ਮੁਖ ਮੰਤਰੀ ਅਤੇ ਉਪ ਮੁਖ ਮੰਤਰੀ ਹਰਕਤ ਵਿਚ ਆਏ। ਫਿਰ ਲੱਗੀ ਦਿਵਯ-ਜੋਤੀ ਸਮਾਗਮ 'ਤੇ ਪਾਬੰਦੀ। ਕੁਝ ਬੇਬਾਕ ਪੱਤਰਕਾਰਾਂ ਨੇ ਜਦੋਂ ਪਿਉ-ਪੁੱਤ ਦੀ ਜੋੜੀ ਨੂੰ ਸਵਾਲ ਕੀਤਾ ਕਿ ਉਹ ਪਾਬੰਦੀ ਪਹਿਲੋਂ ਕਿਉਂ ਨਹੀਂ ਲਗਾਈ? ਤਾਂ ਦੋਹਾਂ ਨੇ ਕੁਝ ਅਜਿਹਾ ਜਵਾਬ ਦਿੱਤਾ ਸੀ: "ਸੰਵਿਧਾਨਿਕ ਫਰਜ਼ਾਂ ਦੀ ਪਾਲਣਾ ਕਰਦਿਆਂ ਕਿਸੇ ਤਰ੍ਹਾਂ ਦੇ ਇਕੱਠ ਜਾਂ ਜਨਸਮੂਹ ਦੇ ਸਮਾਗਮ 'ਤੇ ਪੂਰਵ ਪਾਬੰਦੀ ਨਹੀਂ ਲਗਾਈ ਜਾ ਸਕਦੀ।"

ਇਸੇ ਤਰ੍ਹਾਂ ਗੁਰੂ ਸਾਹਿਬਾਨ ਦੇ ਸਵਾਂਗ ਰਚਾ ਕੇ ਸਿੱਖਾਂ ਨੂੰ ਚਿੜਾਉਣ ਵਾਲੇ ਸੌਦਾ ਸਾਧ ਦੇ ਅਖੌਤੀ ਨਾਮ ਚਰਚਾ ਸਮਾਗਮ ਵੀ ਅਕਾਲੀ ਸਰਕਾਰ ਦੇ 'ਸੰਵਿਧਾਨਿਕ ਫਰਜ਼ਾਂ' ਦੀ ਛਤਰ ਛਾਇਆ ਹੇਠ ਬੇਰੋਕ-ਟੋਕ ਹੁਣ ਤੱਕ ਚੱਲਦੇ ਆ ਰਹੇ ਹਨ।

ਇਸ ਦੇ ਮੁਕਾਬਲੇ ਜੇ ਸਿੱਖ ਜਥੇਬੰਦੀਆਂ ਭਾਈ ਸੁੱਖੇ-ਜਿੰਦੇ ਦੀ ਬਰਸੀ ਮਨਾਉਣ ਦਾ ਐਲਾਨ ਕਰਨ ਤਾਂ ਉਨ੍ਹਾਂ ਜਥੇਬੰਦੀਆਂ ਦੇ ਚੋਣਵੇਂ ਆਗੂਆਂ ਨੂੰ ਘਰਾਂ ਤੋਂ ਚੁੱਕ ਕੇ ਫਟਾਫਟ ਆਰਾਮ ਘਰਾਂ (ਜੇਲ੍ਹਾਂ) ਵਿਚ ਸੁੱਟ ਦਿੱਤਾ ਜਾਂਦਾ ਹੈ। ਜੇ ਕਿਤੇ ਦਿੱਲੀ ਵਾਲੇ ਸਰਨਾ ਭਰਾਵਾਂ ਵਲੋਂ ਪੰਜਾਬ ਵਿਚ ਕੀਤੇ ਜਾਣ ਵਾਲੇ ਕਿਸੇ ਜਲਸੇ-ਜਲੂਸ ਦੀ ਕਨਸੋਅ ਵੀ ਬਾਦਲ ਸਰਕਾਰ ਦੇ ਕੰਨੀਂ ਪੈ ਜਾਏ, ਉਸੇ ਵੇਲੇ ਹੀ ਉਨ੍ਹਾਂ ਦੇ ਹਮਾਇਤੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਜਾਂਦੀਆਂ ਹਨ।

ਬਾਦਲ ਦਲ ਦੀ ਈਨ ਮੰਨਣ ਤੋਂ ਇਨਕਾਰੀ ਸਿੱਖ ਸੰਸਥਾਵਾਂ ਦੇ ਆਗੂ ਅਤੇ ਪੰਥ ਦੀ ਆਜ਼ਾਦ ਹਸਤੀ ਚਾਹੁਣ ਵਾਲੇ ਬੁੱਧੀਜੀਵੀ ਇਹ ਸਿਤਮਜ਼ਰੀਫੀ ਵਾਲਾ ਸਵਾਲ ਕਰਦੇ ਰਹਿੰਦੇ ਹਨ ਕਿ ਬਾਦਲ ਸਰਕਾਰ ਸਿੱਖਾਂ ਨਾਲ ਦੋਹਰੇ ਮਾਪਦੰਡ ਕਿਉਂ ਵਰਤ ਰਹੀ ਹੈ? ਇਨ੍ਹਾਂ ਭੋਲੇ ਪਾਤਸ਼ਾਹਾਂ ਨੂੰ ਕੋਈ ਪੁੱਛੇ ਕਿ ਸਿੱਖ ਫਲਸਫੇ ਨੂੰ ਆਰ. ਐਸ. ਐਸ. ਦੀ ਝੋਲੀ ਪਾਉਣ ਵਾਲਿਆਂ ਦੀ ਸਰਕਾਰ ਨੂੰ ਸਿੱਖਾਂ ਦਾ ਹੀ ਇਕ ਹਿੱਸਾ ਢੋਲ ਵਜਾ-ਵਜਾ ਕੇ 'ਪੰਥਕ ਸਰਕਾਰ' ਦਾ ਪ੍ਰਮਾਣ ਪੱਤਰ ਦੇਣ ਡਿਹਾ ਹੋਇਆ ਹੋਵੇ ਤਾਂ ਉਨ੍ਹਾਂ 'ਬਾਬਰਕਿਆਂ' ਨੂੰ ਸਿੱਖ ਹਿਤੈਸ਼ੀ ਬਣਨ ਦੀ ਕੀ ਲੋੜ ਹੈ?

ਸਾਦਿਕ ਠੋਸ ਅਕੀਦੇ ਕੀ ਫਿਰ ਕਰਨ ਭਲਾ,
ਥਾਂ-ਥਾਂ ਕਾਬਜ਼ ਹੋਈਆਂ ਸੋਚਾਂ ਦੋਗਲੀਆਂ।
ਕਥਨੀ ਦੀ ਮਜ਼ਬੂਤੀ ਦਾ ਕੀ ਅਰਥ ਬਣੇ,
ਕਰਨੀ ਪੱਖੋਂ ਜੇ ਪਹੁੰਚਾਂ ਖੋਖਲੀਆਂ!!

# ਅਨੇਕਾਂ ਲੋਕਾਂ ਦੇ ਦਿਲਾਂ ਵਿਚ ਵਸ ਕੇ ਅਮਰ ਹੋ ਗਈ ਐਨ ਫਰੈਂਕ

**ਲਖਵਿੰਦਰ ਸਿੰਘ ਰਈਆ**

ਐਨ ਫਰੈਂਕ 15 ਜੂਨ 1929 ਵਿਚ ਫਰੈਂਕਫਰਟ (ਜਰਮਨੀ) ਦੇ ਯਹੂਦੀ ਪਰਿਵਾਰ ਵਿਚ ਪੈਦਾ ਹੋਈ। ਅਜੇ ਉਹ ਚਾਰ ਸਾਲ ਦੀ ਹੀ ਸੀ ਕਿ 1933 ਵਿਚ ਨਾਜ਼ੀ ਪਾਰਟੀ ਜਰਮਨੀ ਵਿਚ ਤਾਕਤ ਵਿਚ ਆ ਗਈ ਜਿਸ ਨੇ ਯਹੂਦੀਆਂ ਨੂੰ ਕੌਮੀ ਪੁਆੜੇ ਦੀ ਜੜ੍ਹ ਮੰਨਦਿਆਂ ਉਨ੍ਹਾਂ ਉਪਰ ਦਮਨ ਦਾ ਕੁਹਾੜਾ ਤੇਜ਼ ਕਰ ਦਿੱਤਾ। ਨਾਜ਼ੀਆਂ ਦੀ ਇਸ ਦਮਨਕਾਰੀ ਨੀਤੀ ਤੋਂ ਬਚਣ ਲਈ ਇਸ ਯਹੂਦੀ ਪਰਿਵਾਰ ਨੇ ਅਮਸਟਰਡਮ (ਨੀਦਰਲੈਂਡ) ਵਿਚ ਜਾ ਸ਼ਰਨ ਲਈ। ਇਥੋਂ ਦੇ ਮੌਨਟੈਂਸਰੀ ਸਕੂਲ ਵਿਚ ਐਨ ਨੂੰ ਪੜ੍ਹਨ ਭੇਜਿਆ ਗਿਆ ਪਰ ਸੱਤ ਸਾਲ ਬਾਅਦ 1940 ਵਿਚ ਜਰਮਨੀ ਨੇ ਨੀਦਰਲੈਂਡ 'ਤੇ ਕਬਜ਼ਾ ਕਰ ਲਿਆ। ਇਥੇ ਵੀ ਯਹੂਦੀਆਂ ਨੂੰ ਨਾਜ਼ੀਆ ਵਲੋਂ ਚਲਾਈ ਯਹੂਦੀ ਵਿਰੋਧੀ ਲਹਿਰ ਦਾ ਸ਼ਿਕਾਰ ਹੋਣਾ ਪਿਆ। ਐਨ ਦੇ ਪਿਤਾ ਓਟੋ ਨੇ ਆਪਣੇ ਇਸ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਇਕ ਤਹਿਖਾਨੇ ਵਿਚ ਗੁਪਤਵਾਸ ਤਿਆਰ ਕੀਤਾ ਜਿਸ ਦਾ ਪ੍ਰਵੇਸ਼ ਦਰਵਾਜ਼ਾ ਖੁੱਲ੍ਹਣ-ਬੰਦ ਹੋਣ ਵਾਲੇ 'ਬੁੱਕ ਕੇਸ' ਨੂੰ ਬਣਾਇਆ ਤਾਂ ਕਿ ਕਿਸੇ ਨੂੰ ਕੋਈ ਸ਼ੱਕ ਨਾ ਹੋ ਸਕੇ।

ਜੂਨ 1942 ਵਿਚ ਐਨ ਫਰੈਂਕ ਨੂੰ ਉਸ ਦੇ ਤੇਰਵੇਂ ਜਨਮ ਦਿਨ 'ਤੇ ਇਕ ਡਾਇਰੀ ਤੋਹਫੇ ਵਜੋਂ ਮਿਲੀ। ਇਕ ਮਹੀਨੇ ਬਾਅਦ ਹੀ ਜੁਲਾਈ ਵਿਚ ਉਸ ਨੂੰ ਆਪਣੇ ਮਾਪਿਆਂ, ਭੈਣ ਮਾਰਗਟ ਤੇ ਚਾਰ ਜੀਆਂ ਦੇ ਇਕ ਹੋਰ ਯਹੂਦੀ ਪਰਿਵਾਰ ਸਮੇਤ ਉਸ ਗੁਪਤਵਾਸ ਵਿਚ ਰਹਿਣ ਲਈ ਮਜਬੂਰ ਹੋਣਾ ਪਿਆ ਜਿੱਥੇ ਭੇਦ ਖੁੱਲ੍ਹ ਜਾਣ ਦੇ ਡਰੋਂ ਦਿਨ ਵੇਲੇ ਪਾਖਾਨੇ ਜਾਣ ਦੀ ਬਿਲਕੁੱਲ ਮਨਾਹੀ ਸੀ। ਕਰੀਬ ਪੰਝੀ ਮਹੀਨੇ (ਜਦ ਤੱਕ ਕਿਸੇ ਸੂਹੀਏ ਵਲੋਂ ਇਨ੍ਹਾਂ ਪਰਿਵਾਰਾਂ ਦੀ ਮੁਖਬਰੀ ਕਰਕੇ ਫੜਾਇਆ ਨਾ ਗਿਆ ਉਦੋਂ ਤੱਕ) ਇਹ ਲੋਕ ਇਸ ਗੁਪਤ ਤਹਿਖਾਨੇ ਵਿਚ ਹੀ ਰਹੇ। ਇਸ ਕਰੜੇ ਜੀਵਨ ਦੌਰਾਨ ਐਨ ਨੇ ਬਾਹਰਲੀਆਂ ਘਟਨਾਵਾਂ/ਦੁਰਘਟਨਾਵਾਂ ਨੂੰ ਜਾਨਣ ਲਈ ਰੇਡੀਓ ਦਾ ਸਹਾਰਾ ਲਿਆ।

ਐਨ ਫਰੈਂਕ ਨੇ ਇਸ ਡਾਇਰੀ ਵਿਚ ਮਨੁੱਖੀ ਵਲਵਲੇ, ਭਾਵੁਕਤਾ, ਪਿਆਰ, ਗੁੱਸਾ, ਡਰ, ਗੁਲਾਮੀ ਦੀ ਪੀੜਾ, ਨਿਰਾਸ਼ਾ-ਆਸ਼ਾ ਤੇ ਆਪਣੇ ਭਵਿੱਖ ਦੇ ਸੁਨਹਿਰੀ ਸੁਫਨਿਆਂ ਵਿਚ ਉਡਾਰੀਆਂ ਮਾਰਨ ਦੀਆਂ ਯੋਜਨਾਵਾਂ, ਉਸ ਸਮੇਂ ਦੀਆਂ ਰੋਜ਼ਮੱਰਾ ਦੀਆਂ ਚਲੰਤ ਘਟਨਾਵਾਂ ਖਾਸ ਕਰਕੇ ਨਾਜ਼ੀਆਂ ਵਲੋਂ ਢਾਹੇ ਜਾਂਦੇ ਵੱਖ-ਵੱਖ ਜ਼ੁਲਮਾਂ, ਸਾੜ-ਫੂਕ ਤੇ ਮਾਰ-ਧਾੜ ਅਤੇ ਗੈਰ-ਯਹੂਦੀਆਂ (ਜਿਨ੍ਹਾਂ ਪਰਉਪਕਾਰੀ ਰਸਤੇ 'ਤੇ ਚਲਦਿਆਂ ਤੇ ਕਈ ਖਤਰਿਆਂ ਨੂੰ ਸਹੇੜਦਿਆਂ ਜ਼ੁਲਮਾਂ ਦੀ ਚੱਕੀ 'ਚ ਪਿਸਦੇ ਲੋਕਾਂ ਦੀ ਮਦਦ ਕਰਨ ਤੋਂ ਪਿਛਾਂਹ ਨੂੰ ਪੈਰ ਨਹੀਂ ਖਿਸਕਾਏ) ਨੂੰ ਬੜੀ ਸ਼ਿੱਦਤ ਨਾਲ ਨੰਨ੍ਹੇ-ਮੁੰਨੇ ਸੁਭਾਵਿਕ, ਵਿਵਹਾਰਿਕ ਅਤੇ ਮਾਸੂਮੀਅਤ ਤੇ ਸੰਜੀਦਗੀ ਭਰੇ ਵਿਚਾਰਾਂ ਵਿਚ ਪੇਸ਼ ਕੀਤਾ। ਗੁਲਾਮੀ ਅਤੇ ਕਈ ਵਾਰ ਪਏ ਮੌਤ ਦੇ ਸਾਇਆਂ ਦੀ ਮਾਨਸਿਕ ਪੀੜਾਂ ਤੋਂ ਅਡੋਲ ਰਹਿੰਦੇ ਹੋਏ ਐਨ ਫਰੈਂਕ ਨੇ ਆਪਣੇ ਸੁਭਾਅ 'ਚੋਂ ਕਿਸ਼ੋਰ ਅਵਸਥਾ ਦੀ ਚੰਚਲਤਾ, ਹਾਸਾ, ਮਜ਼ਾਕ, ਜੋਸ਼, ਹੋਸ਼ ਤੇ ਸਾਹਸ ਨੂੰ ਮੱਠਾ ਨਹੀਂ ਹੋਣ ਦਿੱਤਾ ਪਰ ਚੁਲਬੁਲੇ ਸੁਭਾਅ ਦੀ ਮਲਿਕਾ ਐਨ ਨੂੰ ਆਪਣੇ ਭਾਈਚਾਰੇ ਅਤੇ ਹੋਰ ਬੇਕਸੂਰ ਲੋਕਾਂ ਦਾ ਹੋ ਰਿਹਾ ਕਤਲੇਆਮ ਗੰਭੀਰ ਮੁਦਰਾ ਵਿਚ ਲੈ ਜਾਂਦਾ। ਈਰਖਾ, ਸਾੜਾ ਤੇ ਬਦਕਲਾਮੀ ਮਨੁੱਖੀ ਕਰੂਪਤਾ ਸਮਾਨ ਹੁੰਦੀ ਹੈ ਜਦ ਕਿ ਸਦਭਾਵਨਾ, ਪਰਉਪਕਾਰ ਤੇ ਚੰਗਾ ਵਿਹਾਰ/ਬੋਲਬਾਣੀ ਮਨੁੱਖੀ ਮਨ ਦੀ ਅਸਲ ਸੁੰਦਰਤਾ ਹੁੰਦੀ ਹੈ, ਦੀ ਪ੍ਰੜੋਤਾ ਕਰਦੀ ਨੰਨੀ ਫਰੈਂਕ ਨੇ ਲਿਖਿਆ ਹੈ:

"In spite of everything, I still believe that people are really good at heart."

ਸੰਨ 1944 ਵਿਚ ਸੂਹੀਆ ਪੁਲਿਸ ਵਲੋਂ ਯਹੂਦੀਆਂ ਦੇ ਇਸ ਗਰੁਪ ਨੂੰ ਪਹਿਲਾਂ ਨੀਦਰਲੈਂਡ ਦੀ ਜੇਲ੍ਹ ਵੈਸਟਰ ਬੋਰਕ ਵਿਚ ਤੇ ਫਿਰ ਪੋਲੈਂਡ ਦੇ ਕੈਦੀ ਕੈਂਪ ਐਸਚਵਿਜ਼ਟ ਵਿਚ ਲਿਜਾਇਆ ਗਿਆ ਜਿੱਥੋਂ ਅੱਗੇ ਐਨ ਤੇ ਉਸ ਦੀ ਭੈਣ ਨੂੰ ਬਾਕੀ ਪਰਿਵਾਰ ਤੋਂ ਵੱਖ-ਵੱਖ ਕਰਕੇ ਬੈਰਗਨ ਬੇਲਸੇਨ ਜਰਮਨੀ ਦੇ ਕੈਦੀ ਕੈਂਪ ਵਿਚ ਲਿਜਾਇਆ ਗਿਆ ਜਿੱਥੇ ਦੋਵਾਂ ਭੈਣਾਂ ਦੀ ਟਾਈਫਸ ਬੁਖਾਰ ਨਾਲ ਮੌਤ ਹੋ ਗਈ। ਇਸ ਪਰਿਵਾਰ ਵਿਚੋਂ ਇਕੱਲੇ ਬਚੇ ਐਨ ਦੇ ਪਿਤਾ ਓਟੋ ਨੇ 1947 ਵਿਚ ਜਦ ਆਪਣੀ ਬੇਟੀ ਐਨ ਦੀ ਡਾਇਰੀ ਨੂੰ ਗੁਪਤ ਨਿਵਾਸ ਤੋਂ ਲੱਭ ਕੇ ਪ੍ਰਕਾਸ਼ਿਤ ਕਰਵਾਇਆ ਤਾਂ ਵੱਖ-ਵੱਖ ਬੋਲੀਆਂ ਵਿਚ ਇਸ ਡਾਇਰੀ ਦੀ ਮੰਗ ਹੋਣ ਲੱਗੀ ਅਤੇ ਇਹ ਪੰਜਾਹ ਤੋਂ ਵੱਧ ਬੋਲੀਆਂ ਵਿਚ ਪ੍ਰਕਾਸ਼ਿਤ ਹੋਈ। ਇਸ ਡਾਇਰੀ ਦੇ ਵੱਖ-ਵੱਖ ਉਲਥਿਆਂ ਨੂੰ ਪੜ੍ਹ ਕੇ ਜਿੱਥੇ ਅਨੇਕਾਂ ਲੋਕਾਂ ਦੇ ਦਿਲਾਂ ਵਿਚ ਵਸ ਕੇ ਐਨ ਫਰੈਂਕ ਅਮਰ ਹੋ ਗਈ, ਉਥੇ ਇਸ ਦੇ ਛੋਟੇ ਪਰ ਭਾਵਪੂਰਤ ਜੀਵਨ ਦੀ ਯਾਦ ਤਾਜ਼ਾ ਰੱਖਣ ਲਈ ਇਸ ਪਰਿਵਾਰ ਦੇ ਗੁਪਤਵਾਸ ਨੂੰ ਅਜਾਇਬਘਰ ਦਾ ਦਰਜਾ ਦੇ ਦਿੱਤਾ ਗਿਆ। ਇਸ ਨੂੰ ਕਰੀਬ ਦਸ ਲੱਖ ਸੈਲਾਨੀ ਹਰ ਸਾਲ ਵੇਖਣ ਆਉਂਦੇ ਹਨ।



# ਕੋਈ ਜਨੁ ਹਰਿ ਸਿਉ ਦੇਵੈ ਜੋਰਿ

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ!!
ਜੈਤਸਰੀ ਮਹੱਲਾ 5
ਕੋਈ ਜਨੁ ਹਰਿ ਸਿਉ ਦੇਵੈ ਜੋਰਿ॥
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥
ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੇ ਸੁਧਾ ਸੰਜੋਰਿ॥
ਦਿਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾਬਿਖਿਆ ਤੇ ਤੋਰਿ॥
ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮਰੀ ਓਰਿ॥
ਅਭੈਪਦ ਦਾਨ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਅੰਦਰ ਦਰਸਾ ਰਹੇ ਹਨ ਕਿ ਪ੍ਰਭੂ ਮਿਲਾਪ ਲਈ ਜੀਵ ਆਤਮਾ ਨੂੰ ਕਿਵੇਂ ਯਤਨ ਕਰਨੇ ਚਾਹੀਦੇ ਹਨ। ਹੇ ਭਾਈ, ਜੇ ਕੋਈ ਰੱਬ ਦਾ ਪਿਆਰਾ ਮੈਨੂੰ ਉਸ ਹਰੀ ਪਰਮਾਤਮਾ ਦੇ ਚਰਨਾਂ ਨਾਲ ਜੋੜ ਦੇਵੇ ਤਾਂ ਮੈਂ ਉਸ ਪ੍ਰਭੂ ਦੇ ਪਿਆਰੇ ਦੇ ਚਰਨ ਫੜ ਲਵਾਂ ਅਤੇ ਆਪਣੀ ਜੁਬਾਨ ਨਾਲ ਮਿੱਠੇ ਬੋਲ ਬੋਲ ਕੇ ਸ਼ੁਕਰਾਨਾ ਕਰਾਂ ਅਤੇ ਇਹ ਆਪਣੀ ਜਿੰਦ ਜਾਨ ਭੀ ਉਸ ਨੂੰ ਭੇਟ ਕਰ ਦੇਵਾਂ।

ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੇ ਸੁਧਾ ਸੰਜੋਰਿ॥
ਦਿਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾਬਿਖਿਆ ਤੇ ਤੋਰਿ॥

ਹੇ ਭਾਈ, ਕੋਈ ਭਾਗਾਂ ਵਾਲਾ ਜੀਵ ਹੀ ਵਾਹਿਗੁਰੂ ਦੀ ਮਿਹਰ ਨਾਲ ਆਪਣੇ ਮਨ ਅਤੇ ਸਰੀਰ ਨੂੰ ਪਵਿੱਤਰ ਅਤੇ ਸਾਫ ਸੁਥਰਾ ਕਿਆਰਾ (ਜਮੀਨ ਦਾ ਟੁਕੜਾ) ਬਣਾਉਂਦਾ ਹੈ ਅਤੇ ਉਸ ਕਿਆਰੇ ਨੂੰ ਪ੍ਰਭੂ ਦੇ ਨਾਮ ਰੂਪੀ ਜਲ ਨਾਲ ਸਿੰਜਦਾ ਹੈ ਅਤੇ ਫਿਰ ਸੰਸਾਰਕ ਪਦਾਰਥਾਂ ਅਤੇ ਮੋਹ ਮਾਇਆ ਨਾਲੋਂ ਨਾਤਾ ਤੋੜ ਕੇ ਉਸ ਪਿਆਰੇ ਪ੍ਰਭੂ ਦੇ ਨਾਮ ਰਸ ਵਿਚ ਮਗਨ ਹੋ ਕੇ ਆਨੰਦ ਲੈਂਦਾ ਹੈ।

ਗੁਰੂ ਜੀ ਕਹਿੰਦੇ ਹਨ, ਹੇ ਦੀਨਾ ਦੇ ਦੁਖ ਦੂਰ ਕਰਨ ਵਾਲੇ ਪ੍ਰਭੂ ਜੀਉ, ਮੈਂ ਆਪ ਜੀ ਦੀ ਸ਼ਰਨ ਆਇਆ ਹਾਂ ਅਤੇ ਹੇ ਪ੍ਰਭੂ, ਮੈਂ ਸਦਾ ਹੀ ਤੇਰੀ ਓਟ ਅਤੇ ਆਸਰਾ ਮੰਗਦਾ ਹਾਂ। ਸੋ ਹੇ ਮੇਰੇ ਮਾਲਿਕ ਪ੍ਰਭ ਜੀਉ, ਇਸ ਨਾਨਕ ਨੂੰ ਸੰਸਾਰਕ ਬੰਧਨਾਂ ਅਤੇ ਵਿਕਾਰਾਂ ਤੋਂ ਬਚਾ ਕੇ ਆਪਣਾ ਨਾਮ ਸਿਮਰਨ ਅਤੇ ਨਿਰਭੈ ਰਹਿਣ ਵਾਲਾ ਵਿਕਾਰ ਰਹਿਤ ਜੀਵਨ ਦੇਹ। ਸੋ ਹੇ ਮੇਰੇ ਪ੍ਰਭੂ ਜੀਓ, ਮੈਂ ਸਦਾ-ਸਦਾ ਹੀ ਆਪ ਦੇ ਨਾਮ ਸਿਮਰਨ ਨਾਲ ਜੁੜਿਆ ਰਹਾਂ। ਇਸੇ ਲਈ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ।

*-ਬੀਬੀ ਸੁਰਜੀਤ ਕੌਰ ਸੈਂਕਰਾਮੈਂਟੋ*

# ਸ਼ਿਕਾਗੋ ਦਾ ਪਹਿਲਾ ਪੰਜਾਬੀ ਗੌਲਫ ਮੁਕਾਬਲਾ ਚਮਕੌਰ ਸਿੰਘ ਨੇ ਜਿਤਿਆ

**ਸ਼ਿਕਾਗੋ:** ਸ਼ਿਕਾਗੋ ਏਰੀਏ ਵਿਚ ਪਹਿਲੀ ਵਾਰ ਪੰਜਾਬੀ ਕਮਿਉਨਿਟੀ ਗੌਲਫ ਟੂਰਨਾਮੈਂਟ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਸ਼ਿਕਾਗੋ ਦੇ ਸਹਿਯੋਗ ਨਾਲ ਕੰਟਰੀਸਾਈਡ ਗੌਲਫ ਕਲੱਬ ਮੰਡੇਲਾਈਨ ਵਿਚ ਬੀਤੇ ਦਿਨੀਂ ਕਰਵਾਇਆ ਗਿਆ ਜਿਸ ਵਿਚ ਸ਼ਿਕਾਗੋਲੈਂਡ ਦੇ 50 ਤੋਂ ਵੱਧ ਗੌਲਫ ਖਿਡਾਰੀਆਂ ਨੇ ਹਿੱਸਾ ਲਿਆ।

ਇਸ ਟੂਰਨਾਮੈਂਟ ਦੇ ਟੀਮ ਜੇਤੂ ਸਨ ਬੱਬੀ ਬਾਠ ਅਤੇ ਡਾ. ਅਮਰਜੀਤ ਸੰਘਾ ਦੀ ਟੀਮ ਜਦੋਂਕਿ ਪਹਿਲਾ ਇਨਾਮ ਚਮਕੌਰ ਸਿੰਘ ਮਾਨ ਅਤੇ ਦੂਜਾ ਇਨਾਮ ਵਿਕ ਸਿੰਘ ਨੂੰ ਗਿਆ।

ਸਵੇਰੇ 11:30 ਵਜੇ ਤੱਕ ਗੌਲਫ ਖਿਡਾਰੀ ਗੌਲਫ ਕਲੱਬ ਵਿਚ ਪਹੁੰਚ ਚੁਕੇ ਸਨ ਅਤੇ ਕਈਆਂ ਨੇ ਆਉਂਦਿਆਂ ਹੀ ਗੌਲਫ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਮੌਸਮ ਵੀ ਬਹੁਤ ਸੁਹਾਵਣਾ ਸੀ। ਪਰੇਰੀ ਕੋਰਸ ਵਿਚ ਆਪੋ-ਆਪਣੀਆਂ ਗੌਲਫ ਕਾਰਟਾਂ ਅਤੇ ਗੌਲਫ ਕਲੱਬ ਚੁੱਕੀ ਫਿਰਦੇ ਰੰਗ ਬਰੰਗੀਆਂ ਪੱਗਾਂ ਬੰਨੀ ਗੌਲਫਰ ਇਕ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਹੇ ਸਨ। ਜੈ ਦੇਵ ਸਿੰਘ ਭੱਠਲ ਜੋ ਕਿ ਆਪ ਚੰਗੇ ਗੌਲਫਰ ਹਨ, ਕਹਿ ਰਹੇ ਸਨ, "ਇੰਜ ਗੌਲਫ ਕਲੱਬ ਵਿਚ ਦਸਤਾਰਾਂ ਸਜਾਈ ਸਿੱਖ ਗੌਲਫਰਾਂ ਨੂੰ ਗੌਲਫ ਖੇਡਦਿਆਂ ਵੇਖ ਕੇ ਵੱਖਰਾ ਹੀ ਅਨੰਦ ਆ ਰਿਹਾ ਹੈ।" ਗੌਲਫ ਪ੍ਰਬੰਧਕਾਂ ਵਿਚੋਂ ਇਕ ਜਸਬੀਰ ਸਿੰਘ ਸੂਗਾ ਕਹਿ ਰਹੇ ਸਨ, ਇਸ ਵਾਰ ਦੇ ਗੌਲਫ ਟੂਰਨਾਮੈਂਟ ਨੂੰ ਮਿਲਿਆ ਹੁੰਗਾਰਾ ਵੇਖ ਕੇ ਅਸੀਂ ਫੈਸਲਾ ਕੀਤਾ ਹੈ ਕਿ ਅਜਿਹਾ ਟੂਰਨਾਮੈਂਟ ਹਰ ਸਾਲ ਕਰਾਇਆ ਕਰੀਏ। ਦਵਿੰਦਰ ਸਿੰਘ ਅਤੇ ਰਮਨ ਜੌਹਰ ਨੇ ਸਕੋਰ ਕਾਰਡ ਇਕੱਠੇ ਕੀਤੇ ਅਤੇ ਮਿਥੇ ਮਾਨਦੰਡਾਂ ਅਨੁਸਾਰ ਜੇਤੂਆਂ ਦਾ ਐਲਾਨ ਕੀਤਾ। ਕਰੀਬ ਸਾਢੇ 6 ਵਜੇ ਸਾਰੇ ਗੌਲਫਰ 18 ਹੋਲ ਮੁਕੰਮਲ ਕਰਕੇ ਵਾਪਸ ਪਹੁੰਚ ਚੁਕੇ ਸਨ ਅਤੇ ਉਥੋਂ ਸਾਰੇ ਖਾਣਾ ਖਾਣ ਲਈ ਵਰਨਨ ਹਿਲ ਦੇ ਸੈਫਰਨ ਰੈਸਟੋਰੈਂਟ ਵਿਚ ਜਾ ਇਕੱਤਰ ਹੋਏ। ਇਸ ਮੌਕੇ ਡਾ. ਬਸਰਾਨ ਕਹਿ ਰਹੇ ਸਨ, ਇਹ ਤੇ ਬਹੁਤ ਵਧੀਆ ਸ਼ੁਗਲ ਹੈ ਬਈ, ਸਾਲ ਵਿਚ ਇਕ ਵਾਰ ਨਹੀਂ, ਦੋ ਵਾਰ ਟੂਰਨਾਮੈਂਟ ਕਰਿਆ ਕਰੀਏ। ਬਾਬ ਹੁੰਦਲ ਕਹਿ ਰਹੇ ਸਨ, ਆਪਾਂ ਇਸ ਨੂੰ ਅਗਲੇ ਪੱਧਰ 'ਤੇ ਲੈ ਕੇ ਜਾਈਏ ਅਤੇ ਇਥੇ ਠੰਡੇ ਥਾਂ ਗੌਲਫ ਖੇਡਣ ਦੀ ਥਾਂ ਫਲੋਰਿਡਾ ਜਿਹੇ ਨਿੱਘੇ ਥਾਂ ਵੀ ਗੌਲਫ ਖੇਡਣ ਜਾਇਆ ਕਰੀਏ। ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਜਗਮੀਤ ਸਿੰਘ ਨੇ ਆਏ ਗੌਲਫਰਾਂ ਦਾ ਧੰਨਵਾਦ ਕੀਤਾ। ਖਾਣਾ ਏਵਨ ਕਾਰਪੈਟ ਵਾਲੇ ਬਲਵਿੰਦਰ ਸਿੰਘ ਨੇ ਸਪਾਂਸਰ ਕੀਤਾ ਅਤੇ ਰਾਤੀਂ ਕਰੀਬ ਨੌਂ ਵਜੇ ਇਨਾਮਾਂ ਦੀ ਵੰਡ ਕੀਤੀ ਗਈ। ਇਸ ਟੂਰਨਾਮੈਂਟ ਦਾ ਆਯੋਜਨ ਕਰਨ ਵਿਚ ਸ਼ਸ਼ੀ ਸਿੰਘ, ਦਵਿੰਦਰਪਾਲ ਸਿੰਘ, ਵਿਕ ਸਿੰਘ, ਪੌਲ ਡੰਡੋਨਾ, ਗੁਲਜ਼ਾਰ ਸਿੰਘ ਮੁਲਤਾਨੀ, ਰਮਨਪ੍ਰੀਤ ਸਿੰਘ ਜੌਹਰ ਅਤੇ ਜਸਬੀਰ ਸਿੰਘ ਸੂਗਾ ਨੇ ਅਹਿਮ ਭੂਮਿਕਾ ਨਿਭਾਈ।













# ਅਕਾਲੀ ਸਿਆਸਤ ਦਾ ਰੌਸ਼ਨ ਦਿਮਾਗ ਜਥੇਦਾਰ

**ਬੇਕਰਜ਼ਫੀਲਡ:** ਮੇਰੀ ਜਾਣ-ਪਛਾਣ ਭਾਰਤ ਅਤੇ ਪੰਜਾਬ ਦੇ ਵੱਖ ਵੱਖ ਪਾਰਟੀਆਂ ਦੇ ਬਹੁਤ ਸਾਰੇ ਸਿਆਸੀ ਆਗੂਆਂ ਨਾਲ ਹੈ ਪਰ ਜਥੇਦਾਰ ਸੇਖਵਾਂ ਉਨ੍ਹਾਂ ਵਿਚੋਂ ਸਭ ਤੋਂ ਹਟ ਕੇ ਹਨ। ਮੈਂ ਇਹ ਗੱਲ ਇਸ ਕਰਕੇ ਨਹੀਂ ਕਹਿ ਰਿਹਾ ਕਿ ਜਥੇਦਾਰ ਸੇਖਵਾਂ ਮੇਰੇ ਮਿਹਰਬਾਨ ਮਿੱਤਰ ਹਨ ਬਲਕਿ ਉਨ੍ਹਾਂ ਦੇ ਇਕ ਚੰਗੇ ਇਨਸਾਨ ਅਤੇ ਉਸਾਰੂ ਸੋਚਣੀ ਦੇ ਮਾਲਕ ਹੋਣ ਕਰਕੇ ਕਹਿ ਰਿਹਾ ਹਾਂ।

ਜਥੇਦਾਰ ਸੇਖਵਾਂ ਦਾ ਜਨਮ ਟਕਸਾਲੀ ਆਗੂ ਜਥੇਦਾਰ ਉਜਾਗਰ ਸਿੰਘ ਸੇਖਵਾਂ ਦੇ ਘਰ 4 ਅਪਰੈਲ 1950 ਨੂੰ ਹੋਇਆ। ਉਨ੍ਹਾਂ ਦੇ ਪਿਤਾ ਜੀ ਅਕਾਲੀ ਦਲ ਦੇ ਪ੍ਰਧਾਨ ਰਹੇ ਹਨ ਅਤੇ ਦੋ ਵਾਰ ਵਿਧਾਇਕ ਵੀ ਰਹੇ। ਇਸ ਤੋਂ ਇਲਾਵਾ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵੀ ਰਹੇ।

ਜਥੇਦਾਰ ਸੇਵਾ ਸਿੰਘ ਸੇਖਵਾਂ 1990 ਵਿਚ ਆਪਣੇ ਪਿਤਾ ਜੀ ਦੇ ਦੇਹਾਂਤ ਤੋਂ ਬਾਅਦ ਹੀ ਸਿਆਸਤ ਦੇ ਮੈਦਾਨ ਵਿਚ ਨਿੱਤਰੇ। ਇਸ ਤੋਂ ਪਹਿਲਾਂ ਉਹ 14 ਸਾਲ ਅਧਿਆਪਕ ਰਹੇ। ਉਹ ਸਿਆਸਤ ਵਿਚ ਆਉਣਾ ਵੀ ਨਹੀਂ ਸਨ ਚਾਹੁੰਦੇ ਪ੍ਰੰਤੂ ਅਕਾਲੀ ਸੁਪਰੀਮੋ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਸਮੇਂ ਦੇ ਅਕਾਲ ਤਖਤ ਦੇ ਜਥੇਦਾਰ ਪ੍ਰੋ. ਦਰਸ਼ਨ ਸਿੰਘ ਦੇ ਜ਼ੋਰ ਪਾਉਣ ਉਤੇ ਸਿਆਸਤ ਵਿਚ ਨਿੱਤਰੇ। ਇਕ ਵਾਰ ਸਿਆਸਤ ਵਿਚ ਪੈਰ ਧਰਨ ਤੋਂ ਬਾਅਦ ਜਥੇਦਾਰ ਸੇਖਵਾਂ ਨੇ ਪਿਛੇ ਮੁੜ ਕੇ ਨਹੀਂ ਵੇਖਿਆ। 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਪਹਿਲੀ ਵਾਰ ਗੁਰਦਾਸਪੁਰ ਜ਼ਿਲੇ ਦੇ ਕਾਹਨੂੰਵਾਣ ਹਲਕੇ ਤੋਂ ਵਿਧਾਇਕ ਚੁਣੇ ਗਏ ਅਤੇ ਪੰਜਾਬ ਦੇ ਮਾਲ ਅਤੇ ਮੁੜ ਵਸੇਬਾ ਮਹਿਕਮੇ ਦੇ ਮੰਤਰੀ ਬਣੇ। ਉਦੋਂ ਉਨ੍ਹਾਂ ਅਧੀਨ ਲੋਕ ਸੰਪਰਕ ਵਿਭਾਗ ਵੀ ਰਿਹਾ।



*ਜਥੇਦਾਰ ਸੇਵਾ ਸਿੰਘ ਸੇਖਵਾਂ*

ਸੰਨ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦਾ ਜ਼ੋਰ ਰਿਹਾ ਅਤੇ ਜਥੇਦਾਰ ਸੇਖਵਾਂ ਥੋੜੀਆਂ ਜਿਹੀਆਂ ਵੋਟਾਂ ਨਾਲ ਹਾਰ ਗਏ ਪਰ ਬਾਅਦ ਵਿਚ ਆਪਣੇ ਵਿਰੋਧੀ ਪ੍ਰਤਾਪ ਸਿੰਘ ਬਾਜਵਾ ਦੇ ਲੋਕ ਸਭਾ ਲਈ ਚੁਣੇ ਜਾਣ ਪਿਛੋਂ ਖਾਲੀ ਹੋਈ ਸੀਟ ਲਈ ਜ਼ਿਮਨੀ ਚੋਣ ਵਿਚ ਉਹ ਚੋਣ ਜਿੱਤ ਕੇ 2009 ਵਿਚ ਮੁੜ ਵਿਧਾਇਕ ਬਣ ਗਏ। ਉਨ੍ਹਾਂ ਨੂੰ ਪਰਵਾਸੀ ਮਾਮਲਿਆਂ ਅਤੇ ਲੋਕ ਸੰਪਰਕ ਦੇ ਵਿਭਾਗ ਦੇ ਕੇ ਕੈਬਨਿਟ ਮੰਤਰੀ ਵਜੋਂ ਪੰਜਾਬ ਵਜ਼ਾਰਤ ਵਿਚ ਸ਼ਾਮਲ ਕੀਤਾ ਗਿਆ। ਹਾਲ ਹੀ ਵਿਚ ਪੰਜਾਬ ਦੇ ਮੰਤਰੀ ਮੰਡਲ ਵਿਚ ਹੋਈ ਰੱਦੋਬਦਲ ਦੌਰਾਨ ਉਨ੍ਹਾਂ ਨੂੰ ਪੰਜਾਬ ਦਾ ਇਕ ਅਹਿਮ ਮਹਿਕਮਾ ਸਿੱਖਿਆ ਵਿਭਾਗ ਦਿੱਤਿਆ ਗਿਆ ਹੈ ਅਤੇ ਇਸ ਵੇਲੇ ਉਹ ਸਿਖਿਆ ਮੰਤਰੀ ਹਨ। ਇਹ ਵੀ ਜ਼ਿਕਰਯੋਗ ਹੈ ਕਿ ਮਾਝੇ ਦੇ ਇਲਾਕੇ ਵਿਚੋਂ ਪਹਿਲੀ ਵਾਰ ਕੋਈ ਅਕਾਲੀ ਆਗੂ ਸਿਖਿਆ ਮੰਤਰੀ ਬਣਿਆ ਹੈ। ਪਰਵਾਸੀ ਮਾਮਲਿਆਂ ਦਾ ਵਿਭਾਗ ਵੀ ਉਨ੍ਹਾਂ ਪਾਸ ਹੀ ਰਹੇਗਾ। ਜਥੇਦਾਰ ਸੇਖਵਾਂ ਅਕਾਲੀ ਦਲ ਦੀ ਕੋਰ ਕਮੇਟੀ ਅਤੇ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਵੀ ਹਨ। ਉਹ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਸਕੱਤਰ ਵੀ ਰਹਿ ਚੁਕੇ ਹਨ।

ਜਥੇਦਾਰ ਸੇਖਵਾਂ ਬਹੁਤ ਹੀ ਨਿਰਮਾਣ ਅਤੇ ਮਿਹਨਤੀ ਇਨਸਾਨ ਹਨ। ਅਧਿਆਪਕ ਹੁੰਦਿਆਂ ਉਹ ਖੁਦ ਖੇਤੀ ਕਰਦੇ ਹੁੰਦੇ ਸਨ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਜੋ ਅਨੰਦ ਹੱਥੀਂ ਕਿਰਤ ਕਰਨ ਵਿਚ ਆਉਂਦਾ ਹੈ ਉਹ ਹੋਰ ਕਿਸੇ ਤਰ੍ਹਾਂ ਨਹੀਂ। ਜਥੇਦਾਰ ਸੇਵਾ ਸਿੰਘ ਸੇਖਵਾਂ ਅੱਛੇ ਲਿਖਾਰੀ ਵੀ ਹਨ। ਉਨ੍ਹਾਂ ਦੇ ਲੇਖ ਅਕਸਰ ਪੰਜਾਬ ਅਤੇ ਪੰਜਾਬ ਤੋਂ ਬਾਹਰਲੀਆਂ ਅਖਬਾਰਾਂ ਵਿਚ ਛਪਦੇ ਰਹਿੰਦੇ ਹਨ। ਜਥੇਦਾਰ ਸੇਖਵਾਂ ਦੀ ਸਿਆਸੀ ਸੂਝ-ਬੂਝ ਦਾ ਲੋਹਾ ਉਨ੍ਹਾਂ ਦੇ ਵਿਰੋਧੀ ਵੀ ਮੰਨਦੇ ਹਨ। ਹੈਰਾਨੀ ਨਹੀਂ ਕਿ ਉਨ੍ਹਾਂ ਨੂੰ ਅਕਾਲੀ ਦਲ ਦਾ ਥਿੰਕ ਟੈਂਕ ਵੀ ਕਿਹਾ ਜਾਂਦਾ ਹੈ।

ਪੰਜਾਬ ਦੇ ਅਤਿਵਾਦ ਦੇ ਦੌਰ ਨੂੰ ਉਹ ਪੰਜਾਬ ਲਈ ਬੇਹੱਦ ਭੈੜਾ ਸਮਾਂ ਮੰਨਦੇ ਹਨ ਜਿਸ ਵਿਚ ਮਾਂਵਾਂ ਦੇ ਹਜ਼ਾਰਾਂ ਪੁੱਤ ਅਜਾਈਂ ਚਲੇ ਗਏ ਅਤੇ ਪੰਜਾਬ ਇਕ ਪੀੜ੍ਹੀ ਪਿਛੇ ਪੈ ਗਿਆ। ਪੰਜਾਬ ਦੇ ਸਿਖਿਆ ਮੰਤਰੀ ਹੁੰਦਿਆਂ ਉਨ੍ਹਾਂ ਦਾ ਸੁਪਨਾ ਹੈ ਕਿ ਹਰ ਗਰੀਬ ਇਨਸਾਨ ਦੇ ਬੱਚੇ ਨੂੰ ਵੀ ਉਹੀ ਤਾਲੀਮ ਹਾਸਲ ਹੋਵੇ ਜੋ ਦੂਜਿਆਂ ਨੂੰ ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮੇਰਾ ਸਭ ਤੋਂ ਵੱਡਾ ਏਜੰਡਾ ਹੋਵੇਗਾ। ਪੰਜਾਬ ਦੇ ਸਿਖਿਆ ਖੇਤਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਲਦ ਹੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਅਧਿਆਪਕ ਅਤੇ ਹੋਰ ਸਟਾਫ ਭਰਤੀ ਕੀਤਾ ਜਾਵੇਗਾ ਤਾਂ ਜੋ ਬੱਚਿਆਂ ਨੂੰ ਹੋਰ ਚੰਗੇਰੀ ਸਿਖਿਆ ਦਿਤੀ ਜਾ ਸਕੇ। ਜਥੇਦਾਰ ਸੇਖਵਾਂ ਅਧਿਆਪਕੀ ਸਟਾਫ ਵਲੋਂ ਕੀਤੀਆਂ ਜਾਂਦੀਆਂ ਹੜਤਾਲਾਂ ਅਤੇ ਦਿੱਤੇ ਜਾਂਦੇ ਧਰਨਿਆਂ ਪ੍ਰਤੀ ਵੀ ਚਿੰਤਤ ਹਨ। ਉਨ੍ਹਾਂ ਦਾ ਵਿਚਾਰ ਸਭ ਯੂਨੀਅਨਾਂ ਨਾਲ ਮਿਲ ਬੈਠ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਯੋਗ ਹੱਲ ਕੱਢਣ ਦਾ ਹੈ। ਉਨ੍ਹਾਂ ਦਾ ਸੁਪਨਾ ਪੰਜਾਬ ਦੇ ਸਿਖਿਆ ਪੱਧਰ ਨੂੰ ਬਹੁਤ ਉਚਾ ਚੁੱਕਣ ਦਾ ਹੈ। ਖੁਦ ਜਥੇਦਾਰ ਸੇਖਵਾਂ ਦਾ ਪਰਿਵਾਰ ਬਹੁਤ ਅੱਛਾ ਪੜ੍ਹਿਆ ਹੋਇਆ ਹੈ। ਉਨ੍ਹਾਂ ਦੀਆਂ ਦੋਵੇਂ ਬੇਟੀਆਂ ਡਾਕਟਰ ਹਨ, ਇਕ ਲੜਕਾ ਪਾਇਲਟ ਤੇ ਦੂਜਾ ਵਕੀਲ ਹੈ ਜੋ ਆਪਣੇ ਪਿਤਾ ਵਾਂਗ ਹੀ ਲੋਕਾਂ ਦੀ ਸੇਵਾ ਕਰਦੇ ਹਨ।

ਇਹ ਵੀ ਦਿਲਚਸਪ ਗੱਲ ਹੈ ਕਿ ਜਥੇਦਾਰ ਸੇਖਵਾਂ ਸ਼ਾਇਦ ਪੰਜਾਬ ਦੇ ਇਕੋ ਇਕ ਮੰਤਰੀ ਹਨ ਜੋ ਆਪਣਾ ਫੋਨ ਖੁਦ ਸੁਣਦੇ ਹਨ। ਉਨ੍ਹਾਂ ਨਾਲ ਸਿੱਧੇ ਤੌਰ 'ਤੇ ਉਨ੍ਹਾਂ ਦੇ ਫੋਨ 91-97797-55552 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

## ਚਲਦੇ-ਫਿਰਦੇ



ਮਨਦੀਪ ਮਾਨ
ਫੋਨ:661-889-1927

# ਬਰੈਸਟ ਕੈਂਸਰ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਮੁਹਿੰਮ

**ਡੈਲਸ, ਟੈਕਸਸ (ਰਾਣਾ ਇਕਬਾਲ):** ਏਸ਼ੀਆਈ ਔਰਤਾਂ ਵਿਚ ਬਰੈਸਟ ਕੈਂਸਰ (ਛਾਤੀ ਦੇ ਕੈਂਸਰ) ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਏਸ਼ੀਅਨ ਬਰੈਸਟ ਹੈਲਥ ਆਊਟਰੀਚ ਪ੍ਰਾਜੈਕਟ ਅਧੀਨ ਇਕ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ। ਇਸ ਪ੍ਰਾਜੈਕਟ ਅਧੀਨ ਮੁਢਲੀ ਛਾਣਬੀਣ ਉਪਰੰਤ ਲੋੜਵੰਦ ਔਰਤਾਂ ਦੇ ਡਿਜ਼ੀਟਲ ਮੈਮੋਗ੍ਰਾਮ ਵਾਸਤੇ ਮੁਫਤ ਪ੍ਰਬੰਧ ਕੀਤਾ ਜਾਂਦਾ ਹੈ।

ਇਸ ਪ੍ਰਾਜੈਕਟ ਦੇ ਪ੍ਰਬੰਧਕਾਂ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਡੈਲਸ, ਡੈਂਟਨ ਅਤੇ ਕੋਲਿਨ ਕਾਉਂਟੀਆਂ ਵਿਚ ਵੱਸਦੀਆਂ ਚਾਲੀ ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਜਿਨ੍ਹਾਂ ਪਾਸ ਆਮਦਨ ਦੇ ਵਾਜਬ ਸਾਧਨ ਨਹੀਂ ਹਨ ਅਤੇ ਉਨ੍ਹਾਂ ਪਾਸ ਲੋੜੀਂਦੀ ਹੈਲਥ ਇੰਸ਼ੋਰੈਂਸ ਨਹੀਂ ਹੈ, ਇਸ ਸਹੂਲਤ ਦਾ ਲਾਭ ਉਠਾ ਸਕਦੀਆਂ ਹਨ। ਇਹ ਪ੍ਰਾਜੈਕਟ ਮੈਥਾਡਿਸਟ ਰਿਚਰਡਸਨ ਮੈਡੀਕਲ ਸੈਂਟਰ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਮੁਢਲੇ ਮੁਆਇਨੇ ਪਿਛੋਂ ਅਗਰ ਸੈਂਟਰ ਦਾ ਰੇਡੀਆਲੋਜਿਸਟ ਸਲਾਹ ਦੇਵੇ ਤਾਂ ਸਬੰਧਤ ਮਹਿਲਾ ਵਾਸਤੇ ਮੁਫਤ ਮੈਮੋਗ੍ਰਾਮ ਦਾ ਇੰਤਜ਼ਾਮ



ਕੀਤਾ ਜਾਂਦਾ ਹੈ। ਮੈਮੋਗ੍ਰਾਮ ਮਹੀਨੇ ਦੇ ਹਰ ਦੂਜੇ ਸ਼ੁਕਰਵਾਰ ਸਵੇਰੇ 7:30 ਤੋਂ ਸ਼ਾਮ 4 ਵਜੇ ਤੱਕ ਮੈਥਾਡਿਸਟ ਰਿਚਰਡਸਨ ਮੈਡੀਕਲ ਸੈਂਟਰ ਵਿਚ ਕੀਤੇ ਜਾਂਦੇ ਹਨ ਅਤੇ ਇਸ ਲਈ ਪਹਿਲਾਂ ਅਪੁਆਇੰਟਮੈਂਟ ਲੈਣੀ ਜ਼ਰੂਰੀ ਹੈ। ਅਪੁਆਇੰਟਮੈਂਟ ਫੋਨ 'ਤੇ ਬਣਾਈ ਜਾ ਸਕਦੀ ਹੈ। ਜਿਨ੍ਹਾਂ ਮਰੀਜਾਂ ਨੂੰ ਅੰਗਰੇਜ਼ੀ ਠੀਕ ਤਰ੍ਹਾਂ ਨਹੀਂ ਆਉਂਦੀ ਉਨ੍ਹਾਂ ਲਈ ਵੀਅਤਨਾਮੀ, ਕੋਰੀਅਨ, ਚੀਨੀ ਅਤੇ ਭਾਰਤੀ ਭਾਸ਼ਾਵਾਂ ਬੋਲਣ ਵਾਲੇ ਸਟਾਫ ਦਾ ਬੰਦੋਬਸਤ ਹੈ। ਇਹ ਪ੍ਰਾਜੈਕਟ ਭਾਈਚਾਰੇ ਅਤੇ ਮੈਡੀਕਲ ਕਿੱਤੇ ਦੇ ਮਾਹਿਰਾਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਪ੍ਰਾਜੈਕਟ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਇਹ 2001 ਵਿਚ ਅਰੰਭਿਆ ਗਿਆ ਸੀ ਅਤੇ ਹੁਣ ਤੱਕ 5 ਹਜ਼ਾਰ ਤੋਂ ਵੱਧ ਸਕਰੀਨਿੰਗ ਮੈਮੋਗ੍ਰਾਮ ਕੀਤੇ ਜਾ ਚੁਕੇ ਹਨ।

ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਬਰੈਸਟ ਕੈਂਸਰ ਔਰਤਾਂ ਵਿਚ ਕਾਫੀ ਆਮ ਹੈ। ਇਕ ਅਨੁਮਾਨ ਮੁਤਾਬਕ 8 ਔਰਤਾਂ ਪਿਛੇ ਇਕ ਔਰਤ ਨੂੰ ਬਰੈਸਟ ਕੈਂਸਰ ਦੀ ਸੰਭਾਵਨਾ ਰਹਿੰਦੀ ਹੈ। ਅਮੈਰਿਕਨ ਕੈਂਸਰ ਸੁਸਾਇਟੀ ਮੁਤਾਬਕ ਸਾਲ 2010 ਵਿਚ 261,100 ਔਰਤਾਂ ਦੇ ਬਰੈਸਟ ਕੈਂਸਰ ਤੋਂ ਪੀੜਤ ਪਾਏ ਜਾਣ ਦਾ ਖਦਸ਼ਾ ਹੈ। ਡਰ ਹੈ ਕਿ ਇਨ੍ਹਾਂ ਵਿਚੋਂ 39,840 ਔਰਤਾ ਬਰੈਸਟ ਕੈਂਸਰ ਕਰਕੇ ਮੌਤ ਦੇ ਮੂੰਹ ਜਾ ਸਕਦੀਆਂ ਹਨ। ਅਮਰੀਕਾ 'ਚ ਇਸ ਸਮੇਂ ਕੋਈ 25 ਲੱਖ ਔਰਤਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਬਰੈਸਟ ਕੈਂਸਰ ਤੋਂ ਬਚਾਇਆ ਜਾ ਸਕਿਆ ਹੈ। ਇਹ ਜ਼ਰੂਰੀ ਸਮਝਿਆ ਜਾਂਦਾ ਹੈ ਕਿ 40 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਸਾਲ ਵਿਚ ਘੱਟੋ ਘੱਟ ਇਕ ਵਾਰ ਮੈਮੋਗ੍ਰਾਮ ਜ਼ਰੂਰ ਕਰਵਾਉਣਾ ਚਾਹੀਦਾ ਹੈ। ਮੈਮੋਗ੍ਰਾਮ ਰਾਹੀਂ ਬਰੈਸਟ ਕੈਂਸਰ ਦੀ ਪਛਾਣ ਮੁਢਲੇ ਪੜਾਅ 'ਤੇ ਹੀ ਹੋ ਸਕਦੀ ਹੈ ਅਤੇ ਪਹਿਲੇ 5 ਸਾਲਾਂ ਅੰਦਰ ਰੋਗ ਦੀ ਪਹਿਚਾਣ ਹੋ ਜਾਣ 'ਤੇ ਬਚ ਰਹਿਣ ਦੀ 98% ਸੰਭਾਵਨਾ ਰਹਿੰਦੀ ਹੈ।

ਏਸ਼ੀਅਨ ਬਰੈਸਟ ਹੈਲਥ ਆਊਟਰੀਚ ਪ੍ਰਾਜੈਕਟ ਅਧੀਨ ਮੁਫਤ ਮੈਮੋਗ੍ਰਾਮ ਲਈ ਪਹਿਲਾਂ ਡਾਕ ਰਾਹੀਂ ਅਰਜੀ ਭੇਜਣੀ ਜ਼ਰੂਰੀ ਹੈ। ਹੋਰ ਜਾਣਕਾਰੀ ਲਈ ਸੈਂਟਰ ਨਾਲ ਫੋਨ 972-498-8601 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸਿਆਸੀ ਸ਼ਰਨ ਲੈ ਚੁੱਕੇ ਪ੍ਰਵਾਸੀਆਂ ਦੇ ਬੱਚਿਆਂ ਨੂੰ ਮਿਲੇਗਾ ਬੇਰੋਕ ਵੀਜ਼ਾ

**ਨਿਊ ਯਾਰਕ:** ਵਿਦੇਸ਼ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਹੈ ਕਿ ਸਿਆਸੀ ਸ਼ਰਨ ਲੈ ਚੁਕੇ ਮਾਪਿਆਂ ਦੇ ਬੱਚਿਆਂ ਨੂੰ ਭਾਰਤ ਜਾਣ ਲਈ ਵੀਜ਼ੇ ਦੀ ਕੋਈ ਰੁਕਾਵਟ ਨਹੀਂ ਹੋਵੇਗੀ। ਇਹ ਪ੍ਰਗਟਾਵਾ ਉਨ੍ਹਾਂ ਐਨ ਆਰ ਆਈ ਸਭਾ ਅਮਰੀਕਾ ਦੇ ਇਕ ਵਫਦ ਨੂੰ ਦਿਤਾ ਜੋ ਕਿ ਉਨ੍ਹਾਂ ਨੂੰ ਭਾਰਤੀ ਸਫਾਰਤਖਾਨਿਆਂ ਵਿਚ ਆ ਰਹੀਆਂ ਮੁਸ਼ਕਿਲਾਂ ਸਬੰਧੀ ਮਿਲਿਆ ਸੀ। ਸ੍ਰੀਮਤੀ ਪ੍ਰਨੀਤ ਕੌਰ ਇਨੀਂ ਦਿਨੀਂ ਅਮਰੀਕਾ ਦੇ ਦੌਰੇ ਤੇ ਹਨ।

ਇਥੇ ਨਿਊ ਯਾਰਕ ਸਫਾਰਤਖਾਨੇ ਵਿਚ ਮਿਲੇ ਇਸ ਵਫਦ ਵਿਚ ਸ. ਜਰਨੈਲ ਸਿੰਘ ਗਿਲਜੀਆਂ ਸੀਨੀਅਰ ਮੀਤ ਪ੍ਰਧਾਨ (ਪ੍ਰਧਾਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ), ਸ. ਭੁਪਿੰਦਰ ਸਿੰਘ ਬੋਪਾਰਾਏ ਮੀਤ ਪ੍ਰਧਾਨ, ਮਾਸਟਰ ਮਹਿੰਦਰ ਸਿੰਘ ਪ੍ਰਧਾਨ ਨਿਊ ਯਾਰਕ ਅਤੇ ਕੁਲਵੀਰ ਸਿੰਘ ਆਲਮਪੁਰ ਜਨਰਲ ਸਕੱਤਰ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਅਤੇ ਗੁਰਮੇਜ ਸਿੰਘ ਮੀਤ ਪ੍ਰਧਾਨ ਸ਼ਾਮਿਲ ਸਨ।



*ਮਹਾਰਾਣੀ ਪਰਨੀਤ ਕੌਰ ਅਤੇ ਰਾਜ ਬੱਬਰ ਨਾਲ ਨਿਊ ਯਾਰਕ ਦੇ ਸਿੱਖ ਆਗੂ*

ਇਸ ਮੌਕੇ ਵਿਦੇਸ਼ ਰਾਜ ਮੰਤਰੀ ਨੇ ਕਿਹਾ ਕਿ ਪ੍ਰਵਾਸੀਆਂ ਦੀ ਮੰਗ ਨੂੰ ਮੁਖ ਰਖਦਿਆਂ ਵਿਦੇਸ਼ ਨੀਤੀ ਵਿਚ ਸੁਧਾਰ ਕਰਦਿਆਂ ਸਿਆਸੀ ਸ਼ਰਨ ਲੈ ਚੁੱਕੇ ਪ੍ਰਵਾਸੀਆਂ ਦੇ ਬੱਚਿਆਂ ਲਈ ਖਾਸ ਰਿਆਇਤ ਦਿੱਤੀ ਗਈ ਹੈ। ਸਿਆਸੀ ਸ਼ਰਨ ਵਾਲਿਆਂ ਨੂੰ ਛੋਟਾਂ ਦੇਣ ਲਈ ਉਹ ਸੰਸਦ ਵਿਚ ਪ੍ਰਵਾਸੀਆਂ ਦੀ ਅਵਾਜ਼ ਪਹੁੰਚਾਉਣਗੇ। ਇਸ ਮੌਕੇ ਉਥੇ ਮੌਜੂਦ ਕਾਂਗਰਸੀ ਐਮ ਪੀ ਤੇ ਫਿਲਮ ਅਦਾਕਾਰ ਰਾਜ ਬੱਬਰ ਨੇ ਵੀ ਪ੍ਰਵਾਸੀਆਂ ਨੂੰ ਮੁਸ਼ਕਿਲਾਂ ਦੇ ਹੱਲ ਦੀ ਮੰਗ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਸਰਕਾਰ ਨੂੰ ਪਰਵਾਸੀਆਂ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

ਇਸੇ ਦੌਰਾਨ ਐਨ.ਆਰ.ਆਈ. ਸਭਾ ਅਮਰੀਕਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਅਟਾਰਨੀ ਅਤੇ ਚੇਅਰਮੈਨ ਜੋਬਨਜੀਤ ਸਿੰਘ ਨੇ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਹੈ ਤੇ ਕਿਹਾ ਹੈ ਕਿ ਇਸ ਫੈਸਲੇ ਤੋਂ ਬਾਅਦ ਹੁਣ ਰਾਜਸੀ ਸ਼ਰਨ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੇ ਬੱਚੇ ਵੀਜ਼ਾ ਲੈ ਸਕਣਗੇ। ਉਨ੍ਹਾਂ ਮੰਗ ਕੀਤੀ ਕਿ ਰਾਜਸੀ ਸ਼ਰਣ ਪ੍ਰਾਪਤ ਵਿਅਕਤੀਆਂ ਨੂੰ ਵੀ ਭਾਰਤ ਦੇ ਵੀਜ਼ੇ ਦੇਣ 'ਤੇ ਲੱਗੀ ਰੋਕ ਹਟਾ ਲਈ ਜਾਵੇ।

## ਜ਼ਰੂਰੀ ਨਹੀਂ ਔਰਤਾਂ ਵੱਧ ਸੰਵੇਦਨਸ਼ੀਲ ਹੋਣ:ਚੈਂਪੀਅਨ

**ਮੁੰਬਈ:** ਫਿਲਮ ਨਿਰਮਾਤਾ ਜੇਨ ਚੈਂਪੀਅਨ ਨੇ ਕਿਹਾ ਹੈ ਕਿ ਕੋਈ ਕਲਾਕਾਰ ਕਿੰਨਾ ਸੰਵੇਦਨਸ਼ੀਲ ਹੈ, ਇਸ ਦਾ ਉਸ ਦੇ ਪੁਰਸ਼ ਜਾਂ ਔਰਤ ਹੋਣ ਨਾਲ ਕੋਈ ਸਰੋਕਾਰ ਨਹੀਂ।

ਆਸਕਰ ਪੁਰਸਕਾਰ ਦੇ ਇਤਿਹਾਸ ਵਿਚ ਹੁਣ ਤੱਕ ਚਾਰ ਮਹਿਲਾ ਫਿਲਮ ਨਿਰਦੇਸ਼ਕ ਸਰਵੋਤਮ ਨਿਰਦੇਸ਼ਕ ਵਰਗ ਲਈ ਨਾਮਜ਼ਦ ਹੋਏ ਹਨ ਤੇ ਚੈਂਪੀਅਨ ਉਨ੍ਹਾਂ ਵਿਚੋਂ ਇਕ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ, "ਮੈਂ ਆਪਣੀ ਜ਼ਿੰਦਗੀ ਵਿਚ ਅਜਿਹੇ ਪੁਰਸ਼ ਦੇਖੇ ਹਨ, ਜੋ ਬਹੁਤ ਸੰਵੇਦਨਸ਼ੀਲ ਸਨ ਤੇ ਅਜਿਹੀਆਂ ਔਰਤਾਂ ਵੀ ਦੇਖੀਆਂ ਹਨ, ਜਿਹੜੀਆਂ ਬਿਲਕੁਲ ਵੀ ਸੰਵੇਦਨਸ਼ੀਲ ਨਹੀਂ ਸਨ, ਜਦ ਕਿ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਔਰਤਾਂ ਨਾਲੋਂ ਵੱਧ ਸੰਵੇਦਨਸ਼ੀਲ ਹੁੰਦੀਆਂ ਹਨ।"



District LUDHIANA'S Top Most





Three Star Hotel with Banquet Hall

* Marriage Palace
* Honeymoon Suites
* Conference Hall
* Kitty Hall
* Three Banquet Halls
* Well Furnished Rooms
* Multi Cuisine Restaurant
* Well Equipped Bar
* N.R.I. Spl. Rooms

★★★ HOTEL Snehmohan REGENCY


G.T. Road, Ludhiana-Moga Highway, (Jagraon) Ludhiana. Punjab, INDIA.
Phone: +91-1624-258100-200-300
Cell : +91-9988410707, 9988410701
Email: contact@hotelsnehmohanregency.com
Website: www.hotelsnehmohanregency.com



ਦੰਦਾਂ ਦਾ ਤਸੱਲੀਬਖ਼ਸ਼ ਇਲਾਜ
ਸਿੱਧੀ ਕਾਲ ਕਰੋ 630-479-0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20-40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖ਼ੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ

ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ



Fillings, Dentures, Crowns, Bridge, Veneers, Extractions, Cleaning,

Dr. Harjinder Khaira DMD & Associates

Lakestreet Dental
490 W. Lake Street, Suite 107 Roselle, IL 60172
630-894-8008

Lakeland Dental
115 E. State Rd., Island Lake, IL 60042
847-526-1920

# ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ ਨੂੰ ਜਿਉਂ ਦਾ ਤਿਉਂ ਬਰਕਰਾਰ ਰਖਣ ਦੀ ਮੰਗ

**ਅੰਮ੍ਰਿਤਸਰ:** ਅੰਮ੍ਰਿਤਸਰ ਵਿਕਾਸ ਮੰਚ ਨੇ ਏਅਰ ਇੰਡੀਆ ਦੇ ਇਸ ਦਾਅਵੇ ਨੂੰ ਚੁਣੌਤੀ ਦਿੱਤੀ ਹੈ ਕਿ 31 ਅਕਤੂਬਰ ਤੋਂ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ ਬਰਾਸਤਾ ਦਿੱਲੀ ਕਰਨ ਨਾਲ ਹੁਣ ਪੰਜਾਬੀ ਰੋਜ਼ਾਨਾ ਲੰਡਨ ਤੇ ਟੋਰਾਂਟੋ ਜਾ ਸਕਣਗੇ ਤੇ ਉਨ੍ਹਾਂ ਦਾ ਸਮਾਂ ਵੀ ਘੱਟ ਲਗੇਗਾ। ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਯੂ.ਪੀ.ਏ. ਚੇਅਰਪਰਸਨ ਤੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਸ੍ਰੀ ਪ੍ਰਫੁਲ ਪਟੇਲ ਨੂੰ ਲਿਖੇ ਪੱਤਰ ਵਿਚ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ ਨੂੰ ਜਿਉਂ ਦਾ ਤਿਉਂ ਬਰਕਰਾਰ ਰਖਣ ਦੀ ਬੇਨਤੀ ਕਰਦਿਆਂ ਦਲੀਲ ਦਿੱਤੀ ਹੈ ਕਿ ਇਸ ਨਾਲ ਸਮਾਂ ਵੱਧ ਲਗੇਗਾ ਤੇ ਦਿੱਲੀ ਹਵਾਈ ਅੱਡੇ 'ਤੇ ਖ਼ਜ਼ਲ ਖੁਆਰ ਵੀ ਹੋਣਾ ਪਵੇਗਾ। ਜਿੱਥੋਂ ਤੀਕ ਟੋਰਾਂਟੋ ਜਾਣ ਵਾਲਿਆਂ ਦਾ ਸਬੰਧ ਹੈ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਉਹ ਪਹਿਲਾਂ ਲੰਡਨ ਜਾਂਦੇ ਸਨ ਹੁਣ ਉਹ ਦਿੱਲੀ ਜਾਣਗੇ ਜਿੱਥੋਂ ਉਹ ਟੋਰਾਂਟੋ ਲਈ ਸਿੱਧੀ ਉਡਾਣ ਲੈਣਗੇ।

ਧੁੰਦ ਕਰਕੇ ਏਅਰ ਇੰਡੀਆ 15 ਦਸੰਬਰ ਤੋਂ 31 ਜਨਵਰੀ ਤੀਕ ਹਰ ਸਾਲ ਅੰਮ੍ਰਿਤਸਰ ਤੋਂ ਉਡਾਣਾਂ ਬੰਦ ਕਰ ਦਿੰਦੀ ਹੈ ਪਰ ਇਹ ਉਡਾਣ ਅੰਮ੍ਰਿਤਸਰ ਤੋਂ ਸ਼ੁਰੂ ਅਤੇ ਸਮਾਪਤ ਹੋਣ ਕਰਕੇ ਬੰਦ ਨਹੀਂ ਹੁੰਦੀ ਕਿਉਂਕਿ ਮੌਸਮ ਅਨੁਸਾਰ ਇਸ ਦੇ ਸਮੇਂ ਵਿਚ ਤਬਦੀਲੀ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਨਵੀਂ ਤਬਦੀਲੀ ਨਾਲ ਇਹ ਉਡਾਣ ਵੀ ਬੰਦ ਹੋ ਜਾਵੇਗੀ।

ਏਅਰ ਇੰਡੀਆ ਨੇ 1 ਨਵੰਬਰ ਤੋਂ ਜੋ ਸਮਾਂ ਸਾਰਨੀ ਅੰਮ੍ਰਿਤਸਰ-ਦਿੱਲੀ ਜਾਰੀ ਕੀਤੀ ਹੈ, ਉਸ ਅਨੁਸਾਰ ਅੰਮ੍ਰਿਤਸਰ ਤੋਂ ਦਿੱਲੀ ਨੂੰ ਰੋਜ਼ਾਨਾ 4 ਉਡਾਣਾਂ ਹਨ ਪਰ ਜੇ ਇਹਨਾਂ ਨੂੰ ਗਹੁ ਨਾਲ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਅਮਰੀਕਾ, ਕੈਨੇਡਾ, ਇੰਗਲੈਂਡ, ਸਿੰਘਾਪੁਰ, ਜਰਮਨੀ, ਅਸਟਰੇਲੀਆ, ਜਪਾਨ ਅਤੇ ਹੋਰ ਮੁਲਕਾਂ ਨੂੰ ਜਾਣ ਲਈ ਏ 321 ਜ਼ਹਾਜ਼ ਲਗਾਇਆ ਗਿਆ ਹੈ, ਜਿਸ ਵਿੱਚ ਵੱਧ ਤੋਂ ਵੱਧ 150 ਸੁਆਰੀਆਂ ਬੈਠਦੀਆਂ ਹਨ, ਜੋ ਕਿ ਰੋਜ਼ਾਨਾ ਰਾਤ ਨੂੰ 10.10 ਤੇ ਅੰਮ੍ਰਿਤਸਰ ਤੋਂ ਦਿੱਲੀ ਲਈ ਉਡਾਣ ਭਰੇਗਾ।

ਇਸ ਸਮੇ ਅੰਮ੍ਰਿਤਸਰ ਤੋਂ ਲੰਡਨ-ਟੋਰਾਂਟੋ ਜਿਹੜਾ ਜਹਾਜ਼ ਜਾਂਦਾ ਹੈ ਉਹ ਬੋਇੰਗ 777 ਹੈ ਜਿਸ ਵਿਚ 300 ਸਵਾਰੀਆਂ ਬੈਠਦੀਆਂ ਹਨ। ਜੇ ਅਸੀਂ ਅੰਮ੍ਰਿਤਸਰ-ਲੰਡਨ-ਟੋਰਾਂਟੋ ਜਾਂਦੀਆਂ ਸਵਾਰੀਆਂ ਦੀ ਗਿਣਤੀ 250 ਦੇ ਕਰੀਬ ਗਿਣਨ ਤੋਂ ਇਲਾਵਾ 100 ਦੇ ਕਰੀਬ ਨਿਊਯਾਰਕ, 100 ਦੇ ਕਰੀਬ ਅਸਟ੍ਰੇਲੀਆ ਤੇ ਸਿੰਘਾਪੁਰ ਤੇ 100 ਦੇ ਕਰੀਬ ਹੋਰ ਮੁਲਕਾਂ ਨੂੰ ਜਾਂਦੀਆਂ ਸਵਾਰੀਆਂ ਲਾ ਲਈਏ ਤਾਂ ਇਹ ਗਿਣਤੀ 500 ਦੇ ਕਰੀਬ ਬਣਦੀ ਹੈ। ਇਸ ਤੋਂ ਸਪੱਸ਼ਟ ਹੈ ਕਿ 150 ਤੋਂ ਵੱਧ ਸਵਾਰੀਆਂ ਨੂੰ ਇਸ ਤੋਂ ਪਹਿਲਾਂ ਦੀ ਉਡਾਣ ਜੋ ਕਿ 3:00 ਵਜੇ ਦੁਪਹਿਰ ਹੈ ਉਹ ਲੈਣੀ ਪਵੇਗੀ। ਦਿਲੀ ਤੋ ਟੋਰਾਂਟੋ ਲਈ ਉਡਾਣ ਰਾਤ ਦੇ ਡੇਢ ਵਜੇ, ਸ਼ਿਕਾਗੋ ਲਈ ਰਾਤ 1 ਵਜੇ, ਨਿਊਯਾਰਕ ਲਈ ਰਾਤ 1 ਵਜੇ ਹੈ। ਯਾਤਰੂਆਂ ਨੂੰ ਘੰਟਿਆ ਬੱਧੀ ਦਿੱਲੀ ਹਵਾਈ ਅੱਡੇ ਤੇ ਬੈਠਣਾ ਪਵੇਗਾ।

ਨਵੀਂ ਵਿਵਸਥਾ ਅਨੁਸਾਰ ਅੰਮ੍ਰਿਤਸਰ ਤੋਂ ਲੰਡਨ ਕਾਰਗੋ ਰਾਹੀਂ ਜੋ ਸਬਜੀਆਂ ਤੇ ਹੋਰ ਸਮਾਨ ਲੰਡਨ ਜਾਂਦਾ ਹੈ ਉਹ ਵੀ ਜਾਣਾ ਬੰਦ ਹੋ ਜਾਵੇਗਾ। ਇਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਨੁਕਸਾਨ ਹੋਵੇਗਾ ਤੇ ਏਅਰ ਇੰਡੀਆ ਨੂੰ ਘਾਟਾ ਪਵੇਗਾ।

WHEN IT COMES TO PUNJABI TELEVISION, COMPETITION DOESN'T STAND A CHANCE!




PTC Punjabi is now available only on DISH Network!

PTC PUNJABI

**PTC Punjabi** is a premium Punjabi entertainment channel from India. The channel offers a wide variety of entertainment shows including current affairs shows, breaking news, prime news bulletins, reality talent shows, mega events, and music videos, produced in India as well as local shows from North America. Watch telecast of Gurbani from Sri Hazoor Sahib, every morning exclusively on PTC Punjabi. Popular shows on PTC Punjabi includes "Voice of Punjab", "Masters", "Preeto Top 10", "PTC Spotlight", "Pind Di Galiyan", "Watano Door", "Masle", "Tirchi Nazar", "The NRI Show", "Guftagu", and "Ms. PTC Punjabi"

DISH Network is the only pay-TV provider which offers 7 top-rated Punjabi channels!

Punjabi Pack $24.99/mo.
Punjab PTC PUNJABI jus jus one punjabi

Local channels $9.99/mo.
abc CBS NBC FOX CW PBS

Subscribe to the Punjabi Pack with American local channels and receive:

- **Free** Standard Professional Installation
- **No** equipment to buy
- **Free** DVR upgrade ($6/mo. DVR Service fee applies)
- **Free** Activation (with Agreement)
- **No** additional Service Access fee

Dish TV USA (847) 380-5500
www.dishtvusa.com

dish NETWORK. AUTHORIZED RETAILER

Digital Home Advantage plan requires 24-month agreement and credit qualification. If service is terminated before the end of agreement, a cancellation fee of $17.50/month remaining applies. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels may not be available in all areas. Offer is subject to the terms of applicable Promotional and Residential Customer Agreements. Additional restrictions may apply. First-time DISH Network customers only. Offer ends 11/10/10. DIRECTV is a trademark of DIRECTV, Inc.

# ਸੁਨਹਿਰੀ ਇਤਿਹਾਸ ਨੂੰ ਸਮੋਈ ਬੈਠਾ ਹੈ ਸਪਰਿੰਗਫੀਲਡ

**ਡਾ. ਚਰਨਜੀਤ ਸਿੰਘ ਗੁਮਟਾਲਾ**

ਸਪਰਿੰਗਫੀਲਡ ਓਹਾਇਓ ਸਟੇਟ ਦੇ ਉਨ੍ਹਾਂ ਸ਼ਹਿਰਾਂ ਵਿਚੋਂ ਹੈ ਜਿਨ੍ਹਾਂ ਦਾ ਇਕ ਸਮੇਂ ਬਹੁਤ ਜਲੌਅ ਸੀ ਅਤੇ ਜੋ ਸਮੇਂ ਦੇ ਨਾਲ ਇਤਿਹਾਸ ਦਾ ਪੰਨਾ ਬਣ ਕੇ ਰਹਿ ਗਏ। ਇਸ ਸ਼ਹਿਰ ਦੀ ਨੀਂਹ ਕੈਨਟਕੀ ਦੇ ਸਾਬਕਾ ਟੀਮਸਟਰ ਜੇਮਜ਼ ਡੀਮਿੰਟ ਨੇ 1801 ਵਿਚ ਰੱਖੀ। 1818 ਵਿਚ ਇਸ ਨੂੰ ਕਾਊਂਟੀ ਦਾ ਦਰਜਾ ਮਿਲ ਗਿਆ।



ਸਪਰਿੰਗਫੀਲਡ ਕੋਰਟ ਰੂਮ

ਉਨੀਵੀਂ ਸਦੀ ਦੇ ਅੱਧ ਤੋਂ ਅੰਤਲੇ ਦਿਨਾਂ ਤੀਕ ਸਪਰਿੰਗਫੀਲਡ ਵਿਚ ਉਦਯੋਗਪਤੀਆਂ ਦਾ ਬੋਲਬਾਲਾ ਸੀ। ਇਨ੍ਹਾਂ ਨਾਮਵਰ ਉਦਯੋਗਪਤੀਆਂ ਵਿਚ ਓ.ਐਸ. ਕੈਲੀ, ਆਸਾ ਐਸ. ਬੁਸ਼ਨੈਲ, ਜੇਮਜ਼ ਲੈਫੇਲ, ਪੀ ਪੀ ਮਸਤ, ਬੈਂਜਾਮਿਨ ਆਦਿ ਸ਼ਾਮਿਲ ਹਨ। ਬੁਸ਼ਨੈਲ ਨੇ ਓਹਾਇਓ ਬੁਸ਼ਨੈਲ ਬਿਲਡਿੰਗ ਦੀ ਉਸਾਰੀ ਕਰਵਾਈ ਜਿੱਥੇ ਰਾਇਟ ਭਰਾਵਾਂ ਨੇ 1904 ਵਿਚ ਅਟਾਰਨੀ ਹੈਰੀ ਔਬਰੇਅ ਟੋਲਮਿਨ ਸੀਨੀਅਰ ਪਾਸ ਹਵਾਈ ਜਹਾਜ਼ ਦੀ ਖੋਜ ਕਰਨ ਪਿੱਛੋਂ ਆਪਣਾ ਪੇਟੈਂਟ ਰਜਿਸਟਰ ਕਰਵਾਇਆ। ਆਪਣੇ ਖੇਤੀਬਾੜੀ ਦੇ ਸੰਦਾਂ ਦੀ ਵਿਕਰੀ ਨੂੰ ਵਧਾਉਣ ਲਈ ਪੀ.ਪੀ. ਮਸਤ ਨੇ ਫਾਰਮ ਐਂਡ ਫਾਇਰਸਾਇਡ ਮੈਗਜ਼ੀਨ ਸ਼ੁਰੂ ਕੀਤਾ। ਉਸ ਦੀ ਮਸਤ ਕ੍ਰੋਵੈਲ ਐਂਡ ਕਿਰਕਪੈਟਰਿਕ ਪਬਲਿਸ਼ਿੰਗ ਕੰਪਨੀ ਉਨਤੀ ਕਰਕੇ ਕ੍ਰੋਵੈਲ-ਕੋਲਿਅਰ ਪਬਲੀਸ਼ਿੰਗ ਕੰਪਨੀ ਬਣੀ ਜੋ ਕਿ ਕੋਲੀਇਰ'ਜ਼ ਵੀਕਲੀ ਕਰਕੇ ਪ੍ਰਸਿੱਧ ਹੈ।

1894 ਵਿਚ ਕੈਲੀ ਸਪਰਿੰਗਫੀਲਡ ਟਾਇਰ ਕੰਪਨੀ ਦੀ ਸਥਾਪਨਾ ਹੋਈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਸਪਰਿੰਗਫੀਲਡ ਹੂਮ ਸਿਟੀ ਨਾਲ ਪ੍ਰਸਿਧ ਹੋ ਗਿਆ। ਮੈਸੋਨਿਕ ਲਾਜ਼, ਨਾਇਟਸ ਆਫ਼ ਪਾਈਥਿਆਜ਼ ਤੇ ਔਡ ਫੈਲੋਜ਼ ਸਮੇਤ ਕਈ ਲਾਜ ਯਤੀਮਾਂ ਅਤੇ ਬਜ਼ੁਰਗਾਂ ਲਈ ਬਣਾਏ।

ਗਲੈਸਨਰ ਮੈਨੁਫੈਕਚਰਿੰਗ ਕੰਪਨੀ ਵਲੋਂ ਚੈਂਪੀਅਨ ਬ੍ਰਾਂਡ ਦੇ ਖੇਤੀਬਾੜੀ ਸੰਦ ਬਣਾਉਣ ਕਰਕੇ ਸਪਰਿੰਗਫੀਲਡ ਚੈਂਪੀਅਨ ਸਿਟੀ ਦੇ ਨਾਂ ਨਾਲ ਮਸ਼ਹੂਰ ਹੋ ਗਿਆ। 1902 ਵਿਚ ਇਹ ਕੰਪਨੀ ਇੰਟਰਨੈਸ਼ਨਲ ਹਾਰਵੈਸਟਰ ਵਿਚ ਸਮਾ ਗਈ ਜੋ ਕਿ ਬਤੌਰ ਨੇਵੀਸਟਾਰ ਇੰਟਰਨੈਸ਼ਨਲ ਸਪਰਿੰਗਫੀਲਡ ਵਿਚ ਰਹੀ। ਇਹ ਕੰਪਨੀ ਦਰਮਿਆਨੇ ਤੇ ਵੱਡੇ ਆਕਾਰ ਦੇ ਟਰੱਕ ਬਣਾਉਂਦੀ ਹੈ। ਇਸ ਕੰਪਨੀ ਦੇ ਟਰੱਕ ਅਜੇ ਵੀ ਅਮਰੀਕਾ ਵਿਚ ਮਸ਼ਹੂਰ ਹਨ।

1902 ਵਿਚ ਏ.ਬੀ. ਗ੍ਰਾਹਮ ਜੋ ਕਿ ਸਕੂਲਾਂ ਦੇ ਸੁਪਰਡੈਂਟ ਸਨ, ਨੇ ਬੁਆਏਜ਼ ਐਂਡ ਗਰਲਜ਼ ਐਗਰੀਕਲਚਰਲ ਕਲੱਬ ਸਥਾਪਤ ਕੀਤਾ ਜੋ ਕਿ ਕੁਝ ਸਾਲਾਂ ਵਿਚ 4 ਐਚ ਕਲੱਬ ਦੇ ਨਾਂ ਨਾਲ ਕੌਮੀ ਪੱਧਰ 'ਤੇ ਵਿਕਸਿਤ ਹੋ ਗਿਆ। 4-ਐਚ ਦਾ ਭਾਵ ਹੈ ਹੈਡ (ਸਿਰ) ਹਾਰਟ (ਦਿਲ), ਹੈਂਡਜ਼ (ਹੱਥ), ਤੇ ਹੈਲਥ (ਸਿਹਤ)। ਇਸ ਦੇ ਪਹਿਲੇ ਪ੍ਰੋਜੈਕਟ ਸਨ, ਖਾਣਿਆਂ ਦੀ ਸੰਭਾਲ, ਬਾਗ਼ਬਾਨੀ ਅਤੇ ਮੁੱਢਲੀ ਖੇਤੀਬਾੜੀ। ਸਪਰਿੰਗਫੀਲਡ ਦੇ ਕੋਰਟ ਹਾਊਸ ਵਿਚ ਇਸ ਦੀ ਯਾਦ ਵਿਚ 4-ਐਚ ਦਾ ਸੰਕੇਤ ਅਜੇ ਵੀ ਲੱਗਾ ਹੋਇਆ ਹੈ। ਕਲਾਰਕ ਕਾਊਂਟੀ ਫੇਅਰ ਜੋ ਕਿ ਸੂਬੇ ਵਿਚ ਦੂਸਰਾ ਸਭ ਤੋਂ ਵੱਡਾ ਮੇਲਾ ਹੈ 4-ਐਚ ਦੀ ਵੱਡੀ ਦੇਣ ਹੈ।

1916 ਤੋਂ 1926 ਵਿਚਾਲੇ ਸਪਰਿੰਗਫੀਲਡ ਵਿਚ 10 ਆਟੋਮੋਬਾਇਲ ਕੰਪਨੀਆਂ ਕੰਮ ਕਰਦੀਆਂ ਸਨ ਜਿਨ੍ਹਾਂ ਵਿਚ ਬ੍ਰਾਮਵੈਲ, ਬ੍ਰੇਨਿੰਗ, ਫੂਜ਼, ਫਰੇਅਰ-ਮਿਲਰ, ਕੈਲੀਸਟੀਮ, ਰਸਲ-ਸਪਰਿੰਗਫੀਲਡ, ਵੈਸਟਕਾਟ ਆਦਿ ਸ਼ਾਮਲ ਹਨ। ਵੈਸਟਕਾਟ ਕਾਰ, ਵੈਸਟਕਾਟ ਮੋਟਰ ਕਾਰ ਕੰਪਨੀ ਵਲੋਂ ਬਣਾਈ ਜਾਂਦੀ ਸੀ।

ਬਰਟਨ ਤੇ ਔਰਫਾ ਵੈਸਟਕੋਟ ਨੇ 1908 ਵਿਚ ਵਿਸ਼ਵ-ਪੱਧਰੀ ਆਰਕੀਟੈਕਟ ਫਰੈਂਕ ਲਾਇਡ ਰਾਇਟ ਪਾਸੋਂ ਆਪਣਾ ਘਰ ਡੀਜ਼ਾਇਨ ਕਰਵਾਇਆ ਜਿਸ ਨੇ ਕਿ ਸਾਰੇ ਓਹਾਇਓ ਸੂਬੇ ਵਿਚ ਆਪਣੀ ਪਛਾਣ ਬਣਾਈ ਹੋਈ ਹੈ। ਇਹ ਇਸ ਸਮੇਂ ਯਾਤਰੂਆਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਹੈ।

ਸਪਰਿੰਗਫੀਲਡ ਦੇ ਵਿਲੀਅਮ ਵਾਇਟਲੀ ਦੀ 1856 ਵਿਚ ਸਵੈ-ਬਿਜਾਈ, ਕਟਾਈ ਅਤੇ ਖੇਤੀਬਾੜੀ ਨਾਲ ਸਬੰਧਤ ਹੋਰ ਕਾਰਜਾਂ ਦੀਆਂ ਮਸ਼ੀਨਾਂ ਦੀ ਖੋਜ ਪਿਛੋਂ ਇੰਟਰਨੈਸ਼ਨਲ ਹਾਰਵੈਸਟਰ (ਹੁਣ ਨੇਵੀਸਟਾਰ) ਪਹਿਲਾਂ ਖੇਤੀਬਾੜੀ ਦੇ ਸੰਦ ਬਣਾਉਣ ਤੇ ਬਾਅਦ ਵਿਚ ਟਰੱਕ ਬਣਾਉਣ ਵਾਲੀ ਕੰਪਨੀ ਦੇ ਰੂਪ ਵਿਚ ਪ੍ਰਸਿੱਧ ਹੋਈ ਤੇ ਉਨ੍ਹਾਂ ਦੀ ਇਹ ਪ੍ਰਸਿੱਧੀ ਅਗਲੀ ਸਦੀ ਵਿਚ ਵੀ ਰਹੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਇਥੇ ਰੋਜ਼ਾਨਾ 54 ਯਾਤਰੀ ਗੱਡੀਆਂ ਆਉਂਦੀਆਂ ਸਨ। ਇਹ ਸ਼ਹਿਰ ਗੁਲਾਬਾਂ ਦਾ ਸ਼ਹਿਰ (ਸਿਟੀ ਆਫ ਰੋਜਜ਼) ਕਰਕੇ ਵੀ ਜਾਣਿਆ ਜਾਂਦਾ ਰਿਹਾ ਹੈ। 1919 ਤੀਕ ਦੁਨੀਆਂ ਵਿਚ ਗੁਲਾਬ ਪੈਦਾ ਕਰਨ ਵਿਚ ਇਸ ਸਥਾਨ ਦਾ ਪਹਿਲਾ ਨੰਬਰ ਸੀ। ਇਥੇ 33 ਗ੍ਰੀਨ ਹਾਊਸ ਹੁੰਦੇ ਸਨ।

ਇਸ ਸ਼ਹਿਰ ਨੇ ਕਈ ਨਾਮਵਰ ਸ਼ਖਸੀਅਤਾਂ ਪੈਦਾ ਕੀਤੀਆਂ ਹਨ। ਸਪਰਿੰਗਫੀਲਡ ਪਹਿਲਾ ਸ਼ਹਿਰ ਸੀ ਜਿਸ ਦਾ ਮੇਅਰ ਅਮਰੀਕੀ ਮੂਲ ਦਾ ਕੋਈ ਵਿਅਕਤੀ ਰਾਬਰਟ ਹੈਨਰੀ ਫਰਵਰੀ 1906 ਵਿਚ ਬਣਿਆ।

ਸਪਰਿੰਗਫੀਲਡ ਦੇ ਜੋ ਖਿਡਾਰੀ ਪ੍ਰਸਿੱਧ ਹੋਏ ਹਨ ਉਨ੍ਹਾਂ ਵਿਚ ਮੇਜਰ ਲੀਗ ਬੇਸਬਾਲ ਖਿਡਾਰੀ ਡੇਵ ਬਰਗਾ, ਹਾਰਵੇ ਹੈਡਿਕਸ, ਡੋਸਟਿਨ ਹਰਮੈਨਸਨ, ਟਾਈ ਹੋਵਿੰਗਟਨ, ਜਿਮੀ ਜੋਰਨਲ, ਬਰੁਕਸ ਲਾਰੈਂਸ, ਲਿਊਕ ਲੂਕਸ, ਰਿਕ ਵਾਈਟ, ਬਾਸਕਟ ਬਾਲ ਪ੍ਰੋਫੈਸ਼ਨਲ ਖਿਡਾਰੀ ਜੇਸਨ ਕੋਲੀਅਰ ਤੇ ਵੇਅਨੇ ਐਂਬਰੀ, ਪ੍ਰੋਫੈਸ਼ਨਲ ਸਾਕਰ ਖਿਡਾਰੀ ਟਰੋਇ ਪਰਕਿਨਸ, ਪ੍ਰੋਫੈਸ਼ਨਲ ਕੈਨੇਡੀਅਨ ਫੁਟਬਾਲ ਖਿਡਾਰੀ ਡਿਕ ਸ਼ੈਟੋ ਆਦਿ ਸ਼ਾਮਲ ਹਨ। ਦੁਨੀਆਂ ਦਾ ਸਾਬਕਾ ਫੈਦਰ ਵੇਟ ਬਾਕਸਿੰਗ ਚੈਂਪੀਅਨ (1959-63) ਡੇਵ ਮੂਰ ਅਤੇ ਬਿਗ ਬ੍ਰਦਰਜ਼ 5 ਦਾ ਜੇਤੂ ਐਂਡਰਿਊ ਡੇਨੀਅਲ ਵੀ ਸਪਰਿੰਗਫੀਲਡ ਨਾਲ ਸੰਬੰਧਿਤ ਹਨ। ਬ੍ਰਿਟਿਸ਼ ਕਾਰ ਕੰਪਨੀ ਲਗੋਂਡਾ ਦਾ ਬਾਨੀ ਵਿਲਬਰ ਗਨ ਸਪਰਿੰਗਫੀਲਡ ਦਾ ਜੰਮਪਲ ਸੀ। ਓਹਾਇਓ ਦੇ ਗਵਰਨਰ ਆਸਾ ਬੁਸ਼ਨੈਲ (1896-1900) ਤੇ ਜੇਮਜ਼ ਰੋਡਜ਼ (1963-71, 1975-1983) ਸਪਰਿੰਗਫੀਲਡ ਦੇ ਸਨ।

ਪ੍ਰਸਿੱਧ ਗਾਇਕ ਜੀਨ ਬੋਸ਼ੀਅਰ, ਜੈਜ ਪਿਆਨੋ ਕਾਲ ਕੌਬਸ, ਐਕਟਰੈਸ ਲਿਲਿਅਨ ਗਿਸ਼, ਸਾਬਕਾ ਮਾਡਲ ਤੇ ਐਕਟਰ ਜਸਟਿਨ ਚੈਂਬਰਸ, ਪ੍ਰੋ. ਲੂਥਰ ਅਲੈਗਜੈਂਡਰ ਗੋਟਵਾਲਡ, ਰੇਡੀਓ ਬ੍ਰਾਡਕਾਸਟਿੰਗ ਸ਼ਖਸੀਅਤ ਜੌਹਨ ਹਾਲ,



ਮੇਅਰ ਵਾਰਨ ਕੋਪਲੈਂਡ ਤੇ ਉਨ੍ਹਾਂ ਦੀ ਪਤਨੀ ਲੇਖਕ (ਐਨ ਸੱਜੇ) ਤੇ ਅਵਤਾਰ ਸਿੰਘ ਨਾਲ

ਹਾਸ ਕਲਾਕਾਰ ਰਿਚਰਡ (ਡਿਕ) ਹੈਟਫੀਲਡ, ਲੇਖਕ ਤੇ ਗਾਇਕ ਗ੍ਰਿਫਿਨ ਹਾਊਸ, ਜੀਵ ਵਿਗਿਆਨੀ ਐਲਵੁਡ ਵੀ. ਜੈਨਸਨ, ਕਿੰਗ ਰੋਡ ਡਰੈਗ ਦੇ ਖੋਜ਼ੀ ਡੇਵਿਡ ਵਾਰਡ ਕਿੰਗ, ਗਾਇਕ, ਸੰਗੀਤਕਾਰ ਤੇ ਪਿਆਨੋ ਕਲਾਕਾਰ ਜੌਹਨ ਲੀਜੈਂਡ, ਸਟਰਾਅਬੈਰੀ ਗਰਲਜ਼ ਤੇ ਬਾਲ ਸਾਹਿਤ ਦੇ ਲੇਖਕ ਤੇ ਵਿਆਖਿਆਕਾਰ ਲੁਇਸ ਲੈਂਸਕੀ, ਜੈਜ ਸੰਗੀਤਕਾਰ ਜੋਹਨੀ ਲਿਟਲੇ, ਓਆਹਸਪੇ ਦੇ ਲੇਖਕ ਜੌਹਨ ਨਿਊਬਰੋਗ ਐਨੀਮਲ ਗਰੇਸ ਦੇ ਗਟਾਰਸਾਜ਼ ਗਾਇਕ ਟੋਨੀ ਪੋਵੈਲ, ਅਮਰੀਕੀ ਸਿਖਿਆ ਪ੍ਰਣਾਲੀ ਦੇ ਆਲੋਚਕ, ਲੇਖਕ ਤੇ ਕੋਲੰਬੀਆ ਯੂਨੀਵਰਸਿਟੀ ਦੇ ਟੀਚਰਜ਼ ਕਾਲਜ ਦੇ ਪ੍ਰੋਫੈਸਰ ਰਾਬਰਟ ਬਰੂਸ ਰਾਉਪ, ਐਕਟਰੈਸ ਅਲੈਨਾ ਰੀਡ ਹਾਲ, ਲੇਖਕ ਡੈਨ ਸਟਪ, ਜੈਜ ਸੰਗੀਤਕਾਰ ਚਾਰਲਸ ਥੌਮਸਨ ਤੇ ਟੌਮੀ ਟੱਕਰ, ਸਕਰੀਨ ਰਾਈਟਰ ਕ੍ਰਿਸਟੋਫਰ ਜੇ. ਵੈਲਡ, ਜੈਜ ਸੈਕਸੋਫੋਨਿਸਟ ਅਰਲੇ ਵੈਰਨ, ਕਲਾਕਾਰ ਤੇ ਹਾਸ ਵਿਅੰਗ ਜੋਨਾਥਨ ਵਿੰਟਰਸ, ਹਡਸਨ ਰਿਵਰ ਸਕੂਲ ਪੇਂਟਰ ਵਰਥਿੰਗਟਨ ਵਿਟਰਿਜ ਆਦਿ ਸਪਰਿੰਗਫੀਲਡ ਦੀ ਦੇਣ ਹਨ।

ਇਸ ਸਮੇਂ ਰੋਜ਼ਾਨਾ 'ਦਾ ਸਪਰਿੰਗਫੀਲਡ ਨਿਊਜ਼ ਸਨ' ਤੇ ਹਫ਼ਤਾਵਾਰੀ 'ਦਾ ਸਪਰਿੰਗਫੀਲਡ' ਪੇਪਰ ਪ੍ਰਕਾਸ਼ਤ ਹੋ ਰਹੇ ਹਨ। ਇੱਥੇ ਇੰਟਰਨੈਸ਼ਨਲ ਹਾਰਵੈਸਟ ਫ਼ੈਕਟਰੀ ਜੋ ਕਿ ਟਰੱਕ ਬਣਾਉਣ ਵਿਚ ਮਸ਼ਹੂਰ ਹੈ, ਵਿਚ ਹਜ਼ਾਰਾਂ ਵਿਅਕਤੀ ਕੰਮ ਕਰਦੇ ਹਨ ਜਿਨ੍ਹਾਂ ਵਿਚ ਕਾਫੀ ਪੰਜਾਬੀ ਹਨ। ਇਸੇ ਤਰ੍ਹਾਂ ਇੱਥੇ ਕਾਰਾਂ ਦੀ ਹੌਂਡਾ ਫੈਕਟਰੀ ਹੈ ਤੇ ਸਫ਼ਾਈ ਦੇ ਔਜ਼ਾਰ ਬਣਾਉਣ ਵਾਲੀ ਟਰੂ ਟੈਕ ਹੈ। ਇਨ੍ਹਾਂ ਵਿਚ ਵੀ ਕਾਫੀ ਗਿਣਤੀ ਵਿਚ ਪੰਜਾਬੀ ਹਨ। ਇੱਥੋਂ




1930 ਵਿਚ ਸਪਰਿੰਗਫੀਲਡ

ਦੀ ਬੱਕ ਕਰੀਕ ਸਟੇਟ ਪਾਰਕ ਇਸ ਇਲਾਕੇ ਵਿਚ ਸਭ ਤੋਂ ਮਸ਼ਹੂਰ ਹੈ ਜਿਥੋਂ ਦੀ ਝੀਲ ਵਿਚ ਕੋਲੰਬਸ, ਸਿਨਸਿਨੈਟੀ ਆਦਿ ਸ਼ਹਿਰਾਂ ਤੋਂ ਲੋਕ ਕਿਸ਼ਤੀਆਂ ਚਲਾਉਣ ਤੇ ਕੁਦਰਤ ਦਾ ਅਨੰਦ ਮਾਨਣ ਲਈ ਆਉਂਦੇ ਹਨ। ਇੱਥੋਂ ਦਾ ਸਪਰਿੰਗਫੀਲਡ ਮਿਊਜ਼ੀਅਮ ਆਫ਼ ਆਰਟ ਯਾਤਰੂਆਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਹੈ, ਜਿੱਥੇ ਖੇਤੀਬਾੜੀ ਨਾਲ ਸਬੰਧਤ ਬਹੁਤ ਹੀ ਪੁਰਾਣੇ ਸੰਦ ਤੇ ਹੋਰ ਵਸਤੂਆਂ ਰੱਖੀਆਂ ਗਈਆਂ ਹਨ। ਇੱਥੇ ਇਕ ਬਹੁਤ ਹੀ ਵੱਡੇ ਮਰਸੀ ਕਮਿਊਨਿਟੀ ਹਸਪਤਾਲ ਦੀ ਉਸਾਰੀ ਹੋ ਰਹੀ ਹੈ ਜਿਸ ਦਾ ਨਗਰਵਾਸੀਆਂ ਨੂੰ ਬਹੁਤ ਹੀ ਲਾਭ ਹੋਵੇਗਾ। ਦੋ ਹਸਪਤਾਲ ਪਹਿਲਾਂ ਵੀ ਹਨ। ਇੱਥੇ ਇਕ ਕਲਾਰਕ ਸਟੇਟ ਕਾਲਜ ਤੇ ਇਕ ਵਿਟਨਬਰਗ ਯੂਨੀਵਰਸਿਟੀ ਹੈ ਜੋ 1845 ਵਿਚ ਸਥਾਪਤ ਕੀਤੀ ਗਈ। ਵਾਰਨ ਕੋਪਲੈਂਡ ਜੋ ਕਿ ਇੱਥੋਂ ਦੇ ਕਾਲਜ ਵਿਚ ਪ੍ਰੋਫ਼ੈਸਰ ਹਨ ਇਸ ਨਗਰ ਦੇ ਮੇਅਰ ਤੇ ਜੀਨ ਕੈਲੀ ਸ਼ੈਰਫ਼ ਹਨ ਜੋ ਕਿ ਸਿੱਖ ਧਰਮ ਬਾਰੇ ਡੂੰਘੀ ਜਾਣਕਾਰੀ ਰਖਦੇ ਹਨ।

ਇੱਥੇ ਕਈ ਪੰਜਾਬੀ ਪਰਿਵਾਰ ਵੀ ਰਹਿੰਦੇ ਹਨ, ਜਿਨ੍ਹਾਂ ਵਿਚੋਂ ਕਈ ਪਾਕਿਸਤਾਨ ਤੋਂ ਵੀ ਹਨ। ਇਥੇ 20 ਦੇ ਕਰੀਬ ਮੋਟਲ ਹਨ। ਇਥੋਂ ਦੇ ਐਗਜ਼ੈਕਟਿਵ ਇਨ ਮੋਟਲ ਦੇ ਮਾਲਕ ਸ. ਅਵਤਾਰ ਸਿੰਘ ਜ਼ਿਲਾ ਜਲੰਧਰ ਦੇ ਪਿੰਡ ਲੁਹਾਰਾਂ ਦੇ ਜੰਮਪਲ ਹਨ, ਇਥੋਂ ਦੀ ਜਾਣੀ ਪਛਾਣੀ ਸ਼ਖਸੀਅਤ ਹਨ। ਉਨ੍ਹਾਂ ਦੀ ਸੁਪਤਨੀ ਬੀਬੀ ਸਰਬਜੀਤ ਕੌਰ ਤੇ ਬੱਚੇ ਕਰਨਵੀਰ ਸਿੰਘ, ਮਨਪ੍ਰੀਤ ਸਿੰਘ ਤੇ ਰਵਜੋਤ ਕੌਰ ਕਈ ਗਤੀਵਿਧੀਆਂ ਵਿਚ ਭਾਗ ਲੈਂਦੇ ਹਨ। ਕੀਰਤਨ ਕਰਨ ਤੋਂ ਇਲਾਵਾ ਸਪਰਿੰਗਫੀਲਡ ਸਭਿਆਚਾਰਕ ਮੇਲੇ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਸਟਾਲ ਲਾ ਕੇ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੰਦੇ ਹਨ। ਇਸ ਮੌਕੇ ਹੋਰਨਾਂ ਦੇ ਸਹਿਯੋਗ ਨਾਲ ਉਹ ਇਸ ਮੇਲੇ ਵਿਚ ਗਿੱਧਾ ਤੇ ਭੰਗੜਾ ਪੇਸ਼ ਕਰਦੇ ਹਨ ਜੋ ਕਿ ਇਸ ਮੇਲੇ 'ਤੇ ਬਹੁਤ ਹੀ ਸਲਾਹੇ ਜਾਂਦੇ ਹਨ। ਇਸ ਦੀ ਸੰਗੀਤਾਤਮਕ ਖਿਚ ਕਰਕੇ ਹੁਣ ਇਸ ਨੂੰ ਮੇਲੇ ਦੇ ਸ਼ੁਰੂ ਵਿਚ ਪੇਸ਼ ਕੀਤਾ ਜਾਂਦਾ ਹੈ। ਪਿਛਲੇ ਸਾਲ ਇਸ ਟੀਮ ਨੂੰ ਪਹਿਲਾ ਸਥਾਨ ਮਿਲਿਆ। ਮੈਮੋਰੀਅਲ ਡੇ 'ਤੇ ਉਹ ਪਿਛਲੇ 13 ਸਾਲ ਤੋਂ ਪ੍ਰੇਡ ਵਿਚ ਭਾਗ ਲੈ ਰਹੇ ਹਨ ਤਾਂ ਜੋ ਅਮਰੀਕੀਆਂ ਨੂੰ ਸਿੱਖਾਂ ਦੀ ਵੱਖਰੀ ਪਛਾਣ ਬਾਰੇ ਜਾਣੂ ਕਰਵਾਇਆ ਜਾਵੇ। ਸ. ਅਵਤਾਰ ਸਿੰਘ ਸਿਟੀ ਬੋਰਡ ਦੇ ਮੈਂਬਰ ਵੀ ਹਨ। ਉਹ ਡੇਅਟਨ ਗੁਰਦੁਆਰੇ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਤੇ ਅੱਜ ਕੱਲ ਉਹ ਪੰਜਾਬ ਸਪੋਰਟਸ ਕਲਬ, ਡੇਅਟਨ ਦੇ ਪ੍ਰਧਾਨ ਹਨ ਤੇ ਉਨ੍ਹਾਂ ਦੀ ਦੇਖ ਰੇਖ ਵਿਚ ਤਿੰਨ ਖੇਡ ਮੇਲੇ ਕਰਵਾਏ ਜਾ ਚੁੱਕੇ ਹਨ। ਇਹ ਪਰਿਵਾਰ ਕੀਰਤਨ ਵੀ ਕਰਦਾ ਹੈ। ਉਹ ਖੁਦ ਤੇ ਉਨ੍ਹਾਂ ਦੇ ਬੱਚੇ ਵੀ ਚੰਗੇ ਖਿਡਾਰੀ ਹਨ। ਅਵਤਾਰ ਸਿੰਘ ਨੂੰ 'ਧਰਤੀ ਚੁੱਕ' ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ ਕਿਉਂਕਿ ਉਹ ਸਿਰ ਪਰਨੇ ਲੰਬੇ ਸਮੇਂ ਖੜੇ ਰਹਿ ਸਕਦੇ ਹਨ ਤੇ ਉਨ੍ਹਾਂ ਦਾ ਅਜੇ ਤੀਕ ਕੋਈ ਮੁਕਾਬਲਾ ਨਹੀਂ ਕਰ ਸਕਿਆ। ਉਨ੍ਹਾਂ ਦਾ ਵੱਡਾ ਲੜਕਾ ਕਰਨਵੀਰ ਸਿੰਘ ਜਿਥੇ ਕੀਰਤਨ ਕਰਨ ਵਿਚ ਭਾਗ ਲੈਂਦਾ ਹੈ ਉਥੇ ਉਹ ਚੰਗਾ ਖਿਡਾਰੀ ਅਤੇ ਬੁਲਾਰਾ ਵੀ ਹੈ। ਉਸ ਨੇ ਦੋ ਸਾਲ ਪਹਿਲਾਂ ਅੰਤਰ-ਧਰਮ (ਇੰਟਰਫੇਥ) ਵਿਚ ਸਿੱਖ ਧਰਮ 'ਤੇ ਇਥੇ ਅੰਗਰੇਜ਼ੀ ਵਿਚ ਬਹੁਤ ਪ੍ਰਭਾਵਸ਼ਾਲੀ ਲੈਕਚਰ ਦਿੱਤਾ। ਰਵਜੋਤ ਕੌਰ ਬਹੁ-ਪੱਖੀ ਕਲਾਕਾਰ ਹੈ। ਖੇਡਾਂ ਤੋਂ ਇਲਾਵਾ ਪੜ੍ਹਾਈ ਅਤੇ ਸਭਿਆਚਾਰਕ ਗਤੀਵਿਧੀਆਂ ਵਿਚ ਕਈ ਇਨਾਮ ਪ੍ਰਾਪਤ ਕਰ ਚੁੱਕੀ ਹੈ। ਹੋਰਨਾਂ ਨਾਮਵਰ ਪੰਜਾਬੀਆਂ ਵਿਚ ਡਾ. ਦਲਜੀਤ ਸਿੰਘ, ਡਾ. ਤਰਸੇਮ ਲਾਲ ਗਰਗ, ਪ੍ਰੋ. ਬਲਬੀਰ ਸਿੰਘ ਚੀਮਾ, ਡਾ. ਅੰਮ੍ਰਿਤ ਚੱਢਾ, ਡਾ. ਨਰਿੰਦਰ ਸਿੰਘ ਸੈਣੀ ਆਦਿ ਸ਼ਾਮਲ ਹਨ।

*ਫੋਨ:937-573-4843



ਬੱਕ ਕਰੀਕ ਝੀਲ 'ਤੇ ਲੇਖਕ ਅਤੇ ਅਵਤਾਰ ਸਿੰਘ ਦਾ ਪਰਿਵਾਰ



ਫਾਊਟੈਂਨ ਸੁਕੇਅਰ

# ਕਬਾਇਲੀਆਂ ਦੇ ਘੇਰੇ ਵਿਚੋਂ ਨਿਕਲੇ ਪਰ ਆਪਣਿਆਂ ਦੇ 'ਜਾਲ' 'ਚ ਫਸੇ

**ਜੰਮੂ:** ਅਗਸਤ 1947 ਦੀ ਭਾਰਤ-ਪਾਕਿ ਵੰਡ ਨੇ ਜਿੱਥੇ ਲੱਖਾਂ ਲੋਕਾਂ ਨੂੰ ਬੇਘਰ ਕਰ ਦਿੱਤਾ ਅਤੇ ਹਜ਼ਾਰਾਂ ਲੋਕ ਕਬਾਇਲੀਆਂ ਹੱਥੋਂ ਮਾਰੇ ਗਏ, ਉਥੇ ਆਪਣਿਆਂ ਨੇ ਵੀ ਕੋਈ ਘੱਟ ਨਾ ਗੁਜ਼ਾਰੀ। 63 ਸਾਲ 'ਚ ਰਿਆਸਤ ਜੰਮੂ-ਕਸ਼ਮੀਰ 'ਚ ਕਈ ਸਰਕਾਰਾਂ ਬਦਲੀਆਂ ਪਰ ਕਿਸੇ ਨੇ ਵੀ 1947 ਦੇ ਸ਼ਰਨਾਰਥੀਆਂ ਦੀ ਸਾਰ ਨਾ ਲਈ।

1947 'ਚ ਆਜ਼ਾਦ ਕਸ਼ਮੀਰ ਤੋਂ ਉਜੜ ਕੇ ਆਏ ਲੋਕਾਂ ਦੇ ਦਿਲੋ-ਦਿਮਾਗ 'ਤੇ ਅੱਜ ਵੀ ਉਹ ਦੁਖਦਾਈ ਘਟਨਾਵਾਂ ਤਾਜ਼ਾ ਹਨ।

ਇਨ੍ਹਾਂ ਘਟਨਾਵਾਂ ਨੂੰ ਯਾਦ ਕਰਦੇ ਹੋਏ 84 ਸਾਲ ਦੇ ਸੰਤ ਸਿੰਘ ਪੁੱਤਰ ਭਾਈ ਗਿਆਨ ਸਿੰਘ ਪਿੰਡ ਪਾਲ ਤਹਿਸੀਲ ਉੜੀ ਜ਼ਿਲ੍ਹਾ ਮੁਜ਼ੱਫਰਾਬਾਦ (ਪਾਕਿਸਤਾਨ) ਹਾਲ ਵਾਸੀ ਗੁਰੂ ਨਾਨਕ ਨਗਰ ਜੰਮੂ ਨੇ ਪਿਛਲਾ ਵਕਤ ਯਾਦ ਕਰਦਿਆਂ ਦੱਸਿਆ, "ਦੇਸ਼ ਦੀ ਵੰਡ ਨੂੰ ਦੋ ਮਹੀਨੇ ਤੋਂ ਵੱਧ ਗੁਜ਼ਰ ਗਏ ਸਨ ਪਰ ਸਾਡੇ ਇਲਾਕੇ 'ਚ ਵੰਡ ਦੀ ਕੋਈ ਬਹੁਤੀ ਚਰਚਾ ਨਹੀਂ ਸੀ। ਕੱਤਕ ਮਹੀਨੇ ਦਾ ਪਹਿਲਾ ਹਫ਼ਤਾ ਖ਼ਤਮ ਹੋਣ ਵਾਲਾ ਸੀ ਕਿ ਸਾਡੇ ਪਿੰਡ 'ਚ ਰੌਲਾ ਪੈ ਗਿਆ ਕਿ ਕਬਾਇਲੀ ਲੁੱਟ-ਮਾਰ ਕਰਦੇ ਹੋਏ ਆ ਰਹੇ ਹਨ। ਜਲਦੀ 'ਚ ਪਿੰਡ ਵਾਲਿਆਂ ਨੇ ਵੀ ਇਲਾਕਾ ਛੱਡ ਕੇ ਸੁਰੱਖਿਅਤ ਸਥਾਨ 'ਤੇ ਜਾਣ ਦਾ ਪ੍ਰੋਗਰਾਮ ਉਲੀਕ ਲਿਆ।" ਉਨ੍ਹਾਂ ਦੱਸਿਆ ਕਿ ਪਿੰਡ ਦੇ ਨਾਲ ਲਗਦੇ ਦੋ ਹੋਰ ਪਿੰਡਾਂ ਨਹਿਰਾ ਅਤੇ ਰਹਿਮਤ 'ਚ ਸਿੱਖਾਂ ਦੀ ਬਹੁਗਿਣਤੀ ਸੀ ਅਤੇ ਜਲਦੀ ਹੀ ਤਿੰਨਾਂ ਪਿੰਡਾਂ ਦੇ ਡੇਢ ਹਜ਼ਾਰ ਤੋਂ ਵੱਧ ਲੋਕਾਂ ਨੇ ਕਿ ਜਥੇ ਬਣਾ ਕੇ ਪਿੰਡਾਂ ਨੂੰ ਛੱਡ ਪਹਾੜਾਂ 'ਤੇ ਚੜ੍ਹਨਾ ਸ਼ੁਰੂ ਕਰ ਦਿੱਤਾ ਅਤੇ ਰਾਤੋ-ਰਾਤ ਪਹਾੜ ਉਪਰ ਚਲੇ ਗਏ। ਸਵੇਰੇ ਜਿੱਥੋਂ ਦਰਿਆ ਪਾਰ ਵਸੇ ਸਿੱਖਾਂ ਦੇ ਪੰਜ-ਛੇ ਪਿੰਡ ਚਕੌਠੀ , ਸਨੀਜੀ, ਨਰੈਣ ਸੁੱਖ, ਗੜੀ, ਹੱਟੀ ਦੁਪੱਟਾ ਨੂੰ ਦੇਖਿਆ ਤਾਂ ਦਿਲ ਕੰਬ ਗਿਆ। ਉਨ੍ਹਾਂ ਪਿੰਡਾਂ ਉਪਰ ਕਬਾਇਲੀਆਂ ਨੇ ਹਮਲਾ ਕਰ ਦਿੱਤਾ ਸੀ। ਸੜਕ ਦੇ ਨਾਲ-ਨਾਲ ਵਸੇ ਹੋਣ ਕਾਰਨ ਉਨ੍ਹਾਂ ਪਿੰਡਾਂ ਵਿਚ ਸਭ ਤੋਂ ਜ਼ਿਆਦਾ ਕਤਲ-ਏ-ਆਮ ਹੋਇਆ ਅਤੇ ਵੱਡੀ ਗਿਣਤੀ ਵਿਚ ਸਿੱਖ ਅਤੇ ਹਿੰਦੂ ਮਾਰੇ ਗਏ। ਪਿੰਡ ਚਕੌਠੀ 'ਚ ਉਨ੍ਹਾਂ ਦੀ ਭੈਣ ਵਿਆਹੀ ਸੀ, ਜਿਸ ਦਾ ਇਕ ਲੜਕਾ ਵੀ ਸੀ ਪਰ ਉਸ ਪਿੰਡ ਦੇ ਬਹੁਤ ਸਾਰੇ ਲੋਕ ਕਬਾਇਲੀਆਂ ਹੱਥੋਂ ਮਾਰੇ ਗਏ ਕੋਈ ਵਿਰਲਾ ਹੀ ਬਚਿਆ।

ਸੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਜਥੇ 'ਚ ਡੇਢ ਹਜ਼ਾਰ ਦੇ ਕਰੀਬ ਮਰਦ, ਔਰਤਾਂ ਅਤੇ ਬੱਚੇ ਸਨ, ਜਿਹੜੇ ਸੜਕ ਰਾਹੀਂ ਆਉਣ ਦੀ ਥਾਂ ਪਹਾੜਾਂ ਤੋਂ ਹੁੰਦੇ ਹੋਏ ਬਾਰਾਮੁਲਾ ਲਈ ਰਵਾਨਾ ਹੋਏ। ਰਾਹ ਵਿਚ ਪੈਂਦੇ ਪਿੰਡ ਬਜ਼ਾਮਾ 'ਚ ਭਾਰੀ ਗਿਣਤੀ 'ਚ ਮੁਸਲਮਾਨ ਇਕੱਠੇ ਹੋਏ ਸਨ। ਜਥੇ ਨੇ ਉਨ੍ਹਾਂ ਦੇ ਚਾਚੇ ਚੌਕੀਦਾਰ ਰਵੇਲ ਸਿੰਘ ਨੂੰ ਮੁਸਲਮਾਨਾਂ ਨਾਲ ਗੱਲਬਾਤ ਲਈ ਭੇਜਿਆ ਕਿ ਉਹ ਲੜਾਈ ਲਈ ਨਹੀਂ ਆਏ, ਸਿਰਫ ਇਥੋਂ ਲੰਘ ਕੇ ਅੱਗੇ ਜਾਣਾ ਚਾਹੁੰਦੇ ਹਨ ਪਰ ਮੁਸਲਮਾਨਾਂ ਨੇ ਚਾਚੇ ਨੂੰ ਉਥੇ ਹੀ ਕਤਲ ਕਰ ਦਿੱਤਾ ਅਤੇ ਸਾਡੇ ਜਥੇ ਉਪਰ ਗੋਲਾਬਾਰੀ ਸ਼ੁਰੂ ਕਰ ਦਿੱਤੀ। ਲੜਾਈ 'ਚ ਜਥੇ ਦੇ 5 ਵਿਅਕਤੀ ਮਾਰੇ ਗਏ। ਉਥੋਂ ਬਚ ਕੇ ਉਹ ਬਾਰਾਮੁਲਾ ਦੀਆਂ ਪਹਾੜੀਆਂ 'ਤੇ ਪਹੁੰਚੇ, ਜਿੱਥੇ ਕਸ਼ਮੀਰੀ ਸਿੱਖਾਂ ਦੇ ਜਥੇ ਪਰਿਵਾਰਾਂ ਸਮੇਤ ਬੈਠੇ ਸਨ। ਚਾਰ ਦਿਨ ਉਸੇ ਪਹਾੜੀ ਉਪਰ ਭੁੱਖੇ-ਭਾਣੇ ਰਹਿਣ ਤੋਂ ਬਾਅਦ ਉਹ ਉਸ ਵਕਤ ਹੇਠਾਂ ਆਏ ਜਦੋਂ ਪੰਜਾਬ ਤੋਂ ਆਈ ਮਹਾਰਾਜਾ ਪਟਿਆਲਾ ਦੀ ਫ਼ੌਜ ਨੇ ਹਾਲਾਤ ਨੂੰ ਕਾਬੂ ਕੀਤਾ।



*ਸੰਤ ਸਿੰਘ 1947 ਦੇ ਕਬਾਇਲੀ ਹਮਲੇ ਦੀ ਜਾਣਕਾਰੀ ਦਿੰਦੇ ਹੋਏ*

ਉਨ੍ਹਾਂ ਦੱਸਿਆ ਇਕ ਸਾਲ ਬਾਰਾਮੁਲਾ 'ਚ ਸ਼ਰਨਾਰਥੀ ਕੈਂਪ ਵਿਚ ਤੇ ਫੇਰ ਮੀਰਾ ਕਦਲ ਦੇ ਪ੍ਰਤਾਪ ਭਵਨ 'ਚ ਲੱਗੇ ਕੈਂਪ 'ਚ ਰਹੇ। ਸਰਕਾਰ ਨੇ ਮੁਜ਼ੱਫਰਾਬਾਦ ਅਤੇ ਉੜੀ ਦੇ ਲੋਕਾਂ ਨੂੰ ਵੀ ਕਸ਼ਮੀਰ 'ਚ ਨਹੀਂ ਰਹਿਣ ਦਿੱਤਾ ਅਤੇ ਜੰਮੂ ਵਿਚ ਲੱਗੇ ਕੈਂਪਾਂ 'ਚ ਭੇਜ ਦਿੱਤਾ। ਜੰਮੂ 'ਚ ਉਨ੍ਹਾਂ ਸਟੇਟ ਰੋਡ ਟਰਾਂਸਪੋਰਟ 'ਚ ਡਰਾਈਵਰ ਦੀ ਨੌਕਰੀ ਕੀਤੀ ਅਤੇ ਹੁਣ ਸੇਵਾਮੁਕਤੀ ਹੋਣ ਤੋਂ ਬਾਅਦ 1948 'ਚ ਅਲਾਟ ਹੋਈ ਜ਼ਮੀਨ ਦੇ ਕਬਜ਼ੇ ਲਈ ਆਪਣਿਆਂ ਨਾਲ ਸੰਘਰਸ਼ ਕਰ ਰਹੇ ਹਨ।

ਉਨ੍ਹਾਂ ਕਿਹਾ ਕਸ਼ਮੀਰ ਸਮੱਸਿਆ ਅਸਲ 'ਚ ਸਿੱਧੀ 1947 ਦੇ ਸ਼ਰਨਾਰਥੀਆਂ ਨਾਲ ਜੁੜੀ ਹੋਈ ਹੈ, ਕਿਉਂਕਿ 1947 'ਚ ਹਿੰਦੂ ਅਤੇ ਸਿੱਖ ਹੀ ਆਪਣੀਆਂ ਜ਼ਮੀਨ ਜਾਇਦਾਦਾਂ ਮਕਬੂਜ਼ਾ ਕਸ਼ਮੀਰ ਛੱਡ ਕੇ ਭਾਰਤ ਆਏ ਸਨ ਨਾ ਕਿ ਕਸ਼ਮੀਰੀ ਮੁਸਲਮਾਨ। ਉਨ੍ਹਾਂ ਕਿਹਾ ਕਸ਼ਮੀਰ 'ਚ ਅਤਿਵਾਦ ਤੋਂ ਪ੍ਰਭਾਵਤ ਜਿਹੜੇ ਲੋਕ ਆਪਣੀ ਹੀ ਰਿਆਸਤ ਅੰਦਰ ਕਸ਼ਮੀਰ ਤੋਂ ਜੰਮੂ ਆਏ ਸਨ, ਉਨ੍ਹਾਂ ਨੂੰ ਸਰਕਾਰ ਸ਼ਰਨਾਰਥੀਆਂ ਦਾ ਦਰਜਾ ਦੇ ਕੇ ਹਰ ਸੁੱਖ -ਸਹੂਲਤ ਦੇ ਰਹੀ ਹੈ ਪਰ ਅਫਸੋਸ ਜੋ ਲੋਕ ਕਰੋੜਾਂ ਦੀ ਜਾਇਦਾਦ ਦੂਜੇ ਮੁਲਕ ਛੱਡ ਕੇ ਆਏ, ਉਨ੍ਹਾਂ ਨੂੰ 63 ਸਾਲ ਬਾਅਦ ਵੀ ਆਪਣੇ ਹੱਕ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

# ਬੁਰਕੇ ਲਈ ਕੋਈ ਜ਼ਬਰਦਸਤੀ ਨਹੀਂ

**ਢਾਕਾ:** ਸਰਕਾਰਾਂ, ਸੰਸਦਾਂ ਜਾਂ ਅਦਾਲਤਾਂ ਵੱਲੋਂ ਇਹ ਫੈਸਲਾ ਕਰਨਾ ਥੋੜ੍ਹਾ ਅਜੀਬ ਲੱਗਦਾ ਹੈ ਕਿ ਔਰਤਾਂ ਕਿਹੜਾ ਪਹਿਰਾਵਾ ਪਾ ਸਕਦੀਆਂ ਤੇ ਕਿਹੜਾ ਨਹੀਂ। 'ਦਿ ਟੈਲੀਗਰਾਫ' ਦੀ ਰਿਪੋਰਟ ਅਨੁਸਾਰ ਬੰਗਲਾਦੇਸ਼ 'ਚ ਢਾਕਾ ਹਾਈ ਕੋਰਟ ਨੇ ਇਹ ਫੈਸਲਾ ਔਰਤਾਂ 'ਤੇ ਛੱਡ ਦਿੱਤਾ ਹੈ ਕਿ ਉਹ ਮਰਜ਼ੀ ਮੁਤਾਬਕ ਕੋਈ ਵੀ ਪਹਿਰਾਵਾ ਪਹਿਨ ਸਕਦੀਆਂ ਹਨ। ਅਦਾਲਤ ਨੇ ਨਿਯਮ ਬਣਾਇਆ ਹੈ ਕਿ ਇਸ ਦੇਸ਼ 'ਚ ਕੋਈ ਵੀ ਵਿਅਕਤੀ ਕਿਸੇ ਔਰਤ ਨੂੰ ਬੁਰਕਾ ਪਾਉਣ ਲਈ ਮਜਬੂਰ ਨਹੀਂ ਕਰ ਸਕਦਾ।

ਬੰਗਲਾਦੇਸ਼ ਹੀ ਬੁਰਕੇ ਵਿਰੁਧ ਲੜਨ ਵਾਲਾ ਇਕੱਲਾ ਦੇਸ਼ ਨਹੀਂ ਹੈ। ਪਿਛਲੇ ਮਹੀਨੇ ਫਰਾਂਸੀਸੀ ਪਾਰਲੀਮੈਂਟ ਨੇ ਵੀ ਇਹ ਪਹਿਰਾਵੇ 'ਤੇ ਰੋਕ ਲਗਾ ਦਿੱਤੀ ਹੈ। ਨੀਂਦਰਲੈਂਡ 'ਚ ਸੱਜੇ-ਪੱਖੀ ਪਾਰਟੀ ਵੱਲੋਂ ਇਹੀ ਮੰਗ ਕਰਨ 'ਤੇ ਇਸ ਨੂੰ ਸਿਆਸੀ ਤੇ ਸਮਾਜਿਕ ਤਣਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਢਾਕਾ ਅਦਾਲਤ ਦਾ ਫੈਸਲਾ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਅਲੱਗ ਨਜ਼ਰੀਆ ਪੇਸ਼ ਕਰਦਾ ਹੈ। ਬੁਰਕੇ ਸਮੇਤ ਕਿਸੇ ਵੀ ਪਹਿਰਾਵੇ 'ਤੇ ਰੋਕ ਲਗਾਉਣ ਦੀ ਬਜਾਇ ਔਰਤਾਂ ਨੂੰ ਆਪਣੀ ਮਰਜ਼ੀ ਦਾ ਪਹਿਰਾਵਾ ਚੁਣਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਜੇ ਬੰਗਲਾਦੇਸ਼ 'ਚ ਜ਼ਿਆਦਾਤਰ ਔਰਤਾਂ ਬੁਰਕਾ ਪਾਉਂਦੀਆਂ ਹਨ ਤਾਂ ਇਹ ਇਸੇ ਲਈ ਹੈ ਕਿ ਉਹ ਖੁਦ ਬੁਰਕਾ ਪਾਉਣਾ ਪਸੰਦ ਕਰਦੀਆਂ ਹਨ।

ਇਸ ਮੁੱਦੇ 'ਤੇ ਅਦਾਲਤ ਵੱਲੋਂ ਕੀਤੇ ਗਏ ਫੈਸਲੇ ਨਾਲ ਧਾਰਮਿਕ ਕੱਟੜਵਾਦੀ ਲੋਕ ਖ਼ਫ਼ਾ ਹਨ। ਉਹ ਔਰਤਾਂ ਦੇ ਲਿਬਾਸ 'ਤੇ ਦਿੱਤੀ ਖੁੱਲ੍ਹ ਦੇ ਹੁਕਮ ਨੂੰ ਬਦਲਣ ਦੀ ਮੰਗ ਕਰਦੇ ਹਨ।

ਬੰਗਲਾਦੇਸ਼ ਇਸ ਵੇਲੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਸੰਘਰਸ਼ ਕਰ ਰਿਹਾ ਹੈ ਤਾਂ ਜੋ ਇਨ੍ਹਾਂ ਦਾ ਸਮਾਜ ਵਿਚੋਂ ਖਾਤਮਾ ਕੀਤਾ ਜਾ ਸਕੇ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਸਰਕਾਰ ਵੱਲੋਂ ਹੁਣੇ-ਹੁਣੇ ਲਏ ਗਏ ਫੈਸਲਿਆਂ ਨਾਲ ਇਸ ਸੰਘਰਸ਼ ਨੂੰ ਉਤਸ਼ਾਹ ਮਿਲਿਆ ਹੈ। ਅਦਾਲਤ ਦੇ ਤਾਜ਼ਾ ਫੈਸਲੇ ਮੁਤਾਬਕ ਜਿਹੜੇ ਲੋਕ ਆਪਣੀ ਇੱਛਾ ਔਰਤ ਜਾਂ ਆਦਮੀ ਦੇ ਲਿਬਾਸ ਜਾਂ ਕਿਸੇ ਹੋਰ ਚੀਜ਼ 'ਤੇ ਥੋਪਣਗੇ, ਉਹ ਸਿੱਧੇ ਤੌਰ 'ਤੇ ਕਾਨੂੰਨ ਦੇ ਨਿਯਮ ਨੂੰ ਚੁਣੌਤੀ ਦੇ ਰਹੇ ਹੋਣਗੇ। ਢਾਕਾ ਅਦਾਲਤ ਦੇ ਇਸ ਫੈਸਲੇ ਨਾਲ ਸ਼ਖਸੀ ਆਜ਼ਾਦੀ ਨੂੰ ਪਿਆਰ ਕਰਨ ਵਾਲੇ ਬੰਗਲਾਦੇਸ਼ੀਆਂ ਨੂੰ ਰਾਹਤ ਮਿਲੀ ਹੈ।

# ਪੰਜਾਬਣ ਬੀਬੀ ਦੀ ਵਤਨ ਵਾਪਸੀ 'ਤੇ ਲੱਗੀ ਆਰਜ਼ੀ ਰੋਕ

**ਟੋਰਾਂਟੋ:** ਕੈਨੇਡਾ ਵਿਚ ਗ਼ੈਰਕਾਨੂੰਨੀ ਢੰਗ ਨਾਲ ਛੇ ਸਾਲਾਂ ਤੋਂ ਰਹਿ ਰਹੀ 74 ਸਾਲਾ ਭਾਰਤੀ ਮਹਿਲਾ ਗਿਆਨ ਕੌਰ ਨੂੰ ਆਰਜ਼ੀ ਤੌਰ 'ਤੇ ਰਾਹਤ ਮਿਲ ਗਈ ਹੈ। ਉਸ ਨੇ ਮਨੁੱਖਤਾ ਦੇ ਆਧਾਰ 'ਤੇ ਆਪਣੀ ਵਤਨ ਵਾਪਸੀ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ।

ਅਦਾਲਤ ਨੇ ਇਮੀਗਰੇਸ਼ਨ ਵਿਭਾਗ ਦੇ ਪਹਿਲੇ ਫ਼ੈਸਲੇ ਨੂੰ ਰੱਦ ਕਰਦਿਆਂ ਇਕ ਹੋਰ ਇਮੀਗਰੇਸ਼ਨ ਅਧਿਕਾਰੀ ਦੀ ਨਿਗਰਾਨੀ ਹੇਠ ਮਾਮਲੇ ਦੀ ਮੁੜ ਜਾਂਚ ਦੇ ਹੁਕਮ ਦਿੱਤੇ ਹਨ। ਗਿਆਨ ਕੌਰ ਚਾਰ ਬੱਚਿਆਂ ਦੀ ਮਾਂ ਹੈ, ਜੋ ਕੈਨੇਡਾ ਵਿਚ ਹਨ। ਆਪਣੇ ਪਤੀ ਦੀ ਮੌਤ ਤੋਂ ਬਾਅਦ ਉਹ ਵੀ ਆਪਣੇ ਬੱਚਿਆਂ ਕੋਲ ਆ ਗਈ ਸੀ। ਉਸ ਦੇ ਦੋ ਬੱਚੇ ਕੈਨੇਡੀਅਨ ਨਾਗਰਿਕ ਹਨ, ਜਦਕਿ ਦੋ ਹੋਰ ਗ਼ੈਰਕਾਨੂੰਨੀ ਤੌਰ 'ਤੇ ਰਹਿ ਰਹੇ ਹਨ, ਜਿਨ੍ਹਾਂ ਦਾ ਖ਼ੁਦ ਦਾ ਰਫਿਊਜੀ ਸਟੇਟਸ ਲਈ ਦਾਅਵਾ ਰੱਦ ਹੋ ਚੁੱਕਾ ਹੈ। ਅਖਬਾਰ 'ਟੋਰਾਂਟੋ ਸਨ' ਦੀ ਰਿਪੋਰਟ ਅਨੁਸਾਰ ਗਿਆਨ ਕੌਰ ਨੇ ਫਰਵਰੀ 2002 ਵਿਚ ਰਫਿਊਜੀ ਸਟੇਟਸ ਲਈ ਦਾਅਵਾ ਕੀਤਾ ਸੀ। ਉਸ ਨੇ ਆਪਣੇ ਸਿੱਖ ਭਾਈਚਾਰੇ ਨਾਲ ਸਬੰਧਤ ਹੋਣ ਕਾਰਨ ਆਪਣੇ 'ਤੇ ਤਸ਼ੱਦਦ ਦੇ ਡਰ ਦੇ ਆਧਾਰ 'ਤੇ ਕੈਨੇਡਾ ਵਿਚ ਰਹਿਣ ਦੀ ਆਗਿਆ ਮੰਗੀ ਸੀ। ਉਸ ਦੀ ਅਰਜ਼ੀ 2004 ਵਿਚ ਰੱਦ ਹੋ ਗਈ। ਉਸ ਨੇ ਮਨੁੱਖਤਾ ਦੇ ਆਧਾਰ 'ਤੇ ਕਈ ਅਰਜ਼ੀਆਂ ਪਾਈਆਂ ਸਨ, ਜਿਨ੍ਹਾਂ ਨੂੰ ਅਧਿਕਾਰੀਆਂ ਨੇ ਰੱਦ ਕਰ ਦਿੱਤਾ ਸੀ।

ਸਤੰਬਰ 2009 ਵਿਚ ਗਿਆਨ ਕੌਰ ਨੇ ਮੁੜ ਮਨੁੱਖਤਾ ਦੇ ਆਧਾਰ 'ਤੇ ਕੈਨੇਡਾ ਵਿਚ ਰਹਿਣ ਦੀ ਆਗਿਆ ਮੰਗੀ ਸੀ। ਉਸ ਦੀ ਅਪੀਲ ਰੱਦ ਹੋ ਗਈ ਅਤੇ ਇਮੀਗਰੇਸ਼ਨ ਵਿਭਾਗ ਨੇ ਕਿਹਾ ਕਿ ਗਿਆਨ ਕੌਰ ਨੂੰ ਭਾਰਤ ਵਾਪਸ ਜਾਣਾ ਚਾਹੀਦਾ ਹੈ ਤੇ ਸਹੀ ਢੰਗ ਨਾਲ ਅਪੀਲ ਕਰਨੀ ਚਾਹੀਦੀ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838



JSR Trucking Inc.
Greenwood, IN 46143

ਅਨੁਭਵੀ ਟਰੱਕ ਡਰਾਈਵਰਾਂ ਦੀ ਲੋੜ ਹੈ

ਮਿਡਵੈਸਟ ਤੋਂ ਨਿਊ ਜਰਸੀ, ਪੈਨਸਿਲਵੇਨੀਆ, ਕੁਨੈਕਟੀਕਟ, ਨਿਊ ਯਾਰਕ, ਮੈਰੀਲੈਂਡ ਅਤੇ ਵਾਪਸੀ ਰੂਟ। ਬਹੁਤੇ ਗੇੜੇ ਇੰਡੀਆਨਾ ਤੋਂ ਨਿਊ ਜਰਸੀ-ਪੈਨਸਿਲਵੇਨੀਆ ਵਿਚਾਲੇ



ਵੀਕਐਂਡ 'ਤੇ ਵਾਪਸ ਘਰ | ਅਦਾਇਗੀ ਹਰ ਹਫਤੇ

Ph. 317-215-4536, Cell: 317-702-2803



ਲੋੜ ਹੈ

SIDHU TRUCK LINE INC.

ਕੈਸ਼ੀਅਰ ਅਤੇ ਡੀਜ਼ਲ ਮਕੈਨਿਕ

ਵੈਗਾ, ਟੈਕਸਸ ਵਿਚ ਟਰੱਕ ਸਟਾਪ ਲਈ ਕੈਸ਼ੀਅਰ ਅਤੇ ਡੀਜ਼ਲ ਮਕੈਨਿਕ ਦੀ ਲੋੜ ਹੈ।

ਪਹਿਲੀ ਤਰਜੀਹ ਕਿਸੇ ਫੈਮਿਲੀ ਨੂੰ ਹੋਵੇਗੀ। ਅਸੀਂ ਚੰਗੀ ਤਨਖਾਹ ਅਤੇ ਰਹਿਣ ਲਈ ਤਿੰਨ ਬੈਡਰੂਮ ਦਾ ਖੁੱਲ੍ਹਾ ਡੁੱਲ੍ਹਾ ਘਰ ਦਿਆਂਗੇ। ਘਰ ਕੰਮ ਤੋਂ ਸਿਰਫ ਡੇਢ-ਦੋ ਬਲਾਕ ਦੂਰ।

ਅੱਜ ਹੀ ਸੰਪਰਕ ਕਰੋ
ਕੁਲਵੰਤ ਸਿੱਧੂ
806-678-3832

# ਪ੍ਰਮੋਟਰਾਂ ਦੀ ਖਹਿਬਾਜ਼ੀ ਨੇ ਕਲਾਕਾਰਾਂ ਦੇ ਰਾਹਾਂ 'ਚ ਕੰਡੇ ਬੀਜੇ



## ਕੀ ਮੈਂ ਝੂਠ ਬੋਲਿਐ...

**ਸਵਰਨ ਸਿੰਘ ਟਹਿਣਾ**

ਕੱਲ੍ਹ ਤੱਕ ਅਖਬਾਰਾਂ 'ਚ ਖਬਰਾਂ ਪੜ੍ਹੀਦੀਆਂ ਸਨ, 'ਫਲਾਣਾ ਗਾਇਕ ਵਿਦੇਸ਼ਾਂ 'ਚ ਧੁੰਮਾਂ ਪਾਉਣ ਬਾਅਦ ਵਤਨ ਪਰਤਿਆ...ਪ੍ਰਵਾਸੀ ਪੰਜਾਬੀਆਂ ਨੇ ਫਲਾਣੇ-ਫਲਾਣੇ ਗਾਇਕਾਂ ਨੂੰ ਖੂਬ ਪਿਆਰ ਦਿੱਤਾ...।' ਪਰ ਅੱਜ ਖਬਰਾਂ ਹੋਰ ਭਾਂਤ ਦੀਆਂ ਹਨ, ਜਿਨ੍ਹਾਂ ਵਿਚ ਲਿਖਿਆ ਹੁੰਦੈ, 'ਫਲਾਣੇ-ਫਲਾਣੇ ਗਾਇਕਾਂ ਨੂੰ ਅੰਬੈਸੀ ਨੇ ਬਰੰਗ ਚਿੱਠੀ ਵਾਂਗ ਵਾਪਸ ਮੋੜ ਦਿੱਤਾ...ਕਲਾਕਾਰਾਂ ਦੇ ਵੀਜ਼ੇ ਨਾ ਲੱਗਣ ਕਰਕੇ ਫਲਾਣੀ ਥਾਂ ਰੱਖੇ ਸ਼ੋਅ ਕੈਂਸਲ।' ਸਾਲ 2010 ਵਿਚ ਗੁਰਪ੍ਰੀਤ ਘੁੱਗੀ, ਫਿਰੋਜ਼ ਖਾਨ, ਹਰਭਜਨ ਮਾਨ, ਨਛੱਤਰ ਗਿੱਲ, ਸੁਰਜੀਤ ਭੁੱਲਰ, ਰੁਪਿੰਦਰ ਹਾਂਡਾ, ਜਸਵਿੰਦਰ ਭੱਲਾ ਤੇ ਹੋਰ ਬਹੁਤ ਸਾਰੇ ਕਲਾਕਾਰਾਂ ਨੂੰ ਵੀਜ਼ੇ ਨਹੀਂ ਮਿਲੇ। ਇਕ ਵੇਲੇ ਤਾਂ ਸਤਿੰਦਰ ਸਰਤਾਜ ਨੂੰ ਵੀ ਵੀਜ਼ੇ ਤੋਂ ਨਾਂਹ ਹੋ ਗਈ ਸੁਣੀ ਗਈ ਸੀ।

ਕਿੰਨਾ ਅੰਤਰ ਹੈ ਇਨ੍ਹਾਂ ਖਬਰਾਂ 'ਚ...ਕਦੇ ਕਾਮਯਾਬੀ ਦੇ ਜਸ਼ਨਾਂ ਦੀਆਂ ਗੱਲਾਂ ਹੁੰਦੀਆਂ ਸਨ ਤੇ ਹੁਣ ਦਿੱਲੀਓਂ ਅੱਗੇ ਜਾਣ ਦੀ ਥਾਂ ਵਾਪਸ ਪਰਤਣ ਦੀਆਂ ਛਿੜਦੀਆਂ ਨੇ। ਇਹ ਸਭ ਕਿਉਂ ਹੋਣ ਲੱਗਾ? ਜਿਹੜੇ ਕਲਾਕਾਰਾਂ ਨੂੰ ਕਿਸੇ ਵੇਲੇ ਅੰਬੈਸੀਆਂ ਬਿਨਾਂ ਸਵਾਲ ਵੀਜ਼ਾ ਦੇ ਛੱਡਦੀਆਂ ਸਨ, ਅੱਜ ਉਹੀ ਅੰਬੈਸੀਆਂ ਕਲਾਕਾਰਾਂ ਤੋਂ ਪਾਸਾ ਕਿਉਂ ਵੱਟਣ ਲੱਗ ਗਈਆਂ? ਜਿਹੜੇ ਪ੍ਰਮੋਟਰ ਸਾਫ਼-ਸੁਥਰੇ ਅਕਸ ਦੀ ਆੜ 'ਚ ਕਿਸੇ ਵੇਲੇ ਗੈਰ ਕਲਾਕਾਰਾਂ ਨੂੰ ਵੀ ਕੈਨੇਡਾ, ਅਮਰੀਕਾ, ਇੰਗਲੈਂਡ ਦੀ ਧਰਤੀ 'ਤੇ ਪੁਚਾ ਦਿੰਦੇ ਸਨ, ਅੱਜ ਉਹ ਅਸਲ ਕਲਾਕਾਰਾਂ ਨੂੰ ਵੀ ਬੁਲਾਉਣ ਦੇ ਯੋਗ ਕਿਉਂ ਨਹੀਂ ਰਹੇ?

ਸਵਾਲ ਬੜੇ ਡੂੰਘੇ ਨੇ ਤੇ ਜਵਾਬ ਬੜੇ ਸਰਲ ਪਰ ਇਹ ਬਹਿਸ ਅੰਬੈਸੀਆਂ ਦੇ ਮਨਾਂ 'ਤੇ ਪਏ ਅਵਿਸ਼ਵਾਸ ਦੇ ਪ੍ਰਛਾਵੇਂ ਨੂੰ ਦੂਰ ਨਹੀਂ ਕਰ ਸਕਦੀ। ਇਸ ਸਮੇਂ ਉਹ ਕਲਾਕਾਰ ਵੀ ਕਣਕ ਨਾਲ ਸੁੱਸਰੀ ਵਾਂਗ ਪਿਸ ਰਹੇ ਨੇ ਜਿਨ੍ਹਾਂ ਕਦੇ 'ਕਬੂਤਰਬਾਜ਼ੀ' ਨਹੀਂ ਕੀਤੀ।

ਕੁਝ ਮਹੀਨੇ ਪਹਿਲਾਂ ਵਲੈਤ ਤੋਂ ਇਕ ਪ੍ਰਮੋਟਰ ਦਾ ਫੋਨ ਆਇਆ। ਉਸ ਤੋਂ ਖੁਸ਼ੀ ਨਹੀਂ ਸੀ ਸਾਂਭੀ ਜਾ ਰਹੀ...ਮਨ ਦੇ ਭਾਵ ਪ੍ਰਗਟ ਕਰਨ ਲਈ ਸ਼ਬਦ ਨਹੀਂ ਸਨ ਉਸ ਕੋਲ, ਕਿਉਂਕਿ ਉਸ ਦੇ ਮੁਕਾਬਲੇਬਾਜ਼ ਪ੍ਰਮੋਟਰ ਨੇ ਜਿਹੜੇ ਕਲਾਕਾਰਾਂ ਦੇ ਸ਼ੋਅ ਰੱਖੇ ਸਨ, ਉਨ੍ਹਾਂ ਨੂੰ ਅੰਬੈਸੀ ਨੇ ਘੁਰਕੀ ਮਾਰ ਕੇ ਘਰਾਂ ਵਲ ਮੋੜ ਦਿੱਤਾ ਸੀ। ਸ਼ੋਅ ਕਰਾਉਣ ਵਾਲਿਆਂ ਦਾ ਇਸ਼ਤਿਹਾਰਬਾਜ਼ੀ, ਹਾਲ ਬੁਕਿੰਗ, ਕਲਾਕਾਰਾਂ ਨੂੰ ਦਿੱਤੇ ਐਡਵਾਂਸ ਤੇ ਹੋਰ ਪ੍ਰਬੰਧਾਂ 'ਤੇ ਕੀਤਾ ਖਰਚ ਮਿੱਟੀ ਹੋ ਗਿਆ ਸੀ। ਵਾਰ-ਵਾਰ ਉਹ ਕਹਿ ਰਿਹਾ ਸੀ, 'ਉਨ੍ਹਾਂ ਸਾਲਿਆਂ ਦੇ ਸ਼ੋਅ ਤਾਂ ਕੈਂਸਲ ਹੋ ਗਏ ਨੇ...ਆਪਣੇ ਅਗਲੇ ਮਹੀਨੇ ਹੋਣ ਵਾਲੇ ਸ਼ੋਆਂ ਨੂੰ ਵਧੀਆ ਰਿਸਪਾਂਸ ਮਿਲੂ...ਆਪਣੀ ਪਹੁੰਚ ਵਾਹਵਾ ਐ...ਵੀਜ਼ੇ ਲੱਗਣ ਦੀ ਗਾਰੰਟੀ ਐ।'

ਪਰ ਅਗਲੇ ਮਹੀਨੇ ਉਸ 'ਮਹਾਨ ਪ੍ਰਮੋਟਰ' ਨੂੰ ਵੀ ਸ਼ੋਅ ਕੈਂਸਲ ਕਰਨੇ ਪਏ ਕਿਉਂਕਿ ਅੰਬੈਸੀ ਨੇ ਉਸ ਦੇ ਗਰੁਪ ਨਾਲ ਵੀ ਉਹੀ ਕੀਤੀ ਜਿਹੜੀ ਮੁਕਾਬਲੇ ਦੇ ਕਲਾਕਾਰਾਂ ਨਾਲ ਕੀਤੀ ਸੀ। ਹੁਣ ਬਸ ਇਹੀ ਆਖ ਰਿਹਾ ਸੀ, 'ਅੰਬੈਸੀਆਂ ਧੱਕਾ ਕਰ ਰਹੀਆਂ ਨੇ, ਇਨ੍ਹਾਂ ਨੂੰ ਬੰਦੇ-ਕੁਬੰਦੇ ਦੀ ਪਛਾਣ ਨਹੀਂ।'

ਹਕੀਕਤ ਇਹ ਹੈ ਕਿ ਅੰਬੈਸੀਆਂ ਨੂੰ ਬੰਦੇ-ਕੁਬੰਦੇ ਦੀ ਪਛਾਣ ਉਦੋਂ ਤੋਂ ਹੋਣੋਂ ਹਟੀ ਹੈ, ਜਦੋਂ ਤੋਂ ਪ੍ਰਮੋਟਰਾਂ ਨੇ ਇਕ ਦੂਜੇ ਦੀਆਂ ਜੜ੍ਹਾਂ 'ਚ ਤੇਲ ਦੇਣਾ ਸ਼ੁਰੂ ਕੀਤਾ ਏ। ਬਹੁਤੇ ਪ੍ਰਮੋਟਰ ਇੱਕੋ ਸ਼ੇਅਰ ਗੁਣਗੁਣਾਉਂਦੇ ਨੇ ਕਿ, 'ਹਮ ਤੋ ਡੂਬੇ ਹੈਂ ਸਨਮ, ਤੁਝੇ ਭੀ ਲੇ ਡੂਬੇਂਗੇ' ਤੇ ਡੁੱਬਣ-ਡੁਬਾਉਣ ਦੀ ਇਸ ਖੇਡ ਵਿਚ ਕਲਾਕਾਰਾਂ ਦਾ ਜੋ ਨੁਕਸਾਨ ਹੋ ਰਿਹਾ ਹੈ, ਉਸ ਦੀ ਭਰਪਾਈ ਮੁਸ਼ਕਲ ਹੈ।



ਕੱਲ੍ਹ ਤੱਕ ਜਿਹੜੇ ਪ੍ਰਮੋਟਰ ਚਾਰ ਕਲਾਕਾਰਾਂ ਨਾਲ ਅੱਠ 'ਕਬੂਤਰ' ਬੁਲਾ ਲੈਂਦੇ ਸਨ, ਅੱਜ ਉਨ੍ਹਾਂ ਦਾ ਗੋਰਖਧੰਦਾ ਬੰਦ ਹੋ ਚੁੱਕਾ ਹੈ। ਹੁਣ ਜੀਹਦੇ ਗਰੁਪ ਨੂੰ ਵੀਜ਼ਾ ਮਿਲ ਜਾਂਦੈ, ਉਹ ਖੁਦ ਦੀ 'ਗੁੱਡਵੈਲ' ਦੀਆਂ ਗੱਲਾਂ ਕਰਦਾ ਨਹੀਂ ਥੱਕਦਾ ਤੇ ਜੀਹਦਾ ਤੁੱਕਾ ਨਹੀਂ ਲਗਦਾ, ਉਹ ਭਾਗਾਂ ਨੂੰ ਨਿੰਦਣਾ ਸ਼ੁਰੂ ਕਰ ਦਿੰਦੈ। ਸਾੜਾ ਸਾਡੇ ਹੱਡਾਂ ਵਿਚ ਵੱਸਿਆ ਹੋਇਆ ਹੈ। ਅੱਜ ਜਦੋਂ ਪੰਜਾਬ ਵਿਚਲਾ ਕੈਸਿਟਾਂ ਦਾ ਬਜ਼ਾਰ ਮੰਦੀ ਦੀਆਂ ਸਿਖਰਾਂ ਛੂਹ ਚੁੱਕਾ ਹੈ, ਪ੍ਰੋਗਰਾਮਾਂ ਨੂੰ ਅਚਿੰਤੇ ਬਾਜ ਪੈ ਗਏ ਨੇ ਤਾਂ ਕਲਾਕਾਰਾਂ ਨੂੰ ਸਿਰਫ ਵਿਦੇਸ਼ੀ ਸ਼ੋਆਂ ਤੋਂ ਚਾਰ ਛਿੱਲੜ ਆਉਣ ਦੀ ਉਮੀਦ ਸੀ।

ਇਹ ਸੱਚ ਹੈ ਕਿ ਪਰਵਾਸੀ ਪ੍ਰਮੋਟਰਾਂ ਨੇ ਪੰਜਾਬੀਆਂ ਅੱਗੇ ਮਨੋਰੰਜਨ ਪਰੋਸਣ ਦੇ ਨਾਂ 'ਤੇ ਕਈ ਕਲਾਕਾਰਾਂ ਦਾ ਭਲਾ ਕਰਨ ਦੇ ਨਾਲ-ਨਾਲ ਆਪਣੇ ਬੈਂਕ ਬੈਲੇਂਸਾਂ 'ਚ ਵਾਹਵਾ ਵਾਧਾ ਕੀਤਾ। ਇਕ ਉਹ ਦਿਨ ਸਨ, ਜਦੋਂ ਛੋਟੇ ਜਿਹੇ ਸੱਦਾ ਪੱਤਰ ਨਾਲ ਹੀ ਸਾਰੇ ਕਲਾਕਾਰਾਂ ਦੇ ਵੀਜ਼ੇ ਲੱਗ ਜਾਂਦੇ ਸਨ। ਜਿਹੜੇ ਬੰਦੇ ਨੇ ਕਦੇ ਢੋਲ ਫੜ ਕੇ ਨਹੀਂ ਸੀ ਦੇਖਿਆ, ਉਹ ਢੋਲੀ ਬਣ ਕੇ ਵਿਦੇਸ਼ ਚਲਾ ਗਿਆ, ਜਿਹੜੇ ਦਾ ਮਾਈਕ ਨਾਲ ਕੋਈ ਤਾਅਲੁਕ ਨਹੀਂ ਸੀ, ਉਹ ਸਟੇਜ ਸਕੱਤਰ ਬਣ ਗਿਆ ਤੇ ਜੀਹਨੇ ਕਦੇ ਚੁੱਲ੍ਹੇ ਕੋਲ ਰੱਖਿਆ ਚਿਮਟਾ ਨਹੀਂ ਸੀ ਚੁੱਕਿਆ, ਉਹ ਚਿਮਟਾਵਾਦਕ ਦੇ ਤੌਰ 'ਤੇ ਵਿਦੇਸ਼ ਅੱਪੜ ਗਿਆ। ਇਸ ਸਭ ਲਈ ਮੋਟੀਆਂ ਰਕਮਾਂ ਲਈਆਂ ਜਾਂਦੀਆਂ, ਕਈ ਕਲਾਕਾਰਾਂ ਨੂੰ ਬਿਨਾਂ ਦੱਸਿਆ 'ਕਬੂਤਰ' ਪਾ ਲਏ ਜਾਂਦੇ ਤੇ ਕਈਆਂ ਨੂੰ ਭਰੋਸੇ 'ਚ ਲੈ ਕੇ। ਹੌਲੀ-ਹੌਲੀ ਅੰਬੈਸੀਆਂ ਨੂੰ ਪਤਾ ਲੱਗ ਗਿਆ ਕਿ ਪ੍ਰਮੋਟਰਾਂ ਵਲੋਂ ਧੋਖਾਦੇਹੀ ਕੀਤੀ ਜਾ ਰਹੀ ਹੈ ਤਾਂ ਉਨ੍ਹਾਂ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ।

ਉੱਤੋਂ ਦਲੇਰ ਮਹਿੰਦੀ ਕਾਂਡ ਸਾਹਮਣੇ ਆ ਗਿਆ ਤੇ ਅੰਬੈਸੀਆਂ ਨੂੰ ਸਾਰੇ ਪ੍ਰਮੋਟਰ ਤੇ ਕਲਾਕਾਰ ਚੋਰ ਜਿਹੇ ਜਾਪਣ ਲੱਗੇ। ਵਿਰਲੇ-ਟਾਂਵੇਂ ਗਰੁਪਾਂ ਨੂੰ ਫਿਰ ਵੀ ਵੀਜ਼ੇ ਮਿਲਣੇ ਜਾਰੀ ਰਹੇ, ਜਿਹੜੇ ਪ੍ਰਮੋਟਰਾਂ ਦਾ ਪਹਿਲਾ ਰਿਕਾਰਡ ਚੰਗਾ ਸੀ, ਉਨ੍ਹਾਂ ਦੇ ਗਰੁਪ ਦਾ ਵੀਜ਼ਾ ਲੱਗ ਜਾਂਦਾ ਪਰ ਫਿਰ ਮੁਕਾਬਲੇਬਾਜ਼ੀ ਦੀ ਅਜਿਹੀ ਦੌੜ ਸ਼ੁਰੂ ਹੋਈ, ਜਿਸਨੇ ਅੰਬੈਸੀਆਂ 'ਚ ਬੈਠੇ ਵੀਜ਼ਾ ਅਫਸਰਾਂ ਦੇ ਮਨਾਂ 'ਚ ਇਹ ਗੱਲ ਬਿਠਾ ਦਿੱਤੀ ਕਿ ਕਲਾਕਾਰ ਦਾ ਮਤਲਬ ਹੀ 'ਜਾਅਲੀ ਬੰਦਾ' ਹੁੰਦਾ ਏ ਤੇ ਗਰੁਪ ਬੁਲਾਉਣ ਵਾਲੇ ਪ੍ਰਮੋਟਰਾਂ ਦਾ ਮਤਲਬ ਹੀ 'ਕਬੂਤਰਬਾਜ਼ਾਂ ਦਾ ਗਿਰੋਹ' ਏ।

ਇਕ ਪ੍ਰਮੋਟਰ ਨੇ ਜਿਹੜੀ ਤਰੀਕ ਨੂੰ ਸ਼ੋਅ ਰੱਖਿਆ, ਉਸੇ ਤਰੀਕ ਨੂੰ ਮੁਕਾਬਲੇ 'ਚ ਦੂਜੇ ਪ੍ਰਮੋਟਰ ਵਲੋਂ ਸ਼ੋਅ ਰੱਖਿਆ ਜਾਣ ਲੱਗਾ। ਸੁਣਨ ਵਾਲੇ ਵੀ ਦੋ ਹਿੱਸਿਆਂ 'ਚ ਵੰਡੇ ਗਏ। ਸੋ ਦੋਹਾਂ 'ਚੋਂ ਕਿਸੇ ਦਾ ਸ਼ੋਅ ਨਾ ਭਰਦਾ। ਦੋਵੇਂ ਘਾਟਾ ਖਾ ਕੇ ਕੁਝ ਮਹੀਨਿਆਂ ਲਈ ਮਾਯੂਸ ਜਿਹੇ ਹੋ ਜਾਂਦੇ। ਅਗਲੇ ਸਾਲ ਦੇ ਸ਼ੋਆਂ ਮੌਕੇ ਮੁੜ ਉਹੀ ਕਾਰਾ ਕੀਤਾ ਜਾਂਦਾ। ਉਸ ਤੋਂ ਅਗਲਾ ਦੌਰ ਅੰਬੈਸੀਆਂ ਵਿਚ ਸ਼ਿਕਾਇਤਾਂ ਦਾ ਸ਼ੁਰੂ ਹੋਇਆ। ਇਕ-ਦੂਜੇ ਦੀ ਪਿੱਠ ਲਵਾਉਣ ਲਈ ਅੰਬੈਸੀਆਂ ਨੂੰ ਈ-ਮੇਲਾਂ ਕਰਨ ਤੇ ਝੂਠੀਆਂ ਖਬਰਾਂ ਸਪਲਾਈ ਕਰਨ ਦਾ ਸਿਲਸਿਲਾ ਤੁਰਿਆ। ਵੀਜ਼ਾ ਅਫ਼ਸਰ, ਜਿਨ੍ਹਾਂ ਨੂੰ ਪੰਜਾਬੀ ਕਲਾਕਾਰਾਂ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ, ਸ਼ਿਕਾਇਤਕਰਤਾਵਾਂ ਦੀਆਂ ਗੱਲਾਂ 'ਤੇ ਅਮਲ ਕਰਨ ਲੱਗੇ। ਸ਼ਿਕਾਇਤ ਵਿਚ ਕਿਹਾ ਜਾਂਦਾ ਕਿ ਜਿਹੜਾ ਗਰੁਪ ਵੀਜ਼ਾ ਲੈਣ ਆ ਰਿਹੈ, ਉਸ ਵਿਚਲੇ ਫਲਾਣੇ ਫਲਾਣੇ ਬੰਦੇ ਕਬੂਤਰ ਨੇ, ਜਿਨ੍ਹਾਂ ਆਪਣੇ ਵਤਨ ਨਹੀਂ ਪਰਤਣਾ। ਅੰਬੈਸੀ ਉਨ੍ਹਾਂ ਦੇ ਗਰੁਪ ਨੂੰ ਉਲਟੇ ਪੈਰੀਂ ਵਾਪਸ ਮੋੜ ਦਿੰਦੀ। ਸ਼ਿਕਾਇਤਕਰਤਾ ਦੂਜੇ ਦਾ ਕੰਮ ਵਿਗਾੜ ਕੇ ਖੁਸ਼ ਹੁੰਦਾ ਪਰ ਉਸ ਨੂੰ ਪਤਾ ਨਾ ਲਗਦਾ ਕਿ ਉਹਦਾ ਕੰਮ ਕੋਈ ਹੋਰ ਵਿਗਾੜ ਰਿਹੈ।

ਸੋ, ਅੱਜ ਅੰਬੈਸੀਆਂ ਦੀ ਨਜ਼ਰ ਵਿਚ ਵਿਦੇਸ਼ਾਂ 'ਚ ਸ਼ੋਅ ਕਰਾਉਣ ਵਾਲੇ ਜ਼ਿਆਦਾਤਰ ਪ੍ਰਮੋਟਰ 'ਗਲਤ' ਨੇ, ਉਹ ਜਿੰਨੇ ਮਰਜ਼ੀ ਸੀਨੀਅਰ ਕਲਾਕਾਰਾਂ ਨੂੰ ਬੁਲਾਉਣਾ ਚਾਹੁਣ, ਅੰਬੈਸੀਆਂ ਨੂੰ ਯਕੀਨ ਨਹੀਂ ਹੁੰਦਾ ਕਿ ਇਹ 'ਇਕ ਨੰਬਰੀ' ਨੇ। ਪਿਛੇ ਜਿਹੇ ਇਕ ਸੁਪ੍ਰਸਿੱਧ ਕਲਾਕਾਰ ਜਦੋਂ ਅਮਰੀਕਾ ਦਾ ਵੀਜ਼ਾ ਲੈਣ ਗਿਆ ਤਾਂ ਅੰਬੈਸੀ ਨੇ ਕਹਿ ਦਿੱਤਾ, 'ਸੌਰੀ...ਸਾਨੂੰ ਉਮੀਦ ਨਹੀਂ ਕਿ ਤੁਸੀਂ ਵਾਪਸ ਆਵੋਗੇ।'

ਅਧਖੜ੍ਹ ਉਮਰ ਦੇ ਕਲਾਕਾਰ ਨੇ ਆਖਿਆ, 'ਜਵਾਨੀ ਵੇਲੇ ਜਦੋਂ ਮੈਂ ਭੱਜ ਸਕਦਾ ਸਾਂ, ਉਦੋਂ ਤਾਂ ਮੈਂ ਭੱਜਿਆ ਨਹੀਂ...ਤੇ ਹੁਣ ਜਦੋਂ ਗੋਡੇ ਜਵਾਬ ਦੇ ਚੁੱਕੇ ਨੇ ਤਾਂ ਥੋਡੇ ਦੇਸ 'ਚ ਭੱਜ ਕੇ ਕੀ ਲੈਣੈ?' ਪਰ ਅੰਬੈਸੀ 'ਤੇ ਇਨ੍ਹਾਂ ਤਰਕਾਂ ਦਾ ਕੋਈ ਅਸਰ ਨਾ ਹੋਇਆ।

ਅਗਲੀ ਗਲਤੀ ਕਲਾਕਾਰਾਂ ਦੀ ਆਪਣੀ ਹੈ। ਪਿਛਲੇ ਕੁਝ ਸਮੇਂ ਤੋਂ ਅੰਬੈਸੀਆਂ ਨੂੰ ਭਿਣਕ ਲੱਗਣੀ ਸ਼ੁਰੂ ਹੋ ਗਈ ਏ ਕਿ ਪੰਜਾਬ ਦੇ ਕਲਾਕਾਰ ਵੱਖ-ਵੱਖ ਮੁਲਕਾਂ ਵਿਚ 'ਟੂਰਿਸਟ ਵੀਜ਼ਾ' ਲੈ ਕੇ ਘੁੰਮਣ-ਫਿਰਨ ਲਈ ਜਾਂਦੇ ਨੇ ਪਰ ਉਥੇ ਜਾ ਕੇ ਪ੍ਰੋਗਰਾਮ ਲਾਉਣੇ ਸ਼ੁਰੂ ਕਰ ਦਿੰਦੇ ਨੇ। ਇਸ ਕਾਂਡ ਨੇ ਹੁਣ ਤੱਕ ਦਰਜਨ ਭਰ ਕਲਾਕਾਰਾਂ ਦੇ ਵਿਦੇਸ਼ੀ ਦੌਰਿਆਂ 'ਤੇ ਪਾਬੰਦੀ ਲਵਾ ਦਿੱਤੀ ਏ ਤੇ ਬਾਕੀ ਹਾਲੇ ਕਤਾਰ 'ਚ ਲੱਗੇ ਹੋਏ ਨੇ। ਸਹੀ ਨਿਯਮਾਂ ਮੁਤਾਬਕ ਅਮਰੀਕਾ 'ਚ ਸ਼ੋਅ ਕਰਨ ਲਈ 'ਪੀ-3' ਵੀਜ਼ੇ ਦੀ ਲੋੜ ਹੁੰਦੀ ਏ, ਪਰ ਕਲਾਕਾਰ ਬਹੁਤੀਆਂ ਕਾਰਵਾਈਆਂ ਤੋਂ ਬਚਣ ਲਈ ਟੂਰਿਸਟ ਵੀਜ਼ਾ ਲੈਂਦੇ ਰਹੇ ਤੇ ਪਹਿਲਾਂ ਹੀ ਤੈਅ ਪ੍ਰੋਗਰਾਮਾਂ ਮੁਤਾਬਕ ਸ਼ੋਅ ਕਰਕੇ ਵਾਪਸ ਆ ਜਾਂਦੇ।

ਖਾਰ ਖਾਂਦੇ ਪ੍ਰਮੋਟਰਾਂ ਇਹ ਸ਼ਿਕਾਇਤ ਵੀ ਕਰ ਦਿੱਤੀ ਤੇ ਵੀਡੀਓ ਬਣਾ ਕੇ ਅੰਬੈਸੀਆਂ ਤੱਕ ਅੱਪੜਦੀਆਂ ਕਰ ਦਿੱਤੀਆਂ ਕਿ ਫਲਾਣੇ-ਫਲਾਣੇ ਕਲਾਕਾਰ ਆਏ ਘੁੰਮਣ-ਫਿਰਨ ਵਾਲੇ ਵੀਜ਼ੇ 'ਤੇ ਸਨ, ਪਰ ਇੱਥੇ ਫਲਾਣੇ ਫਲਾਣੇ ਪ੍ਰੋਗਰਾਮਾਂ 'ਚ ਮੋਟੇ ਪੈਸੇ ਲੈ ਕੇ ਗਾ ਗਏ। ਇਸ ਕਾਂਡ ਨੇ ਕਲਾਕਾਰਾਂ ਨੂੰ ਪੂਰੀ ਤਰ੍ਹਾਂ ਸ਼ੱਕ ਦੇ ਕਟਹਿਰੇ 'ਚ ਲਿਆ ਖੜ੍ਹਾ ਕੀਤਾ।

ਪਿੱਛੇ ਜਿਹੇ ਇਕ ਕਲਾਕਾਰ ਜਦੋਂ ਅੰਬੈਸੀ ਕੋਲ ਇੰਟਰਵਿਊ ਲਈ ਗਿਆ ਤਾਂ ਉਸ ਨੂੰ ਸਵਾਲ ਕੀਤਾ ਗਿਆ, 'ਤੁਸੀਂ ਪਿਛਲੀ ਵਾਰ ਕਿਹੜੇ ਮਕਸਦ ਲਈ ਗਏ ਸੀ?'

ਕਲਾਕਾਰ ਨੇ ਜਵਾਬ ਦਿੱਤਾ, 'ਜੀ ਘੁੰਮਣ ਫਿਰਨ...ਹੋਲੀਡੇਅ ਲਈ।'

ਅੰਬੈਸੀ ਨੇ ਜਦੋਂ ਉਸ ਵਲੋਂ ਵੱਖ-ਵੱਖ ਥਾਂਵਾਂ 'ਤੇ ਪੇਸ਼ ਕੀਤੇ ਪ੍ਰੋਗਰਾਮਾਂ ਦੇ ਵੀਡੀਓ ਸਾਹਮਣੇ ਧਰੇ ਤਾਂ ਕਲਾਕਾਰ ਨੂੰ ਹੱਦੋਂ ਵੱਧ ਸ਼ਰਮਿੰਦਗੀ ਹੋਈ।

ਇਸ ਚਤੁਰਾਈ ਦੇ ਸਿੱਟੇ ਵਜੋਂ ਜਿਹੜੇ ਕਲਾਕਾਰਾਂ ਨੂੰ ਵੀਜ਼ੇ ਨਹੀਂ ਦਿੱਤੇ ਗਏ ਜਾਂ ਜਿਨ੍ਹਾਂ ਦੇ ਪਹਿਲਾਂ ਲੱਗੇ ਵੀਜ਼ਿਆਂ ਨੂੰ ਰੱਦ ਕੀਤਾ ਗਿਆ, ਉਹ ਵਕੀਲਾਂ ਦੀ ਮਦਦ ਨਾਲ ਇਸ ਅੜਚਣ ਨੂੰ ਕਾਨੂੰਨੀ ਢੰਗ ਨਾਲ ਪੱਧਰੀ ਕਰਨ 'ਤੇ ਲੱਗੇ ਹੋਏ ਨੇ।

ਬਹੁਤੇ ਪ੍ਰਮੋਟਰ ਅਜਿਹੇ ਨੇ ਜਿਹੜੇ ਸ਼ੌਕ-ਸ਼ੌਕ 'ਚ ਜਾਂ ਤਜਰਬੇ ਲਈ ਵਿਦੇਸ਼ਾਂ 'ਚ ਸ਼ੋਅ ਉਲੀਕਦੇ ਨੇ। ਜਦੋਂ ਉਨ੍ਹਾਂ ਦਾ ਗਰੁਪ ਅੰਬੈਸੀ ਵਲੋਂ ਮੋੜ ਦਿੱਤਾ ਜਾਂਦੈ ਤਾਂ ਉਹ ਮੁੜ ਪੁਰਾਣਾ ਕੰਮ ਸ਼ੁਰੂ ਕਰ ਦਿੰਦੇ ਹਨ ਪਰ ਜਿਹੜੇ ਕਲਾਕਾਰਾਂ ਦਾ ਕਿੱਤਾ ਹੀ ਗਾ ਕੇ ਕਮਾਉਣ ਨਾਲ ਜੁੜਿਆ ਹੋਇਐ, ਉਨ੍ਹਾਂ ਲਈ ਅੜਿਚਣਾਂ ਦਾ ਪਹਾੜ ਖੜ੍ਹਾ ਹੋ ਜਾਂਦੈ। ਇਕ ਥਾਂ ਤੋਂ ਮਿਲੀ 'ਰਫਿਊਜ਼' ਦੀ ਮੋਹਰ ਹੋਰ ਥਾਂਵਾਂ ਲਈ ਸਮੱਸਿਆਵਾਂ ਖੜ੍ਹੀਆਂ ਕਰਦੀ ਏ। ਕਲਾਕਾਰ ਦਿੱਲੀ ਦੇ ਗੇੜੇ ਮਾਰ-ਮਾਰ ਥੱਕ ਜਾਂਦੇ ਨੇ, ਪਰ ਪ੍ਰਮੋਟਰ ਦੂਜੇ ਦੀਆਂ ਜੜ੍ਹਾਂ 'ਤੇ ਆਰੀ ਫੇਰਨ ਦੀਆਂ ਵਿਊਂਤਾਂ ਘੜਦੇ ਰਹਿੰਦੇ ਨੇ। ਪ੍ਰਮੋਟਰਾਂ ਦਾ ਜਿੰਨਾ ਵਿਸ਼ਵਾਸ ਗੁਆਚ ਚੁੱਕਾ ਹੈ, ਉਸ ਨੂੰ ਬਹਾਲ ਕਰਨ ਲਈ ਲੰਮਾ ਸਮਾਂ ਸਾਊਪੁਣੇ ਦੀ ਮਿਸਾਲ ਦੇਣੀ ਪਵੇਗੀ।

# ਬੁੰਦੇਲਖੰਡ 'ਚ ਭੁੱਖ ਨੰਗ ਦਾ ਕਹਿਰ, 75% ਲੋਕਾਂ ਵਲੋਂ ਹਿਜ਼ਰਤ

**ਡਾ. ਅਜੀਤਪਾਲ ਸਿੰਘ ਐਮ.ਡੀ.**

ਆਲਹਾ-ਉਦਲ ਵਰਗੇ ਮਹਾਨ ਸੈਨਾਪਤੀਆਂ ਦੀ ਧਰਤੀ ਬੁੰਦੇਲਖੰਡ ਅੱਜ ਬੰਜਰ ਹੈ ਅਤੇ ਆਪਣੇ ਦੌਰ ਦਾ ਇਤਿਹਾਸਕ ਖੌਫਨਾਕ ਪਲਾਇਨ ਦੇਖ ਰਹੀ ਹੈ। ਪਿਛਲੇ ਛੇ-ਸੱਤ ਮਹੀਨਿਆਂ ਵਿਚ ਪੰਜ ਲੱਖ ਤੋਂ ਵਧ ਲੋਕ ਪਲਾਇਨ ਕਰ ਗਏ ਹਨ। ਬੁੰਦੇਲਖੰਡ ਇਲਾਕੇ 'ਚ ਮਹੋਬਾ ਜ਼ਿਲ੍ਹੇ ਦੀ ਧਰਤੀ ਭ੍ਰਿਸ਼ਟਾਚਾਰ ਤੇ ਸਰਕਾਰੀ ਐਸ਼ਗਾਹ-ਫਿਜ਼ੂਲਖਰਚੀ ਘਪਲਿਆਂ ਦਾ ਸਬੱਬ ਬਣ ਗਈ ਹੈ। ਇਕ ਪਾਸੇ ਕਿਸਾਨਾਂ ਦੀ ਆਤਮ ਹੱਤਿਆ ਦੇ ਸਰਕਾਰੀ ਅੰਕੜੇ 100 ਤੋਂ ਪਾਰ ਕਰ ਰਹੇ ਹਨ ਤਾਂ ਦੂਜੇ ਪਾਸੇ ਤਲਾਬਾਂ ਦੀ ਕਾਗਜ਼ੀ ਸਫਾਈ 'ਤੇ ਲੱਖਾਂ ਕਰੋੜਾਂ ਰੁਪਏ ਖਰਚ ਹੋ ਰਹੇ ਹਨ। ਆਲੀਸ਼ਾਨ ਕੁਲੈਕਟ੍ਰੇਟ ਸ਼ਹਿਰ ਤੋਂ ਬਹੁਤ ਬਾਹਰ ਆਮ ਆਦਮੀ ਦੀ ਪਹੁੰਚ ਤੋਂ ਦੂਰ ਬਣਿਆ ਹੈ। ਜ਼ਿਲ੍ਹੇ 'ਚ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਠੱਪ ਪਈ ਹੈ। ਪੰਜ ਸਾਲਾਂ ਤੋਂ ਭਿਅੰਕਰ ਸੋਕੇ ਦੀ ਮਾਰ ਝੱਲ ਰਹੇ ਬੁੰਦੇਲਖੰਡ ਦੇ ਇਸ ਇਲਾਕੇ 'ਚ ਜਿਸ ਤੇਜ਼ੀ ਨਾਲ ਖੁਦਾਈ ਦਾ ਕੰਮ ਜਾਰੀ ਹੈ। ਉਸ ਨਾਲ ਭਵਿੱਖ ਹੋਰ ਵੀ ਹਨ੍ਹੇਰਾ ਹੋਣਾ ਗਰੰਟੀ ਨਾਲ ਕਿਹਾ ਜਾ ਸਕਦਾ ਹੈ। ਪਿੰਡਾਂ ਦੇ ਪਿੰਡ ਖਾਲੀ ਹਨ, ਸਿਰਫ ਬੁੱਢੇ ਬਚੇ ਹਨ। ਖੁਦ ਪ੍ਰਸ਼ਾਸਨ ਮੰਨ ਰਿਹਾ ਹੈ ਕਿ ਪਿੰਡਾਂ ਤੋਂ 75 ਫੀਸਦੀ ਲੋਕ ਹਿਜਰਤ ਕਰ ਗਏ ਹਨ। ਚੰਦੇਲ ਹਾਕਮਾਂ ਨੇ 903 ਈ. ਤੋਂ 1210 ਈ. ਦੇ ਵਿਲੇ ਪੂਰੇ ਬੁੰਦੇਲਖੰਡ ਨੂੰ ਤਲਾਬਾਂ, ਖੂਹਾਂ ਨਾਲ ਭਰਕੇ ਇਸ ਸੋਕੇ ਦੀ ਮਾਰ ਤੋਂ ਬਚਾਉਣ ਲਈ ਮੁਕੰਮਲ ਤਿਆਰੀ ਕੀਤੀ ਸੀ ਪਰ ਉਸ ਧਰਤੀ ਦਾ ਹਲਕ ਅੱਜ ਸੁੱਕ ਰਿਹਾ ਹੈ। ਤਾਲਾਬਾਂ ਦੇ ਰਖ ਰਖਾਅ ਦੇ ਨਾਂਅ 'ਤੇ ਕੀਤੇ ਗਏ ਘਪਲਿਆਂ ਦੇ ਚਲਦਿਆਂ ਸੰਕਟ ਡੂੰਘਾ ਹੋ ਗਿਆ ਹੈ ਅਤੇ ਇਥੇ ਪਿਛਲੇ ਪੰਜ ਸਾਲਾਂ ਤੋਂ ਬਾਰਸ਼ ਨਹੀਂ ਹੋਈ ਹੈ। ਜਿੱਥੋਂ ਤਕ ਨਜ਼ਰ ਜਾਂਦੀ ਹੈ ਬੰਜਰ ਖੇਤ ਹੀ ਖੇਤ ਦਿਸਦੇ ਹਨ। ਕਿਸਾਨ ਖੂਨ ਦੇ ਹੰਝੂ ਰੋ ਰਿਹਾ ਹੈ। ਆਤਮ ਹੱਤਿਆ ਕਰ ਰਿਹਾ ਹੈ। ਤੇ ਜੋ ਇਹ ਨਹੀਂ ਕਰ ਰਿਹਾ ਉਹ ਸ਼ਹਿਰ 'ਚ ਮਜ਼ਦੂਰ ਬਣਨ ਲਈ ਬੋਰੀਆਂ-ਬਿਸਤਰ ਬੰਨ੍ਹ ਚੁੱਕਿਆ ਹੈ। ਮਹੋਬਾ ਸਟੇਸ਼ਨ ਪ੍ਰਬੰਧਕ ਵੀ.ਕੇ. ਪਾਂਡੇ ਨੇ ਦੱਸਿਆ ਕਿ ਦਿੱਲੀ ਤੇ ਮੁੰਬਈ ਜਾਣ ਵਾਲੇ ਕਿਸਾਨਾਂ ਦੀ ਜੇਬ 'ਚ ਕਈ ਵਾਰ ਦਸ ਰੁਪਏ ਤਕ ਨਹੀਂ ਹੁੰਦੇ। ਮਹੋਬਾ ਯਾਨੀ ਮਹੋਬਾ ਦਾ ਪਾਨ। ਪਾਨ ਦੇ ਸ਼ੌਕੀਨਾਂ ਲਈ ਮਹੋਬਾ ਦੇ ਪਾਨ ਦਾ ਖਾਸ ਮਹੱਤਵ ਉਸ ਦੇ ਕਮਰੇਪਣ ਦੇ ਕਾਰਨ ਹੁੰਦਾ ਸੀ। ਪਾਣੀ ਦੀ ਕਮੀ ਅਤੇ ਲਗਾਤਾਰ ਵਧਦੇ ਤਾਪਮਾਨ ਨੇ ਪਾਨ ਦੇ ਸਾਰੇ ਬਰੇਜਾਂ (ਪਾਨ ਬੀਜਣ ਲਈ ਤਿਆਰ ਕੀਤੇ ਜਾਣ ਵਾਲਾ ਬਾੜਾ) ਨੂੰ ਬੇਮੌਤ ਸੁਆ ਦਿੱਤਾ ਹੈ। ਇਸ ਇਲਾਕੇ 'ਚ ਰਹਿਣ ਵਾਲੇ ਕਰੀਬ 30 ਹਜ਼ਾਰ ਪਾਨ ਕਿਸਾਨ ਬਰਬਾਦ ਹੋ ਚੁੱਕੇ ਹਨ।

ਇਸ ਇਲਾਕੇ 'ਚ ਖੇਤੀ ਦੇ ਇਸ ਸੰਕਟ ਦਾ ਸਬੰਧ ਕਿਤੇ ਨਾ ਕਿਤੇ ਉਨ੍ਹਾਂ ਧਮਾਕਿਆਂ ਨਾਲ ਹੈ ਜੋ ਮਹੋਬਾ ਸ਼ਹਿਰ ਤੋਂ ਬਾਹਰ ਪਹਾੜੀਆਂ ਵੱਲ ਜਾਣ 'ਤੇ ਸੁਣਾਈ ਦਿੰਦੇ ਹਨ। ਮਹੋਬਾ ਜ਼ਿਲ੍ਹੇ 'ਚ ਘਟੋ ਘੱਟ 200 ਪਹਾੜ ਹਨ ਅਤੇ ਤਕਰੀਬਨ ਸਭ 'ਤੇ ਵਿਸਫੋਟ ਜਾਰੀ ਹੈ। ਇਥੇ ਪਹਾੜਾਂ ਦੀ ਖੁਦਾਈ ਕਰਕੇ ਪੱਥਰ ਕੱਢੇ ਤੇ ਉਨ੍ਹਾਂ ਤੋਂ ਰੋੜੀ ਬਣਾਉਣ ਦਾ ਕੰਮ ਤਕਰੀਬਨ 30 ਸਾਲ ਪਹਿਲਾਂ ਸ਼ੁਰੂ ਹੋ ਗਿਆ ਸੀ। ਇਨ੍ਹਾਂ 'ਚੋਂ ਕਈ ਪਹਾੜ ਜਿੰਨੇ ਉੱਚੇ ਹੁੰਦੇ ਸੀ, ਅੱਜ ਉਨੀ ਹੀ ਡੂੰਘਾਈ ਤਕ ਉਨ੍ਹਾਂ ਨੂੰ ਖੋਦਿਆ ਜਾ ਚੁਕਿਆ ਹੈ। ਪਹਾੜਾਂ 'ਤੇ ਚਲ ਰਹੇ ਖੁਦਾਈ ਦੇ ਕੰਮ ਤੇ ਉਥੇ ਲੱਗੇ ਕ੍ਰੈਸ਼ਰ 'ਚ ਸਾਰੇ ਮੁੱਖ ਰਾਜਸੀ ਨੇਤਾਵਾਂ ਦੀ ਬਰਾਬਰ ਦੀ ਹਿੱਸੇਦਾਰੀ ਹੈ। ਇਲਾਕੇ 'ਚ ਸਰਗਰਮ ਹਰੀਸ਼ ਚੰਦਰ ਨੇ ਦੱਸਿਆ ਕਿ 'ਰੋਜ਼ਾਨਾ 10 ਕੁਇੰਟਲ ਵਿਸਫੋਟਕ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਇਸ ਦੀ ਵੀ ਕੋਈ ਲਿਖਾ ਪੜ੍ਹੀ ਨਹੀਂ ਹੈ।' ਮਹੋਬਾ 'ਚ ਪਾਣੀ ਰਾਖੀ ਲਈ ਕੰਮ ਕਰ ਰਹੀ ਸੰਸਥਾ ਖੇਤੀ ਖੋਜ ਸੰਸਥਾ ਦੇ ਮਨੋਜ ਦਾ ਕਹਿਣਾ ਹੈ ਕਿ 'ਜਦ ਵਿਆਹ 'ਚ ਪਟਾਖੇ ਚਲਾਉਣ ਨਾਲ ਪੂਰਾ ਮਾਹੌਲ ਧੂੰਏ ਤੇ ਗੁਬਾਰ ਨਾਲ ਭਰ ਜਾਂਦਾ ਹੈ ਤਾਂ ਗਰਮੀ ਲਗਦੀ ਹੈ, ਤਦ ਏਨੇ ਵੱਡੇ ਪੈਮਾਨੇ 'ਤੇ ਵਰਤੇ ਜਾ ਰਹੇ ਵਿਸਫੋਟਕ ਦਾ ਕੀ ਭਿਅੰਕਰ ਅਸਰ ਪੈਂਦਾ ਹੋਵੇਗਾ ਇਹ ਆਸਾਨੀ ਨਾਲ ਹੀ ਸੋਚਿਆ ਜਾ ਸਕਦਾ ਹੈ।' ਹਿੰਦੁਸਤਾਨ ਕੰਸਟ੍ਰਕਸ਼ਨ ਕੰਪਨੀ ਐਚ ਸੀ ਐਲ) ਵਰਗੀਆਂ ਵੱਡੀਆਂ ਉਸਾਰੀ ਕੰਪਨੀਆਂ ਇਥੋਂ ਰੋੜੀ ਚੁਕਵਾਉਂਦੀਆਂ ਹਨ। ਇਥੋਂ ਦੇ ਦਵਰਈ ਇਲਾਕੇ 'ਚ 82 ਕ੍ਰੈਸ਼ਰ ਹਨ ਜੋ ਕਾਨੂੰਨਣ ਹਨ ਜਦ 120 ਗੈਰ ਕਾਨੂੰਨੀ ਹਨ। ਇਥੋਂ ਦੇ ਲੌਂਡਾ ਪਹਾੜ 'ਚ ਪਿਛਲੇ 30 ਸਾਲਾਂ ਤੋਂ ਕ੍ਰੈਸ਼ਰ ਚਲ ਰਿਹਾ ਹੈ। ਪੂਰਾ ਪਹਾੜ ਖੋਦਿਆ ਜਾ ਚੁਕਿਆ ਹੈ। ਜਿਨਾ ਉੱਚਾ ਇਹ ਪਹਾੜ ਸੀ ਉਸ ਤੋਂ ਵੀ ਵਧ ਡੂੰਘੀ ਖੁਦਾਈ ਹੋ ਚੁੱਕੀ ਹੈ ਅਤੇ ਹੁਣ ਵੀ ਜਾਰੀ ਹੈ। ਖੁਦਾਈ-ਵਿਸਫੋਟ ਥਾਂ ਤੋਂ ਸਿਰਫ ਚਾਰ ਕਦਮ 'ਤੇ ਹੈ ਜਿਥੇ ਕੰਮ ਕਰਨ ਵਾਲਿਆਂ ਦੀ ਬਸਤੀ, ਜਿਸ ਨੂੰ ਮੋਚੀਪੁਰਾ ਅੰਬੇਦਕਰ ਪਿੰਡ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਸੁਬਾਹ 4-5 ਵਜੇ ਕੰਮ ਸ਼ੁਰੂ ਹੋ ਜਾਂਦਾ ਹੈ। ਵਿਸਫੋਟ ਦੌਰਾਨ ਕਈ ਵਾਰੀ ਪੱਥਰ ਏਨੇ ਉੱਚੇ ਉਛਲਦੇ ਹਨ ਕਿ ਮਜ਼ਦੂਰਾਂ ਦੀ ਮੌਤ ਹੋ ਜਾਂਦੀ ਹੈ। ਗਲੀ 'ਚ ਕਈ ਮਜ਼ਦੂਰ ਮਾਰੇ ਜਾ ਚੁਕੇ ਹਨ। ਪੱਥਰਾਂ 'ਚ ਡਾਇਨਾਮਾਈਟ ਲਾਉਣ ਵਾਲੇ ਦਾ ਕਹਿਣਾ ਹੈ ਜਿਉਣ ਮਰਨ ਦੀ ਚਿੰਤਾ ਕਰੀਏ ਤਾਂ ਖਾਵਾਂਗੇ ਕੀ? ਪੂਰੇ ਇਲਾਕੇ 'ਚ ਇਹੀ ਕੰਮ ਹੈ। ਸਭ ਥਾਂ ਸੋਕਾ ਪਿਆ ਹੈ। ਕਿਸਾਨ ਭੁੱਖਾ ਮਰ ਰਿਹਾ ਹੈ ਅਤੇ ਜੋ ਬਚਿਆ ਹੈ ਉਹ ਆਤਮ ਹੱਤਿਆ ਕਰ ਰਿਹਾ ਹੈ। ਪੂਰਾ ਇਲਾਕਾ ਇਸ ਦੀ ਗਵਾਹੀ ਦਿੰਦਾ ਹੈ। ਜਿਸ ਪਿੰਡ ਜਾਓ ਉਥੇ ਹੀ ਦੁਖ/ਮਹੋਬਾ ਜ਼ਿਲਵੇ ਦੇ ਕਛੇਨ ਪਰਵਾਂ ਪਿੰਡ ਦੀ ਬੁੱਢੀ ਰਧਿਆ ਦੇ ਹੰਝੂ ਰੁਕਦੇ ਨਹੀਂ ਹਨ। ਉਸ ਦੇ ਤਿੰਨ ਬੇਟੇ ਪੰਜਾਬ ਚਲੇ ਗਏ ਹਨ। ਬੇਟੀ ਵੀ ਬਾਹਰ ਹੈ ਜਿਸ ਦੇ ਤਿੰਨ ਬੱਚੇ ਉਸ ਪਾਸ ਹਨ। ਰਧਿਆ ਅਨੁਸਾਰ 'ਅਸੀਂ ਹੀ ਮਰਨ ਲਈ ਇਥੇ ਹਾਂ, ਇਨ੍ਹਾਂ ਬੱਚਿਆਂ ਦਾ ਕੀ ਕਰੀਏ..।' ਪਿੰਡ ਦੇ 70 ਫੀਸਦੀ ਲੋਕ ਆਪਣੇ ਪਰਿਵਾਰ ਨਾਲ ਸ਼ਹਿਰੀ ਮਜ਼ਦੂਰ ਬਣ ਗਏ ਹਨ। ਆਦੇਵ ਚਾਰ ਸਾਲਾਂ ਤੋਂ ਪੰਜਾਬ 'ਚ ਇੱਟਾਂ ਦੇ ਭੱਠੇ 'ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਦੇ ਛੋਟੇ ਭਾਈ ਕਹਿੰਦੇ ਹਨ ਕਿ ਜਾਬ ਕਾਰਡ ਤਾਂ ਬਣੇ ਹਨ ਪਰ ਸਰਕਾਰ ਕੰਮ ਨਹੀਂ ਦਿੰਦੀ। ਸਾਰੇ ਜਾਬ ਕਾਰਡ ਠੇਕੇਦਾਰ ਕੋਲ ਹਨ। ਕੁਸ਼ਵਾਹਾ ਜਾਤੀ ਦੇ ਬਹੁਗਿਣਤੀ ਇਸ ਪਿੰਡ ਦਾ ਇਤਿਹਾਸਕ ਮਹੱਤਵ ਹੈ ਕਿਉਂਕਿ ਇਥੋਂ ਮਹੋਬਾ ਦੀ ਇਕੋ ਇਕ ਨਦੀ ਚੰਦ੍ਰਾਵੇਲ ਨਿਕਲਦੀ ਸੀ ਜੋ ਹੁਣ ਪੂਰੀ ਤਰ੍ਹਾਂ ਸੁੱਕ ਚੁੱਕੀ ਹੈ। ਬੁੰਦੇਲਖੰਡ 'ਚ ਪਸਰੀ ਮੌਤ ਦੀ ਕਾਲੀ ਛਾਂ ਮਹੋਬਾ ਇਲਾਕੇ ਤੇ ਆਸ ਪਾਸ ਦੇ ਪਿੰਡਾਂ 'ਚ ਕਿਸਾਨਾਂ ਨੂੰ ਡੱਸਣ ਲੱਗੀ ਹੈ। ਪਵਾ ਪਿੰਡ, ਸ੍ਰੀਨਗਰ, ਚਰਖਾਰੀ, ਭੰਡਾਰਾ ਅਤੇ ਅਤਮਰ ਮਾਫ ਪਿੰਡ ਵਿਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇ ਕਈ ਕੇਸ ਸਾਹਮਣੇ ਆਏ ਹਨ। ਅਨੇਕਾਂ ਦੀ ਤਾਂ ਖਬਰ ਹੀ ਨਹੀਂ ਸਾਹਮਣੇ ਆਈ। ਮਹੋਬਾ ਤੋਂ 30 ਕਿਲੋਮੀਟਰ ਦੂਰ ਅਤਰਰ ਮਾਫ 'ਚ ਅੱਜ ਤੱਕ ਤਿੰਨ ਕਿਸਾਨਾਂ ਨੇ ਗਰੀਬੀ, ਭੁੱਖਮਰੀ ਤੇ ਕਰਜ਼ੇ ਕਾਰਨ ਆਪਣੀ ਜਾਨ ਲੈ ਲਈ। ਸਭ ਦੇ ਪਰਿਵਾਰ ਬਿਨਾਂ ਕਿਸੇ ਠੋਸ ਸਰਕਾਰੀ ਮਦਦ ਦੇ ਅੱਜ ਵੀ ਕਰਜ਼ੇ ਦੇ ਨੋਟਿਸ ਨੂੰ ਲੈ ਕੇ ਪ੍ਰੇਸ਼ਾਨ ਹਨ। ਇਨ੍ਹਾਂ 'ਚੋਂ ਦੋ ਤਾਂ ਸਕੇ ਭਾਈ ਸਨ-ਚੰਦਰਪਾਲ ਸਿੰਘ ਤੇ ਕ੍ਰਿਸ਼ਨਪਾਲ ਸਿੰਘ ਤੀਜੇ ਕਿਸਾਨ ਦਾ ਨਾਂਅ ਸੀ ਸ਼ਤਰੂਘਨ ਸਿੰਘ।

ਪਿਛਲੇ ਸਾਲ 18 ਨਵੰਬਰ ਨੂੰ ਘਰ 'ਚ ਫਾਂਸੀ ਲਾਕੇ ਆਤਮਹੱਤਿਆ ਕਰਨ ਵਾਲੇ ਸ਼ਤਰੂਘਨ ਸਿੰਘ ਦੀ ਪਤਨੀ ਸਵਿੱਤਰੀ ਦੇਵੀ ਸਮੇਤ ਉਨ੍ਹਾਂ ਦੇ ਬੁੱਢੇ ਆਸਰਿਤ ਸੱਸ-ਸਹੁਰੇ ਦੇ ਚਿਹਰੇ 'ਤੇ ਮੌਤ ਛਾਈ ਦੇਖੀ ਜਾ ਸਕਦੀ ਹੈ। ਨੌ ਜਣੇ ਖਾਣ ਵਾਲੇ ਹਨ, ਸਾਧਨ ਕੋਈ ਨਹੀਂ। ਸਰਕਾਰ ਨੇ ਕੋਈ ਮਦਦ ਨਹੀਂ ਕੀਤੀ, ਪਿੰਡ ਵਾਲਿਆਂ ਦਾ ਹੀ ਸਹਾਰਾ ਹੈ। ਸ਼ਤਰੂਘਨ ਨੇ ਤ੍ਰਿਵੈਣੀ ਖੇਤਰੀ ਪੇਂਡੂ ਬੈਂਕ ਤੋਂ ਇਕ ਲੱਖ ਰੁਪਏ ਕਰਜ਼ਾ ਲਿਆ ਸੀ।

ਸੋਕੇ ਕਾਰਨ ਖੇਤੀ ਉਜੜ ਗਈ, ਕਰਜ਼ਾ ਮੋੜ ਨਹੀਂ ਸਕੇ, ਕਈ ਨੋਟਿਸ ਆਏ। ਬੈਂਕ ਵਾਲਿਆਂ ਨੇ ਧਮਕੀ ਦਿੱਤੀ ਕਿ ਜੇ ਕਰਜ਼ਾ ਨਾ ਮੋੜਿਆ ਤਾਂ ਕੁਰਕੀ ਕਰ ਦਿਆਂਗੇ। ਖੇਤ ਜ਼ਬਤ ਕਰ ਲਵਾਂਗੇ। ਇਹ ਉਸ ਤੋਂ ਬਰਦਾਸ਼ਤ ਨਹੀਂ ਹੋਇਆ ਇਸ ਤਣਾਅ 'ਚ ਸ਼ਤਰੂਘਨ ਨੇ ਘਰੇ ਹੀ ਫਾਹਾ ਲੈ ਲਿਆ। ਅਜੇ 9 ਲੋਕਾਂ ਦਾ ਘਰ ਪੂਰੀ ਤਰ੍ਹਾਂ ਨਾਲ ਪਿੰਡ ਵਾਲਿਆਂ ਦੇ ਰਹਿਮੋਕਰਮ 'ਤੇ ਨਿਰਭਰ ਹੈ।

ਬੁੰਦੇਲ ਖੰਡ ਦੇ ਇਸ ਇਲਾਕੇ 'ਚ ਬੇਸ਼ਰਮੀ ਨਾਲ ਭੁੱਖ ਦਾ ਕਹਿਰ ਜਾਰੀ ਹੈ। ਕਿਸਾਨਾਂ ਦੀਆਂ ਮੌਤਾਂ ਬਦਹਾਲੀ ਤੋਂ ਬੇਪ੍ਰਵਾਹ ਪ੍ਰਸ਼ਾਸਨ ਯੋਜਨਾਵਾਂ ਨੇ ਦਾਖਲ-ਖਾਰਜ ਕਰ ਰਿਹਾ ਹੈ। ਪ੍ਰਬੰਧ 'ਚ ਮੁਨਾਫਾ ਹੀ ਪ੍ਰਧਾਨ ਹੈ। ਲੁੱਟ ਜਾਰੀ ਹੈ। ਆਖਰ ਕਦੋਂ ਤੱਕ?

# ਵਿਰਾਸਤ ਬਨਾਮ ਸੇਵਾ

**ਡਾ. ਗੁਰਨਾਮ ਕੌਰ**



ਡਾ. ਗੁਰਨਾਮ ਕੌਰ

ਪ੍ਰੋ. ਗੁਰਬਚਨ ਸਿੰਘ ਤਾਲਿਬ 1967-69 ਵਿਚ ਜਦੋਂ ਮੈਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਪੜ੍ਹਦੀ ਸੀ, ਉਥੇ ਅੰਗਰੇਜ਼ੀ ਵਿਭਾਗ ਦੇ ਰੀਡਰ ਮੁਖੀ ਸਨ। ਪੰਜਾਬੀ ਯੂਨੀਵਰਸਿਟੀ ਵਿਚ ਜਦੋਂ ਮੈਂ ਆਈ ਤਾਂ ਮੇਰੀ ਕੁਲੀਗ ਨੇ ਇੱਕ ਦਿਨ ਆਪਣੇ ਨਾਲ ਕੁਰੂਕਸ਼ੇਤਰ ਚੱਲਣ ਲਈ ਮੈਨੂੰ ਕਿਹਾ। ਉਸਨੇ ਪ੍ਰੋ. ਤਾਲਿਬ ਨੂੰ ਮਿਲਣਾ ਸੀ ਜੋ ਉਸਦੇ ਐਮ.ਲਿਟ ਦੇ ਨਿਗਰਾਨ ਸਨ। ਛੇਤੀ ਹੀ ਪ੍ਰੋ. ਤਾਲਿਬ ਪੰਜਾਬ ਯੂਨੀਵਰਸਿਟੀ ਵਿਚ ਗੁਰੂ ਨਾਨਕ ਚੇਅਰ 'ਤੇ ਪ੍ਰੋਫੈਸਰ ਲੱਗ ਗਏ। ਮੈਂ ਇਥੇ ਵੀ ਇਸੇ ਕੁਲੀਗ ਨਾਲ ਉਸਦੇ ਥੀਸਿਸ ਦੇ ਸਬੰਧ ਵਿਚ ਚੰਡੀਗੜ੍ਹ ਗਈ। ਥੋੜ੍ਹੀ ਦੇਰ ਬਾਅਦ ਤਾਲਿਬ ਸਾਹਿਬ ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ ਪ੍ਰੋਫੈਸਰ ਮੁਖੀ ਲੱਗ ਗਏ ਅਤੇ ਪ੍ਰੋ. ਹਰਬੰਸ ਸਿੰਘ ਇਨਸਾਈਕਲੋਪੀਡੀਆ ਆਫ ਸਿਖਇਜ਼ਮ ਦੇ ਚੀਫ਼ ਐਡੀਟਰ ਬਣ ਗਏ। ਇਥੇ ਵੀ ਮੈਂ ਆਪਣੀ ਕੁਲੀਗ ਨਾਲ ਅਕਸਰ ਉਨ੍ਹਾਂ ਦੇ ਵਿਭਾਗ ਜਾਂਦੀ ਹੁੰਦੀ ਸੀ ਕਿਉਂਕਿ ਉਸ ਨੇ ਆਪਣੇ ਐਮ.ਲਿਟ ਦੇ ਥੀਸਿਸ ਵਿਚ ਕੁੱਝ ਪਾਠਾਂ ਦਾ ਵਾਧਾ ਕਰਕੇ ਉਸਨੂੰ ਪੀ.ਐਚ.ਡੀ ਵਾਸਤੇ ਲਿਖਣ ਲਈ ਇਜਾਜ਼ਤ ਲੈ ਲਈ ਸੀ। ਪ੍ਰੋ. ਤਾਲਿਬ ਨੂੰ ਸਟੇਜ 'ਤੇ ਸੁਣਨ ਦਾ ਤਾਂ ਦੋ-ਚਾਰ ਵਾਰ ਮੌਕਾ ਮਿਲਿਆ ਪਰ ਉਨ੍ਹਾਂ ਨਾਲ ਕਦੀ ਅਕਾਦਮਿਕ ਵਿਚਾਰ ਚਰਚਾ ਨਹੀਂ ਸੀ ਹੋਈ। ਉਨ੍ਹਾਂ ਨੂੰ ਅਕਸਰ ਡਾ. ਅਵਤਾਰ ਸਿੰਘ ਦੇ ਸਕੂਟਰ 'ਤੇ ਗੁਰੂ ਗੋਬਿੰਦ ਸਿੰਘ ਭਵਨ ਜਾਂਦਿਆਂ-ਆਉਂਦਿਆਂ ਹੀ ਦੇਖੀਦਾ ਸੀ, ਦੋਵਾਂ ਦੇ ਹੀ ਘਰ ਪਟਿਆਲਾ ਦੇ ਮਾਡਲ-ਟਾਊਨ ਵਿਚ ਨੇੜੇ ਨੇੜੇ ਸਨ। ਪੰਜਾਬੀ ਯੂਨੀਵਰਸਿਟੀ ਵਿਚੋਂ ਸੇਵਾ-ਮੁਕਤ ਹੋਣ 'ਤੇ ਉਹ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਗੁਰੂ ਨਾਨਕ ਚੇਅਰ ਦੇ ਪ੍ਰੋਫੈਸਰ ਲੱਗ ਗਏ। ਉਥੇ ਕੁੱਝ ਦੇਰ ਬਾਅਦ ਹੀ ਉਨ੍ਹਾਂ ਦੀ ਸਿਹਤ ਢਿੱਲੀ ਹੋ ਗਈ ਕਿਉਂਕਿ ਉਹ ਦਿਲ ਦੇ ਮਰੀਜ਼ ਸਨ। ਸੋ ਵਾਪਸ ਆ ਗਏ। ਪੰਜਾਬੀ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਲਈ ਫੈਲੋਸ਼ਿਪ ਦੇ ਦਿੱਤੀ ਅਤੇ ਭਵਨ ਵਿਚ ਹੀ ਉਨ੍ਹਾਂ ਨੂੰ ਬੈਠਣ ਲਈ ਕਮਰਾ ਅਲਾਟ ਕਰ ਦਿੱਤਾ ਕਿਉਂਕਿ ਉਹ ਸਾਡੇ ਵਿਭਾਗ ਵਿਚ ਤਾਂ ਕਦੀ ਹੀ ਆਉਂਦੇ ਸਨ। ਇਹ ਫੈਲੋਸ਼ਿਪ ਡਾ. ਤਾਰਨ ਸਿੰਘ ਦੇ ਹੁੰਦਿਆਂ ਮਿਲੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦਾਰਥ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚਾਰ ਭਾਗਾਂ ਵਿਚ ਪੋਥੀਆਂ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਹੋਇਆ ਹੈ। ਪ੍ਰੋ. ਤਾਲਿਬ ਨੇ ਵੀ ਇਸੇ ਪੈਟਰਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਉਲੀਕਿਆ ਜਿਸ ਦੀ ਪਹਿਲੀ ਪੋਥੀ ਅਪਰੈਲ 1983 ਵਿਚ ਛਪ ਕੇ ਤਿਆਰ ਹੋ ਗਈ। ਯੂਨੀਵਰਸਿਟੀ ਪਬਲੀਕੇਸ਼ਨ ਅਫ਼ਸਰ ਡਾ. ਹਜ਼ਾਰਾ ਸਿੰਘ ਕਿਤਾਬਾਂ ਦੀ ਬਹੁਤ ਵਧੀਆ ਛਪਾਈ ਕਰਾਉਣ ਦੇ ਮਾਹਰ ਸਨ। ਉਨ੍ਹਾਂ ਨੇ ਪੂਰੀ ਮਿਹਨਤ ਨਾਲ ਪਹਿਲੀ ਪੋਥੀ ਦੀ ਸੁੰਦਰ ਛਪਾਈ ਕਰਾਈ। ਉਦੋਂ ਤੱਕ ਪ੍ਰੋ. ਤਾਰਨ ਸਿੰਘ ਇਸ ਸੰਸਾਰ ਵਿਚ ਨਹੀਂ ਰਹੇ ਸਨ। ਡਾ. ਐਸ.ਐਸ. ਜੌਹਲ ਵਾਈਸ ਚਾਂਸਲਰ ਸਨ ਅਤੇ ਡਾ. ਅਵਤਾਰ ਸਿੰਘ ਡੀਨ ਫੈਕਲਟੀ ਵਜੋਂ ਸਾਡੇ ਵਿਭਾਗ ਦੇ ਮੁਖੀ ਵੀ ਸੀ। ਡਾ. ਜੌਹਲ ਇੱਕ ਕਾਬਲ ਅਰਥ ਸ਼ਾਸਤਰੀ ਹੋਣ ਦੇ ਨਾਲ ਨਾਲ ਬਹੁਤ ਹੀ ਕਾਬਲ ਪ੍ਰਬੰਧਕ ਅਤੇ ਆਹਲਾ ਵਾਈਸ ਚਾਂਸਲਰ ਰਹੇ। ਉਨ੍ਹਾਂ ਨੇ ਅਕਾਦਮਿਕ ਅਤੇ ਪ੍ਰਬੰਧਕੀ-ਦੋਹਾਂ ਨੁਕਤਿਆਂ ਤੋਂ ਯੂਨੀਵਰਸਿਟੀ ਵਿਚ ਜਿਸ ਤਰ੍ਹਾਂ ਦਾ ਜ਼ਾਬਤਾ ਅਤੇ ਵਰਕ-ਕਲਚਰ ਪੈਦਾ ਕੀਤਾ, ਅਧਿਆਪਕਾਂ ਨੂੰ ਪੀ.ਐਚ.ਡੀ ਕਰਨ ਲਈ ਸਹੂਲਤਾਂ ਦਿੱਤੀਆਂ, ਤਰੱਕੀਆਂ ਦਿੱਤੀਆਂ-ਉਹ ਆਪਣੇ ਆਪ ਵਿਚ ਇੱਕ ਮਿਸਾਲ ਹੈ। ਸਾਡੇ ਵਿਭਾਗ ਨੂੰ ਪੀ.ਐਚ.ਡੀ ਲਈ ਰਜਿਸਟਰੇਸ਼ਨ ਕਰਨ ਦੀ ਸਹੂਲਤ ਵੀ ਉਨ੍ਹਾਂ ਨੇ ਹੀ ਦਿੱਤੀ। ਕੈਂਪਸ ਵਿਚ ਸਫ਼ਾਈ ਦਾ ਪ੍ਰਬੰਧ ਏਨਾ ਵਧੀਆ ਹੋ ਗਿਆ ਸੀ ਕਿ ਯੂਨੀਵਰਸਿਟੀ ਦੇ ਵਿਭਾਗ ਅਤੇ ਸੜਕਾਂ ਸ਼ੀਸ਼ੇ ਵਾਂਗ ਲਿਸ਼ਕਦੀਆਂ। ਉਨ੍ਹਾਂ ਨੂੰ ਕੀਤਾ ਕੰਮ ਦੁਨੀਆਂ ਨੂੰ ਦਿਖਾਉਣਾ ਵੀ ਆਉਂਦਾ ਹੈ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਦੀ ਪਹਿਲੀ ਪੋਥੀ ਦਾ ਰਿਲੀਜ਼ ਸਮਾਰੋਹ ਰਾਸ਼ਟਰਪਤੀ ਭਵਨ ਦਿੱਲੀ ਵਿਚ ਰੱਖਿਆ ਗਿਆ। ਵਾਈਸ ਚਾਂਸਲਰ ਅਤੇ ਰਜਿਸਟਰਾਰ ਆਪਣੀਆਂ ਗੱਡੀਆਂ ਵਿਚ ਦਿੱਲੀ ਲਈ ਰਵਾਨਾ ਹੋਏ ਅਤੇ ਅਕਾਦਮਿਕ ਸਟਾਫ ਲਈ ਯੂਨੀਵਰਸਿਟੀ ਦੀ ਬੱਸ ਗਈ ਜਿਸ ਦੇ ਇੰਚਾਰਜ ਡਾ. ਅਵਤਾਰ ਸਿੰਘ ਸਨ। ਬੱਸ ਸਵੇਰੇ ਚੱਲੀ ਕਿਉਂਕਿ ਰਿਲੀਜ਼ ਸਮਾਰੋਹ ਸ਼ਾਇਦ ਗਿਆਰਾਂ ਵਜੇ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦਾ ਅਕਾਦਮਿਕ ਸਟਾਫ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਭਵਨ ਦਾ ਅਕਾਦਮਿਕ ਸਟਾਫ, ਡਾ. ਹਜ਼ਾਰਾ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਜਦਕਿ ਯੂਨੀਵਰਸਿਟੀ ਦੇ ਬਾਕੀ ਵਿਭਾਗਾਂ ਤੋਂ ਵੀ ਚੋਣਵੇਂ ਬੰਦੇ ਗਏ। ਸਾਡੇ ਨਾਲ ਯੂਨੀਵਰਸਿਟੀ ਦੇ ਮਿਊਜ਼ੀਅਮ ਦੀ ਉਸ ਵੇਲੇ ਦੀ ਕਿਊਰੇਟਰ ਵੀ ਸੀ। ਪਹਿਲਾਂ ਮੈਂ ਸੋਚਿਆ ਸ਼ਾਇਦ ਉਹ ਵੀ ਇਸ ਜਸ਼ਨ ਵਿਚ ਸ਼ਾਮਲ ਹੋਣ ਜਾ ਰਹੀ ਹੈ ਪਰ ਉਹ ਕਰਨਾਲ ਆ ਕੇ ਬੱਸ ਰੁਕਵਾ ਕੇ ਉਤਰ ਗਈ ਜਿਥੇ ਉਨ੍ਹਾਂ ਦੀ ਫੈਕਟਰੀ ਸੀ। ਉਹ ਮੇਰੇ ਨਾਲ ਹੀ ਬੈਠੀ ਸੀ ਅਤੇ ਦੂਸਰੀ ਸੀਟ 'ਤੇ ਉਸ ਵੇਲੇ ਦਾ ਡੀਨ ਕਾਲਜਿਜ਼ ਡਾ. ਅਮਰਜੀਤ ਸਿੰਘ ਢਿੱਲੋਂ ਬੈਠਾ ਸੀ, ਜੋ ਵਾਰ ਵਾਰ ਆਪਣੇ ਨਾਲ ਬੈਠੇ ਸਾਥੀ ਸ਼ਾਇਦ ਡਾ. ਨਿਰਭੈ ਸਿੰਘ ਨੂੰ ਕਹਿ ਰਿਹਾ ਸੀ, "ਪ੍ਰੋਫੈਸਰ ਸਾਹਿਬ! ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ ਪ੍ਰਾਣੀ ਤੂੰ ਜੱਗ ਤੇ ਲਾਹਾ ਲੈਣ ਆਇਆ ਹੈਂ। ਵਾਕਿਆ ਹੀ ਕੁੱਝ ਬੰਦੇ ਸੰਸਾਰ 'ਤੇ ਸਿਰਫ ਲਾਹਾ ਲੈਣ ਹੀ ਆਉਂਦੇ ਹਨ।" ਕਿਊਰੇਟਰ ਦੇ ਬੱਸ ਤੋਂ ਉਤਰ ਜਾਣ ਤੇ ਮੈਨੂੰ ਸਮਝ ਲੱਗੀ ਕਿ ਡਾ. ਢਿੱਲੋਂ ਤਾਂ ਇਹ ਸਭ ਕੁੱਝ ਮੈਡਮ ਨੂੰ ਸੁਣਾ ਰਿਹਾ ਸੀ ਕਿਉਂਕਿ ਦੋਹਾਂ ਦੀ ਆਪਸ ਵਿਚ ਖੂਬ ਲਗਦੀ ਸੀ।

ਦਿੱਲੀ ਠੀਕ ਸਮੇਂ ਪਹੁੰਚ ਗਏ ਅਤੇ ਪਹਿਲੀ ਵਾਰ ਹਿੰਦੋਸਤਾਨ ਦਾ ਰਾਸ਼ਟਰਪਤੀ ਭਵਨ ਅਤੇ ਇਸ ਦੀ ਸ਼ਾਨ ਦੇਖੀ। ਰਿਲੀਜ਼ ਸਮਾਰੋਹ ਭਵਨ ਦੇ ਵਿਸ਼ਾਲ ਘਾਹ ਦੇ ਮੈਦਾਨ ਵਿਚ ਲਾਏ ਸ਼ਾਮਿਆਨੇ ਵਿਚ ਸੀ। ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੂੰ ਪਹਿਲਾਂ ਵੀ ਇੱਕ ਵਾਰ ਯੂਨੀਵਰਸਿਟੀ ਵਿਚ ਬੋਲਦਿਆਂ ਸੁਣਿਆ ਸੀ ਜਦੋਂ ਉਹ ਪੰਜਾਬ ਦੇ ਮੁਖ ਮੰਤਰੀ ਸਨ। ਉਹ ਆਪਣੇ ਭਾਸ਼ਣ ਵਿਚ ਵਾਰ ਵਾਰ ਗੁਰਬਾਣੀ ਵਿਚੋਂ ਉਦਾਹਰਨਾਂ ਦੇ ਰਹੇ ਸਨ। ਇਸੇ ਤਰ੍ਹਾਂ ਬੂਟਾ ਸਿੰਘ ਨੇ ਗੁਰਬਾਣੀ ਵਿਚੋਂ ਤੁਕਾਂ ਅਨੇਕਾਂ ਵਾਰ ਦੁਹਰਾਈਆਂ। ਸਮਾਰੋਹ ਵਿਚ ਦਿੱਲੀ ਦੇ ਖਾਸ ਪੰਜਾਬੀ ਲਿਖਾਰੀ ਅਤੇ ਹੋਰ ਨਾਮਵਰ ਹਸਤੀਆਂ ਵੀ ਹਾਜ਼ਰ ਸਨ। ਡਾ. ਹਰਭਜਨ ਸਿੰਘ ਨੂੰ ਮੈਂ ਪਹਿਲਾਂ ਹੀ ਯੂਨੀਵਰਸਿਟੀ ਵਿਚ ਸੁਣਿਆ ਹੋਇਆ ਸੀ ਪਰ ਡਾ. ਮਹਿੰਦਰ ਕੌਰ ਗਿੱਲ ਨੂੰ ਪਹਿਲੀ ਵਾਰ ਇਥੇ ਹੀ ਦੇਖਿਆ। ਰਾਸ਼ਟਰਪਤੀ ਨਾਲ ਫੋਟੋਆਂ ਹੋਈਆਂ ਤੇ ਚਾਹ ਪਿਲਾਈ ਗਈ। ਖਾਣੇ ਦਾ ਪ੍ਰਬੰਧ ਚੇਅਰਮੈਨ ਗੁਰਮਤਿ ਕਾਲਜ ਕਮੇਟੀ ਸ. ਹਰਬੰਸ ਸਿੰਘ ਜੋ ਦਿੱਲੀ ਹੀ ਰਹਿੰਦੇ ਸਨ, ਨੇ ਆਪਣੇ ਪੰਜ ਤਾਰਾ ਹੋਟਲ ਵਿਚ ਕੀਤਾ ਸੀ। ਇਸ ਤਰ੍ਹਾਂ ਪਹਿਲੀ ਪੋਥੀ ਦਾ ਰਿਲੀਜ਼ ਸਮਾਰੋਹ ਬਹੁਤ ਹੀ ਧੂਮ-ਧਾਮ ਨਾਲ ਹੋਇਆ। ਦੂਸਰੀ ਪੋਥੀ ਮਈ 1985 ਵਿਚ ਛਪ ਕੇ ਤਿਆਰ ਹੋ ਗਈ। ਪੰਜਾਬ ਵਿਚ ਅਕਾਲੀ ਸਰਕਾਰ ਆ ਗਈ ਸੀ ਅਤੇ ਸ. ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਬਣ ਗਏ ਸਨ। ਡਾ. ਜੌਹਲ ਸ. ਦਰਬਾਰਾ ਸਿੰਘ ਦੀ ਕਾਂਗਰਸ ਸਰਕਾਰ ਵੇਲੇ ਵੀ. ਸੀ. ਬਣੇ ਸਨ ਅਤੇ ਉਨ੍ਹਾਂ ਦੀ ਟਰਮ ਖਤਮ ਹੋਣ ਵਾਲੀ ਸੀ। ਜੌਹਲ ਸਾਹਿਬ ਦੇ ਵਿਰੋਧੀਆਂ ਅਤੇ ਅਖੌਤੀ ਅਕਾਲੀ ਲਾਬੀ ਨੇ ਕਮਰਕੱਸੇ ਕਸ ਲਏ। ਵੈਸੇ ਵੀ ਯੂਨੀਵਰਸਿਟੀ ਦਾ ਇਹ ਦਸਤੂਰ ਹੀ ਬਣ ਗਿਆ ਹੈ ਕਿ ਇੱਕ ਧੜੇ ਨੇ ਜਾਣ ਵਾਲੇ ਵੀ. ਸੀ. ਦੀ ਮੁਖ਼ਾਲਫਤ ਕਰਨੀ ਹੀ ਕਰਨੀ ਹੈ ਅਤੇ ਨਵੇਂ ਵੀ. ਸੀ. ਤੋਂ ਫਿਰ ਇਸ ਵਿਰੋਧਤਾ ਦੀ ਖੱਟੀ ਖਾਣੀ ਹੈ। ਇਸ ਤਰ੍ਹਾਂ ਇੱਕ ਧੜਾ ਵੀ.ਸੀ. ਦੇ ਨਾਲ ਹੁੰਦਾ ਹੈ ਅਤੇ ਦੂਸਰਾ ਵਿਰੋਧ ਵਿਚ ਅਤੇ ਫਿਰ ਵਿਰੋਧੀ ਧੜਾ ਨਵੇਂ ਵੀ.ਸੀ. ਦਾ ਖ਼ੂਬ ਲਾਹਾ ਲੈਂਦਾ ਹੈ, ਕੰਮ ਕਰਨ ਵਾਲੇ ਅਧਿਆਪਕ ਪਾਸੇ ਰਹਿ ਜਾਂਦੇ ਹਨ। ਦੂਸਰੀ ਪੋਥੀ ਦਾ ਰਿਲੀਜ਼ ਸਮਾਰੋਹ ਯੂਨੀਵਰਸਿਟੀ ਵਿਚ ਹੀ ਰੱਖਿਆ ਗਿਆ ਜਿਸ ਨੂੰ ਤਾਰਪੀਡੋ ਕਰਨ ਦੀ ਵਿਰੋਧੀਆਂ ਨੇ ਕੋਸ਼ਿਸ਼ ਕੀਤੀ ਪਰ ਇਹ ਫੰਕਸ਼ਨ ਵੀ ਸਫਲ ਹੋਇਆ ਅਤੇ ਸ. ਸੁਰਜੀਤ ਸਿੰਘ ਬਰਨਾਲਾ ਨੇ ਦੂਜੀ ਪੋਥੀ ਰਿਲੀਜ਼ ਕੀਤੀ। ਉਂਜ

## ਰੰਗ-ਬੇਰੰਗ

ਵਿਰੋਧੀ ਇਸ ਵਿਚ ਆਪਣੀ ਕਾਮਯਾਬੀ ਸਮਝਦੇ ਸਨ ਕਿ ਉਨ੍ਹਾਂ ਨੇ ਜੌਹਲ ਸਾਹਿਬ ਦੇ ਸੇਵਾਕਾਲ ਵਿਚ ਵਾਧਾ ਨਹੀਂ ਹੋਣ ਦਿੱਤਾ ਜਦਕਿ ਅਸਲੀਅਤ ਇਹ ਹੈ ਕਿ ਸੱਤਾਧਾਰੀ ਪਾਰਟੀ ਨੇ ਆਪਣਾ ਹੀ ਬੰਦਾ ਲਾਉਣਾ ਹੁੰਦਾ ਹੈ।

ਤੀਸਰੀ ਪੋਥੀ ਦੇ ਸੱਠ ਕੁ ਪੰਨੇ ਛਪੇ ਸਨ ਜਦੋਂ ਪ੍ਰੋ. ਤਾਲਿਬ ਨੂੰ ਦਿਲ ਦਾ ਦੌਰਾ ਪੈ ਗਿਆ। ਉਨ੍ਹਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਪਰ ਉਹ ਠੀਕ ਨਹੀਂ ਹੋ ਸਕੇ ਅਤੇ ਸਦਾ ਦੀ ਨੀਂਦ ਸੌਂ ਗਏ। ਉਦੋਂ ਤੱਕ ਡਾ. ਭਗਤ ਸਿੰਘ ਦੂਸਰੀ ਵਾਰ ਯੂਨੀਵਰਸਿਟੀ ਵਿਚ ਬਤੌਰ ਵੀ.ਸੀ. ਆ ਗਏ ਸਨ। ਡਾ. ਤਾਲਿਬ ਨੇ ਇੱਕ ਕੰਮ ਚੰਗਾ ਕੀਤਾ ਕਿ ਛਪਾਈ ਦਾ ਕੰਮ ਸਾਰਾ ਅਨੁਵਾਦ ਪੂਰਾ ਹੋਣ ਤੋਂ ਬਾਅਦ ਹੀ ਸ਼ੁਰੂ ਕੀਤਾ। ਤੀਸਰੀ ਪੋਥੀ ਦਾ ਖਰੜਾ ਪ੍ਰੈਸ ਵਿਚ ਸੀ ਕਿ ਡਾ. ਤਾਲਿਬ ਗੁਰੂ ਚਰਨਾਂ ਵਿਚ ਜਾ ਬਿਰਾਜੇ। ਵੀ.ਸੀ. ਦੀ ਚੇਅਰਮੈਨਸ਼ਿਪ ਵਿਚ ਇੱਕ ਕਮੇਟੀ ਬਣਾਈ ਗਈ ਜਿਸ ਵਿਚ ਹੋਰਨਾ ਤੋਂ ਇਲਾਵਾ ਡਾ. ਅਵਤਾਰ ਸਿੰਘ ਵਿਭਾਗ ਦਾ ਮੁਖੀ ਹੋਣ ਕਰਕੇ, ਡਾ. ਬਲਕਾਰ ਸਿੰਘ ਪ੍ਰਾਜੈਕਟ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਅਧੀਨ ਹੋਣ ਕਰਕੇ, ਪ੍ਰਿੰ. ਗੁਰਚਰਨ ਸਿੰਘ ਤਾਲਿਬ (ਡਾ. ਤਾਲਿਬ ਦੇ ਛੋਟੇ ਭਰਾ ਜੋ ਇੱਕ ਸਮੇਂ ਯੂਨੀਵਰਸਿਟੀ ਦੇ ਰਜਿਸਟਰਾਰ ਵੀ ਰਹਿ ਚੁੱਕੇ ਸਨ) ਅਤੇ ਸ਼ਾਇਦ ਡਾ. ਮਨਜੀਤਇੰਦਰ ਸਿੰਘ (ਡਾ. ਤਾਲਿਬ ਦਾ ਲੜਕਾ ਜੋ ਅੰਗਰੇਜ਼ੀ ਵਿਭਾਗ ਵਿਚ ਉਦੋਂ ਲੈਕਚਰਰ ਸੀ ਅਤੇ ਹੁਣ ਪ੍ਰੋਫੈਸਰ ਹੈ), ਡਾ. ਹਜ਼ਾਰਾ ਸਿੰਘ ਮੁਖੀ ਪਬਲੀਕੇਸ਼ਨ ਬਿਊਰੋ ਆਦਿ ਮੈਂਬਰ ਪਾਏ ਗਏ। ਇਸ ਕਮੇਟੀ ਨੇ ਫੈਸਲਾ ਕਰਨਾ ਸੀ ਕਿ ਛਪਾਈ ਅਧੀਨ ਕੰਮ ਦੀ ਜਿੰਮੇਵਾਰੀ ਹੁਣ ਕਿਸਨੂੰ ਦੇਣੀ ਹੈ। ਕਮੇਟੀ ਨੇ ਫੈਸਲਾ ਕੀਤਾ ਕਿ ਛਪਾਈ ਦੀ ਜਿੰਮੇਵਾਰੀ ਡਾ. ਅਵਤਾਰ ਸਿੰਘ ਦੀ ਨਿਗਰਾਨੀ ਹੇਠ ਵਿਭਾਗ ਲਵੇ। ਜਦੋਂ ਵਿਭਾਗ ਦੀ ਗੱਲ ਆਈ ਤਾਂ ਕਮੇਟੀ ਨੇ ਪੁੱਛਿਆ ਕਿ ਵਿਭਾਗ ਵਿਚੋਂ ਜਿੰਮੇਵਾਰੀ ਕਿਸ ਨੂੰ ਦੇਣੀ ਹੈ ਤਾਂ ਡਾ. ਅਵਤਾਰ ਸਿੰਘ ਦੇ ਕਹਿਣ 'ਤੇ ਇਹ ਕੰਮ ਮੇਰੇ ਜਿੰਮੇ ਪਾ ਦਿੱਤਾ ਗਿਆ ਕਿਉਂਕਿ ਵਿਭਾਗ ਵਿਚ ਮੈਂ ਹੀ ਸੀ ਜਿਸਨੇ ਐਮ.ਏ. ਵੀ ਅੰਗਰੇਜ਼ੀ ਮਾਧਿਅਮ ਨਾਲ ਕੀਤੀ ਸੀ ਅਤੇ ਪੀ.ਐਚ.ਡੀ ਦਾ ਥੀਸਿਸ ਵੀ ਅੰਗਰੇਜ਼ੀ ਵਿਚ ਕੀਤਾ ਸੀ। ਮੈਂ ਆਪਣੇ ਜਪੁਜੀ ਸਾਹਿਬ ਵਾਲੇ ਪ੍ਰਾਜੈਕਟ ਦਾ ਇੱਕ ਪਾਠ ਹੀ ਲਿਖਿਆ ਸੀ ਅਤੇ ਉਹ ਵਿਚ ਹੀ ਛੁਡਾ ਕੇ ਮੈਨੂੰ ਇਹ ਕੰਮ ਦੇ ਦਿੱਤਾ ਗਿਆ। ਮੈਂ ਇੱਕ ਇੱਕ ਪੰਕਤੀ ਦਾ ਗੁਰਬਾਣੀ ਨਾਲ ਮਿਲਾਨ ਕਰਨਾ ਸੀ ਅਤੇ ਪਰੂਫ ਦੇਖਣੇ ਸਨ। ਜਦੋਂ ਪਹਿਲੇ ਹੀ ਪਰੂਫ ਆਏ ਤਾਂ ਦੇਖਿਆ ਕਿ ਉਨ੍ਹਾਂ ਥੋੜੇ ਜਿਹੇ ਪੰਨਿਆਂ ਵਿਚੋਂ ਕੁੱਝ ਪੰਕਤੀਆਂ ਛੁਟੀਆਂ ਹੋਈਆਂ ਸਨ। ਮੈਂ ਉਦੋਂ ਹੀ ਡਾ. ਅਵਤਾਰ ਸਿੰਘ ਨੂੰ ਜਾਣਕਾਰੀ ਦਿੱਤੀ ਤਾਂ ਉਨ੍ਹਾਂ ਨੇ ਮੈਨੂੰ ਪਰੂਫ ਡਾ. ਹਜ਼ਾਰਾ ਸਿੰਘ ਨੂੰ ਵਾਪਸ ਭੇਜਣ ਅਤੇ ਖਰੜਾ ਪ੍ਰੈਸ ਵਿਚੋਂ ਵਾਪਸ ਮੰਗਵਾ ਲੈਣ ਲਈ ਕਹਿ ਦਿੱਤਾ। ਕਮੇਟੀ ਦੀ ਮੀਟਿੰਗ ਹੋਈ ਅਤੇ ਫੈਸਲਾ ਕੀਤਾ ਗਿਆ ਕਿ ਡਾ. ਮਨਜੀਤਇੰਦਰ ਸਿੰਘ ਖਰੜੇ ਦਾ ਮਿਲਾਨ ਮਾਸਟਰ ਕਾਪੀ ਨਾਲ ਕਰੇਗਾ ਅਤੇ ਰਹਿ ਗਈਆਂ ਤੁਕਾਂ ਦਾ ਅਨੁਵਾਦ ਕੀਤਾ ਜਾਵੇਗਾ। ਮਨਜੀਤਇੰਦਰ ਸਿੰਘ ਨੇ ਛੇ ਮਹੀਨੇ ਖਰੜਾ ਰੱਖ ਕੇ ਬਿਨਾਂ ਮਿਲਾਨ ਕੀਤੇ ਵਾਪਸ ਕਰ ਦਿੱਤਾ। ਕਮੇਟੀ ਨੇ ਉਸ ਨੂੰ ਮਾਸਟਰ ਕਾਪੀ ਦੇਣ ਲਈ ਕਿਹਾ ਜੋ ਫਿਰ ਉਸਨੇ ਕਾਫੀ ਦੇਰ ਨਾਲ ਲੱਭ ਕੇ ਦਿੱਤੀ। ਮੁੜ ਕੇ ਮਾਸਟਰ ਕਾਪੀ ਨਾਲ ਮਿਲਾਨ ਕਰਨ ਅਤੇ ਰਹਿ ਗਈਆਂ ਤੁਕਾਂ ਨੋਟ ਕਰਨ ਦਾ ਕੰਮ ਮੇਰੇ ਜਿੰਮੇ ਆ ਪਿਆ। ਤਾਲਿਬ ਪਰਿਵਾਰ ਦਾ ਰਵਈਆ ਦੇਖ ਕੇ ਡਾ. ਅਵਤਾਰ ਸਿੰਘ ਨੇ ਆਪਣੇ ਆਪ ਨੂੰ ਪ੍ਰਾਜੈਕਟ ਤੋਂ ਅਲੱਗ ਕਰ ਲਿਆ ਪਰ ਕਮੇਟੀ ਵਿਚ ਸ਼ਾਮਲ ਰਹੇ। ਜਦੋਂ ਮੈਂ ਵੀ ਕਿਹਾ, "ਡਾ. ਸਾਹਿਬ ਮੈਂ ਵੀ ਤੁਹਾਡੀ ਨਿਗਰਾਨੀ ਤੋਂ ਬਿਨਾ ਇਹ ਪ੍ਰਾਜੈਕਟ ਨਹੀਂ ਕਰਨਾ," ਤਾਂ ਅੱਗੋਂ ਬੋਲੇ, "ਬੀਬਾ ਜੀ! ਇਹ ਕੰਮ ਤੁਸੀਂ ਕੌਮ ਦੀ ਸੇਵਾ ਸਮਝ ਕੇ ਕਰਨਾ ਹੈ, ਕਿਸੇ ਲਈ ਨਹੀਂ ਕਰਨਾ। ਸੇਵਾ ਸਮਝ ਕੇ ਕਰੋ।" ਮੈਂ ਮਾਸਟਰ ਕਾਪੀ ਅਤੇ ਤੀਜੀ ਪੋਥੀ ਦੇ ਖਰੜੇ ਦਾ ਮਿਲਾਨ ਕੀਤਾ ਅਤੇ ਸ਼ਬਦਾਰਥ ਦੀ ਤੀਜੀ ਪੋਥੀ ਨਾਲ ਮਿਲਾਨ ਕੀਤਾ। ਜੋ ਪੰਕਤੀਆਂ ਖਰੜੇ ਵਿਚ ਛੁੱਟੀਆਂ ਹੋਈਆਂ ਸਨ ਉਹ ਮਾਸਟਰ ਕਾਪੀ ਵਿਚ ਵੀ ਛੁੱਟੀਆਂ ਹੋਈਆਂ ਸਨ। ਮੈਂ ਛੁੱਟੀਆਂ ਪੰਕਤੀਆਂ ਦਾ ਅਨੁਵਾਦ ਪਹਿਲਾਂ ਛਪ ਚੁਕੇ ਅਨੁਵਾਦਾਂ ਨੂੰ ਸਾਹਮਣੇ ਰੱਖ ਕੇ, ਪ੍ਰੋ. ਤਾਲਿਬ ਦੇ ਅਨੁਵਾਦ ਨੂੰ ਉਨ੍ਹਾਂ ਦੀ ਭਾਸ਼ਾ ਨੂੰ ਧਿਆਨ ਵਿਚ ਰੱਖ ਕੇ ਕਰਨਾ ਅਤੇ ਟਾਈਪ ਕਰਾ ਕੇ ਪ੍ਰੋ. ਹਰਬੰਸ ਸਿੰਘ ਦੇ ਘਰ ਉਨ੍ਹਾਂ ਨੂੰ ਦਿਖਾਉਣ ਜਾਣਾ। ਇਹ ਵਿਚਾਰ ਡਾ. ਬਲਕਾਰ ਸਿੰਘ ਦਾ ਸੀ। ਪ੍ਰੋ. ਹਰਬੰਸ ਸਿੰਘ ਨੇ ਉਸ ਨੂੰ ਲੋੜ ਅਨੁਸਾਰ ਸੋਧ ਕੇ ਆਪਣੇ ਟਾਈਪਿਸਟ ਤੋਂ ਟਾਈਪ ਕਰਾ ਕੇ ਦੂਸਰੇ ਦਿਨ ਮੈਨੂੰ ਕਾਗਜ਼ ਵਾਪਸ ਕਰ ਦੇਣਾ। ਇਸ ਤਰ੍ਹਾਂ ਵਿਭਾਗ ਬੰਦ ਹੋ ਜਾਣ ਪਿਛੋਂ ਵੀ ਟੇਬਲ ਲੈਂਪ ਜਗਾ ਕੇ ਦੇਰ ਤੱਕ ਕੰਮ ਕਰਦੇ ਰਹਿਣਾ। ਜਦੋਂ ਤੀਸਰੀ ਪੋਥੀ ਮੁਕੰਮਲ ਹੋ ਗਈ ਅਤੇ ਫਾਈਨਲ ਟੱਚ ਦੇਣੀ ਸੀ ਤਾਂ ਡਾ. ਤਾਲਿਬ ਦਾ ਪਰਿਵਾਰ ਇਕੱਠਾ ਹੋ ਕੇ ਵੀ.ਸੀ. ਸਾਹਿਬ ਕੋਲ ਆ ਗਿਆ ਕਿ ਪੋਥੀ ਪਹਿਲੇ ਰੂਪ ਵਿਚ ਹੀ ਛਪੇਗੀ ਅਤੇ ਕਿਸੇ ਹੋਰ ਦਾ ਉਪਰ ਨਾਮ ਨਹੀਂ ਆਵੇਗਾ। ਕਮੇਟੀ ਮੰਨ ਗਈ ਪਰ ਵੀ.ਸੀ. ਵਲੋਂ ਜੋ ਸ਼ਬਦ ਲਿਖੇ ਜਾਣੇ ਸਨ ਉਨ੍ਹਾਂ ਵਿਚ ਮੁਖੀ ਨੇ ਲਿਖ ਕੇ ਭੇਜ ਦਿੱਤਾ ਕਿ ਕੰਮ ਦੀ ਦੇਖ-ਰੇਖ ਕਿਸ ਨੇ ਕੀਤੀ ਹੈ ਅਤੇ ਇਹ ਹੱਕ ਵੀ ਬਣਦਾ ਸੀ ਪਰ ਵੀ.ਸੀ. ਨੇ ਮੇਰਾ ਨਾਮ ਕੱਟ ਕੇ ਉਥੇ, "ਜ਼ੀਲ ਐਂਡ ਡੀਵੋਸ਼ਨ ਆਫ ਦਾ ਡੀਪਾਰਟਮੈਂਟਲ ਸਟਾਫ" ਕਰ ਦਿੱਤਾ। ਡਾ. ਹਜ਼ਾਰਾ ਸਿੰਘ ਨੂੰ ਪਤਾ ਸੀ ਕਿ ਮੈਂ ਕਿੰਨੀ ਮਿਹਨਤ ਕੀਤੀ ਹੈ।



ਵੀ.ਸੀ. ਡਾ. ਭਗਤ ਸਿੰਘ

ਉਨ੍ਹਾਂ ਨੇ ਮੁਖੀ ਅਤੇ ਡਾ. ਅਵਤਾਰ ਸਿੰਘ ਦੋਹਾਂ ਨੂੰ ਵੀ.ਸੀ. ਕੋਲ ਭੇਜਿਆ ਪਰ ਉਹ ਨਹੀਂ ਮੰਨੇ। ਫਿਰ ਡਾ. ਹਜ਼ਾਰਾ ਸਿੰਘ ਮੈਨੂੰ ਕਹਿਣ ਲੱਗੇ, "ਗੁਰਨਾਮ ਕੌਰ ਤੁਸੀਂ ਮੇਰੇ ਨਾਲ ਚਲੋ ਵੀ.ਸੀ. ਕੋਲ।" ਮੈਂ ਜਾਣਾ ਤਾਂ ਨਹੀਂ ਸੀ ਚਾਹੁੰਦੀ ਪਰ ਵੱਡੇ ਸੀ, ਕਹਿਣ 'ਤੇ ਤੁਰ ਪਈ। ਡਾ. ਹਜ਼ਾਰਾ ਸਿੰਘ ਨੇ ਪਹਿਲਾਂ ਦਲੀਲ ਦਿੱਤੀ, "ਇਹ ਡਾ. ਗੁਰਨਾਮ ਕੌਰ ਦਾ ਹੱਕ ਬਣਦਾ ਹੈ। ਇਸ ਨੇ ਮਿਹਨਤ ਕੀਤੀ ਹੈ, ਤੁਸੀਂ ਆਪਣੇ ਵਲੋਂ ਹੀ ਕਮੈਂਡ ਕਰਨਾ ਹੈ ਜਿਥੇ ਵਿਭਾਗ ਦਾ ਨਾਂ ਦਿੱਤਾ ਹੈ।" ਫਿਰ ਮੈਂ ਕਿਹਾ, "ਸਰ! ਤਾਲਿਬ ਸਾਹਿਬ ਬਹੁਤ ਵੱਡੇ ਬੰਦੇ ਸਨ, ਬਹੁਤ ਵੱਡੇ ਸਕਾਲਰ, ਮੈਂ ਉਨ੍ਹਾਂ ਦੇ ਬਰਾਬਰ ਖਲੋਣ ਦੀ ਜੁਰਅਤ ਨਹੀਂ ਕਰ ਸਕਦੀ। ਪਰ ਮੈਂ ਇਸ ਪੋਥੀ ਨੂੰ ਛਾਪਣ ਲਈ ਨਾ ਸਿਰਫ ਆਪਣਾ ਪ੍ਰਾਜੈਕਟ ਛੱਡਿਆ ਹੈ, ਸਗੋਂ ਇਸ 'ਤੇ ਬਹੁਤ ਮਿਹਨਤ ਕੀਤੀ ਹੈ। ਇੱਕ ਵੀ ਪੰਕਤੀ ਛੁਟਣ ਨਹੀਂ ਦਿੱਤੀ। ਪੀ.ਐਚ.ਡੀ ਕਰਦਿਆਂ ਮੇਰੇ ਐਨਕ ਨਹੀਂ ਲੱਗੀ ਪਰ ਏਨੇ ਬਰੀਕ ਅੱਖਰਾਂ ਦੇ ਤਿੰਨ ਤਿੰਨ ਵਾਰ ਪਰੂਫ ਪੜ੍ਹਦਿਆਂ ਅਤੇ ਇੱਕ ਇੱਕ ਤੁਕ ਦਾ ਮਿਲਾਨ ਕਰਦਿਆਂ ਮੇਰੇ ਐਨਕ ਲੱਗ ਗਈ ਹੈ। ਤੁਸੀਂ ਆਪਣੇ ਵਲੋਂ ਮੇਰੇ ਕੀਤੇ ਕੰਮ ਦੀ ਸਹੀ ਹੀ ਤਾਂ ਪਾਉਣੀ ਹੈ"? ਡਾ. ਭਗਤ ਸਿੰਘ ਦੂਸਰੇ ਪਾਸੇ ਨੂੰ ਮੂੰਹ ਕਰਕੇ ਬੋਲੇ, "ਮੈਂ ਤੁਹਾਨੂੰ ਇਸ ਕੀਤੇ ਕੰਮ ਦਾ ਸਰਟੀਫਿਕੇਟ ਦੇ ਦਿਆਂਗਾ ਪਰ ਵਿਚ ਨਾਮ ਨਹੀਂ ਲਿਖਣਾ ਕਿਸੇ ਦਾ।"

ਮੈਨੂੰ ਇੱਕਦਮ ਗੁੱਸਾ ਚੜ੍ਹ ਗਿਆ ਅਤੇ ਮੈਂ ਬਾਹਰ ਆ ਗਈ। ਤੀਸਰੀ ਪੋਥੀ ਪੰਜਾਬੀ ਵਿਕਾਸ ਵਿਭਾਗ ਦੇ ਇੱਕ ਸੈਮੀਨਾਰ ਵਿਚ ਤੀਸਰੇ ਦਿਨ ਰਿਲੀਜ਼ ਕਰ ਦਿੱਤੀ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਡੇਰੇ ਸੂਹ ਵੀ ਨਹੀਂ ਪਹੁੰਚੀ ਕਿ ਪੋਥੀ ਰਿਲੀਜ਼ ਹੋ ਗਈ।

(ਚਲਦਾ...)



ਪ੍ਰੋ. ਗੁਰਬਚਨ ਸਿੰਘ ਤਾਲਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸੈਮੀਨਾਰ 'ਚ ਭਾਸ਼ਣ ਦਿੰਦੇ ਹੋਏ। ਨਾਲ ਸਟੇਜ 'ਤੇ ਬੈਠੇ ਹਨ ਉਸ ਸਮੇਂ ਦੇ ਵੀ.ਸੀ. ਡਾ. ਸਰਦਾਰਾ ਸਿੰਘ ਜੌਹਲ ਤੇ ਗਿਆਨੀ ਲਾਲ ਸਿੰਘ।

## ਸਿਆਣਿਆਂ ਦਾ ਕਿਹਾ

(1) ਉਚੇ ਸਵੈਮਾਣ ਵਾਲੇ ਮਾਪੇ ਆਪਣੇ ਬੱਚਿਆਂ ਵਿਚ ਆਤਮਵਿਸ਼ਵਾਸ ਅਤੇ ਸਵੈਮਾਣ ਭਰ ਦਿੰਦੇ ਹਨ।

(2) ਬੱਚੇ ਮਾਪਿਆਂ ਤੋਂ ਜੋ ਪ੍ਰਾਪਤ ਕਰਦੇ ਜਾਂ ਸਿੱਖਦੇ ਹਨ, ਉਹੀ ਸਮਾਜ ਨੂੰ ਦਿੰਦੇ ਹਨ।

(3) ਅਗਿਆਨ ਕੋਈ ਸ਼ਰਮਿੰਦਗੀ ਵਾਲੀ ਗੱਲ ਨਹੀਂ, ਸਗੋਂ ਕੁਝ ਵੀ ਸਿੱਖਣ ਦੀ ਇੱਛਾ ਨਾ ਰੱਖਣਾ ਸ਼ਰਮ ਵਾਲੀ ਗੱਲ ਹੈ।

(4) ਆਦਰਸ਼ ਬੰਦੇ ਆਪਣੀ ਉਦਾਹਰਣ ਪੇਸ਼ ਕਰਕੇ ਦੂਜਿਆਂ ਨੂੰ ਕੁਝ ਸਿਖਾ ਸਕਦੇ ਹਨ।

(5) ਜ਼ਮੀਰ ਇਮਾਨਦਾਰੀ ਤੋਂ ਕਿਤੇ ਜ਼ਿਆਦਾ ਤਾਕਤਵਰ ਹੁੰਦੀ ਹੈ, ਅਸਲ ਵਿਚ ਇਹ ਇਮਾਨਦਾਰੀ ਦੀ ਬੁਨਿਆਦ ਹੈ।

(6) ਹਰ ਸਫਲਤਾ ਦੇ ਨਾਲ ਆਤਮ ਵਿਸ਼ਵਾਸ ਵੱਧਦਾ ਹੈ ਅਤੇ ਅਗਲੀ ਵਾਰ ਜਿੱਤਣਾ ਆਸਾਨ ਹੋ ਜਾਂਦਾ ਹੈ।

(7) ਆਪਣੀ ਜ਼ਿੰਮੇਵਾਰੀ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜ ਕੇ ਸਿੱਖ ਕੌਮ ਨੂੰ ਆਜ਼ਾਦੀ ਦੇ ਰੰਗ ਵਿਚ ਰੰਗਣਾ ਹੈ।

(8) ਆਪਾਂ ਅਸਫਲ ਤਾਂ ਹੋ ਸਕਦੇ ਹਾਂ ਪਰ ਅਸਫਲ ਵਿਅਕਤੀ ਬਿਲਕੁਲ ਨਹੀਂ।

(9) ਸਾਰੀਆਂ ਦਵਾਈਆਂ ਮਿੱਠੀਆਂ ਨਹੀਂ ਹੁੰਦੀਆਂ ਅਤੇ ਨਾ ਹੀ ਸਾਰੀਆਂ ਸਰਜਰੀਆਂ ਦਰਦ ਤੋਂ ਬਿਨਾਂ ਹੁੰਦੀਆਂ ਹਨ।

(10) ਜੇ ਸਿੱਖ ਧਰਮ ਦੇ ਅਨੁਸ਼ਾਸਨ ਦਾ ਹਰ ਘਰ ਵਿਚ ਅਭਿਆਸ ਕੀਤਾ ਜਾਵੇ ਤਾਂ ਅਪਰਾਧਾਂ ਵਿਚ 99% ਕਟੌਤੀ ਹੋ ਜਾਵੇਗੀ।

(11) ਆਜ਼ਾਦੀ ਦੀ ਪ੍ਰਾਪਤੀ ਪੂਰਨ ਅਨੰਦ ਦੀ ਪ੍ਰਾਪਤੀ ਦਾ ਨਾਂ ਨਹੀਂ ਹੈ ਸਗੋਂ ਆਪਣੀ ਕਾਮਨਾ ਨੂੰ ਕਾਬੂ ਵਿਚ ਰੱਖਣ ਦਾ ਨਾਂ ਹੈ।

(12) ਕੱਛੂਕੁੰਮੇ ਦੀ ਚਾਲ ਲੱਗਭਗ ਇੱਕ ਘੰਟੇ ਵਿਚ 0.5 ਕਿਲੋਮੀਟਰ, ਚੀਤੇ ਦੀ ਲੱਗਭਗ 96 ਕਿਲੋਮੀਟਰ ਅਤੇ ਬਾਜ ਦੀ ਲੱਗਭਗ 152 ਕਿਲੋਮੀਟਰ ਹੁੰਦੀ ਹੈ।

(13) ਅਸਮਾਨ ਵਿਚ ਉਡਦਾ ਬਾਜ ਧਰਤੀ ਦੀਆਂ ਚੀਜ਼ਾਂ ਆਸਾਨੀ ਨਾਲ ਵੇਖ ਸਕਦਾ ਹੈ।

(14) ਊਠ ਦੀ ਰੀੜ ਦੀ ਹੱਡੀ ਬਿਲਕੁਲ ਸਿੱਧੀ ਹੁੰਦੀ ਹੈ।

(15) ਜਿੰਨੀ ਮਹੱਤਵਪੂਰਨ ਖੁਸ਼ੀ ਹੁੰਦੀ ਹੈ ਉਨ੍ਹਾਂ ਹੀ ਮਹੱਤਵਪੂਰਨ ਇਹ ਵੀ ਹੁੰਦਾ ਹੈ ਕਿ ਇਹ ਖੁਸ਼ੀ ਕਿਥੋਂ ਮਿਲੀ ਹੈ।

(16) ਉਨ੍ਹਾਂ ਲੋਕਾਂ ਦੇ ਜੀਵਨ ਇਤਿਹਾਸ ਪੜ੍ਹੋ ਜਿਨ੍ਹਾਂ ਨੇ ਨਾਕਾਰਾਤਮਕ ਨੂੰ ਸਾਕਾਰਾਤਮਕ ਵਿਚ, ਨੁਕਸਾਨ ਨੂੰ ਲਾਭ ਵਿਚ ਅਤੇ ਰਾਹ ਦੇ ਰੋੜਿਆਂ ਨੂੰ ਸਫਲਤਾ ਦੀ ਪੌੜੀ ਵਿਚ ਬਦਲ ਦਿੱਤਾ ਹੋਵੇ। ਅਜਿਹੇ ਲੋਕ ਆਪਣੇ ਆਪ ਨੂੰ ਨਿਰਾਸ਼ ਨਹੀਂ ਹੋਣ ਦਿੰਦੇ।

(17) ਹੱਕਾਂ ਦੀ ਪ੍ਰਾਪਤੀ ਲਈ ਕ੍ਰਾਂਤੀ ਅਤੇ ਅਤਿਵਾਦ 'ਚ ਜ਼ਮੀਨ-ਅਸਮਾਨ ਦਾ ਫਰਕ ਹੈ।

(18) ਸਮਾਜ ਸੇਵੀ ਬਣੋ, ਇਹ ਤੁਹਾਡੇ ਵਿਚ ਸਵੈਮੁੱਲ ਵਧਾਉਂਦਾ ਹੈ।

(19) ਦੂਸਰਿਆਂ ਦੀ ਮਦਦ ਚਾਹੁੰਦੇ ਹੋ ਤਾਂ ਖੁਦ ਵੀ ਦੂਸਰਿਆਂ ਦੀ ਮਦਦ ਕਰੋ।

(20) ਆਪਣੇ ਅਧਿਕਾਰ ਆਪਣੇ ਫਰਜ਼ਾਂ ਤੋਂ ਵੱਡੇ ਨਹੀਂ ਹੋ ਸਕਦੇ।

(21) ਆਪਣੇ ਅਧਿਕਾਰਾਂ ਦੀ ਸੁਰੱਖਿਆ ਤਦ ਤੱਕ ਬਣੀ ਨਹੀਂ ਰਹਿ ਸਕਦੀ ਜਦ ਤੱਕ ਆਪਾਂ ਆਪਣੀਆਂ ਜ਼ਿੰਮੇਦਾਰੀਆਂ ਦਾ ਪ੍ਰਦਰਸ਼ਨ ਨਹੀਂ ਕਰਦੇ।

(22) ਇੱਕ ਚੰਗੀ ਸ਼ਖਸੀਅਤ ਨੂੰ ਕੁੱਝ ਪ੍ਰਾਪਤ ਕਰਨ ਦੀ ਹੀ ਲੋੜ ਨਹੀਂ ਸਗੋਂ ਕੁੱਝ ਦੇਣ ਦੀ ਵੀ ਲੋੜ ਹੈ।

(23) ਸਵੈ-ਅਨੁਸ਼ਾਸਨ ਅਨੰਦ ਨੂੰ ਮਾਰਦਾ ਨਹੀਂ ਸਗੋਂ ਬਣਾਉਂਦਾ ਹੈ।

(24) ਸੱਚੇ ਦੋਸਤ ਕਦੇ ਵੀ ਆਪਣੇ ਦੋਸਤਾਂ ਨੂੰ ਦੁਖੀ ਨਹੀਂ ਦੇਖਣਾ ਚਾਹੁੰਦੇ।

(25) ਜਦੋਂ ਦਲ ਵਿਚ ਸ਼ਾਮਲ ਹੋਣ ਦੀ ਇੱਛਾ ਚੰਗੇ ਕੰਮ 'ਤੇ ਅੜੇ ਰਹਿਣ ਦੀ ਇੱਛਾ ਨਾਲੋਂ ਤੀਬਰ ਹੋਵੇ ਤਾਂ ਇਹ ਇਸ ਗੱਲ ਦਾ ਸਬੂਤ ਹੈ ਕਿ ਹਿੰਮਤ ਤੇ ਚਰਿੱਤਰ ਦੀ ਕਮੀ ਹੈ।

(26) ਕੋਈ ਵੀ ਤੁਹਾਨੂੰ ਨੀਵਾਂ ਨਹੀਂ ਦਿਖਾ ਸਕਦਾ ਬਿਨਾਂ ਤੁਹਾਡੀ ਮਰਜ਼ੀ ਦੇ।

(27) ਖੁਸ਼ੀ ਕੁਝ ਬਣਨ ਵਿਚ ਹੈ ਨਾ ਕਿ ਕਿਸੇ ਤੋਂ ਕੁਝ ਲੈ ਲੈਣ ਵਿਚ।

(28) ਕੋਈ ਵੀ ਸ਼ਕਤੀ ਜੇ ਜ਼ਿਆਦਾ ਵਧ ਜਾਵੇ ਤਾਂ ਉਹ ਕਮਜ਼ੋਰੀ ਵੀ ਬਣ ਜਾਂਦੀ ਹੈ।

(29) ਉਨ੍ਹਾਂ ਤਰੀਕਿਆਂ ਦੀ ਤਲਾਸ਼ ਕਰੋ ਜਿਨ੍ਹਾਂ ਰਾਹੀਂ ਤੁਸੀਂ ਆਪਣੀਆਂ ਕਮਜ਼ੋਰੀਆਂ ਨੂੰ ਸ਼ਕਤੀਆਂ ਵਿਚ ਬਦਲ ਸਕਦੇ ਹੋ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

# ਮੌਜੂਦਾ ਸਿੱਖ ਸੰਘਰਸ਼ ਦੀਆਂ ਪੈੜਾਂ

ਗੁਰਤੇਜ ਸਿੰਘ

ਸਮਕਾਲੀ ਸਿੱਖ ਸੰਘਰਸ਼ ਬਾਰੇ ਜਾਣਕਾਰੀ ਓਨੀ ਆਮ ਨਹੀਂ ਜਿੰਨੀ ਕਿ ਹੋਣੀ ਚਾਹੀਦੀ ਹੈ। ਇਸ ਨੂੰ ਸਮਝਣ ਅਤੇ ਇਸ ਦੇ ਹੱਦ-ਬੰਨੇ ਤੈਅ ਕਰਨ ਲਈ ਸਾਨੂੰ ਘੱਟੋ-ਘੱਟ 1947 ਤੋਂ ਬਾਅਦ ਦੇ ਸਿੱਖ ਇਤਿਹਾਸ ਉਤੇ ਇੱਕ ਪੰਛੀ-ਝਾਤ ਪਾਉਣੀ ਪਵੇਗੀ; ਖ਼ਾਲਸਾ ਸਰੋਕਾਰਾਂ ਦੇ ਰਹੱਸ ਸਮਝਣੇ ਪੈਣਗੇ; ਸਮਕਾਲੀ ਆਗੂਆਂ ਦੇ ਕਿਰਦਾਰ, ਖਾਲਸਾ ਸਿਧਾਂਤ ਪ੍ਰਤੀ ਪਰਪੱਕਤਾ ਅਤੇ ਉਨ੍ਹਾਂ ਦੇ ਬੌਧਿਕ ਤਸੱਵਰ (ਜਾਂ ਬੌਣੇਪਣ) ਦਾ ਜਾਇਜ਼ਾ ਲੈਣਾ ਪਵੇਗਾ। ਦੁਸ਼ਮਣ ਦੀਆਂ ਨੀਤੀਆਂ ਦਾ ਤਾਂ ਕੇਵਲ ਸਰਸਰੀ ਜ਼ਿਕਰ ਹੀ ਕਾਫ਼ੀ ਹੈ ਕਿਉਂਕਿ ਕਿਸੇ ਨੂੰ ਦੁਸ਼ਮਣ ਗਰਦਾਨ ਕੇ ਉਸ ਦੀਆਂ ਨੀਤੀਆਂ ਨੂੰ ਆਪਣੀ ਨਾਕਾਮਯਾਬੀ ਲਈ ਜ਼ਿੰਮੇਵਾਰ ਦੱਸਣਾ ਅਹਿਮਕਾਨਾ ਵਰਤਾਰਾ ਹੈ। ਇਕਬਾਲ ਤਾਂ ਕਹਿੰਦਾ ਸੀ ਕਿ 'ਬਾਦੇ ਮੁਖ਼ਤਲਿਫ਼ ਤੋਂ ਘਬਰਾਉਣਾ ਉਕਾਬ (ਬਾਜ਼) ਲਈ ਠੀਕ ਨਹੀਂ ਕਿਉਂਕਿ ਇਹ ਤਾਂ ਚੱਲਦੀ ਹੀ ਉਸ ਨੂੰ ਉਚਾ ਚੁੱਕਣ ਵਾਸਤੇ ਹੈ।' ਜਿਸ ਆਗੂ ਨੇ ਕੁਦਰਤ ਦੇ ਇਸ ਰਾਜ਼ ਨੂੰ ਨਹੀਂ ਸਮਝਿਆ, ਉਸ ਨੇ ਕੀ ਖਾਕ ਕੌਮ ਦੀ ਅਗਵਾਈ ਕਰਨੀ ਹੈ!



*ਸੰਤ ਫਤਿਹ ਸਿੰਘ*

ਬਹੁਤ ਦੂਰ ਨਾ ਜਾ ਕੇ ਘੱਟੋ-ਘੱਟ ਫਤਿਹ ਸਿੰਘ ਦੇ ਸਿੱਖ ਸਿਆਸਤ ਉਤੇ ਕਾਬਜ਼ ਹੋਣ ਦੇ ਸਮੇਂ ਦੀ ਸਥਿਤੀ ਨੂੰ ਸਮਝਣਾ ਉਸ ਤੋਂ ਬਾਅਦ ਦੇ ਸਮੇਂ ਦਾ ਖਾਕਾ ਉਲੀਕਣ ਲਈ ਲਾਜ਼ਮੀ ਜਾਪਦਾ ਹੈ। ਮਾਸਟਰ ਤਾਰਾ ਸਿੰਘ ਨੂੰ 1947 ਵੇਲੇ ਕੀਤੀ ਗ਼ਲਤੀ ਦਾ ਅਹਿਸਾਸ ਤਕਰੀਬਨ 1954 ਵਿਚ ਜਾ ਕੇ ਹੋਇਆ ਸੀ। ਇਹ ਵੀ ਇਤਫ਼ਾਕੀਆ ਹੀ। ਉਸ ਨੇ ਵਿਆਪਕ ਦਬਾਅ ਹੇਠ ਆ ਕੇ ਕਾਂਗਰਸ ਨਾਲ ਸਾਂਝ ਪਾ ਲਈ। ਜਦੋਂ ਚੋਣਾਂ ਵਿਚ ਸਾਂਝੇ ਉਮੀਦਵਾਰ ਉਤਾਰਨ ਦਾ ਸਮਾਂ ਆਇਆ ਤਾਂ ਵੇਖਿਆ ਕਿ ਕਾਂਗਰਸ ਨੇ ਸਿੱਖ ਨੁਮਾਇੰਦਿਆਂ ਦੇ ਤੌਰ 'ਤੇ ਉਹ ਬੰਦੇ ਅੱਗੇ ਲਿਆਂਦੇ ਜੋ ਕੱਟੜ ਸਿੱਖ-ਵਿਰੋਧੀ ਸਨ। ਇਨ੍ਹਾਂ ਵਿਚੋਂ ਇਕ ਨਾਲ ਜੁੜੇ ਸੁਆਲਾਂ ਨੂੰ ਉਛਾਲ ਕੇ ਮਾਸਟਰ ਨੇ ਕਾਂਗਰਸ ਨਾਲੋਂ ਨਾਤਾ ਤੋੜ ਲਿਆ। ਉਹ ਆਖ਼ਰ ਸਮਝ ਗਿਆ ਕਿ ਸਿੱਖ-ਭੇਸ ਵਿਚ ਗ਼ੈਰ ਸਿੱਖਾਂ ਨੂੰ ਸਥਾਪਤ ਕਰ ਕੇ ਸਥਾਈ ਸੱਭਿਆਚਾਰਕ ਬਹੁਗਿਣਤੀ ਸਿੱਖ ਕੌਮ ਨੂੰ ਸਿਆਸੀ ਗ਼ੁਲਾਮੀ ਵਿਚ ਜਕੜਨ ਦੇ ਰਾਹ ਚੱਲ ਰਹੀ ਹੈ। ਉਸ ਵੇਲੇ ਮਾਸਟਰ ਦਾ ਬਹੁਗਿਣਤੀ ਦੇ ਇਸ ਰੁਝਾਨ ਨੂੰ ਸਮਝ ਲੈਣਾ ਵੀ ਵੱਡੀ ਗੱਲ ਸੀ।

ਜਾਪਦਾ ਹੈ ਕਿ ਮਾਸਟਰ ਨੇ ਹਾਲਾਤ ਨਾਲ ਨਿਪਟਣ ਲਈ ਦੋ ਇੰਤਜ਼ਾਮ ਕਰਨ ਦੀ ਠਾਣ ਲਈ। ਪਹਿਲਾ ਇਹ ਕਿ ਉਸ ਨੇ ਸਿੱਖ ਆਬਾਦੀ ਲਈ ਪੰਜਾਬੀ ਬੋਲੀ ਉਤੇ ਆਧਾਰਤ ਵੱਖਰੇ ਰਾਜ ਦੇ ਗਠਨ ਦੀ ਨੀਤੀ ਨੂੰ ਪੂਰੀ ਸੰਜੀਦਗੀ ਨਾਲ ਅਪਨਾ ਲਿਆ ਅਤੇ ਆਖ਼ਰੀ ਦਾਅ ਦੇ ਤੌਰ ਉਤੇ ਸਿੱਖ ਹੋਮਲੈਂਡ ਦੀ ਨੀਤੀ ਦਾ ਪ੍ਰਚਾਰ ਕੀਤਾ। ਦੂਸਰਾ, ਉਸ ਨੇ ਖ਼ਾਲਸਾ ਸਰੋਕਾਰਾਂ ਨੂੰ ਉਭਾਰਨਾ ਸ਼ੁਰੂ ਕੀਤਾ ਤਾਂ ਕਿ ਸਿੱਖ ਆਗੂ ਸਿੱਖੀ ਦੇ ਦਾਇਰੇ ਵਿਚ ਹੀ ਵਿਚਰਨ ਲਈ ਮਜਬੂਰ ਹੋ ਜਾਣ। ਸਿਰਦਾਰ ਕਪੂਰ ਸਿੰਘ ਨੂੰ ਸਿਆਸੀ ਮੈਦਾਨ ਵਿਚ ਉਤਾਰਨਾ ਇਸੇ ਰਣਨੀਤੀ ਦਾ ਅੰਗ ਸੀ! ਇਹ ਰਣਨੀਤੀ ਤਾਂ ਹਾਲਾਤ ਦੇ ਸੰਦਰਭ ਵਿਚ ਢੁਕਵੀਂ ਸੀ ਪਰ ਮਾਸਟਰ ਇਸ ਨੂੰ ਲਾਗੂ ਕਰ ਸਕਣ ਦਾ ਤਾਣ ਗੁਆ ਚੁਕਾ ਸੀ। ਕੁਝ ਤਾਂ ਉਸ ਦੀ ਢਲਦੀ ਉਮਰੇ ਆਈ ਕਮਜ਼ੋਰੀ ਇਸ ਲਈ ਜ਼ਿੰਮੇਵਾਰ ਸੀ, ਕੁਝ ਬਹੁਗਿਣਤੀ ਦਾ ਆਪਣੇ ਸੰਪ੍ਰਦਾਇਕ ਹਿੱਤਾਂ ਪ੍ਰਤੀ ਬੇਹੱਦ ਸਜੱਗ ਹੋ ਜਾਣਾ ਅਤੇ ਉਸ ਦੀ ਮਾਨਸਿਕਤਾ ਵਿਚ ਅਜਿਹੀਆਂ ਸੰਸਥਾਵਾਂ ਦਾ ਇੱਕ ਹੜ੍ਹ ਆ ਜਾਣਾ ਜਿਨ੍ਹਾਂ ਦਾ ਇਰਾਦਾ ਹਿੰਦੋਸਤਾਨ ਨੂੰ ਜ਼ਾਹਰਾ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਦੀ ਪ੍ਰਬਲ ਤਮੰਨਾ ਨੂੰ ਹਕੀਕਤ ਵਿਚ ਬਦਲਣ ਦਾ ਸੀ। ਮਾਸਟਰ ਦੇ ਕਮਜ਼ੋਰ ਹੋਣ ਦਾ ਇੱਕ ਕਾਰਨ ਇਹ ਵੀ ਸੀ ਕਿ ਉਸ ਨੇ ਵਿਰੋਧੀ ਜਾਣ ਕੇ ਸਿੱਖ ਸਰੋਕਾਰਾਂ ਪ੍ਰਤੀ ਸੁਹਿਰਦ ਸਿੱਖ-ਆਗੂ-ਸਮੂਹ ਦਾ ਗ਼ਲਾ ਆਪਣੇ ਹੱਥੀਂ ਘੁੱਟਿਆ ਅਤੇ ਉਸ ਨੂੰ ਅਕਾਲੀ ਦਲ ਤੋਂ ਪਰ੍ਹਾਂ ਧੱਕ ਦਿੱਤਾ।

ਜਵਾਹਰ ਲਾਲ ਨਹਿਰੂ ਅਤੇ ਮੋਹਣ ਲਾਲ ਸੁਖਾਡੀਆ ਨੇ ਇਨ੍ਹਾਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਇੱਕ ਸਾਧਾਂ ਦੇ ਜੋੜੇ ਨੂੰ ਸਿੱਖ ਰਾਜਨੀਤੀ ਦੇ ਅਖਾੜੇ ਵਿਚ ਉਤਾਰਿਆ। ਇਹ ਦੋਵੇਂ ਰਾਜਨੀਤੀ ਤੋਂ ਉਕਾ ਕੋਰੇ ਸਨ ਪਰ ਆਪਣੇ ਮਾਲਕਾਂ ਪ੍ਰਤੀ ਪੂਰੇ ਵਫ਼ਾਦਾਰ। ਇਨ੍ਹਾਂ ਜੋ ਅਹਿਮ ਐਲਾਨ ਕੀਤੇ ਉਨ੍ਹਾਂ ਵਿਚ ਸ਼ਾਮਲ ਸਨ: "ਸਾਨੂੰ ਫ਼ੀਸਦੀਆਂ ਦੀ ਪਕੜ ਨਹੀਂ" ਅਤੇ "ਹਿੰਦੂ ਸਿੱਖ ਸਾਡੀਆਂ ਦੋ ਅੱਖਾਂ ਹਨ।" ਅਜੇਹੇ ਬਿਆਨਾਂ ਦਾ ਸਪਸ਼ਟ ਸੰਦੇਸ਼ ਸੀ ਕਿ ਉਹ ਸਿੱਖ ਹੱਕਾਂ ਪ੍ਰਤੀ ਸੁਚੇਤ ਹੋਏ ਮਾਸਟਰ ਨੂੰ ਪਛਾੜ ਕੇ ਲੰਗੜਾ-ਲੂਲਾ, ਬੇ-ਸਿਰ-ਪੈਰ ਪੰਜਾਬੀ ਸੂਬਾ ਪ੍ਰਵਾਨ ਕਰਨ ਨੂੰ ਤਿਆਰ ਹਨ। ਇਨ੍ਹਾਂ ਦਾ ਸੌਦਾ ਸਸਤਾ ਜਾਣ ਕੇ ਕੇਂਦਰ ਨੇ ਖ਼ਰੀਦ ਲਿਆ ਅਤੇ ਇਉਂ ਉਹ ਸਿੱਖ ਸਮੱਸਿਆ ਦਾ ਸਥਾਈ ਸਮਾਧਾਨ ਲੱਭਣ ਤੋਂ ਵਾਂਞਾ ਰਹਿ ਗਿਆ। ਉਨ੍ਹਾਂ ਦਾ ਮਾਝੇ ਦੀ ਬਨਿਸਬਤ ਮਾਲਵੇ ਨੂੰ ਮਹੱਤਵ ਦੇਣ ਦਾ ਦੂਸਰਾ ਨਾਅਰਾ ਮਾਝੇ-ਮਾਲਵੇ ਅਤੇ ਜੱਟ-ਗੈਰ ਜੱਟ ਵਰਗੇ ਮੁੱਦਿਆਂ ਸਬੰਧੀ ਬੇਅਸੂਲੀ ਪਹੁੰਚ ਦੀ ਉਪਜ ਸੀ। ਇਸ ਮਨੋਵੇਗ ਅਧੀਨ ਮਾਲਵੇ ਦੇ ਆਗੂ ਦਾ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਰਾਹ ਪੱਧਰਾ ਹੋਇਆ ਅਤੇ ਦਮਦਮਾ ਸਾਹਿਬ ਦੇ 'ਪੰਜਵਾਂ ਤਖ਼ਤ' ਬਣਨ ਦਾ।

ਸਾਧਾਂ ਦੀ ਘਾਲ ਕਮਾਈ ਦਾ ਦੂਰ ਰਸੀ ਨਤੀਜਾ ਇਹ ਨਿਕਲਿਆ ਕਿ ਸਿੱਖ ਸਿਆਸਤ ਉਤੇ ਉਹ ਆਗੂ ਕਾਬਜ਼ ਹੋ ਗਏ ਜਿਨ੍ਹਾਂ ਦਾ ਸਿੱਖੀ ਨਾਲ ਕੋਈ ਵਾਹ-ਵਾਸਤਾ ਨਹੀਂ ਸੀ। ਦੋਨਾਂ ਸਾਧਾਂ ਨੇ ਕੱਟੜ ਸਿੱਖ-ਵਿਰੋਧੀ ਜਮਾਤ ਜਨ ਸੰਘ ਨਾਲ ਸਮਝੌਤਾ ਕਰ ਲਿਆ ਜਾਂ ਇਉਂ ਕਹੀਏ ਕਿ ਉਨ੍ਹਾਂ ਨੇ ਨਿਗੂਣੀ ਸ਼ੁਹਰਤ ਬਦਲੇ ਸਿੱਖ ਸਰੋਕਾਰਾਂ ਦੀ ਬਲੀ ਦੇ ਦਿੱਤੀ।

ਮੌਜੂਦਾ ਸਮਿਆਂ ਦੇ ਸੰਘਰਸ਼ ਦੇ ਪਹਿਲੇ ਦੌਰ (1978-1995) ਨੂੰ ਸਮਝਣ ਲਈ ਪਹਿਲੀ ਨਵੰਬਰ 1966 ਤੋਂ ਲੈ ਕੇ 31 ਅਕਤੂਬਰ 1972 ਤੱਕ ਦਾ ਇਤਿਹਾਸ ਸੰਜੀਦਗੀ ਨਾਲ ਵਾਚਣਾ ਪਵੇਗਾ।

ਪਹਿਲੀ ਨਵੰਬਰ 1966 ਨੂੰ ਪੰਜਾਬੀ ਸੂਬਾ ਹੋਂਦ ਵਿਚ ਆ ਗਿਆ। ਇਸ ਸਬੰਧੀ ਤਿੰਨ ਘਟਨਾ-ਚੱਕਰਾਂ ਨੂੰ ਯਾਦ ਕਰਨ ਦੀ ਲੋੜ ਹੈ। ਪਹਿਲਾ ਇਹ ਕਿ ਪੰਜਾਬ ਦਾ ਪੁਨਰਗਠਨ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਗਿਆ ਕਿ ਇਸ ਨੂੰ ਬਣਵਾਉਣ ਦਾ ਸਿਹਰਾ ਉਸ ਸਿੱਖ ਆਗੂ-ਸਮੂਹ ਨੂੰ ਨਾ ਮਿਲੇ ਜਿਸ ਨੇ ਪਿਛਲੇ 17 ਸਾਲ ਇਸ ਲਈ ਜਦੋਜਹਿਦ ਕੀਤੀ ਸੀ। ਇਸ ਮੰਤਵ ਲਈ ਫਤਿਹ ਸਿੰਘ-ਚੰਨਣ ਸਿੰਘ ਦੀ ਜੋੜੀ ਨੂੰ ਰਾਜਸਥਾਨ ਦੇ ਮੁਖ ਮੰਤਰੀ ਸੁਖਾਡੀਆ ਦੀ ਮਦਦ ਨਾਲ ਪੰਥਕ ਨੇਤਾਵਾਂ ਦੇ ਤੌਰ ਉਤੇ ਉਭਾਰਿਆ ਗਿਆ। ਇਨ੍ਹਾਂ ਦਾ ਅਸਲ ਜਦੋਜਹਿਦ ਨਾਲ ਕੋਈ ਸਬੰਧ ਨਹੀਂ ਸੀ ਅਤੇ ਨਾ ਹੀ ਉਹ ਇਸ ਸਬੰਧੀ ਚੱਲ ਰਹੇ ਸਿਆਸੀ ਦਾਅ-ਪੇਚਾਂ ਤੋਂ ਵਾਕਫ਼ ਸਨ। ਇਹ ਹਰ ਕਿਸਮ ਦੇ ਲੰਗੜੇ-ਲੂਲੇ, ਸਾਂਝੀਆਂ ਬੇੜੀਆਂ ਵਿਚ ਜਕੜੇ ਅਤੇ ਕਈ ਪੱਖੋਂ ਸਾਹ-ਸਤ-ਹੀਣ ਕੀਤੇ ਪੰਜਾਬ ਨੂੰ ਆਪਣਾ "ਬੱਚਾ" ਆਖ ਕੇ ਝੋਲੀ ਪਵਾਉਣ ਲਈ ਰਜ਼ਾਮੰਦ ਸਨ। ਅੰਤ ਏਹੀ ਹੋਇਆ। ਦੋਨਾਂ ਸਾਧਾਂ ਨੇ ਰਾਜਧਾਨੀ ਤੋਂ ਬਿਨਾਂ ਪੰਜਾਬ ਦੇ ਦਰਿਆਈ ਪਾਣੀਆਂ ਤੋਂ ਸੱਖਣਾ ਅਤੇ ਅਹਿਮ ਪੰਜਾਬੀ ਬੋਲਦੇ ਇਲਾਕਿਆਂ ਨੂੰ ਬਾਹਰ ਰੱਖ ਕੇ ਬਣਾਇਆ ਸੂਬਾ ਬੜੀ ਖ਼ੁਸ਼ੀ ਨਾਲ ਇਹ ਕਹਿ ਕੇ ਕਬੂਲ ਲਿਆ ਕਿ "ਸਾਡੇ ਘਰ ਕਾਕਾ ਹੋਇਆ ਹੈ।" ਉਪਰੋਕਤ ਮੁੱਦਿਆਂ ਉਤੇ ਵਿਆਪਕ ਰੌਲ਼ਾ-ਗੌਲ਼ਾ ਪੈਣ ਤੋਂ ਬਾਅਦ ਹੀ ਇਨ੍ਹਾਂ ਨੂੰ ਮਸਲੇ ਦੀ ਸੋਝੀ ਹੋਈ। ਆਖ਼ਰ ਇਨ੍ਹਾਂ ਨੂੰ ਆਪਣੀ ਡਿੱਗਦੀ ਸਿਆਸੀ ਸਾਖ ਨੂੰ ਬਚਾਉਣ ਲਈ "ਪੰਜਾਬੀ ਸੂਬੇ ਨੂੰ ਮੁਕੰਮਲ ਕਰਵਾਉਣ" ਦਾ ਬੇਹੱਦ ਨਕਲੀ ਜਿਹਾ ਤਹੱਈਆ ਕਰਨਾ ਪਿਆ ਜਿਸ ਦਾ ਹਸ਼ਰ ਵੇਲੇ ਦੀ ਨਮਾਜ਼ ਅਤੇ ਕੁਵੇਲੇ ਦੀਆਂ ਟੱਕਰਾਂ ਵਾਲਾ ਹੀ ਹੋਇਆ। ਮਰਕਜ਼ੀ ਸਰਕਾਰ ਨੇ ਏਨਾ ਤਰੱਦਦ ਕਰ ਕੇ ਪੰਜਾਬ ਦੇ ਵਿਹੜੇ ਵਿਚ ਸਿਹ ਦਾ ਤੱਕਲਾ ਗੱਡਿਆ ਸੀ ਜਿਸ ਦੇ ਉਦਾਲੇ ਉਸ ਨੇ ਅਨੇਕਾਂ ਨਰ-ਬਲੀਆਂ ਲੈਣੀਆਂ ਸਨ। ਇਹ ਉਲੇਖ ਕਰਨਾ ਬਣਦਾ ਹੈ ਕਿ ਟੀ.ਐਨ. ਚਤੁਰਵੇਦੀ ਨੇ ਭਾਰਤੀ ਪ੍ਰਸ਼ਾਸਨ ਅਕੈਡਮੀ ਵਿਚ ਇੱਕ ਲੈਕਚਰ ਆਈ.ਏ.ਐਸ ਅਤੇ ਆਈ.ਪੀ.ਐਸ ਅਧਿਕਾਰੀਆਂ ਨੂੰ ਦਿੱਤਾ ਜਿਸ ਵਿਚ ਉਸ ਨੇ ਖ਼ੂਬ ਚਸਕੇ ਲੈ-ਲੈ ਕੇ ਦੱਸਿਆ ਕਿ ਕਿਵੇਂ ਮਰਕਜ਼ ਨੇ ਫਤਿਹ ਸਿੰਘ ਨੂੰ ਬੁੱਧੂ ਬਣਾਇਆ ਸੀ। ਯਾਦ ਰੱਖਿਆ ਜਾਵੇ ਕਿ ਚਤੁਰਵੇਦੀ ਉਸ ਵੇਲੇ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਸਕੱਤਰ ਸਨ। ਇਸ ਦੇ ਨਾਲ ਹੀ ਪੰਜਾਬ ਦੇ ਪੁਨਰਗਠਨ ਸਬੰਧੀ ਹੁਕਮ ਸਿੰਘ ਦੀ ਸਦਾਰਤ ਹੇਠ ਬਣੀ ਕਮੇਟੀ ਦੇ ਇੰਕਸ਼ਾਫ਼ ਅਤੇ ਇੰਦਰਾ ਗਾਂਧੀ ਦੀਆਂ ਚਲਾਕੀਆਂ-ਚੁਸਤੀਆਂ ਦੀ ਦਾਸਤਾਨ ਨੂੰ ਵੀ ਜੇ ਚਤੁਰਵੇਦੀ ਦੇ ਬਿਆਨ ਨਾਲ ਰਲਾ ਕੇ ਪੜ੍ਹੀਏ ਤਾਂ ਜਾਣਾਂਗੇ ਕਿ ਟਿੱਡਾ ਜਿਹਾ ਪ੍ਰਧਾਨ ਮੰਤਰੀ ਜਿੰਨਾ ਧਰਤੀ ਦੇ ਉਤੇ ਸੀ ਉਸ ਤੋਂ ਵੱਧ ਧਰਤੀ ਦੇ ਹੇਠ ਸੀ। ਪੰਜਾਬੀ ਸੂਬਾ ਵਾਕਿਆ ਹੀ ਮੀਂਗਣਾਂ ਪਾ ਕੇ ਦਿੱਤਾ ਦੁੱਧ ਸੀ।

ਇਹ ਪਹਿਲੂ ਵੀ ਵਿਚਾਰਨਯੋਗ ਹੈ ਕਿ ਪੰਜਾਬੀ ਸੂਬਾ ਓਦੋਂ ਪ੍ਰਵਾਨ ਚੜ੍ਹਿਆ ਜਦੋਂ ਸਿਰਦਾਰ ਕਪੂਰ ਸਿੰਘ ਅਤੇ ਖ਼ੁਸ਼ਵੰਤ ਸਿੰਘ ਦੀ ਮਦਦ ਨਾਲ ਮਾਸਟਰ ਤਾਰਾ ਸਿੰਘ ਨੇ ਗੁਰਦੁਆਰਾ ਸੀਸਗੰਜ ਤੋਂ ਸਿੱਖ ਹੋਮਲੈਂਡ ਦੀ ਮੰਗ ਨੂੰ ਬੁਲੰਦ ਕੀਤਾ। ਅਰਥਾਤ ਪੰਥ ਪ੍ਰਤੀ ਸੁਹਿਰਦ ਸਿੱਖਾਂ ਨੂੰ ਪੱਕੇ ਤੌਰ 'ਤੇ ਹਾਸ਼ੀਏ ਵਿਚ ਧੱਕ ਕੇ ਪੰਜਾਬੀ ਸੂਬਾ ਬਣਾਇਆ ਗਿਆ। ਇਹ ਵੀ ਇਸ ਮਨਸ਼ਾ ਨਾਲ ਕੀਤਾ ਗਿਆ ਕਿ ਆਪੇ ਉਭਾਰੇ 'ਅਤਿਵਾਦ' ਦੇ ਸਹਾਰੇ ਅਗਾਂਹ ਨੂੰ ਸਿੱਖਾਂ ਦੇ ਘਾਣ ਦਾ ਸਥਾਈ ਇੰਤਜ਼ਾਮ ਕੀਤਾ ਜਾ ਸਕੇ।

ਪੁਨਰਗਠਨ ਸਬੰਧੀ ਤੀਜਾ ਅਹਿਮ ਨੁਕਤਾ ਇਹ ਹੈ ਕਿ ਕੇਵਲ ਅਗਲੇ ਛੇ ਸਾਲਾਂ ਵਿਚ ਹੀ ਸਿੱਖਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਗਿਆ ਕਿ ਸੂਬੇ ਦੀ ਅਸਲ ਵਾਗਡੋਰ ਮਰਕਜ਼ ਕਦੇ ਵੀ ਸਿੱਖ ਹੱਥਾਂ ਵਿਚ ਬਰਦਾਸ਼ਤ ਨਹੀਂ ਕਰੇਗਾ। ਇਨ੍ਹਾਂ ਛੇ ਸਾਲਾਂ ਵਿਚ ਪੰਜਾਬ ਵਿਚ ਬਦਲ-ਬਦਲ ਕੇ ਸੱਤਾ ਪੰਜ ਸਰਕਾਰਾਂ ਨੂੰ ਦਿੱਤੀ ਗਈ। ਇਨ੍ਹਾਂ ਨੇ ਅੱਠ-ਅੱਠ, ਨੌਂ-ਨੌਂ ਮਹੀਨੇ ਹੀ ਆਪਣੀ ਡੁਗਡੁਗੀ ਵਜਾਈ। ਇਨ੍ਹਾਂ ਚੰਦ ਮਹੀਨਿਆਂ ਵਿਚ ਵੀ ਹਿੰਦੂਤਵ ਸ਼ਕਤੀਆਂ ਦੀ ਮਨਭਾਉਂਦੀ 'ਕੋ ਨ ਮਾਨੂੰ' ਦੀ ਰੱਟ ਹਰ ਚੌਥੇ ਦਿਨ ਸੁਣਦੀ ਰਹੀ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਗੁਰੂ ਨਾਨਕ ਥਰਮਲ ਬਿਜਲੀ ਘਰ, ਪੇਂਡੂ ਸੜਕਾਂ ਅਤੇ ਪੰਜਾਬੀ ਲਾਗੂ ਕਰਨ ਦੀਆਂ ਨੀਤੀਆਂ ਵਿਰੁਧ 'ਕੋ ਨ ਮਾਨੂੰ' ਹੀ ਤਾਂਡਵ ਦੀ ਤਾਨ ਬਣੀ ਰਹੀ। ਸਿੱਖਾਂ ਨੂੰ ਮਹਿਸੂਸ ਕਰਵਾਇਆ ਗਿਆ ਕਿ ਉਹ ਸਥਾਈ ਸੱਭਿਆਚਾਰਕ ਬਹੁਗਿਣਤੀ ਦੇ ਰਹਿਮੋਕਰਮ ਉਤੇ ਹਨ ਅਤੇ ਉਸ ਦੀ ਮਰਜ਼ੀ ਬਿਨਾਂ ਕੱਖ ਤੋੜ ਕੇ ਵੀ ਦੂਹਰਾ ਨਹੀਂ ਕਰ ਸਕਦੇ। ਆਮ ਲੋਕਾਂ ਵਿਚ ਗੱਲ ਚੱਲ ਪਈ:


ਮਿੱਟੀ ਦਿਆ ਦੀਵਿਆ ਵੇ
ਨਿੰਮੀ ਤੇਰੀ ਲੋਅ,
ਇਕ ਪਲ ਵੰਡੇਂ ਚਾਨਣੀ
ਝੱਟ ਜਾਣਾ ਗੁੱਲ ਹੋ।

ਬਹੁਗਿਣਤੀ ਦੇ ਗਲਬੇ ਨੂੰ ਕਾਇਮ ਰੱਖਣ ਦੀ ਪ੍ਰਕਿਰਿਆ ਪੰਜਾਬੀ ਸੂਬੇ ਦੇ ਐਲਾਨ ਨਾਲ ਹੀ ਸ਼ੁਰੂ ਹੋ ਗਈ ਸੀ। ਐਲਾਨ ਹੁੰਦਿਆਂ ਹੀ ਹਿੰਦੂ ਬਹੁਗਿਣਤੀ ਦੇ ਇਲਾਕਿਆਂ ਵਿਚ ਹਿੰਸਕ ਹੜਤਾਲਾਂ ਹੋਈਆਂ, ਗੁਰਦੁਆਰਿਆਂ ਦੀ ਬੇਹੁਰਮਤੀ ਕੀਤੀ ਗਈ, ਸਿੱਖਾਂ ਦੀਆਂ ਜਾਇਦਾਦਾਂ ਸਾੜੀਆਂ ਗਈਆਂ ਅਤੇ ਰਾਹ ਜਾਂਦੇ ਇੱਕਲੇ-ਦੁਕੱਲੇ ਸਿੱਖਾਂ ਨੂੰ ਜ਼ਲੀਲ ਕੀਤਾ ਗਿਆ। ਮੋਗੇ ਦੇ ਇੱਕ ਸਕੂਲ ਵਿਚ ਭੰਨ ਤੋੜ ਕੀਤੀ ਗਈ ਅਤੇ ਕੰਧਾਂ ਉਤੇ ਨਾਅਰੇ ਲਿਖੇ ਗਏ। ਇੱਕ ਨਾਅਰਾ ਸੀ: 'ਇੰਦਰਾ ਕੁੱਤੀ ਸਿੱਖੋਂ ਕੀ ਦਾੜ੍ਹੀ ਪਰ ਮਰ ਮਿਟੀ ਹੈ।' ਪੰਜਾਬ ਯੂਨੀਵਰਸਿਟੀ ਵਿਚ ਵੀ ਅਫ਼ਵਾਹ ਫ਼ੈਲਾਈ ਗਈ ਕਿ ਸਿੱਖ ਵਿਦਿਆਰਥੀਆਂ ਦੀ 'ਚੰਗੀ ਖ਼ਬਰ ਲਈ ਜਾਵੇਗੀ'। ਸਿੱਖ ਵਿਦਿਆਰਥੀਆਂ ਨੇ ਸਥਾਨਕ ਗੁਰਦੁਆਰਿਆਂ ਦੀ ਮਦਦ ਨਾਲ ਡਾਂਗਾਂ, ਕ੍ਰਿਪਾਨਾਂ ਦਾ ਇੰਤਜ਼ਾਮ ਕਰ ਲਿਆ। ਉਹ ਤਾਂ ਮਰੇ ਨੂੰ ਮਾਰਨ ਵਾਲੇ ਸ਼ਾਹ ਮਦਾਰ ਸਨ (ਮਰੇ ਕੋ ਮਾਰੇ ਸ਼ਾਹ ਮਦਾਰ-ਇੱਕ ਹੈਦਰਾਬਾਦੀ ਅਖਾਣ), ਵੱਡੀ ਭੀੜ ਵਿਚ ਰਲ ਕੇ ਹੀ ਕੱਲੇ-ਦੁਕੱਲੇ ਸਿੱਖ ਨੂੰ ਕੋਹ ਸੁੱਟਣ ਦਾ ਹੀਆ ਕਰ ਸਕਦੇ ਸਨ। ਬਰਾਬਰ ਦਿਆਂ ਦੇ ਸਾਹਮਣੇ ਤਾਂ ਇਹ ਨੌਂ ਸੌ ਸਾਲ ਨਹੀਂ ਸਨ ਕੁਸਕੇ। ਸਾਹਮਣੇ ਦੀ ਵਿਆਪਕ ਤਿਆਰੀ ਨੇ ਬੇਹੀ ਕੜ੍ਹੀ ਵਿਚ ਆਇਆ ਉਬਾਲ ਖ਼ਤਮ ਕਰ ਦਿੱਤਾ।

ਇਨ੍ਹਾਂ ਸਮਿਆਂ ਦੀ ਸਿਆਸੀ ਰੌਂਅ ਸਿਰਦਾਰ ਕਪੂਰ ਸਿੰਘ ਵਰਗੇ ਧੁਰੰਤਰ ਵਿਦਵਾਨ ਅਤੇ ਸਿੱਖ ਸਿਆਸਤ ਦੇ ਗਿਆਤਾ ਦੇ ਹਸ਼ਰ ਤੋਂ ਹੀ ਜਾਣੀ ਜਾ ਸਕਦੀ ਹੈ। ਉਹ ਮਾਸਟਰ ਅਤੇ ਫਤਿਹ ਸਿੰਘ ਦਲ ਦੇ ਰਲੇਵੇਂ ਤੋਂ ਬਾਅਦ ਸਾਂਝੇ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਬਣੇ। ਉਹ ਐਮ. ਐਲ. ਏ. ਵੀ ਸਨ। ਲੋਕਰਾਜੀ ਕਦਰਾਂ ਕੀਮਤਾਂ ਅਨੁਸਾਰ ਉਨ੍ਹਾਂ ਨੂੰ ਮੁੱਖ ਮੰਤਰੀ ਬਣਨਾ ਚਾਹੀਦਾ ਸੀ। ਪ੍ਰੰਤੂ ਉਹ ਪੰਥ ਦਾ ਭਲਾ ਚਾਹੁਣ ਵਾਲੇ ਗੁਰੂ ਦੇ ਭੈਅ ਵਿਚ ਰਹਿਣ ਵਾਲੇ ਸਿੰਘ ਸਨ। ਇਸ ਲਈ ਉਨ੍ਹਾਂ ਨੂੰ ਸੱਤਾ ਦੇ ਨੇੜੇ ਫਟਕਣ ਦੇਣਾ ਸਿੱਖੀ ਦੇ ਵਾਧੇ ਨੂੰ ਦਾਅਵਤ ਦੇਣਾ ਸੀ। ਇਹ ਹਿੰਦੂਤਵ ਸ਼ਕਤੀਆਂ ਅਤੇ ਉਨ੍ਹਾਂ ਦੇ ਟੁਕੜਿਆਂ 'ਤੇ ਪਲ਼ੇ ਸਾਧਾਂ ਨੂੰ ਕਤਈ ਮਨਜ਼ੂਰ ਨਹੀਂ ਸੀ। ਅੰਗ੍ਰੇਜ਼ਾਂ ਦੇ ਬਦਨਾਮ ਮੁਖ਼ਬਰ ਸਰਦਾਰ ਬਹਾਦਰ ਗੱਜਣ ਸਿੰਘ ਦੇ ਭਤੀਜੇ, ਜਿਸ ਨੂੰ ਗੱਜਣ ਸਿੰਘ ਦੀਆਂ ਸੇਵਾਵਾਂ ਬਦਲੇ ਜੱਜ ਬਣਾਇਆ ਗਿਆ ਸੀ, ਰਹਿਤ ਪ੍ਰਤਿ ਢਿੱਲੇ ਗੁਰਨਾਮ ਸਿੰਘ ਨੂੰ ਸਾਧਾਂ ਨੇ ਪੰਥ ਦੇ ਨਾਂ ਉਤੇ ਮੁਖ ਮੰਤਰੀ ਬਣਾ ਕੇ ਇਸ਼ਾਰਾ ਕੀਤਾ ਕਿ ਉਹ ਪੰਜਾਬ ਅਤੇ ਸਿੱਖਾਂ ਨੂੰ ਸਿੱਖੀ ਤੋਂ ਦੂਰ ਲੈ ਜਾਣ ਦੇ ਚਾਹਵਾਨ ਹਨ। ਗ਼ੈਰਾਂ ਦੀ ਕਿਰਪਾ ਨਾਲ ਬਣੇ ਆਗੂਆਂ ਨੇ ਮਿਹਰਬਾਨੀ ਦੀ ਕੀਮਤ ਵੀ ਤਾਂ ਤਾਰਨੀ ਸੀ।

ਸਿਰਦਾਰ ਸਿੱਖੀ ਉਤੇ ਪਹਿਰਾ ਦੇਣ ਲਈ ਬਜ਼ਿੱਦ ਸੀ। ਉਸ ਨੂੰ ਹਰ ਪੱਖ ਤੋਂ ਸਾਧਾਂ ਦੀ ਕਰੋਪੀ ਸਹੇੜਨੀ ਪਈ। ਕਾਰਜਕਾਰਨੀ ਦੀਆਂ ਮਿਲਣੀਆਂ ਵਿਚ ਉਸ ਨੂੰ ਸਿੱਖ ਨੁਕਤੇ ਨਜ਼ਰੀਏ ਤੋਂ ਗੱਲ ਕਰਨੋਂ ਅਕਸਰ ਰੋਕ ਦਿੱਤਾ ਜਾਂਦਾ। ਅਜੇਹੇ ਵਕਤ ਸਾਧਾਂ ਦਾ ਪ੍ਰਵਚਨ ਹੁੰਦਾ: "ਭਾਈ ਕਪੂਰ ਸਿੰਘ ਤੂੰ ਸਾਡੇ ਕੋਲੇ ਸਿੱਖੀ ਸੁੱਖੀ ਦੀ ਗੱਲ ਨਾ ਕਰਿਆ ਕਰ।" ਉਨ੍ਹੀਂ ਦਿਨੀਂ ਸਾਧਾਂ ਨੇ ਦੋ-ਤਿੰਨ ਬੰਦੇ ਸਿਰਦਾਰ ਵਿਰੁਧ ਬਿਆਨ ਦੇਣ ਨੂੰ ਰੱਖੇ। ਇਹ ਉਸ ਕਿਸਮ ਦੇ ਸਨ ਜਿਨ੍ਹਾਂ ਨੂੰ ਸਮੇਂ ਦੀ ਸਿਆਸਤ ਭੌਂਕੇ ਦੱਸਦੀ ਸੀ। ਇਨ੍ਹਾਂ ਵਿਚੋਂ ਇੱਕ ਮਾਸਟਰ ਜਗੀਰ ਸਿੰਘ ਤਰਨਤਾਰਨ ਦਾ ਸੀ ਜਿਸ ਦਾ ਇੱਕੋ ਇੱਕ ਕੰਮ ਸਿਰਦਾਰ ਵਿਰੁਧ ਊਲ-ਜਲੂਲ ਬਿਆਨ ਦੇਣਾ ਅਤੇ ਇਕੱਠਾਂ ਵਿਚ ਉਨ੍ਹਾਂ ਦੇ ਬਰਖ਼ਿਲਾਫ਼ ਬੋਲਣਾ ਹੀ ਸੀ। ਸਿੱਖ ਪੰਥ ਲਈ ਸਹੀ ਦਿਸ਼ਾ-ਨਿਰਦੇਸ਼ ਕਰਦੇ ਧੁਰੰਤਰ ਵਿਦਵਾਨ ਦੇ ਬਿਆਨਾਂ ਤੋਂ ਧਿਆਨ ਹਟਾਉਣ ਅਤੇ ਭੰਬਲਭੂਸਾ ਫ਼ੈਲਾ ਕੇ ਸਹੀ ਸਿੱਖ ਸੋਚ ਨੂੰ ਰੋਲਣ ਦਾ ਕੰਮ ਸਾਧਾਂ ਨੇ ਇਸ ਬੰਦੇ ਕੋਲੋਂ ਲਿਆ। ਅਸਲੀਅਤ ਵਿਚ ਇਹ ਬੰਦਾ ਕਿਸੇ ਪੇਂਡੂ ਰਾਹ ਉਤੇ ਚੱਲਦੀ ਮਿੰਨੀ ਬੱਸ ਦਾ ਚਾਲਕ ਅਤੇ ਮਾਲਕ ਸੀ। ਸਿਰਦਾਰ ਵਿਰੁਧ ਸਭ ਤੋਂ ਵੱਧ ਊਲ ਜਲੂਲ ਏਹੋ ਬੋਲਦਾ ਹੁੰਦਾ ਸੀ ਅਤੇ ਇਉਂ ਆਪਣਾ ਕੱਦ ਵਧਾ ਕੇ ਕਾਂਗਰਸ ਵਿਚ ਜਾ ਸ਼ਾਮਲ ਹੋਇਆ ਅਤੇ ਕੁਝ ਸਮਾਂ ਪਹਿਲਾਂ ਹੀ ਸੰਸਾਰ ਤੋਂ ਕੂਚ ਕਰ ਕੇ ਗਿਆ।

ਸਾਧਾਂ ਨੇ ਸਭ ਤੋਂ ਵੱਡਾ ਖੋਰਾ ਸਿੱਖੀ ਨੂੰ ਓਦੋਂ ਲਾਇਆ ਜਦੋਂ ਉਹ ਮਰਨ ਵਰਤ ਅਤੇ ਸੜਨ ਵਰਤ ਦੀਆਂ ਫੋਕੀਆਂ ਧਮਕੀਆਂ ਦੇ ਕੇ ਵਾਰ-ਵਾਰ ਗੁਰੂ ਅੱਗੇ ਕੀਤੇ ਬਚਨਾਂ ਤੋਂ ਖਿਸਕੇ। ਇਨ੍ਹਾਂ ਦੀ ਕਰਤੂਤ ਬਾਰੇ ਕੌਮੀ ਰਾਇ ਇਹ ਬਣੀ ਕਿ ਇਨ੍ਹਾਂ ਨੇ ਕੌਮ ਵੱਲੋਂ ਗੁਰੂ ਨੂੰ ਬੇਦਾਵਾ ਲਿਖ ਕੇ ਦੇ ਦਿੱਤਾ ਹੈ। ਸੜ ਕੇ ਮਰਨ ਸਬੰਧੀ ਵੀ ਸਾਧਾਂ ਨੂੰ ਮਿਹਣੇ ਮਿਲਣ ਲੱਗੇ। ਸਿਰਦਾਰ ਨੇ ਐਲਾਨ ਸੁਣਦਿਆਂ ਹੀ ਆਖਿਆ "ਇਹ ਸਾਧ ਸੜ ਕੇ ਨਹੀਂ ਮਰਨਗੇ ਬਲਕਿ ਮਰ ਕੇ ਸੜਨਗੇ।" ਗ਼ੈਰਾਂ ਵੱਲੋਂ ਵੀ ਕਈ ਮਸ਼ਕਰੀਆਂ ਕੀਤੀਆਂ ਗਈਆਂ। ਆਖ਼ਰ ਇਨ੍ਹਾਂ ਦੀਆਂ ਕਰਤੂਤਾਂ ਦਾ ਧੋਣਾ ਧੋਣ ਲਈ ਭਾਈ ਨੰਦ ਸਿੰਘ ਦੱਖਣੀ ਨੂੰ ਜ਼ਿੰਦਾ ਸੜ ਕੇ ਮਰਨਾ ਪਿਆ। ਉਹ ਸਿਰਫ਼ ਇਹ ਦੱਸਣ ਲਈ ਸ਼ਹੀਦ ਹੋ ਗਿਆ ਕਿ ਸਿੱਖ ਗੁਰੂ ਸਾਹਮਣੇ ਕੀਤੇ ਬਚਨ ਤੋਂ ਕਦੇ ਨਹੀਂ ਫ਼ਿਰਦਾ। ਇਹ ਬਹੁਤ ਵੱਡੀ ਗੱਲ ਸੀ। ਇਸੇ ਦੇ ਹਾਣ ਦੀ ਕੀਤੀ ਸ. ਦਰਸ਼ਨ ਸਿੰਘ ਫੇਰੂਮਾਨ ਨੇ। ਉਸ ਨੇ 15 ਅਗਸਤ 1969 ਨੂੰ ਮਰਨ ਵਰਤ ਰੱਖਿਆ ਅਤੇ ਤਿਲ-ਤਿਲ ਕੱਟ ਕੇ 63-64 ਦਿਨ ਬਾਅਦ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਦਿੱਤਾ। ਦੋਨਾਂ ਮਹਾਂਪੁਰਖਾਂ ਦੀ ਸ਼ਹਾਦਤ ਤੋਂ ਜੱਗ ਜ਼ਾਹਰ ਹੋ ਗਿਆ ਕਿ ਸਾਧ ਸਿੱਖਾਂ ਦੇ ਨੁਮਾਇੰਦੇ ਨਹੀਂ ਬਲਕਿ ਸਿੱਖੀ ਦਾ ਵੱਡਾ ਨੁਕਸਾਨ ਕਰਨ ਲਈ ਪੰਥ ਵਿਚ ਭੇਜੇ ਘੁਸਪੈਠੀਏ ਹਨ ਅਤੇ ਐਸੀਆਂ ਪਰੰਪਰਾਵਾਂ ਈਜ਼ਾਦ ਕਰਨ ਵਿਚ ਰੁੱਝੇ ਹੋਏ ਸਨ ਜੋ ਕਿ ਸਿੱਖੀ ਜੀਵਨ ਲਈ ਘਾਤਕ ਸਿੱਧ ਹੋ ਸਕਣ।



*ਦਰਸ਼ਨ ਸਿੰਘ ਫੇਰੂਮਾਨ*

ਆਖ਼ਰ ਮਰ ਕੇ ਸੜਨ ਦਾ ਵਕਤ ਆ ਗਿਆ ਅਤੇ ਦੋਨੋਂ ਸਾਧ 1972 ਦੇ ਅੰਤ ਵਿਚ ਇੱਕ ਮਹੀਨੇ ਦੇ ਵਕਫ਼ੇ ਨਾਲ ਚਲਾਣਾ ਕਰ ਗਏ। "ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ।" ਲੁੱਟ ਮਾਰ ਦੇ ਪੈਸੇ (ਜਿਨ੍ਹਾਂ ਵਿਚ ਮੇਰੇ ਦੋਸਤ ਪ੍ਰੀਤਮ ਸਿੰਘ ਦਾ ਦਸ ਹਜ਼ਾਰ ਵੀ ਸੀ ਜੋ ਚੰਨਣ ਸਿੰਘ ਸਾਧ ਨੇ ਸ੍ਰੀ ਅਕਾਲ ਤਖ਼ਤ ਉਤੇ ਬੈਠਿਆਂ ਮੇਰੇ ਸਾਹਮਣੇ ਗਿਣ ਕੇ ਬਸ ਰੂਟ



*ਮਾਸਟਰ ਤਾਰਾ ਸਿੰਘ*

ਪਰਮਟ ਦੇ ਬਦਲੇ ਫੜਿਆ ਸੀ) ਸਾਧਾਂ ਦੇ ਬਿਸਤਰਿਆਂ, ਸਰ੍ਹਾਣਿਆਂ ਹੇਠੋਂ ਕੱਢ ਕੇ ਸੇਵਾਦਾਰਾਂ ਨੇ ਲੁੱਟ ਲਏ। ਚੋਰਾਂ ਨੂੰ ਮੋਰ ਇਉਂ ਲੋਕਾਂ ਦੇ ਵੇਖਦਿਆਂ-ਵੇਖਦਿਆਂ ਹੀ ਪੈ ਗਏ। ਮਲੇਛਾਂ ਦੀ ਸਭਾ ਤਾਂ ਉਠ ਗਈ ਪਰ ਸਦਾ ਲਈ ਸਿੱਖ ਆਗੂ ਵਰਗ ਨੂੰ ਗ੍ਰਹਿਣ ਲਗਾ ਗਈ।

ਇਸ ਪ੍ਰਸੰਗ ਦੀ ਵਿਆਖਿਆ ਇਉਂ ਪ੍ਰਵਾਨ ਹੈ: ਪੁਰਾਣੇ ਸਮਿਆਂ ਵਿਚ ਅਰਬ ਦੇ ਮਾਰੂਥਲਾਂ ਵਿਚੋਂ ਉਠ ਕੇ ਟਿੱਡੀ ਦਲ ਆਉਂਦੇ ਸਨ। ਇਹ ਇਰਾਕ, ਇਰਾਨ, ਅਫ਼ਗਾਨਿਸਤਾਨ, ਪਾਕਿਸਤਾਨ ਦੇ ਰਸਤੇ ਘੱਟੋ-ਘੱਟ ਪੰਜਾਬ ਤੱਕ ਪਹੁੰਚਦੇ। ਜਿੰਨੀ ਹਰਿਆਈ ਇਨ੍ਹਾਂ ਨੂੰ ਨਜ਼ਰ ਆਉਂਦੀ ਇਹ ਚੱਟ ਕਰ ਜਾਂਦੇ। ਫ਼ਸਲਾਂ ਤਾਂ ਕੀ ਬਚਣੀਆਂ ਸਨ! ਦਰਖ਼ਤਾਂ ਦੇ ਪੱਤੇ, ਕਰੂੰਬਲਾਂ ਤੱਕ ਬਚ ਨਹੀਂ ਸਨ ਸਕਦੀਆਂ। ਜਿੱਥੇ ਇਹ ਰਾਤ ਕੱਟਦੇ ਓਥੇ ਕਾਲ ਪੈ ਜਾਂਦਾ। ਓਥੇ ਇਹ ਬੱਚੇ ਵੀ ਦੇ ਜਾਂਦੇ ਜਿਸ ਨੂੰ ਕਿਸਾਨ ਲੋਕ "ਬੱਚ" ਕਿਹਾ ਕਰਦੇ ਸਨ। ਇਸ ਖੰਡ ਵਿਚ ਤਾਂ ਆਹਣ (ਟਿੱਡੀ ਦਲ) ਦੀ ਹੀ ਗੱਲ ਕੀਤੀ ਗਈ ਹੈ, ਇਸ ਦੇ 'ਬੱਚ' ਦੀ ਕਥਾ ਅੱਗੇ ਆਵੇਗੀ।

ਮੌਜੂਦਾ ਸਿੱਖ ਸੰਘਰਸ਼ ਦੀਆਂ ਜੜ੍ਹਾਂ ਇਨ੍ਹਾਂ ਸਾਧਾਂ ਦੇ ਵਰਤਾਰੇ ਅਤੇ ਇਨ੍ਹਾਂ ਦੇ ਪਿੱਛੇ ਬੈਠ ਕੇ ਤਾਰਾਂ ਹਿਲਾਉਣ ਵਾਲਿਆਂ ਦੀ ਮਾਨਸਿਕਤਾ ਵਿਚ ਹੀ ਲੱਭਣਾ ਯੋਗ ਹੈ। ਸਿੱਖਾਂ ਨੂੰ ਯਕੀਨ ਹੋ ਗਿਆ ਕਿ ਉਹ ਚਾਹੇ ਦੇਸ਼ ਲਈ ਕਿੰਨੀਆਂ ਵੀ ਕੁਰਬਾਨੀਆਂ ਕਰਨ (ਜਿਨ੍ਹਾਂ ਵਿਚ ਪਾਕਿਸਤਾਨ ਨਾਲ ਲਹੂ ਡੋਲ ਕੇ ਜਿੱਤ ਹਾਸਲ ਕਰਨਾ ਵੀ ਸ਼ਾਮਲ ਸੀ) ਸਥਾਈ ਸੱਭਿਆਚਾਰਕ ਬਹੁਗਿਣਤੀ ਉਨ੍ਹਾਂ ਨੂੰ ਸਦਾ ਦੁਸ਼ਮਣ ਸਮਝਦੀ ਆਈ ਹੈ ਅਤੇ ਅੱਗੋਂ ਲਈ ਸਦਾ ਦੁਸ਼ਮਣ ਸਮਝਣ ਲਈ ਬਜ਼ਿੱਦ ਹੈ। ਉਹ ਨਿਗੂਣੀ ਤੋਂ ਨਿਗੂਣੀ ਸਿਆਸੀ ਸ਼ਕਤੀ ਵੀ ਸਿੱਖ ਅਖਵਾਉਣ ਵਾਲਿਆਂ ਨੂੰ ਸੌਂਪਣ ਨੂੰ ਗਊ ਖਾਣ ਬਰਾਬਰ ਸਮਝਦੀ ਹੈ; ਸੰਵਿਧਾਨ,

(ਬਾਕੀ ਸਫਾ 27 'ਤੇ)

# ਪਾਤਰਾਂ ਦੇ ਸਨਮੁਖ ਦਲਬੀਰ ਚੇਤਨ

***ਦਲਬੀਰ ਚੇਤਨ ਪੰਜਾਬੀ ਦਾ ਇਕ ਬਹੁਤ ਹੀ ਸੰਵੇਦਨਸ਼ੀਲ ਕਹਾਣੀਕਾਰ ਸੀ। ਉਸ ਦੀਆਂ ਕਹਾਣੀਆਂ ਦੇ ਪਾਤਰ ਜਿਊਂਦੇ ਜਾਗਦੇ ਮਨੁੱਖ ਦਿਸ ਆਉਂਦੇ ਸਨ। ਪੰਜਾਬ ਦੇ 1980ਵਿਆਂ ਤੇ 90ਵਿਆਂ ਦੇ ਸੰਤਾਪ ਬਾਰੇ ਉਸ ਦੀਆਂ ਕੁਝ ਕਹਾਣੀਆਂ ਉਨ੍ਹਾਂ ਲਹੂ ਭਿੱਜੇ ਦਿਨਾਂ ਦੀ ਬਾਤ ਪਾਉਂਦੀਆਂ ਹਨ। ਹਾਲ ਹੀ ਵਿਚ ਅਸੀਂ ਉਸ ਦੀਆਂ ਦੋ ਕਹਾਣੀਆਂ ਇਨ੍ਹਾਂ ਪੰਨਿਆਂ ਉਤੇ ਛਾਪੀਆਂ ਸਨ-ਦਰ ਦਰਵੇਸ਼ ਅਤੇ ਪਾਲਕ ਦਾ ਬੂਟਾ। ਇਨ੍ਹਾਂ ਕਹਾਣੀਆਂ ਬਾਰੇ ਕੁਝ ਪਾਠਕਾਂ ਦੀਆਂ ਬਹੁਤ ਹੀ ਭਾਵਪੂਰਤ ਚਿੱਠੀਆਂ ਵੀ ਆਈਆਂ। ਦਲਬੀਰ 2005 ਵਿਚ ਇਸ ਸੰਸਾਰ ਨੂੰ ਵਿਦਾਇਗੀ ਦੇ ਗਿਆ ਸੀ। ਉਸ ਦਾ ਛੋਟਾ ਭਰਾ ਪਰਸ਼ਿੰਦਰ ਅੱਜ ਕੱਲ੍ਹ ਡੈਲਸ, ਟੈਕਸਸ ਵਸਦਾ ਹੈ। ਇਸ ਲੇਖ ਵਿਚ ਉਸ ਨੇ ਦਲਬੀਰ ਚੇਤਨ ਦੇ ਪਾਤਰਾਂ ਨਾਲ ਪਾਠਕਾਂ ਦੀ ਸਾਂਝ ਪੁਆਈ ਹੈ। -ਸੰਪਾਦਕ***

ਜ਼ਿੰਦਗੀ ਯਾਰਾਂ-ਦੋਸਤਾਂ ਦੇ ਮੁਹੱਬਤੀ ਖਤਾਂ ਵਰਗੀ ਨਹੀਂ ਹੁੰਦੀ, ਨਾ ਹੀ ਤਿਤਲੀ ਦੇ ਪਰਾਂ ਵਰਗੀ ਹੁੰਦੀ ਹੈ ਤੇ ਨਾ ਹੀ ਅੱਖਾਂ 'ਚ ਬੁਣੇ ਖਾਬਾਂ ਵਰਗੀ। ਪਰ ਫੇਰ ਵੀ ਇਸ ਨੂੰ ਭੋਰਾ-ਭੋਰਾ ਕਰਕੇ ਮਾਨਣ ਨੂੰ ਜੀਅ ਕਰਦਾ ਹੈ, ਅਕਸਰ ਕੋਈ ਗੱਲ ਤਾਂ ਹੋਵੇਗੀ ਹੀ ਕਿ ਇਹ ਤਲਖ-ਤੁਰਸ਼ ਹੋਣ ਦੇ ਬਾਵਜੂਦ ਵੀ ਏਨੀ ਮਿੱਠੀ ਹੈ। ਇਹ ਸੱਚ ਹੈ ਕਿ ਮੁਕੰਮਲ ਜਹਾਨ ਕਿਸੇ ਨੂੰ ਨਸੀਬ ਨਹੀਂ ਹੁੰਦਾ। ਜੇ ਕਿਸੇ ਦਾ ਇਕ ਪੱਖ ਬਹੁਤ ਭਰਿਆ ਹੈ ਤਾਂ ਕੋਈ ਦੂਸਰਾ ਓਨਾ ਹੀ ਊਣਾ ਹੈ। ਕਿਸੇ ਕੋਲ ਖੁਸ਼ੀ ਨਹੀਂ, ਕਿਸੇ ਕੋਲ ਸਿਹਤ ਨਹੀਂ, ਕਿਸੇ ਕੋਲ ਜ਼ਰੂਰੀ ਲੋੜਾਂ ਜੋਗੇ ਵੀ ਸਾਧਨ ਨਹੀਂ ਪਰ ਫੇਰ ਵੀ ਜਿਊਂ ਸਾਰੇ ਹੀ ਰਹੇ ਹਨ, ਜਿਊਣ ਦੀ ਲਾਲਸਾ ਕਦੇ ਵੀ ਖਤਮ ਨਹੀਂ ਹੁੰਦੀ। ਮਨੁੱਖ ਦੀ ਸੁਰਤੀ 'ਚ ਆਸ ਦੀ ਸ਼ਕਤੀ ਬੜੀ ਗੂੜ੍ਹੀ ਤਰ੍ਹਾਂ ਉਕਰੀ ਪਈ ਹੈ, ਜੋ ਮਨੁੱਖ ਨੂੰ ਨਿਰਾਸ਼ ਕਰਕੇ ਵੀ ਸਮੁੱਚਾ ਨਿਰਾਸ਼ ਨਹੀਂ ਹੋਣ ਦਿੰਦੀ। ਉਹ ਹਾਰ ਕੇ ਵੀ ਜਿੱਤ ਦੀ ਤਮੰਨਾ ਰੱਖਦਾ ਹੈ, ਦੁਖੀ ਹੁੰਦਾ ਹੋਇਆ ਵੀ ਸੁੱਖ ਦੀ ਉਡੀਕ ਕਰਦਾ ਹੈ ਤੇ ਉੜਾਂ-ਥੁੜਾਂ ਨੂੰ ਦੂਰ ਕਰਨ ਲਈ ਸੰਘਰਸ਼ਸ਼ੀਲ ਰਹਿੰਦਾ ਹੈ। ਜ਼ਿੰਦਗੀ 'ਚ ਕਿਸੇ ਚੀਜ਼ ਦਾ ਵੀ ਲੱਭਣਾ ਬਹੁਤ ਔਖਾ ਹੈ। ਖਿੜੇ ਹੋਏ ਅਸਲੀ ਫੁੱਲਾਂ ਦੀ ਥਾਂ ਖੂਬਸੂਰਤ ਨਕਲੀ ਫੁੱਲ ਭੁਲੇਖਾ ਤਾਂ ਪਾ ਸਕਦੇ ਹਨ ਪਰ ਅਸਲੀ ਨੂੰ ਮਾਤ ਨਹੀਂ ਪਾ ਸਕਦੇ। ਮੁਹੱਬਤ ਦੇ ਕਿਸੇ ਵੀ ਇਕ ਰਿਸ਼ਤੇ ਦੀ ਘਾਟ ਦੂਸਰਾ ਰਿਸ਼ਤਾ ਪੂਰਾ ਨਹੀਂ ਕਰ ਸਕਦਾ ਪਰ ਮਨੁੱਖ ਨੇ ਜਿਊਂਦੇ ਰਹਿਣ ਲਈ ਹਰ ਸ਼ੈਅ ਦਾ ਬਦਲ ਲੱਭ ਲਿਆ ਹੈ। ਜ਼ਿੰਦਗੀ ਨੂੰ ਪਿਆਰ ਕਰਨ ਵਾਲਾ ਮਨੁੱਖ ਸੋਚਦਾ ਹੈ ਕਿ ਜ਼ਿੰਦਗੀ ਜੇ ਰਹਿਮੋ-ਕਰਮ 'ਤੇ ਜਿਊਣ ਦਾ ਨਾਂ ਹੀ ਹੈ ਤਾਂ ਫਿਰ ਬਦਲ ਵੀ ਕਿਉਂ ਨਹੀਂ, ਮੁਹੱਬਤ ਤੋਂ ਜੇ ਇਕ ਰਿਸ਼ਤਾ ਮੁਨਕਰ ਹੋ ਗਿਆ ਹੈ ਤਾਂ ਕਿਸੇ ਦੂਸਰੇ ਰਿਸ਼ਤੇ 'ਚੋਂ ਇਸ ਦੀ ਤਲਾਸ਼ ਕਿਉਂ ਨਹੀਂ ਕੀਤੀ ਜਾ ਸਕਦੀ?

ਕਈ ਵਾਰ ਆਪਣਿਆਂ ਹੱਥੋਂ ਮਾਤ ਖਾ ਕੇ ਅਸੀਂ ਸਮਝਣ ਤੇ ਸੋਚਣ ਲੱਗ ਜਾਂਦੇ ਹਾਂ ਕਿ ਹੁਣ ਸਾਡੇ ਕੋਲ ਸਾਡਾ ਕੋਈ ਵੀ ਨਹੀਂ। ਉਦੋਂ ਹੀ ਜੇ ਕੋਈ ਸਾਡਾ ਬਣ ਕੇ ਸਾਡੇ ਲਾਗੇ ਆ ਖਲੋਵੇ ਤਾਂ ਉਹ ਵੀ ਸਾਡਾ ਹੀ ਹੈ। ਸਾਡੇ ਦਾਅਵੇ ਅੰਬਰ ਦੀ ਹੱਦ ਵੀ ਹੋ ਸਕਦੇ ਹਨ ਪਰ ਡਿੱਗਣ ਲੱਗਿਆਂ ਜੇ ਧਰਤ ਹੀ ਪਨਾਹ ਬਣ ਜਾਵੇ ਤਾਂ ਇਹ ਵੀ ਗੈਰਵਾਜਬ ਨਹੀਂ। ਸੁਪਨੇ ਕਿਹੜੀਆਂ ਅੱਖਾਂ ਨੇ ਨਹੀਂ ਵੇਖੇ ਹੁੰਦੇ, ਸੁਪਨੇ ਵੇਖਣ ਵਾਲੀਆਂ ਅੱਖਾਂ ਕਿੰਨੀਆਂ ਖੂਬਸੂਰਤ ਹੁੰਦੀਆਂ ਹਨ।

ਜ਼ਿੰਦਗੀ ਤਾਂ ਕਈ ਵਾਰ ਝਾਕਾ ਜਿਹਾ ਦੇ ਕੇ ਹੀ ਮੁੜ ਜਾਂਦੀ ਹੈ ਪਰ ਫੇਰ ਵੀ ਸਾਡੀ ਤਲਾਸ਼ ਕਿਸੇ ਮੋੜ ਦੀ ਨਹੀਂ ਸਗੋਂ ਜ਼ਿੰਦਗੀ ਦੀ ਹੈ। ਜ਼ਿੰਦਗੀ ਕਈਆਂ ਨੂੰ ਮਤਰੇਈ ਮਾਂ ਵਾਂਗ ਮਿਲਦੀ ਹੈ ਤੇ ਕਈਆਂ ਨੂੰ ਮੌਤ ਵਰਗੀ ਕਠੋਰਤਾ ਵਾਂਗ ਪਰ ਫੇਰ ਵੀ ਇਹਦੀ ਇਕ ਛੋਹ ਲਈ ਅਸੀਂ ਸਹਿਕਦੇ ਜਿਹੇ ਰਹਿੰਦੇ ਹਾਂ।

ਸ਼ਾਇਦ ਇਸੇ ਕਰਕੇ ਜਾਣ ਤੋਂ ਪਹਿਲਾਂ ਆਪਣੀ ਸਰਘੀ ਬੇਟੀ ਦੀ ਛੋਟੀ ਬੇਟੀ ਨੂੰ ਵੇਖ ਕੇ ਦਲਬੀਰ ਚੇਤਨ ਲਾਗੇ ਬੈਠੇ ਆਪਣੇ ਪਿਆਰੇ ਦੋਸਤ ਭੀਮ ਨੂੰ ਕਹਿਣ ਲੱਗੇ, "ਯਾਰ, ਸਾਰੀ ਜ਼ਿੰਦਗੀ ਜੀਣ ਮਰਨ ਦਾ ਸੋਚਿਆ ਨਹੀਂ ਸੀ, ਪਰ ਆਹ ਅਗਲੀ ਪੀੜ੍ਹੀ ਨੂੰ ਵੇਖ ਕੇ ਅਜੇ ਹੋਰ ਜੀਣ ਨੂੰ ਜੀਅ ਕਰਦਾ। 'ਪਾਲਕ ਦਾ ਬੂਟਾ' ਕਹਾਣੀ ਵਿਚ ਮੈਂ ਖੜ੍ਹਾ ਵੀ ਹਾਂ ਅਤੇ ਇਸ ਦੇ ਪਾਤਰਾਂ ਨਾਲ ਤੁਰਦਾ ਵੀ ਹਾਂ। 87 ਤੋਂ ਲੈ ਕੇ 90 ਤੱਕ ਇਥੋਂ ਜਾ ਕੇ ਵਤਨ ਪੰਜਾਬ ਵਿਚ ਗੁਜ਼ਾਰੇ ਉਨ੍ਹਾਂ ਦਿਨਾਂ ਤੋਂ ਕਦੇ ਪਹਿਲਾਂ ਹੀ ਸੋਹਣੇ ਵਤਨ ਪੰਜਾਬ ਨੂੰ ਬੁਰੀ ਨਜ਼ਰ ਲੱਗ ਚੁੱਕੀ ਸੀ। ਉਸ ਨਜ਼ਰ ਨੂੰ ਉਤਾਰਨ ਲਈ ਕੌੜੀਆਂ ਮਿਰਚਾਂ ਵੀ ਜੁਆਬ ਦੇ ਚੁੱਕੀਆਂ ਸਨ। ਉਨ੍ਹਾਂ ਦੀ ਕੁੜੱਤਣ ਵੀ ਮਰ ਚੁੱਕੀ ਸੀ। ਸ਼ਾਮ ਨੂੰ ਇੰਨੀਆਂ ਗੋਲੀਆਂ ਦੀਆਂ ਆਵਾਜ਼ਾਂ ਸੁਣਦੀਆਂ ਸਨ ਕਿ ਕਈ ਦੀਵਾਲੀਆਂ ਦੇ ਪਟਾਕੇ ਵੀ ਉਨ੍ਹਾਂ ਅੱਗੇ ਫਿੱਕੇ ਲੱਗਣ ਲੱਗ ਜਾਂਦੇ ਸਨ। ਪੁਰਖਿਆਂ ਤੋਂ ਸੁਣਦੇ ਆ ਰਹੇ ਸਾਂ ਕਿ ਸਾਡੇ ਪਿੰਡ ਵਿਚ ਕੋਈ ਕਤਲ ਨਹੀਂ ਹੋਇਆ। 'ਕਰਮਾ' ਕਹਾਣੀ ਦਾ ਪਾਤਰ ਚੰਗੇ ਸਮਿਆਂ ਵਿਚ ਪੁਲਿਸ ਦਾ ਟਾਊਟ ਹੁੰਦਾ ਸੀ ਪਰ ਉਹਨੂੰ ਕੀ ਪਤਾ ਸੀ ਕਿ ਪੰਜਾਬ ਨੂੰ ਬੁਰੀ ਨਜ਼ਰ ਲੱਗੇਗੀ ਤੇ ਉਹ ਕਰਮੇ 'ਤੇ ਵੀ ਪਵੇਗੀ। ਪਿੰਡ ਵਿਚ ਉਹਨੂੰ ਰੇੜਾ ਕਹਿੰਦੇ ਸਨ ਕਿਉਂਕਿ ਉਹ ਪੱਬਾਂ ਭਾਰ ਤੁਰਦਾ ਤੇ ਰਿੜਦਾ ਹੀ ਜਾਂਦਾ, ਸੋ ਇਸੇ ਕਰਕੇ ਉਹਦਾ ਨਾਂ ਰੇੜਾ ਪੈ ਗਿਆ।

ਚਾਰ ਪੰਜ ਜਮਾਤਾਂ ਪਿੰਡ ਦੇ ਸਕੂਲ ਵਿਚ ਹੀ ਉਹਨੇ ਪੜ੍ਹੀਆਂ ਸਨ ਤੇ ਭਾਜੀ ਦਾ ਜਮਾਤੀ ਹੁੰਦਾ ਸੀ। ਜਦੋਂ ਕਿਤੇ ਸ਼ਾਮ ਤੱਕ ਕੋਈ ਗੱਲ ਨਾ ਬਣਨੀ ਤੇ ਮਹੀਨੇ ਵਿਚ ਇਕ ਦੋ ਵਾਰੀ ਘਰ ਦਾ ਚੱਕਰ ਮਾਰਨਾ, ਬਾਹਰੋਂ ਹੀ ਆਵਾਜ਼ ਮਾਰਨੀ, 'ਦਲਬੀਰ ਘਰ ਏ", ਭਾਜੀ ਨੇ ਕਹਿਣਾ, 'ਆ ਜਾ ਲੰਘ ਆ ਕਰਮਿਆ।' ਜਦੋਂ ਵਿਹੜੇ ਵਿਚੋਂ ਲੰਘਣਾ ਤਾਂ ਉਹਨੇ ਆਪੇ ਹੀ ਬੋਲੀ ਜਾਣਾ, 'ਉਂਜ ਤਾਂ ਮੈਨੂੰ ਪਤਾ ਏ ਕਿ ਤੂੰ ਘਰੇਂ ਏ, ਮੈ ਤੈਨੂੰ ਮੋਟਰਸਾਈਕਲ 'ਤੇ ਘਰ ਨੂੰ ਆਉਂਦਿਆਂ ਵੇਖ ਲਿਆ ਸੀ।' ਭਾਜੀ ਨੇ ਉਹਨੂੰ ਆਪਣੀ ਲਾਗਲੀ ਕੁਰਸੀ 'ਤੇ ਬਿਠਾ ਲੈਣਾ, 'ਸੁਣਾ ਕਰਮਿਆ, ਕੀ ਹਾਲ-ਚਾਲ ਈ।'

'ਓ ਲੰਬੜਦਾਰਾ, ਤੈਨੂੰ ਕੀ ਦੱਸਾਂ, ਵੇਖ ਤੂੰ ਮੇਰਾ ਜਮਾਤੀ ਸੀ, ਤੂੰ ਪੜ੍ਹ ਲਿਖ ਕੇ ਕਿਥੇ ਪਹੁੰਚ ਗਿਆ, ਅਸੀਂ ਰਹਿ ਗਏ ਖੈਰ ਮੰਗਣ ਜੋਗੇ।'

ਭਾਜੀ ਨੇ ਜਦੋਂ ਉਹਨੂੰ ਨੋਟ ਫੜਾਉਣਾ ਤਾਂ ਉਹਦੀਆਂ ਵਰਾਛਾਂ ਖਿੜ੍ਹ ਜਾਣੀਆਂ। ਜਾਣ ਲੱਗੇ ਨੂੰ ਕਹਿਣਾ, 'ਕਰਮਿਆ, ਪਿੰਡ ਵਿਚ ਮੇਹਰ ਰੱਖੀਂ।'

'ਓ ਲੰਬੜਦਾਰਾ, ਆਪਣੇ ਪਿੰਡ ਵਲ ਬੁਰੀ ਨਜ਼ਰ ਨਾਲ ਕੋਈ ਵੇਖ ਨਹੀਂ ਸਕਦਾ।' ਅਤੇ ਜਿਸ ਦਿਨ ਬੁਰੀ ਨਜ਼ਰ ਪਿੰਡ 'ਤੇ ਪਈ ਤਾਂ ਪਹਿਲਾਂ ਉਸ 'ਤੇ ਡਿੱਗੀ। ਉਹਦੇ ਜਾਣ ਤੋਂ ਬਾਅਦ ਬੀਜੀ ਨੇ ਕਹਿਣਾ, 'ਵੇ ਦਲਬੀਰ, ਇਹੋ-ਜਿਹੇ ਬੰਦਿਆਂ ਨੂੰ ਮੂੰਹ ਨਾ ਲਾਇਆ ਕਰ' ਤੇ ਭਾਜੀ ਨੇ ਕਹਿਣਾ, 'ਕੁਝ ਨਹੀਂ ਅੰਮਾ, ਉਹਨੇ ਦੋ ਘੁੱਟ ਪੀਣੀ ਹੁੰਦੀ ਏ, ਮੈਂ ਨਾ ਦੇਵਾਂਗਾ ਤਾਂ ਕੋਈ ਹੋਰ ਦੇ ਦਊਗਾ। ਉਹਦੇ ਕਿਹੜੇ ਹਲ ਚਲਦੇ ਨੇ। ਨਾਲੇ ਵੱਡਿਆਂ ਦੀਆਂ ਅਸੀਸਾਂ ਦੇ ਜਾਂਦਾ।'

ਗਰਮੀਆਂ ਦੀ ਰਾਤ ਸੀ, ਪੱਖੇ ਤੇ ਕੂਲਰਾਂ ਦੀਆਂ ਆਵਾਜ਼ਾਂ ਨੂੰ ਚੀਰਦੀ ਜਦੋਂ ਏ. ਕੇ. 47 ਚੱਲੀ ਤਾਂ ਸਾਰੇ ਪਿੰਡ ਦੀ ਨੀਂਦ ਹਰਾਮ ਹੋ ਗਈ। ਵੈਸੇ ਤਾਂ ਗੋਲੀਆਂ ਦੀਆਂ ਆਵਾਜ਼ਾਂ ਰੋਜ਼ ਸੁਣਨ ਦੇ ਆਦੀ ਹੋ ਗਏ ਸਾਂ, ਪਰ ਉਦੋਂ ਇਓਂ ਲੱਗਾ ਜਿਵੇਂ ਘਰ ਦੇ ਬਾਹਰ ਬਾਜ਼ਾਰ ਵਿਚ ਗੋਲੀ ਚੱਲੀ ਹੋਵੇ। ਘਰ ਤੋਂ ਕੋਈ ਜ਼ਿਆਦਾ ਦੂਰ ਵੀ ਨਹੀਂ ਸੀ।

ਅਸੀਂ ਸਾਰਾ ਪਰਿਵਾਰ ਉਠ ਕੇ ਬੈਠ ਗਏ। ਸਾਡੀ ਤਿੰਨਾਂ ਭਰਾਵਾਂ ਦੀ ਸੋਚ ਇਹੀ ਸੀ ਕਿ ਗੋਲੀ ਮਜ਼੍ਹਬੀਆਂ ਦੇ ਮੁਹੱਲੇ ਚੱਲੀ ਏ ਅਤੇ ਚੱਲੀ ਵੀ ਕਰਮੇ 'ਤੇ ਹੈ। ਭਾਜੀ ਦੋ-ਚਾਰ ਗੱਲਾਂ ਕਰਕੇ ਫੇਰ ਸੌਂ ਗਏ। ਮੈਂ ਤੇ ਮੇਰਾ ਦੂਸਰਾ ਭਰਾ ਹੌਲੀ-ਹੌਲੀ ਕੋਠੇ ਦੀਆਂ ਪੌੜੀਆਂ ਚੜ੍ਹ ਗਏ। ਏਨੇ ਨੂੰ ਪਿਛਲੇ ਪਾਸਿਓਂ ਮੇਰੇ ਚਾਚਾ ਜੀ ਤੇ ਉਸਦਾ ਮੁੰਡਾ ਵੀ ਕੋਠੇ 'ਤੇ ਆ ਗਏ। ਚੰਨ ਦੀ ਚਾਨਣੀ ਰਾਤ ਸੀ। ਇਕ-ਦੂਜੇ ਦੇ ਮੂੰਹ ਨਾਲ ਮੂੰਹ ਜੋੜ ਕੇ ਗੱਲਾਂ ਕਰ ਰਹੇ ਸਨ। ਸਾਰਿਆਂ ਦੀ ਇਹੀ ਰਾਏ ਸੀ ਕਿ ਗੋਲੀ ਮਜ਼੍ਹਬੀਆਂ ਦੇ ਮੁਹੱਲੇ ਚੱਲੀ ਏ ਤੇ ਅੱਜ ਕਰਮੇ ਰੇੜੇ ਦੀ ਵਾਰੀ ਆ ਗਈ ਹੈ। ਜਾਗੋ-ਮੀਟੀ ਰਾਤ ਲੰਘੀ, ਮੂੰਹ ਹਨ੍ਹੇਰਾ ਜਿਹਾ ਹੋਇਆ ਤਾਂ ਮੈਂ ਮਜ਼੍ਹਬੀਆਂ ਦੇ ਮੁਹੱਲੇ ਵਲ ਨੂੰ ਹੋ ਤੁਰਿਆ। ਉਤਨੀ ਦੇਰ ਨੂੰ ਖਾਕੀ ਵਰਦੀਆਂ ਵਾਲੇ ਵੀ ਆ ਚੁੱਕੇ ਸਨ। ਪਤਾ ਕਰਕੇ ਜਦ ਘਰ ਵਾਪਸ ਆਇਆ ਤਾਂ ਭਾਜੀ ਹੋਰਾਂ ਨੂੰ ਦੱਸਿਆ ਕਿ ਗੱਲ ਬਿਲਕੁਲ ਸਹੀ ਏ। ਗੋਲੀ ਕਰਮੇ 'ਤੇ ਹੀ ਚੱਲੀ ਏ, ਪਰ ਕਰਮਾ ਬਚ ਗਿਆ ਤੇ ਸ਼ੈਰੀ ਮਾਰਿਆ ਗਿਆ। ਭਾਜੀ ਕਹਿਣ ਲੱਗੇ, "ਸ਼ੈਤਾਨ ਬੰਦੇ ਮੌਤ ਨਾਲ ਵੀ ਹੇਰਾ-ਫੇਰੀ ਕਰ ਜਾਂਦੇ ਹਨ ਤੇ ਕਰਮਾ ਅੱਜ ਤੱਕ ਵੀ ਪਿੰਡ ਵਿਚ ਰਿੜ ਰਿਹਾ ਏ।"

ਸ਼ੈਰੀ ਜੋ ਪਿੰਡ ਦਾ ਹੀ ਆਦਮੀ ਸੀ ਅਤੇ ਨਿੱਕੀ ਮੋਟੀ ਸ਼ਾਇਰੀ ਕਰਦਾ ਹੁੰਦਾ ਸੀ, ਮੈਂ ਖੁਦ ਉਹਦੇ ਨਾਲ ਖੇਤਾਂ ਦੀ ਗੋਡੀ ਕੀਤੀ ਏ। ਉਹ ਜਿੰਨਾ ਚਿਰ ਵੀ ਕੰਮ ਕਰਦਾ, ਬੜੀ ਪ੍ਰੀਤ ਨਾਲ ਕਰਦਾ, ਜ਼ਿਆਦਾ ਜ਼ਿਮੀਂਦਾਰ ਉਸਨੂੰ ਇਸ ਕਰਕੇ ਖੜਦੇ ਸਨ ਕਿ ਉਹ ਕੰਮ ਦੇ ਨਾਲ-ਨਾਲ ਆਪਣੀਆਂ ਹੀ ਜੋੜੀਆਂ ਹੋਈਆਂ ਕਵਿਤਾਵਾਂ ਸੁਣਾਉਂਦਾ ਰਹਿੰਦਾ ਤੇ ਦੂਸਰਿਆਂ ਨੂੰ ਥੱਕਣ ਨਾ ਦੇਂਦਾ। ਮੈਂ ਅੱਜ ਵੀ ਉਹਦੀਆਂ ਕਵਿਤਾਵਾਂ ਨੂੰ ਯਾਦ ਕਰਦਾ ਹਾਂ।

ਮੱਖਣ ਪਹਿਲਾਂ ਪਿੰਡ ਵਿਚ ਚਮੜੇ ਦਾ ਕੰਮ ਕਰਦਾ ਸੀ ਤੇ ਉਹਨੂੰ ਸਾਰੇ ਮੱਖਣ ਚਾਮੜੀ ਕਹਿੰਦੇ ਸਨ, ਉਹਨੇ ਇਹ ਕੰਮ ਛੱਡ ਕੇ ਝਟਕਈ ਦੀ ਦੁਕਾਨ ਖੋਲ ਲਈ ਤੇ ਉਹ ਆਪ ਹੀ ਝਟਕ ਹੋ ਗਿਆ।

ਜਦ ਮੇਰੀ ਉਮਰ ਬਚਪਨ ਤੋਂ ਨਿਕਲ ਕੇ ਜਵਾਨੀ ਦੀ ਦਹਿਲੀਜ਼ ਵਲ ਜਾ ਰਹੀ ਸੀ ਅਤੇ ਥੋੜ੍ਹਾ ਜਿਹਾ ਹਾਸਿਆਂ ਅਤੇ ਸੁਹੱਪਣ ਦਾ ਪਤਾ ਲੱਗਣਾ ਸ਼ੁਰੂ ਹੋਇਆ। ਉਹ ਹਾਸਿਆਂ ਅਤੇ ਸੁਹੱਪਣ ਦੀ ਰਾਣੀ ਸਾਡੇ ਇਲਾਕੇ ਵਿਚ ਦਵਿੰਦਰ ਸੀ ਤੇ ਵਧੀਆ ਗੱਲ ਇਹ ਹੋਈ ਕਿ ਇਲਾਕੇ ਦੇ ਹਾਸਿਆਂ ਦੇ ਵਣਜਾਰੇ, ਸੋਹਣੇ-ਸੁਨੱਖੇ ਜਗਤਾਰ ਨਾਲ ਉਸਦੀ ਸ਼ਾਦੀ ਹੋਈ। ਅੱਜ ਤੱਕ ਇੰਨਾ ਖੂਬਸੂਰਤ ਤੇ ਖੁਸ਼ ਜੋੜਾ ਜ਼ਿੰਦਗੀ ਵਿਚ ਮੈਂ ਨਹੀਂ ਦੇਖਿਆ। ਜਦ ਉਨ੍ਹਾਂ ਨੇ ਮੋਟਰਸਾਈਕਲ 'ਤੇ ਸਕੂਲ ਜਾਣਾ ਤਾਂ ਵੀ ਹੱਸਦਿਆਂ ਹੀ ਰਹਿਣਾ ਤੇ ਰਾਹੀਆਂ ਨੇ ਦੇਖਦੇ ਹੀ ਰਹਿ ਜਾਣਾ। ਜਦ ਕਦੇ ਉਨ੍ਹਾਂ ਨੇ ਸਾਡੇ ਘਰ ਆਉਣਾ ਤਾਂ ਗੱਲਾਂ-ਬਾਤਾਂ ਕਰਨੀਆਂ। ਜਦ ਹਾਸੇ ਦੀ ਛਣਕਾਰ ਪੈਣੀ ਤਾਂ ਬਾਹਰੋਂ ਬਾਜ਼ਾਰ ਵਿਚ ਹੀ ਪਤਾ ਲੱਗ ਜਾਣਾ ਕਿ ਇਹ ਜੋੜੀ ਘਰ ਵਿਚ ਆਈ ਹੋਈ ਹੈ।

ਮੇਰੇ ਬੀਜੀ ਨੇ ਕਹਿਣਾ, "ਜਦ ਵੀ ਤੁਸੀਂ ਘਰ ਆਉਂਦੇ ਜੇ ਤਾਂ ਕੁਝ ਚਿਰ ਵਾਸਤੇ ਤਾਂ ਮਾਹੌਲ ਬਦਲ ਜਾਂਦਾ ਏ। ਤੁਹਾਡੀਆਂ ਵਧੀਆ ਸੋਚ ਵਾਲੀਆਂ ਗੱਲਾਂ ਦੇ ਨਾਲ-ਨਾਲ ਹਾਸਾ ਕਈ ਦਿਨਾਂ ਤਕ ਕੰਨਾਂ ਵਿਚ ਗੂੰਜਦਾ ਰਹਿੰਦਾ ਏ।"

ਪਰ ਇਹ ਹਾਸੇ ਤੇ ਖੁਸ਼ੀਆਂ ਉਨ੍ਹਾਂ ਕੋਲ ਜ਼ਿਆਦਾ ਦੇਰ ਨਾ ਰਹੇ। ਮੈਂ ਪੜ੍ਹਿਆ ਤੇ ਸੁਣਿਆ ਏ ਕਿ ਕਈਆਂ ਦੇ ਹਾਸੇ ਤੇ ਖੁਸ਼ੀਆਂ ਘੱਟੇ-ਮਿੱਟੀ ਵਿਚ ਰੁਲ ਗਏ ਪਰ ਦਵਿੰਦਰ ਦੇ ਹਾਸੇ ਤੇ ਖੁਸ਼ੀਆਂ ਘੱਟੇ ਵਿਚ ਨਹੀਂ, ਖੂਨ ਦੇ ਵਿਚ ਲੱਥ-ਪੱਥ ਹੋਏ, ਮੈਂ ਖੁਦ ਦੇਖੇ ਨੇ।

ਜਦ ਵੀ ਕਦੇ ਭਿਆਨਕ ਹਾਦਸਿਆਂ 'ਚੋਂ ਗੁਜ਼ਰਦਾ ਹਾਂ ਤਾਂ ਇੰਜ ਲਗਦਾ ਹੈ ਜਿਵੇਂ ਜ਼ਿੰਦਗੀ 'ਚੋਂ ਬੜਾ ਕੁਝ ਮਨਫੀ ਹੋ ਗਿਆ ਹੋਵੇ। ਉਦੋਂ ਤਾਂ ਇੰਜ ਵੀ ਲਗਦਾ ਹੈ ਜਿਵੇਂ ਰੀੜ੍ਹ ਦੀ ਹੱਡੀ ਨੇ ਮੁੜ ਕਦੇ ਵੀ ਸਿੱਧੀ ਨਾ ਹੋਣਾ ਹੋਵੇ ਪਰ ਇੰਜ ਹੁੰਦਾ ਨਹੀਂ। ਮਨੁੱਖ ਹਰ ਅਣਹੋਣੀ ਤੋਂ ਬਾਅਦ ਫੇਰ ਹੋਣੀਆਂ ਸਿਰਜਦਾ ਰਿਹਾ ਹੈ। ਕੋਈ ਵੀ ਲਸ਼ਕਰ ਹੁਣ ਤੱਕ ਮਨੁੱਖ ਨੂੰ ਹਰਾ ਨਹੀਂ ਸਕਿਆ। ਹੈਮਿੰਗਵੇ ਤਾਂ ਕਹਿੰਦਾ ਹੈ ਕਿ ਮਨੁੱਖ ਹਾਰ ਲਈ ਬਣਿਆ ਹੀ ਨਹੀਂ। ਮਨੁੱਖ ਤਬਾਹ ਤਾਂ ਕੀਤਾ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ।

ਹਾਦਸਿਆਂ ਨਾਲ ਖਹਿੰਦਿਆਂ ਵਕਤੀ ਤੌਰ 'ਤੇ ਉਦਾਸ ਹੋ ਜਾਣਾ ਹਾਰ ਨਹੀਂ, ਬਹੁਤੀ ਵਾਰ ਇਹੋ ਉਦਾਸੀ ਸਾਨੂੰ ਜੁਰਅੱਤ ਬਖਸ਼ਦੀ ਤੇ ਇਹੀ ਜੁਰਅਤ ਸਾਡੀ ਜਿੱਤ ਦੀ ਜਾਮਨੀ ਵੀ ਬਣਦੀ ਹੈ। ਹੁਣ ਤਕ ਦੀ ਜੀਵੀ ਆਪੋ-ਆਪਣੀ ਜ਼ਿੰਦਗੀ 'ਚੋਂ ਜੇ ਆਪਾਂ ਮੁਸ਼ਕਿਲਾਂ ਤੇ ਹਾਦਸੇ ਮਨਫੀ ਕਰ ਦੇਈਏ ਤਾਂ ਸ਼ਾਇਦ ਆਪਣੇ ਪੱਲੇ ਬਚੇ ਹੀ ਕੁਝ ਨਾ।

ਸ਼ਾਇਦ ਇਸੇ ਹੀ ਸੋਚ ਨਾਲ ਦਵਿੰਦਰ ਨੇ ਜੁਰਅਤ ਕਰਕੇ ਆਪਣੀ ਨਵੀਂ ਜ਼ਿੰਦਗੀ ਜਿਊਣੀ ਸ਼ੁਰੂ ਕੀਤੀ ਏ, ਮੈਨੂੰ ਘਰੋਂ ਪਤਾ ਲੱਗਾ ਏ ਕਿ ਜਗਤਾਰ ਦਾ ਕੋਈ ਲਾਗੇ ਬੰਨ੍ਹਿਓਂ ਦੋਸਤ, ਜੋ ਅਮਰੀਕਾ ਰਹਿੰਦਾ ਏ, ਉਹਨੇ ਦਵਿੰਦਰ ਨਾਲ ਸ਼ਾਦੀ ਕੀਤੀ ਏ ਤੇ ਉਹ ਆਪਣੀ ਨਵੀਂ ਜ਼ਿੰਦਗੀ, ਇਥੇ ਅਮਰੀਕਾ ਵਿਚ ਜੀਅ ਰਹੀ ਏ। ਇਹ ਜੁਰਅਤ ਮੈਨੂੰ ਬਹੁਤ ਵਧੀਆ ਲੱਗੀ, ਉਹ ਉਸ ਜ਼ਿੰਦਗੀ ਵਿਚ ਕਿਵੇਂ ਜੀਅ ਸਕਦੀ ਸੀ। ਨਵਾਂ ਰਾਹ ਉਸਨੂੰ ਸਲਾਮਤ ਹੋਵੇ।

ਇਨ੍ਹਾਂ ਘਟਨਾਵਾਂ ਤੋਂ ਬਾਅਦ ਅਸੀਂ ਵੀ ਸਾਰਾ ਪਰਿਵਾਰ ਅੰਮ੍ਰਿਤਸਰ ਸ਼ਹਿਰ ਜਾ ਵਸੇ। ਬਹੁਤ ਦੇਰ ਬਾਅਦ ਭਾਜੀ ਨੇ 'ਨਾਗਮਣੀ' ਨੂੰ ਕਹਾਣੀ ਭੇਜੀ ਤੇ ਲਿਖਿਆ ਕਿ ਆਪਣੇ ਪਤੇ ਬਦਲਦੇ ਤੇ ਨਹੀਂ ਹਨ? ਪਤਾ ਬਦਲਣ ਦਾ ਬਹੁਤ ਦੁੱਖ ਵੀ ਹੋਇਆ ਪਰ ਹਾਲਾਤ ਕੁਝ ਇਸ ਤਰ੍ਹਾਂ ਦੇ ਸਨ। ਨਵਾਂ ਸਿਰਨਾਵਾਂ ਭੇਜ ਰਿਹਾ ਹਾਂ। ਦਿੱਲੀ ਦੀ ਇਕ ਮਸ਼ਹੂਰ ਲੇਖਿਕਾ ਨੇ ਖਤ ਲਿਖਿਆ, "ਪਿਆਰੇ ਦਲਬੀਰ, ਮੈਨੂੰ ਤੇਰੀ ਤੇ ਤੇਰੇ ਪਰਿਵਾਰ ਦੀ ਦੁੱਖ ਭਰੀ ਕਹਾਣੀ ਦਾ ਪਤਾ ਲੱਗ ਗਿਆ ਸੀ, ਨਵਾਂ ਘਰ ਮੁਬਾਰਕ ਹੋਵੇ ਤੇ ਇਹ ਵੀ ਕਹਿੰਦੀ ਹਾਂ ਕਿ ਜੇ ਤੂੰ ਸ਼ਹਿਰ ਜਾ ਵਸਿਆ ਏਂ, ਆਪਣੇ ਪਿੰਡ ਨੂੰ ਨਾ ਭੁੱਲੀਂ। ਤੇਰੀਆਂ ਕਹਾਣੀਆਂ ਦਾ ਰੱਬ ਤੇਰੇ ਪਿੰਡ ਵਿਚ ਵਸਦਾ ਏ।"

ਭਾਜੀ ਨੇ ਜੁਆਬ ਦਿੱਤਾ, "ਮੇਰੇ ਪਿੰਡ ਵਿਚ ਮੇਰੀਆਂ ਕਹਾਣੀਆਂ, ਮੇਰੇ ਪਾਤਰਾਂ ਤੇ ਮੇਰੇ ਪਾਠਕਾਂ ਦਾ ਰੱਬ ਤੇ ਮੇਰਾ ਰੱਬ ਵੀ ਉਥੇ ਹੀ ਵਸਦਾ ਏ। ਵੈਸੇ ਵੀ ਕਦੇ ਸ਼ਹਿਰ ਵਿਚ ਕੋਈ ਪਾਤਰ ਮਿਲ ਵੀ ਜਾਵੇ ਤਾਂ ਕੋਸ਼ਿਸ਼ ਕਰਨ 'ਤੇ ਉਹ ਮੇਰੇ ਤੋਂ ਫਿਰ ਭੀੜ-ਭੜੱਕੇ ਵਿਚ ਗੁਆਚ ਜਾਂਦਾ ਹੈ, ਮੇਰਾ ਪਿੰਡ ਆਪਣਾ ਏ, ਉਥੋਂ ਦੇ ਰਾਹ ਤੇ ਖੇਤ ਮੇਰੇ ਵਾਕਫ ਹਨ। ਮੇਰੇ ਪਾਤਰ ਉਥੇ ਗੁੰਮ ਨਹੀਂ ਹੋ ਸਕਦੇ, ਕਈ ਵਾਰੀ ਉਹ ਖੁਦ ਚੱਲ ਕੇ ਘਰ ਆ ਜਾਂਦੇ ਨੇ ਤੇ ਕਈ ਵਾਰ ਇੰਜ ਵੀ ਹੋਇਆ ਕਿ ਮੈਂ ਖੁਦ ਉਨ੍ਹਾਂ ਦੀਆਂ ਮਹਿਫਲਾਂ ਵਿਚ ਚਲਾ ਜਾਂਦਾ ਹਾਂ। ਮੈਂ ਪਿੰਡ ਨੂੰ ਹੁਣ ਵੀ ਓਨਾ ਹੀ ਪਿਆਰ ਕਰਾਂਗਾ, ਜਿੰਨਾ ਉਥੇ ਰਹਿ ਕੇ ਕਰਦਾ ਸਾਂ।"

ਮੈਂ ਇਥੋਂ ਜਾ ਕੇ ਪਿੰਡ ਜ਼ਰੂਰ ਜਾਣਾ ਹੁੰਦਾ ਏ। ਹਰ ਵਾਰੀ ਭਾਜੀ ਦਾ ਸਾਥ ਮੇਰੇ ਨਾਲ ਹੁੰਦਾ ਸੀ। ਇਕ ਵਾਰੀ ਮੇਰੇ ਸ਼ਰੀਕੇ ਵਿਚ ਲੱਗਦੇ ਤਾਈ ਜੀ ਕਹਿਣ ਲੱਗੇ, "ਵੇ ਦਲਬੀਰ, ਉਸ ਬਾਵੇ ਨੂੰ ਫੇਰ ਕਦੇ ਪਿੰਡ ਵਿਚ ਲੈ ਕੇ ਆ। ਬੜਾ ਹੀ ਚਿਰ ਹੋ ਗਿਆ, ਉਸਨੂੰ ਦੇਖਿਆਂ। ਮੈਂ ਹੈਰਾਨ ਹੋ ਕੇ ਭਾਜੀ ਨੂੰ ਪੁੱਛਿਆ ਕਿ ਕਿਹੜਾ ਬਾਵਾ, ਇਨ੍ਹਾਂ ਨੇ ਪਿੰਡ ਵਿਚ ਲੈ ਆਂਦਾ...।" ਉਹ ਕਹਿਣ ਲੱਗੇ, "ਤਾਈ, ਭਾਅ ਗੁਰਸ਼ਰਨ ਦੀ ਗੱਲ ਕਰਦੀ ਏ।"

ਚੰਗੇ ਸਮਿਆਂ ਵਿਚ ਉਹ ਸਾਲ ਵਿਚ ਇਕ ਦੋ ਡਰਾਮੇ ਪਿੰਡ ਵਿਚ ਕਰ ਜਾਂਦੇ ਸਨ। ਪਿੰਡ ਵਾਲੇ ਅੱਜ ਵੀ ਉਸਨੂੰ ਯਾਦ ਕਰਦੇ ਹਨ ਤੇ ਇਹ ਵੀ ਸੱਚ ਏ ਕਿ ਆਪਣੀ ਜ਼ਿੰਦਗੀ ਦੇ ਆਖਰੀ ਸਾਹਵਾਂ ਤੱਕ ਦਲਬੀਰ ਚੇਤਨ ਨੇ ਪਿੰਡ ਨੂੰ ਬਹੁਤ ਪਿਆਰ ਕੀਤਾ। ਪਿੰਡ ਵਾਲਿਆਂ ਨੇ ਵੀ ਖੂਬ ਮੁਹੱਬਤ ਕੀਤੀ। ਉਸਦੇ ਤੁਰ ਜਾਣ ਤੋਂ ਬਾਅਦ ਪਿੰਡ ਦੇ ਸਕੂਲ ਵਿਚ ਦਲਬੀਰ ਚੇਤਨ ਯਾਦਗਾਰੀ ਲਾਇਬਰੇਰੀ ਖੋਲ੍ਹੀ ਹੈ ਜੋ ਉਹਦਾ ਸੁਪਨਾ ਸੀ।

ਉਹ ਆਪਣੀ ਲਿਖਤ ਅੰਦਰ ਘਟਨਾਵਾਂ ਨੂੰ ਅਜਿਹੀ ਤਬਦੀਲੀ ਨਾਲ ਵਿਉਂਤਦੇ ਸਨ ਅਤੇ ਆਪਣੇ ਪਾਤਰਾਂ ਨੂੰ ਦੁੱਖ ਵਿਚ ਘਿਰਿਆ ਵੇਖ ਉਨ੍ਹਾਂ ਲਈ ਭੁੱਬਾਂ ਮਾਰ ਉਠਦੇ ਸਨ ਪਰ ਆਪਣੀ ਜ਼ਿੰਦਗੀ ਦੀ ਕਹਾਣੀ ਵਿਚ ਅਜਿਹੀ ਬੇਤਰਤੀਬੀ ਭਰ ਗਏ ਸਨ ਕਿ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਘਰ ਵਿਚ ਆਈ ਖੁਸ਼ੀ ਅੱਖਾਂ ਵਿਚ ਨਮੀ ਲੈ ਆਉਂਦੀ ਹੈ। ਤੁਹਾਨੂੰ ਤੇ ਤੁਹਾਡੀ ਕਲਮ ਨੂੰ ਪਰਿਵਾਰ ਸਦਾ ਹੀ ਯਾਦ ਕਰਦਾ ਹੈ।

ਛੋਟਾ ਭਰਾ
**ਪਰਸ਼ਿੰਦਰ ਸਿੰਘ**
**ਫੋਨ:469-335-2263**

# ਮਹਾਨ ਵਿਦਵਾਨ ਅਤੇ ਮਹਾਂਕਵੀ ਭਾਈ ਸੰਤੋਖ ਸਿੰਘ

**-ਬੇਅੰਤ ਸਿੰਘ ਸਰਹੱਦੀ**

ਭਾਈ ਸਾਹਿਬ ਭਾਈ ਸੰਤੋਖ ਸਿੰਘ, ਜਿਨ੍ਹਾਂ ਨੂੰ ਮਹਾਂਕਵੀ, ਚੂੜਾਮਣੀ ਕਵੀ ਕਰਕੇ ਪੁਕਾਰਿਆ ਜਾਂਦਾ ਹੈ, ਨੇ ਸਿੱਖ ਇਤਿਹਾਸ ਨੂੰ ਵਿਸਥਾਰ ਸਹਿਤ ਸੂਰਜ ਪ੍ਰਕਾਸ਼ ਵਿਚ ਸੰਭਾਲਿਆ ਹੈ। ਉਸ ਦੀ ਬਰਾਬਰੀ ਹੋਰ ਕੋਈ ਇਤਿਹਾਸਕ ਪੁਸਤਕ ਨਹੀਂ ਕਰ ਸਕਦੀ। ਇਸ ਪੁਸਤਕ ਦਾ ਪੂਰਾ ਨਾਂ 'ਸ੍ਰੀ ਗੁਰਪ੍ਰਤਾਪ ਸੂਰਜ' ਹੈ, ਜਿਸ ਨੂੰ ਚਲੰਤ ਨਾਂ 'ਸੂਰਜ ਪ੍ਰਕਾਸ਼' ਦਿੱਤਾ ਗਿਆ ਹੈ। ਅੱਜ ਤੋਂ 223 ਸਾਲ ਪਹਿਲਾਂ ਭਾਈ ਸੰਤੋਖ ਸਿੰਘ ਦਾ ਜਨਮ ਸੰਨ 1757 ਈਸਵੀ (7 ਅੱਸੂ 1844 ਬਿਕਰਮੀ) ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਛੋਟੇ ਪਿੰਡ ਨੂਰ ਦੀ ਸਰਾਂ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਭਾਈ ਦੇਵਾ ਸਿੰਘ ਅਤੇ ਮਾਤਾ ਰਜਾਈ ਜੀ ਜਾਂ ਰੱਜੀ ਸਨ। ਉਨ੍ਹਾਂ ਅੰਮ੍ਰਿਤਸਰ ਵਿਖੇ ਭਾਈ ਸੰਤ ਸਿੰਘ ਪਾਸੋਂ ਵਿਦਿਆ ਪ੍ਰਾਪਤ ਕੀਤੀ। ਉਹ ਵਿਦਿਆ ਵਿਚ ਬੜੇ ਚਤੁਰ ਅਤੇ ਹੁਸ਼ਿਆਰ ਸਨ। ਆਪ ਮਹਾਰਾਜਾ ਉਦੈ ਸਿੰਘ ਦੇ ਦਰਬਾਰੀ ਕਵੀ ਵੀ ਬਣੇ।

ਮਹਾਰਾਜਾ ਪਟਿਆਲਾ ਅਤੇ ਕੈਥਲ ਦੇ ਮਹਾਰਾਜਾ ਉਦੈ ਸਿੰਘ ਦੀ ਪ੍ਰੇਰਨਾ 'ਤੇ ਉਨ੍ਹਾਂ ਸਿੱਖ ਇਤਿਹਾਸ ਲਿਖਣਾ ਸ਼ੁਰੂ ਕੀਤਾ ਸੀ। ਗੁਰਪ੍ਰਤਾਪ ਸੂਰਜ ਤੋਂ ਬਿਨਾਂ ਭਾਈ ਸਾਹਿਬ ਨੇ ਨਾਮ ਕੋਸ਼, ਸ੍ਰੀ ਨਾਨਕ ਪ੍ਰਕਾਸ਼, ਪੰਜਾਬੀ ਸੀਹਰਫੀ, ਗਰਬ ਗੰਜਨੀ, ਬਾਲਮੀਕੀ ਰਮਾਇਣ ਅਤੇ ਆਤਮ ਪੁਰਾਣ ਆਦਿ ਪੁਸਤਕਾਂ ਵੀ ਲਿਖੀਆਂ। ਕੈਥਲ ਵਿਚ ਹੀ ਲਗਪਗ 56 ਸਾਲ ਦੀ ਉਮਰ ਵਿਚ ਉਹ ਚਲਾਣਾ ਕਰ ਗਏ। ਉਹ ਬ੍ਰਿਜ ਭਾਸ਼ਾ ਤੇ ਪੰਜਾਬੀ ਦੇ ਮਹਾਨ ਵਿਦਵਾਨ ਲਿਖਾਰੀ ਹੋਏ ਹਨ। ਸੂਰਜ ਪ੍ਰਕਾਸ਼ ਗ੍ਰੰਥ ਭਾਈ ਸਾਹਿਬ ਨੇ 10 ਸਾਲਾਂ ਦੀ ਕਰੜੀ ਮਿਹਨਤ ਕਰਕੇ ਤਿਆਰ ਕੀਤਾ। ਏਨੀ ਵੱਡੀ ਪੁਸਤਕ ਸੰਸਾਰ ਭਰ ਵਿਚ ਹੋਰ ਕਿਸੇ ਲਿਖਾਰੀ ਨੇ ਨਹੀਂ ਲਿਖੀ। ਵਰਤਮਾਨ ਸਦੀ ਦੇ ਜਿੰਨੇ ਲੇਖਕਾਂ ਨੇ ਸਿੱਖ ਇਤਿਹਾਸ ਲਿਖਿਆ ਹੈ, ਉਨ੍ਹਾਂ ਨੇ ਭਾਈ ਸੰਤੋਖ ਸਿੰਘ ਦੀਆਂ ਲਿਖਤਾਂ ਨੂੰ ਹੀ ਆਧਾਰ ਬਣਾਇਆ ਹੈ।

ਸੂਰਜ ਪ੍ਰਕਾਸ਼ ਦੇ ਕੁੱਲ 115 ਅਧਿਆਏ ਹਨ। 64 ਹਜ਼ਾਰ ਤੋਂ ਵੱਧ ਛੰਦ ਹਨ, ਜਿਨ੍ਹਾਂ ਦੀਆਂ ਲਗਪਗ ਢਾਈ ਲੱਖ ਸਤਰਾਂ ਹਨ। ਇਸ ਗ੍ਰੰਥ ਦੀਆਂ ਕੁੱਲ 14 ਜਿਲਦਾਂ ਹਨ ਅਤੇ 6 ਹਜ਼ਾਰ ਪੰਨੇ ਹਨ। ਉਘੇ ਵਿਦਵਾਨ ਪ੍ਰੋ. ਪਿਆਰਾ ਸਿੰਘ ਪਦਮ ਨੇ ਭਾਈ ਸਾਹਿਬ ਦਾ ਜੀਵਨ ਲਿਖਦਿਆਂ ਇਕ ਥਾਂ ਲਿਖਿਆ ਹੈ ਕਿ ਜੇਕਰ ਸਿੱਖ ਕੌਮ ਦੇ ਪ੍ਰਤੀਨਿਧ ਵਿਦਵਾਨਾਂ ਦੀ ਚੋਣ ਕੀਤੀ ਜਾਵੇ ਤਾਂ ਇਹ ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ ਅਤੇ ਭਾਈ ਵੀਰ ਸਿੰਘ ਹੋਣਗੇ।

ਸਿੱਖ ਕੌਮ ਨੂੰ ਆਪਣੇ ਇਸ ਮਹਾਨ ਇਤਿਹਾਸਕਾਰ ਦੀ ਜੀਵਨੀ ਅਤੇ ਉਸ ਦੀ ਰਚਨਾ ਨੂੰ ਵੱਧ ਤੋਂ ਵੱਧ ਪ੍ਰਚਾਰਨਾ ਅਤੇ ਸਤਿਕਾਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਨੇ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦੇ ਵੱਡੇ ਭਵਨ ਦਾ ਨਾਂ 'ਮਹਾਂਕਵੀ ਸੰਤੋਖ ਸਿੰਘ ਹਾਲ' ਰੱਖਿਆ ਹੈ, ਜੋ ਸ਼ਲਾਘਾਯੋਗ ਹੈ, ਪਰ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਕਮੇਟੀ ਨੂੰ ਭਾਈ ਸਾਹਿਬ ਦੀਆਂ ਰਚਨਾਵਾਂ 'ਤੇ ਹੋਰ ਖੋਜ ਕਰਵਾਉਣੀ ਚਾਹੀਦੀ ਹੈ। ਭਾਈ ਸਾਹਿਬ ਦੁਆਰਾ ਲਿਖੇ ਬਹੁਤ ਸਾਰੇ ਹੱਥ ਲਿਖਤ ਸਾਹਿਤ ਦੇ ਖਰੜੇ ਸਾਕਾ ਨੀਲਾ ਤਾਰਾ (1984) ਵਿਚ ਅਗਨ ਭੇਟ ਹੋ ਗਏ। ਸੂਰਜ ਪ੍ਰਕਾਸ਼ ਦੀ ਛਪਾਈ ਵੀ ਨਵੇਂ ਸਿਰਿਓਂ ਹੋਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਭਾਸ਼ਾ ਵਿਭਾਗ ਨੇ ਕੁਝ ਜਿਲਦਾਂ ਛਾਪੀਆਂ ਹਨ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਭਾਈ ਸਾਹਿਬ ਦੇ ਪਿੰਡ ਨੂਰ ਦੀ ਸਰਾਂ, ਜਿਸ ਦਾ ਨਾਂ ਹੁਣ ਕਿਲ੍ਹਾ ਸੰਤੋਖ ਸਿੰਘ ਰੱਖਿਆ ਗਿਆ ਹੈ, ਦਾ ਪੂਰਾ ਵਿਕਾਸ ਕਰੇ ਤਾਂ ਜੋ ਭਾਈ ਸੰਤੋਖ ਸਿੰਘ ਜੀ ਦੀ ਸਾਹਿਤ ਸੇਵਾ ਨੂੰ ਮਾਨਤਾ ਮਿਲੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਹਰਿਆਣਾ ਦੀ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਭਾਈ ਸੰਤੋਖ ਸਿੰਘ ਚੇਅਰਜ਼ ਸਥਾਪਤ ਕੀਤੀਆਂ ਜਾਣ।

ਹਰਿਆਣਾ ਸਰਕਾਰ ਨੂੰ ਕੈਥਲ ਨਗਰ ਮਹਾਂਕਵੀ ਦੇ ਨਾਲ ਸਬੰਧਤ ਕਰਨਾ ਚਾਹੀਦਾ ਹੈ। ਹਰਿਆਣਾ ਸਰਕਾਰ ਨੇ ਭਾਈ ਸਾਹਿਬ ਦੇ ਨਾਂ 'ਤੇ ਸਾਲਾਨਾ ਐਵਾਰਡ ਜਾਰੀ ਕੀਤਾ ਹੈ। ਪੰਜਾਬ ਸਰਕਾਰ ਨੂੰ ਵੀ ਅਜਿਹਾ ਐਵਾਰਡ ਜਾਰੀ ਕਰਨਾ ਚਾਹੀਦਾ ਹੈ।

ਜਿਸ ਘਰ ਵਿਚ ਮਹਾਂਕਵੀ ਨੇ ਜਨਮ ਲਿਆ ਉਥੇ ਪਹਿਲਾਂ ਟਾਂਕ ਕਸ਼ੱਤਰੀ ਬਰਾਦਰੀ ਨੇ ਗੁਰਦੁਆਰਾ ਬਣਾਇਆ, ਜਿਸ ਨੂੰ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਨੇ ਨਵੇਂ ਸਿਰਿਓਂ ਬਹੁਤ ਸ਼ਾਨਦਾਰ ਉਸਾਰਿਆ।

ਵਿਦੇਸ਼ਾਂ ਵਿਚ ਕਵੀਆਂ, ਲੇਖਕਾਂ, ਪੱਤਰਕਾਰਾਂ ਦੇ ਨਾਵਾਂ 'ਤੇ ਸੜਕਾਂ ਤੇ ਯਾਦਗਾਰਾਂ ਉਸਾਰੀਆਂ ਜਾਂਦੀਆਂ ਹਨ। ਪੰਜਾਬ ਸਰਕਾਰ ਮਹਾਂਕਵੀ ਦੇ ਪਿੰਡ ਨੂੰ ਬਹੁਤ ਸੁੰਦਰ ਵਿਦਿਅਕ ਕੇਂਦਰ ਅਤੇ ਟੂਰਿਸਟ ਕੇਂਦਰ ਦੇ ਰੂਪ ਵਿਚ ਉਸਾਰੇ ਤਾਂ ਜੋ ਦੂਜੇ ਦੇਸ਼ਾਂ ਦੇ ਲੋਕ ਇਸ ਮਹਾਨ ਜੀਵਨ ਬਾਰੇ ਜਾਣਕਾਰੀ ਅਤੇ ਪ੍ਰੇਰਨਾ ਪ੍ਰਾਪਤ ਕਰਨ। ਭਾਈ ਸਾਹਿਬ ਦੀ ਕਵਿਤਾ ਵਿਚ ਬੜੀ ਉਚ ਪਾਏ ਦੀ ਰਵਾਨਗੀ ਹੈ। ਉਹ ਹਰ ਪੱਖੋਂ ਇਕ ਉਚ ਪੱਧਰ ਦੇ ਕਵੀ ਅਤੇ ਵਿਦਵਾਨ ਸਨ। ਦਸ਼ਮੇਸ਼ ਪਿਤਾ ਬਾਰੇ ਉਹ ਲਿਖਦੇ ਹਨ ਕਿ ਜੇ ਦਸਮ ਪਿਤਾ ਅਵਤਾਰ ਨਾ ਧਰਦੇ ਤਾਂ ਹਿੰਦੂ ਸੰਸਕ੍ਰਿਤੀ ਮਿਟ ਜਾਣੀ ਸੀ।

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ
ਪਾਪ ਪਰਪੱਕ ਜਾਤੇ ਧਰਮ ਧਸੱਕ ਜਾਤੇ,
ਵਰਨ ਗਰਕ ਜਾਤੇ ਸਾਹਿਤ ਬਿਧਾਨ ਕੀ
ਦੇਵੀ ਦੇਵ ਦੇਹੁਰਾ ਸੰਤੋਖ ਸਿੰਘ ਦੂਰ ਹੋਤੇ,
ਰੀਤਿ ਮਿਟ ਜਾਤੀ ਸਭ ਬੇਦਨ ਪੁਰਾਨ ਕੀ
ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨਾ ਹੋਤੀ ਜਉਪੈ ਕਰੁਣਾ ਨਿਧਾਨ ਕੀ।।

# ਕਰਮ ਖੰਡ ਦੀ ਪੁਨਰ-ਸਮੀਖਿਆ

ਗੁਰਮਤਿ ਵਿਚਾਰ

**ਪ੍ਰੋ. ਹਰਭਜਨ ਸਿੰਘ***

'ਕਰਮ' ਸ਼ਬਦ ਸੰਸਕ੍ਰਿਤ ਅਤੇ ਅਰਬੀ-ਦੋਹਾਂ ਭਾਸ਼ਾਵਾਂ ਵਿਚ ਵਰਤਿਆ ਜਾਂਦਾ ਹੈ। ਅਰਬੀ ਵਿਚ ਇਸ ਪਦ ਦੇ ਅਰਥ ਕ੍ਰਿਪਾ, ਪ੍ਰਸਾਦ, ਬਖ਼ਸ਼ਿਸ਼ ਆਦਿ ਹਨ ਜਦੋਂਕਿ ਸੰਸਕ੍ਰਿਤ ਵਿਚ ਇਸ ਦਾ ਬੁਨਿਆਦੀ ਅਰਥ 'ਕਾਰਜ' ਹੈ। ਗੁਰਬਾਣੀ ਵਿਚ ਇਹ ਸ਼ਬਦ ਦੋਹਾਂ ਅਰਥਾਂ ਵਿਚ ਆਉਂਦਾ ਹੈ, ਇਸ ਕਾਰਨ ਇਹ ਲਾਜ਼ਮੀ ਹੈ ਕਿ ਕੁਝ ਸਥਾਨਾਂ 'ਤੇ ਵਿਦਵਾਨਾਂ ਸਾਹਮਣੇ ਅਰਥ-ਨਿਰੂਪਣ ਦੀ ਸਮੱਸਿਆ ਆ ਜਾਵੇ। ਮੌਜੂਦਾ ਸਮੇਂ ਦੇ ਬਹੁਤੇ ਪ੍ਰਸਿਧ ਵਿਦਵਾਨਾਂ ਨੇ ਇਸ ਪਦ ਨੂੰ ਅਰਬੀ ਭਾਸ਼ਾ ਦਾ ਮੰਨ ਕੇ ਇਸ ਦੇ ਅਰਥ ਫ਼ਜ਼ਲ, ਅਨੁਗ੍ਰਹ, ਅਨੁਕੰਪਾ, ਪ੍ਰਸਾਦ, ਕ੍ਰਿਪਾ, ਬਖ਼ਸ਼ਿਸ਼, ਕਰੁਣਾ ਆਦਿ ਸਵੀਕਾਰ ਕਰ ਲਏ ਹਨ। ਭਾਵੇਂ ਹੁਣ ਸਿੱਖ ਪੰਥ ਦੇ ਸੰਪ੍ਰਦਾਈ ਅਤੇ ਵਿਗਿਆਨਵਾਦੀ ਦੋਵੇਂ ਤਰ੍ਹਾਂ ਦੇ ਲਗਪਗ ਸਾਰੇ ਗੁਰਬਾਣੀ ਵਿਆਖਿਆਕਾਰਾਂ ਨੇ ਇਹ ਪਦ ਇਨ੍ਹਾਂ ਅਰਥਾਂ ਵਿਚ ਹੀ ਰੂੜ੍ਹ ਸਵੀਕਾਰਿਆ ਹੈ, ਫਿਰ ਵੀ ਅਜਿਹਾ ਨਹੀਂ ਕਿ ਪਰੰਪਰਾ ਤੋਂ ਹੀ ਸਾਰੇ ਵਿਦਵਾਨ ਇਸ ਮੱਤ ਨਾਲ ਸਹਿਮਤ ਰਹੇ ਹੋਣ। ਪੜਚੋਲ ਕੀਤਿਆਂ ਇਹ ਪਤਾ ਚਲਦਾ ਹੈ ਕਿ 'ਜਪੁ' ਬਾਣੀ ਦੇ ਹੇਠ ਲਿਖੇ ਟੀਕਾਕਾਰ ਇਸ ਪਦ ਨੂੰ ਸੰਸਕ੍ਰਿਤ 'ਕਰਮ' ਮੰਨ ਕੇ ਇਸ ਦੇ ਅਰਥ ਕਾਰਜ, ਸ਼ੁਭ-ਅਮਲ, ਨਿਸ਼ਕਾਮ ਕਰਮ, ਘਾਲ, ਉਪਦੇਸ਼, ਕਰਮ-ਕਾਂਡ, ਅਚਟੌਨਿ, ਕ੍ਰਿਆਤਮਕਤਾ ਆਦਿ ਕਰਦੇ ਹਨ-

1. ਅਤਰ ਸਿੰਘ (ਰਈਸ) ਭਦੌੜ, ਜਪੁ ਜੀ ਸਾਹਿਬ (ਉਰਦੂ ਸਟੀਕ)।
2. ਆਨੰਦਘਨ, ਟੀਕਾ ਜਪੁ ਜੀ ਸਾਹਿਬ।
3. ਸੀ. ਆਰ. ਸ਼ੁਨਕ (ਸ੍ਵਾਮੀ), ਜਪੁ ਜੀ ਸਾਹਿਬ।
4. ਸ਼ੇਰ ਸਿੰਘ (ਗਿਆਨੀ), ਨਿਤਨੇਮ ਸਟੀਕ।
5. ਗੁਰਦਯਾਲੁ ਸਿੰਘ (ਸਰਦਾਰ), ਜਪੁ ਜੀ ਸਾਹਿਬ।
6. ਗੁਰਦਿੱਤ ਸਿੰਘ (ਸਾਧੂ), ਜਪੁ ਪਦਾਰਥ ਸੁਬੋਧਨੀ।
7. ਗੁਰਮੁਖ ਸਿੰਘ (ਪੰਡਿਤ), ਜਪੁ ਜੀ ਸਾਹਿਬ ਸਟੀਕ।
8. ਤੋਲਾ ਸਿੰਘ (ਸੰਤ) ਗੋਇੰਦਵਾਲ, ਜਪੁ ਜੀ ਟੀਕਾ ਲਿਖਤੀ।
9. ਦੇਵਾ ਸਿੰਘ (ਸੰਤ) ਨਿਰਮਲਾ, ਜਪੁ ਪ੍ਰਦੀਪ।
10. ਫਤੇ ਸਿੰਘ (ਸੰਤ), ਜਪੁ ਭਾਖਾ।
11. ਬਿਸ਼ਨ ਸਿੰਘ (ਗਿ), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ।
12. ਮੂਲ ਰਾਮ (ਸਾਧੂ), ਸਟੀਕ ਜਪੁ ਜੀ।
13. ਤੇਜਾ ਸਿੰਘ (ਪ੍ਰਿੰਸੀਪਲ), ਜਪੁ ਜੀ ਸਾਹਿਬ ਦਾ ਟੀਕਾ।
14. ਰਾਮਦਿੱਤਾ (ਭਗਤ), ਜਪੁ ਜੀ ਸਾਹਿਬ ਸਟੀਕ।
15. ਮਨੀ ਸਿੰਘ (ਭਾਈ), ਜਪੁ ਗੋਸਟ।
16. ...ਜਪ ਪ੍ਰਮਾਰਥ (ਹਸਤਲਿਖਿਤ)।
17. ਸਾਧੂ ਸਿੰਘ ਨਿਮਲਾ, ਜਪਗ੍ਰੰਥ।
18. ਗੋਪਾਲ ਦਾਸ (ਬਾਵਾ), ਅਦਾਸੀ, ਜਪੁ ਜੀ ਸਾਹਿਬ।
19. ਪਰਮਾਨੰਦ, ਜਪੁ ਜੀ (ਟੀਕਾ)।
20. ਹਰਿਪ੍ਰਸਾਦ (ਸਵਾਮੀ) ਪੰਡਿਤ, ਜਪਸੰਹਿਤਾ।
21. C.C. Caleb, The Japji.
22. Gopal Singh (Dr.), The Song of Nanak.
23. Gursharan Singh Bedi, The Psalm of Life.
24. Khushwant Singh, Jupji.
25. Macauliffe, The Japji.
26. Mehta Udhodas, The Japji Sahib.
27. Raghu Nath Rai, The Jap ji of Guru Nanak.
28. Sher Singh (Swami), The Jap ji.
29. Trumpp's Translation Siri Guru Granth Sahib.

ਭਾਈ ਕਾਨ੍ਹ ਸਿੰਘ 'ਨਾਭਾ' ਨੇ ਮਹਾਨ ਕੋਸ਼ ਵਿਚ ਦੁਵਿਧਾਜਨਕ ਸਥਿਤੀ ਬਣਾ ਦਿਤੀ ਹੈ। ਉਹ 'ਕਰਮਖੰਡ' ਦਾ ਅਰਥ ਲਿਖਣ ਸਮੇਂ ਜਿਥੇ ਪਹਿਲਾ ਅਰਥ-ਕ੍ਰਿਪਾ ਦਾ ਦੇਸ਼ (ਅਰਥਾਤ) ਉਹ ਅਵਸਥਾ ਜਿਸ ਵਿਚ ਵਾਹਿਗੁਰੂ ਦੀ ਕ੍ਰਿਪਾ ਅਤੇ ਬਖ਼ਸ਼ਿਸ਼ ਪ੍ਰਾਪਤ ਹੁੰਦੀ ਹੈ- ਕਰਦੇ ਹਨ, ਉਥੇ ਦੂਜਾ ਅਰਥ ਲਿਖਦੇ ਹਨ-ਕਰਮਯੋਗ ਦੀ ਭੂਮਿਕਾ, ਅਮਲ ਕਰਨ ਦਾ ਦਰਜਾ-ਕਰਮਖੰਡ ਕੀ ਬਾਣੀ ਜੋਰੁ (ਜਪੁ)।

'ਕਰਮ' ਨੂੰ ਅਰਬੀ ਪਦ ਦਾ ਮੰਨ ਕੇ ਅਰਥ ਨਿਰਧਾਰਤ ਕਰਨ ਵਾਲਿਆਂ ਵਿਚ ਇਹ ਪ੍ਰਮੁਖ ਟੀਕਾਕਾਰ ਸ਼ਾਮਿਲ ਹਨ-

1. ਉਤਮ ਸਿੰਘ (ਗਿਆਨੀ), ਬਾਲ ਬੋਧਨੀ ਟੀਕਾ ਸ੍ਰੀ ਜਪੁ ਸਾਹਿਬ।
2. ਅਮੀਰ ਸਿੰਘ (ਸੰਤ), ਸ੍ਰੀ ਅਮੀਰ ਭੰਡਾਰ ਅਰਥਾਤ ਸ੍ਰੀ ਜਪੁ ਜੀ ਸਾਹਿਬ ਸਟੀਕ।
3. ਅਵਤਾਰ ਸਿੰਘ ਵਹੀਰੀਏ (ਭਾਈ), ਗੁਰੂ ਢੰਢੋਰਾ ਅਰਥਾਤ ਟੀਕਾ ਜਪੁ ਨੀਸਾਣ।
4. ਐਫ. ਸੀ. ਗਡੀ ਹੋਕ, ਜਪੁ ਜਹਾਜ਼।
5. ਸ਼ੰਕ੍ਰਾਨੰਦ ਭਾਰਤੀ (ਸ੍ਵਾਮੀ), ਜਪੁ ਸਾਹਿਬ।
6. ਸੰਗਤ ਸਿੰਘ ਕਮਾਲੀਏਵਾਲੇ (ਸੰਤ), ਸ੍ਰੀ ਜਪੁ ਜੀ ਕਥਾ।
7. ਸੰਤੋਖ ਸਿੰਘ ਮਹਾਕਵੀ (ਭਾਈ), ਗਰਬ ਗੰਜਨੀ ਟੀਕਾ।
8. ਸਦਾ ਨੰਦ, ਜਪ ਟੀਕਾ ਸੰਖੇਪਾਰਥੀ।
9. ਸਰਦੂਲ ਸਿੰਘ (ਗਿਆਨੀ), ਜਪੁ ਜੀ ਸਟੀਕ।
10. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ
11. ਸੀਤਾ ਰਾਮ ਬਾਹਰੀ (ਅਨੁ.), ਸੰਤ ਵਿਨੋਬਾ ਭਾਵੇ ਕ੍ਰਿਤ ਟੀਕਾ ਜਪੁਜੀ।
12. ਸੂਰਜ ਸਿੰਘ ਪ੍ਰਚਾਰਕ (ਸੰਤ), ਜਪੁ ਜੀ ਸਟੀਕ।
13. ਹਰ ਸਿੰਘ ਨਰੋਤਮ (ਪੰਡਿਤ), ਟੀਕਾ ਸ੍ਰੀ ਜਪੁਜੀ ਕਾ।
14. ਹਰਿਬੰਸ ਸਿੰਘ (ਗਿਆਨੀ), ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ।
15. ਗੰਗਾ ਸਿੰਘ, ਵਿਆਖਿਆ ਸ੍ਰੀ ਜਪੁ ਜੀ ਸਾਹਿਬ।
16. ਜੋਧ ਸਿੰਘ (ਭਾਈ), ਸ੍ਰੀ ਜਪੁਜੀ ਸਟੀਕ।
17. ਤੇਜਾ ਸਿੰਘ ਸੋਢੀ, ਕਥਾ ਸਾਗਰ ਅਰਥਾਤ ਸ੍ਰੀ ਜਪੁ ਜੀ ਸਟੀਕ।
18. ਨਰੈਣ ਸਿੰਘ (ਗਿਆਨੀ), ਜਪੁ ਜੀ ਸਟੀਕ।
19. ਨਿਹਾਲ ਸਿੰਘ ਸੂਰੀ, ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
20. ਬਖ਼ਸ਼ੀਸ਼ ਸਿੰਘ (ਭਾਈ), ਜਪੁ ਜੀ ਸਟੀਕ (ਸੰਪ੍ਰਦਾਈ ਟੀਕਾ)।
21. ਬਦਨ ਸਿੰਘ (ਗਿਆਨੀ), ਫ਼ਰੀਦਕੋਟ ਵਾਲਾ ਟੀਕਾ।
22. ਬ੍ਰਿਜ-ਬੱਲਭ ਸਿੰਘ ਬੇਦੀ, ਪ੍ਰਤੱਖਯ ਦਰਸ਼ਨ।
23. ਬੁਢਾ ਸਿੰਘ ਮਹੰਤ (ਸੁਵਾਮੀ), ਜਪੁ ਸਾਹਿਭੁ (ਸਿੰਧੀ ਟੀਕਾ ਗੁਰਮੁਖੀ ਅੱਖਰਾਂ ਵਿਚ)।
24. ਮੋਹਨ ਸਿੰਘ ਰਈਸ, ਜਪੁ ਜੀ ਸਟੀਕ।
25. ਵੀਰ ਸਿੰਘ (ਭਾਈ), ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ।
26. ਮੱਖਨ ਸਿੰਹ (ਭਾਈ), ਸ੍ਰੀ ਜਪੁ ਜੀ ਸਟੀਕ।
27. Harchand Singh (Canada), Jap ji Hymns.
28. Harnam Singh, The Japji Translated into English and Explained.
29. Jiwan Singh (Sant Rein), Japji Sahib.
30. M. L. Peace, Japji Sri Guru Nanak's.
31. Kirpal Singh, The Jap ji.
32. Parkash Singh, Guru Nanak and His Japji.
33. Puran Singh (Prof.), Japji Sahib.
34. Rama (Swami), Japji : Meditation In Sikhism.
35. Shankar Dayal, Translation of Japuji Sahib.

ਇਸ ਸਥਿਤੀ ਵਿਚ 'ਕਰਮ ਖੰਡ' ਵਿਚਲੇ 'ਕਰਮ' ਪਦ ਦੇ ਸਰੂਪ ਅਤੇ ਉਚਿਤ ਅਰਥ ਦੀ ਪੁਨਰ-ਸਮੀਖਿਆ ਜ਼ਰੂਰੀ ਹੋ ਜਾਂਦੀ ਹੈ। ਸਾਡੀ ਇਸ ਸਮੀਖਿਆ ਦਾ ਪਹਿਲਾ ਆਧਾਰ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਕਰਮ-ਕਰਮੁ ਸ਼ਬਦ ਦੀ ਪੜਤਾਲ ਹੈ। ਇਸ ਪਦ ਦੀ ਪੜਤਾਲ ਕੀਤਿਆਂ ਪਹਿਲਾ ਨਤੀਜਾ ਇਹ ਸਾਹਮਣੇ ਆਉਂਦਾ ਹੈ ਕਿ ਗੁਰਬਾਣੀ ਵਿਚ ਇਸ ਪਦ ਦੇ ਦੋ ਰੂਪ ਹਨ-'ਕਰਮ' ਅਤੇ 'ਕਰਮੁ'। ਅਗਲੇ ਪੜਾਅ ਦੇ ਵਿਸ਼ਲੇਸ਼ਣ ਦਾ ਸੰਬੰਧ ਹਰ ਸਥਾਨ ਉਤੇ ਇਸ ਪਦ ਦੇ ਦੋਹਾਂ ਰੂਪਾਂ ਦੇ ਉਚਿਤ ਅਰਥਾਂ ਦੀ ਜਾਂਚ ਕਰਨਾ ਹੈ। ਜਦੋਂ ਇਹ ਨਿਰੀਖਣ ਕੀਤਾ ਜਾਵੇਗਾ ਤਾਂ ਇਕ ਨਿਰਵਿਵਾਦ ਤਥ ਇਹ ਸਾਹਮਣੇ ਆਵੇਗਾ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 391 ਵਾਰ ਵਰਤਿਆ ਗਿਆ 'ਕਰਮ' ਪਦ ਸੰਸਕ੍ਰਿਤ ਵਾਲੇ ਅਰਥਾਂ ਵਿਚ ਹੀ ਆਇਆ ਹੈ ਅਤੇ 'ਕਰਮ ਖੰਡ' ਨੂੰ ਪਾਸੇ ਰਖ ਕੇ ਹੋਰ ਕਿਤੇ ਵੀ ਇਹ ਸ਼ਬਦ ਅਰਬੀ ਵਾਲੇ ਬਖ਼ਸ਼ਿਸ਼, ਫ਼ਜ਼ਲ ਆਦਿ ਅਰਥ ਵਿਚ ਨਹੀਂ ਵਰਤਿਆ ਗਿਆ ਅਰਥਾਤ ਹਰ ਸਥਾਨ ਉਤੇ 'ਕਰਮ' ਪਦ ਦੇ ਅਰਥ ਸੰਸਕ੍ਰਿਤ ਵਾਲੇ ਕਾਰਜ, ਕੰਮ, ਕ੍ਰਿਆ ਆਦਿ ਹੀ ਹਨ। ਜਦੋਂ ਦੂਜੇ ਸਰੂਪ 'ਕਰਮੁ' ਦੀ ਪੜਤਾਲ ਕੀਤੀ ਜਾਵੇਗੀ, ਤਾਂ ਇਹ ਪਤਾ ਲਗੇਗਾ ਕਿ ਪੂਰੇ 100 ਵਾਰੀ ਆਇਆ ਇਹ ਪਦ ਆਮ ਤੌਰ ਤੇ (88 ਵਾਰ) ਅਰਬੀ ਵਾਲੇ ਅਰਥਾਂ ਵਿਚ ਆਇਆ ਹੈ, ਕੇਵਲ 12 ਵਾਰ ਇਸ ਨਿਯਮ ਦਾ ਉਲੰਘਣ ਹੋ ਕੇ ਇਹ ਸੰਸਕ੍ਰਿਤ ਵਾਲੇ ਅਰਥਾਂ ਵਿਚ ਵਰਤਿਆ ਉਪਲਬਧ ਹੁੰਦਾ ਹੈ। ਇਸ ਵਿਸ਼ਲੇਸ਼ਣ ਤੋਂ ਸਾਡੇ ਹੱਥ ਇਕ ਬਹੁਤ ਹੀ ਸੂਖਮ ਅਤੇ ਵਿਆਪਕ ਨਿਯਮ ਲੱਗ ਗਿਆ ਕਿ 'ਕਰਮ' ਸੰਸਕ੍ਰਿਤ ਪਦ ਹੈ, ਜਦੋਂ ਕਿ 'ਕਰਮੁ' ਅਰਬੀ ਪਦ ਦਾ ਰੂਪ ਹੈ। ਇਹ ਪੜਚੋਲ ਇਹ ਵੀ ਸਿੱਧ ਕਰ ਦੇਂਦੀ ਹੈ ਕਿ ਇਸ ਗ੍ਰੰਥ ਦਾ ਸੰਪਾਦਨ ਕਰਨ ਸਮੇਂ ਕਿਤਨੀਆਂ ਪਰਾਬੌਧਿਕ ਸੂਖਮਤਾਈਆਂ ਸੰਮਿਲਿਤ ਰਹੀਆਂ ਹਨ।

'ਕਰਮ ਖੰਡ' ਵਿਚ 'ਕਰਮ' ਪਦ ਦਾ ਉਹ ਰੂਪ ਹੈ, ਜਿਸ ਦੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੋਂ ਨਿਸ਼ਚਿਤ ਤੌਰ 'ਤੇ ਸੰਸਕ੍ਰਿਤ ਵਾਲੇ ਅਰਥਾਂ ਵਿਚ ਹੋਈ ਹੈ। ਇਸ ਆਧਾਰ 'ਤੇ ਇਸ ਦੇ ਅਰਥ 'ਬਖ਼ਸ਼ਿਸ਼ ਦੀ ਅਵਸਥਾ' ਕਰਨੇ ਯੁਕਤੀ-ਸੰਗਤ ਨਹੀਂ ਹੋ ਸਕਦੇ। ਸੋ, ਸ਼ਬਦ ਰੂਪਾਂ ਦੀ ਵਰਤੋਂ ਨੂੰ ਵੇਖਿਆਂ 'ਕਰਮ ਖੰਡ' ਦਾ ਸੰਬੰਧ 'ਸ਼ੁਭ-ਅਮਲ' ਸਾਧਣ ਨਾਲ ਬਣਦਾ ਦਿਸਦਾ ਹੈ, ਬਖ਼ਸ਼ਿਸ਼ ਜਾਂ ਕ੍ਰਿਪਾ ਨਾਲ ਨਹੀਂ।

'ਕਰਮ ਖੰਡ' ਦੇ ਅਰਥ ਨਿਰਧਾਰਤ ਕਰਨ ਵਾਸਤੇ ਸਿਧਾਂਤਿਕ ਪੜਚੋਲ ਵੀ ਸਹਾਇਕ ਹੋ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸ਼ੁਭ-ਅਮਲ' ਨੂੰ ਧਰਮ ਦਾ ਅਭਿੰਨ ਅਤੇ ਸਭ ਤੋਂ ਅਹਿਮ ਅੰਗ ਮੰਨਿਆ ਹੈ। ਮੱਕਾ ਵਿਖੇ ਹਾਜੀਆਂ ਦੇ ਪ੍ਰਸ਼ਨਾਂ ਸਮੇਂ ਵੀ ਉਨ੍ਹਾਂ ਹਿੰਦੂ ਅਤੇ ਮੁਸਲਮਾਨ ਰੂਪ ਦੋਹਾਂ ਪੰਥਾਂ ਵਾਸਤੇ ਕਿਹਾ ਸੀ-ਸੁਭਿ ਅਮਲਾ ਬਾਝਹੁ ਦੋਨੋ ਰੋਈ। ਸਿਰੀ ਰਾਗ ਦੀ ਬਾਣੀ ਵਿਚ ਜਦੋਂ ਉਹ ਕਹਿੰਦੇ ਹਨ:

ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ 5॥

ਤਾਂ ਉਹ ਇਹੋ ਸੰਦੇਸ਼ ਦੇ ਰਹੇ ਹਨ ਕਿ ਮਨ ਦੀ ਦ੍ਰਿੜ੍ਹਤਾ, ਬਹੁਪਖੀ ਬੌਧਿਕ-ਜਾਗ੍ਰਿਤੀ ਅਤੇ ਧਰਮ-ਸ਼ਾਸਤ੍ਰੀ ਵਿਚਾਰ ਦੀਆਂ ਅਨੇਕ ਬੁਲੰਦੀਆਂ ਸਤਿ-ਸਰੂਪ ਨਾਲ ਅਭੇਦ ਹੋਣ ਵਾਸਤੇ ਨਾ-ਕਾਫ਼ੀ ਹਨ। ਇਨ੍ਹਾਂ ਨਾਲ ਸਤਿ ਦੀ ਪ੍ਰਾਪਤੀ ਨਹੀਂ ਹੋ ਸਕਦੀ, ਕਿਉਂਕਿ ਇਹ ਸਭ ਸਾਧਨ ਸਤਿ ਤੋਂ ਹੇਠਾਂ ਹੀ ਰਹਿ ਜਾਂਦੇ ਹਨ। ਮਨ, ਬੁਧੀ, ਚਿਤ ਰੂਪ ਅੰਤਹਕਰਣ ਦੀ ਸੂਖਮ ਸਾਧਨਾ ਵੀ ਸਤਿ-ਸਰੂਪ ਹੋਣ ਦੇ ਲਕਸ਼ ਤੋਂ ਹੇਠ ਹੈ। ਸਾਧਿਤ ਅੰਤਹਕਰਣ ਦੀ ਸੁਧੀ ਤੋਂ ਵੀ ਉਪਰ ਸ਼ੁਭ-ਅਮਲ ਹੈ, ਸਦ-ਆਚਾਰ ਹੈ। ਇਸ ਦਾ ਭਾਵ ਹੈ ਧਰਮ-ਸਾਧਨਾ ਵਿਚ 'ਕਰਮ' ਹੀ ਸਰਵ-ਉਪਰ ਹੈ। ਇਹ ਵੀ ਸਮਝ ਲੈਣਾ ਹੋਵੇਗਾ ਕਿ ਇਹ 'ਕਰਮ' ਮਾਨਵ ਦੁਆਰਾ ਕੀਤਾ 'ਸ਼ੁਭ-ਵਿਹਾਰ' ਹੈ, ਭਾਰਤੀ ਧਰਮ-ਸ਼ਾਸਤ੍ਰ ਦਾ ਕਰਮਵਾਦ ਇਸ ਤੋਂ ਭਿੰਨ ਹੈ। ਇਸ 'ਕਰਮ' ਦਾ ਸੰਬੰਧ ਉਸ ਧਾਰਮਿਕ ਕਰਮ-ਕਾਂਡ ਨਾਲ ਬਿਲਕੁਲ ਨਹੀਂ, ਜਿਸ ਨੂੰ ਗੁਰੂ ਜੀ ਬਾਣੀ ਵਿਚ 'ਜੀਅ ਕਾ ਬੰਧਨ' ਦਸਦੇ ਹਨ। ਇਹ ਬੁਧਾਂ ਦਾ ਅਟੁਟ 'ਕਰਮ-ਚਕ੍ਰ' ਵੀ ਨਹੀਂ, ਜੋ ਜਨਮਾਂਤਰ ਤਕ ਜੀਵ ਲਈ ਬੰਧਨਕਾਰੀ ਹੈ। ਇਸ ਦਾ ਸੰਬੰਧ ਮਾਨਵੀ-ਵਿਹਾਰ ਨਾਲ ਹੈ, ਜੋ ਸੰਸਕਾਰਾਂ ਤੋਂ ਜੀਵ ਦੇ ਨਾਲ ਨਹੀਂ, ਕੇਵਲ ਇਸ ਜੀਵਨ ਵਿਚ ਸਾਧਿਆ ਜਾਣਾ ਹੈ, ਕਿਉਂਕਿ ਆਤਮਾ ਦੇ ਅਗਲੇ-ਪਿਛਲੇ ਜਨਮਾਂ ਦਾ ਸੰਬੰਧ ਜੀਵਨ ਦੀਆਂ ਹੋਰ ਸ਼੍ਰੇਣੀਆਂ ਨਾਲ ਹੋ ਸਕਦਾ ਹੈ। ਹਰ ਜੀਵ-ਸ਼੍ਰੇਣੀ ਦਾ ਅਮਲ-ਖੇਤਰ ਵਖਰਾ ਹੈ। ਜੋ ਵਿਹਾਰ ਮਨੁਖ ਦਾ ਹੈ, ਉਹ ਪਸ਼ੂ ਦਾ ਨਹੀਂ। ਜੋ ਇਕ ਪਸ਼ੂ-ਜੋਨੀ ਦਾ ਹੈ, ਉਹ ਦੂਸਰੀ ਦਾ ਨਹੀਂ, ਜੋ ਵਿਹਾਰ ਪਸ਼ੂ ਦਾ ਹੈ, ਉਹ ਪੰਛੀ ਦਾ ਨਹੀਂ। ਸਭ ਦੇ ਕਰਮ-ਖੇਤਰ ਵਖ ਹਨ। ਜੋ ਸੂਖਮ ਕਰਮ ਸੰਸਕਾਰ ਬਣ ਕੇ ਜੀਵ ਨੂੰ ਅਗੇ-ਪਿਛੇ ਨਾਲ ਸੰਬੰਧਿਤ ਕਰਦਾ ਹੈ, ਉਹ ਸਥੂਲ ਕਰਮ ਨਹੀਂ, ਬਲਕਿ ਅੰਤਹਕਰਣ ਨਾਲ ਚੰਬੜਿਆ ਸੂਖਮ ਵਿਹਾਰ ਜਾਂ ਸੂਖਮ ਪ੍ਰਵਿਰਤੀ ਹੈ। 'ਸਰਮ ਖੰਡ' ਦੀ ਗਿਆਨ-ਸਾਧਨਾ, ਉਸ ਸੰਸਕਾਰ ਜਾਂ ਸੂਖਮ ਕਰਮ ਦੀਆਂ ਪ੍ਰਵਿਰਤੀਆਂ ਤੋਂ ਅੰਤਹਕਰਣ ਨੂੰ ਨਿਰਮਲ ਕਰ ਦੇਂਦੀ ਹੈ, ਜਿਸ ਕਾਰਨ ਭਾਰਤੀ ਦਰਸ਼ਨ ਵਾਲੇ 'ਕਰਮ-ਚਕ੍ਰ' ਨੂੰ ਸਾਧਕ 'ਸਰਮ ਖੰਡ' ਦੀ ਸਾਧਨਾ ਦੁਆਰਾ ਰੋਕ ਲੈਂਦਾ ਹੈ। ਦਰਅਸਲ ਭਾਰਤੀ ਦਰਸ਼ਨ ਦਾ ਕਰਮਵਾਦ 'ਕਰਮ-ਚਕ੍ਰ' ਨੂੰ ਰੋਕਣ ਉਤੇ ਕੇਂਦ੍ਰਿਤ ਹੈ, ਨਵ-ਕਰਮ ਨੂੰ ਉਤਸਾਹਿਤ ਕਰਨ ਵਾਲਾ ਨਹੀਂ। ਇਸ 'ਕਰਮਵਾਦ' ਦੀ ਇਸੇ ਪ੍ਰਵਿਰਤੀ ਨੇ ਇਸ ਦੇਸ਼ ਦੇ ਲੋਕਾਂ ਨੂੰ ਯੋਗ-ਮਤ ਵਾਲੇ ਸ਼ਿਥਿਲ ਜੀਵਨ ਦੀ ਨਿਸ਼ਕ੍ਰਿਅਤਾ ਵਲ ਧਕੇਲ ਦਿਤਾ ਸੀ।

ਗੁਰਮਤਿ ਦਾ ਜੀਵਨ ਅੰਤਹਕਰਣ ਨੂੰ ਪੁਰਾਣੇ ਸੰਸਕਾਰਾਂ-ਸੂਖਮ-ਕਰਮਾਂ ਤੋਂ ਨਿਰਲੇਪ ਕਰ ਲੈਣ 'ਤੇ ਨਹੀਂ ਰੁਕ ਜਾਂਦਾ, ਸਗੋਂ ਪਸ਼ੂ-ਪ੍ਰਵਿਰਤੀਆਂ ਤੋਂ ਮੁਕਤ ਹੋ ਕੇ ਖ਼ਾਲਿਸ ਮਾਨਵੀ-ਅਮਲ ਉਤੇ ਕੇਂਦ੍ਰਿਤ ਹੋ ਜਾਂਦਾ ਹੈ। ਪਾਤੰਜਲਿ ਯੋਗ ਦਾ ਨਿਸ਼ਾਨਾ ਚਿਤ ਦੀਆਂ ਪ੍ਰਵਿਰਤੀਆਂ ਨੂੰ ਰੋਕ ਲੈਣ ਤਕ ਸੀਮਤ ਹੈ। ਯੋਗ-ਸਾਧਨਾ ਨੇ ਸਾਧਕ ਦੇ ਪਿਛਲੇ ਸੰਸਕਾਰ ਤਾਂ ਰੋਕ ਦਿਤੇ ਪਰ ਅਗਲੇ ਜੀਵਨ-ਪੰਧ ਵਾਸਤੇ ਇਸ ਸ਼ਾਸਤ੍ਰ ਨੇ ਕੁਝ ਨਹੀਂ ਦਿਤਾ, ਜਿਸ ਲਈ ਸਾਧਕ ਦਾ ਸੂਨਯਤਾ ਵਿਚ ਜਾਣਾ ਨਿਸ਼ਚਿਤ ਹੈ। ਪਾਤੰਜਲਿ ਯੋਗ ਨੇ ਸਾਧਕਾਂ ਦੇ ਪਿਛਲੇ ਸੰਕਲਪ-ਵਿਕਲਪ, ਸੰਸਕਾਰ-ਬੀਜ, ਵਿਚਾਰ ਮੇਟਣ ਦਾ ਮਾਰਗ ਤਾਂ ਦ੍ਰਿੜ੍ਹ ਕਰਵਾਇਆ ਹੈ ਪਰ ਇਹ ਸ਼ਾਸਤ੍ਰ ਨਵ-ਸੰਕਲਪ, ਨਵ-ਵਿਚਾਰ, ਨਵ-ਕਰਮ-ਬੀਜ ਸਿਰਜਣ ਵਲ ਅਗੇ ਨਹੀਂ ਵਧ ਸਕਿਆ ਜਿਸ ਕਾਰਨ ਉਸ ਦੇ ਮੱਤ ਦੇ ਪਾਲਣਕਰਤਾ ਦੀ ਅੰਤਿਮ ਮੰਜ਼ਿਲ ਨਿਰਵਿਕਲਪ, ਨਿਰਬੀਜ, ਨਿਰਵਿਚਾਰ ਸਮਾਧੀ ਦੇ ਨਿਸ਼ਕ੍ਰਿਅ ਜਾਂ ਸੂਨਯ ਜੀਵਨ ਵਿਚ ਸੀਮਿਤ ਹੋ ਗਈ।

ਗੁਰੂ ਜੀ ਦਾ ਮਾਰਗ ਸ਼੍ਰੇਸ਼ਠ-ਕਰਮ ਪ੍ਰਧਾਨ ਹੈ। ਇਹ ਸ਼੍ਰੇਸ਼ਠ-ਕਰਮ ਬੁਧਾਂ ਅਤੇ ਯੋਗੀਆਂ ਵਾਲਾ ਕੇਵਲ ਮਾਨਸਿਕ ਕਰਮ ਨਹੀਂ, ਸਗੋਂ ਕਰਮ-ਇੰਦ੍ਰੀਆਂ ਤੋਂ ਪ੍ਰਗਟ ਕੀਤਾ, ਉਹ ਸਥੂਲ ਸ਼ੁਭ-ਅਮਲ ਹੈ, ਜੋ ਮਾਨਵ ਨੂੰ ਅਧਿਆਤਮਕ ਅਤੇ ਪਦਾਰਥਕ ਉਨਤੀ ਦੀਆਂ ਅੰਤਿਮ ਮੰਜ਼ਿਲਾਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਕਾਗਰਤਾ ਨਾਲ ਵਿਚਾਰਿਆਂ ਇਕ ਸਿੱਖ-ਚਿੰਤਕ ਸਹਿਜੇ ਹੀ ਇਸ ਨਤੀਜੇ 'ਤੇ ਪੁਜ ਸਕਦਾ ਹੈ ਕਿ ਕਿਸੇ ਕਿਰਤ-ਪ੍ਰਧਾਨ ਧਾਰਮਿਕ ਸਮੁਦਾਇ ਦੀ ਧਰਮ-ਸਾਧਨਾ ਵਿਚ ਕਰਮ-ਸਾਧਨਾ ਜਾਂ ਸ਼ੁਭਅਮਲ-ਸਾਧਨਾ ਨੂੰ ਕੋਈ ਸਥਾਨ ਹੀ ਪ੍ਰਾਪਤ ਨਾ ਹੋਵੇ, ਇਹ ਕਿਵੇਂ ਸੰਭਵ ਹੋ ਸਕਦਾ ਹੈ? ਜੇ 'ਕਰਮ ਖੰਡ' ਨੂੰ ਬਖ਼ਸ਼ਿਸ਼ ਦਾ ਖੰਡ ਮੰਨ ਲਈਏ ਤਾਂ ਅਜਿਹੀ ਅਣਹੋਣੀ ਵਾਪਰ ਜਾਂਦੀ ਹੈ ਜੋ 'ਕਿਰਤ' ਦੀ ਪ੍ਰਮੁਖਤਾ ਅਤੇ 'ਕਰਮੀ ਕਰਮੀ ਹੋਇ ਵੀਚਾਰੁ' ਦੇ ਸਿਧਾਂਤ ਲਈ ਘਾਤਕ ਹੈ। ਵਿਵਹਾਰਿਕ-ਅਮਲ ਦੀ ਸਾਧਨਾ ਤੋਂ ਸੱਖਣਾ ਕੋਈ ਧਾਰਮਿਕ ਸਮੁਦਾਇ ਯੋਗੀਆਂ ਜੈਸਾ ਹੋ ਸਕਦਾ ਹੈ, ਸਿੱਖਾਂ ਵਰਗੇ ਕਿਰਤੀਆਂ ਜੈਸਾ ਨਹੀਂ। ਕੁਝ ਬੁੱਧੀਮਾਨਾਂ ਦੀ ਇਹ ਵੀ ਰਾਇ ਹੈ ਕਿ 'ਕਰਮ' ਦੀ ਗਲ 'ਧਰਮ ਖੰਡ' ਵਾਲੀ ਪਉੜੀ ਵਿਚ ਤਦੋਂ ਪੂਰੀ ਹੋ ਜਾਂਦੀ ਹੈ, ਜਦੋਂ ਸ੍ਰੀ ਗੁਰੂ ਜੀ 'ਕਰਮੀ ਕਰਮੀ ਹੋਇ ਵੀਚਾਰੁ' ਉਚਾਰਨ ਕਰਦੇ ਹਨ।

ਸਾਡਾ ਮੱਤ ਹੈ ਕਿ ਇਹ ਵਿਚਾਰ ਭ੍ਰਾਂਤੀ-ਯੁਕਤ ਹੈ। 'ਧਰਮ ਖੰਡ' ਸਾਧਨਾ ਵਿਚ ਸ਼ਾਮਿਲ ਤਾਂ ਹੈ, ਕਿਸੇ ਤਰ੍ਹਾਂ ਦਾ ਅਜਿਹਾ ਸਾਧਨਾ-ਖੰਡ ਨਹੀਂ, ਜਿਥੇ ਕੋਈ ਮਾਨਵੀ ਯਤਨ ਸੰਮਿਲਿਤ ਹੋਵੇ। ਇਹ ਦੈਵੀ-ਕ੍ਰਿਪਾ ਤੋਂ ਪ੍ਰਾਪਤ ਉਹ ਪ੍ਰਥਮ-ਚੇਤਨਾ ਹੈ, ਜਿਥੇ ਜੀਵ ਨੂੰ ਇਹ ਗਿਆਨ ਹੁੰਦਾ ਹੈ ਕਿ ਅਕਾਲ-ਪੁਰਖ ਨੇ ਜੀਵਾਂ ਉਤੇ ਅਪਾਰ ਕ੍ਰਿਪਾ ਕੀਤੀ ਹੈ। ਜੀਵ ਉਸ ਦੀ ਬਖ਼ਸ਼ਿਸ਼ ਦੁਆਰਾ, ਉਸ ਦੀਆਂ ਮਿਹਰਬਾਨੀਆਂ ਨੂੰ ਮਾਣਨ ਵਾਸਤੇ ਇਸ ਸੰਸਾਰ ਵਿਚ ਆਏ ਹਨ। ਉਸ ਨੇ ਹੀ ਜੀਵਨ ਨੂੰ ਮਗਰੋਂ ਪ੍ਰਵਾਹਿਤ ਕੀਤਾ ਤਾਂ ਜੀਵਨ ਨੂੰ ਆਨੰਦਮਈ ਬਣਾਉਣ ਵਾਸਤੇ ਪਹਿਲਾਂ ਕੁਦਰਤ ਨੂੰ ਰਾਤਾਂ, ਰੁਤਾਂ, ਤਿਥੀਆਂ, ਵਾਰਾਂ, ਹਵਾ, ਪਾਣੀ, ਅਗਨੀ, ਨਿਵਾਨਾਂ ਨਾਲ ਸ਼ਿੰਗਾਰਿਆ। ਧਰਤੀ ਉਤੇ ਜੀਵ ਦੇ ਸੁਖਦ ਸਵਾਗਤ ਲਈ ਉਸ ਨੇ ਜੀਵ ਨੂੰ ਬੇਅੰਤ ਸੁਖ-ਸੁਵਿਧਾ ਦੇਣ ਵਾਸਤੇ ਇਸ ਪ੍ਰਿਥਵੀ ਨੂੰ ਧਰਮਸ਼ਾਲਾ ਵਾਂਗ ਸੰਵਾਰ-ਸ਼ਿੰਗਾਰ ਦਿਤਾ ਹੈ। ਇਹ ਵਿਚਾਰ ਸਾਮੀ ਧਰਮਾਂ ਦੇ ਉਸ ਵਿਚਾਰ ਦੇ ਬਿਲਕੁਲ ਉਲਟ ਹੈ, ਜਿਸ ਅਨੁਸਾਰ ਜੀਵ ਪਾਪ ਕਰ ਕੇ ਜਨਮਿਆ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ ਜੀਵ ਵਾਹਿਗੁਰੂ ਦੀਆਂ ਅਨੰਤ ਬਖ਼ਸ਼ਿਸ਼ਾਂ ਨਾਲ ਧਰਤੀ ਉਤੇ ਅਵਤ੍ਰਿਤ ਹੋਇਆ ਹੈ। 'ਬਾਈਬਲ' ਅਨੁਸਾਰ ਧਰਤੀ ਉਪਰ ਮਾਨਵ ਲਈ ਜੀਵਨ ਬਹੁਤ ਕਸ਼ਟਮਈ ਹੈ, ਪਰ ਗੁਰੂ ਜੀ ਕਹਿੰਦੇ ਹਨ ਇਹ ਬਹੁਤ ਹੀ ਸੁਖਮਈ ਹੈ। ਗੁਰੂ ਜੀ ਅਨੁਸਾਰ ਇਹ ਸਥੂਲ-ਕੁਦਰਤ ਨਿਰਧਾਰਤ ਨਿਯਮਾਂ ਅਨੁਸਾਰ ਚਲ ਰਹੀ ਹੈ। ਇਸ ਨੂੰ ਸੁਚਾਰੂ ਰੂਪ ਵਿਚ ਚਲਾਉਣ ਵਾਸਤੇ ਸਿਰਜਣਹਾਰ ਨੇ ਕਰਮ-ਵਿਧਾਨ ਬਣਾਇਆ ਹੈ। ਜੀਵ ਦਾ ਹਰ ਕਰਮ ਪਰਮੇਸ਼ਰ ਆਪ ਵਿਚਾਰਦਾ ਹੈ। ਸਾਜਣਹਾਰਾ ਆਪ ਵੇਖਦਾ ਹੈ ਕਿ ਜੀਵ ਨੇ ਧਰਤੀ-ਧਰਮਸਾਲ ਉਤੇ ਸੁਵਿਧਾਵਾਂ ਦਾ ਆਨੰਦ ਮਾਣਦਿਆਂ ਅਨੁਕੂਲ ਵਿਵਹਾਰ ਕੀਤਾ ਹੈ ਜਾਂ ਪ੍ਰਤੀਕੂਲ। 'ਬਾਈਬਲ' ਨੇ ਮਾਨਵੀ ਵਿਵਹਾਰ ਦੀ ਜੋ ਤਸਵੀਰ ਸਵਰਗ ਵਿਚ ਦਰਸਾਈ ਹੈ ਅਤੇ 'ਆਦਮ-ਹਵਾ' ਦੁਆਰਾ ਪ੍ਰਤੀਕੂਲ ਵਿਵਹਾਰ ਦੀ ਗੱਲ ਕੀਤੀ ਹੈ, ਗੁਰੂ ਜੀ ਉਸ ਵਿਵਹਾਰ ਨੂੰ ਧਰਤੀ ਉਤੇ ਦਰਸਾ ਰਹੇ ਹਨ। ਮਨੁੱਖ ਸਵਰਗ ਵਿਚ ਪਾਪ-ਕਰਮ ਕਰ ਕੇ ਪਾਪੀ ਹੋ ਕੇ ਇਸ ਜਗਤ ਵਿਚ ਨਹੀਂ ਆਇਆ ਬਲਕਿ ਪੁੰਨ-ਪਾਪ ਦਾ ਫਲ ਇਥੋਂ ਲੈ ਕੇ ਜਾਵੇਗਾ।

'ਧਰਮ ਖੰਡ' ਵਿਚ ਸਾਧਕ ਦੇ ਅੰਦਰ ਇਹ ਅਹਿਸਾਸ ਪੈਦਾ ਹੁੰਦਾ ਹੈ ਕਿ ਹਰ ਜੀਵ ਨੂੰ ਕੀਤੇ ਕਰਮਾਂ ਦਾ ਤਰੁਟੀ-ਰਹਿਤ ਹਿਸਾਬ ਜ਼ਰੂਰ ਦੇਣਾ ਪਵੇਗਾ। ਇਹ ਇਥੋਂ ਦੀ ਨਿਯਮਾਵਲੀ ਹੈ। ਇਹ ਅਟਲ ਵਿਧਾਨ ਹੈ। ਨਿਸ਼ਚਿਤ ਵਿਧਾਨ ਅਨੁਸਾਰ ਜੀਵਾਂ ਦੇ ਅਮਲ ਉਤੇ ਨਿਬੇੜਾ ਹੋਣ ਕਾਰਨ, ਜਦੋਂ ਜੀਵ ਕਰਮ-ਫਲ ਅਨੁਸਾਰ ਸੁਖ-ਦੁਖ ਸਹਿੰਦਾ ਹੈ ਤਾਂ ਅਕਾਲ-ਪੁਰਖ ਆਪ ਕਠੋਰ ਸਜ਼ਾ ਦੇਣ ਵਾਲਾ ਸ਼ਾਸਕ ਹੋਣ ਦੇ ਕਲੰਕ ਤੋਂ ਇਸੇ ਕਾਰਨ ਨਿਰਲੇਪ ਰਹਿੰਦਾ ਹੈ, ਕਿਉਂ ਜੁ ਇਹ ਸਜ਼ਾ ਜੀਵ ਨੂੰ ਕੁਦਰਤ ਦੀ ਅਟਲ ਨਿਯਮਾਵਲੀ ਅਨੁਸਾਰ ਹੀ ਮਿਲ ਗਈ ਹੈ। ਇਸ ਨਿਯਮਾਵਲੀ ਦਾ ਪਾਲਣ ਸਰਵ-ਕਲਿਆਣਕਾਰੀ ਹੈ ਅਤੇ ਕੁਦਰਤ ਦੇ ਸਫਲ ਸੰਚਾਲਨ ਵਾਸਤੇ ਲਾਜ਼ਮੀ ਹੈ, ਇੰਜ ਪਰਮੇਸ਼ਰ ਜੀਵਾਂ ਪ੍ਰਤੀ ਸਦਾ ਮਿਹਰਬਾਨ ਸਰੂਪ ਵਾਲਾ ਬਣਿਆ ਰਹਿੰਦਾ ਹੈ, ਜਿਸ ਉਤੇ ਜੀਵਾਂ ਨੂੰ ਸਜ਼ਾ ਦੇਣ ਦਾ ਦੋਸ਼ ਆਰੋਪਿਤ ਨਹੀਂ ਹੋ ਸਕਦਾ। ਸਾਧਕ ਨੂੰ 'ਧਰਮ ਖੰਡ' ਵਿਚ ਕੁਦਰਤ ਦੀ ਸੁੰਦਰਤਾ, ਜੀਵਨ ਨੂੰ ਸੁਖ ਅਤੇ ਆਸਰਾ ਦੇਣ ਵਾਲੇ ਉਸ ਦੇ ਸੁਭਾਅ ਅਤੇ ਕਰਮ ਦੇ ਮਹਤਵ ਦੀ ਮੂਲ-ਚੇਤਨਾ ਪ੍ਰਾਪਤ ਹੁੰਦੀ ਹੈ। 'ਧਰਮ ਖੰਡ' ਦੇ ਅੰਤ ਵਿਚ ਲਿਖਿਆ ਹੈ 'ਧਰਮ ਖੰਡ ਕਾ ਏਹੋ ਧਰਮੁ'। ਨਾਲ ਹੀ ਅਗੇ ਆਇਆ ਹੈ 'ਗਿਆਨ ਖੰਡ ਕਾ ਆਖਹੁ ਕਰਮੁ'। ਅਰਥਾਤ ਗੁਰੂ ਜੀ ਕਹਿੰਦੇ ਹਨ 'ਧਰਮ ਖੰਡ' ਵਿਚ ਕੁਦਰਤ ਦੀ ਦੈਵੀ-ਨਿਯਮਾਵਲੀ,



ਸ੍ਰੀ ਗੁਰੂ ਗ੍ਰੰਥ ਸਾਹਿਬ ਤਸਵੀਰ: ਲੌਂਗਮੈਨ

ਵਿਧਾਨ ਜਾਂ ਅਨੁਸ਼ਾਸਨ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਅਗੇ ਮੈਂ 'ਗਿਆਨ ਖੰਡ' ਵਿਚ ਗਿਆਨ-ਪ੍ਰਾਪਤੀ ਲਈ ਸਤਿ-ਅਭਿਲਾਸ਼ੀ ਸਾਧਕ ਦੁਆਰਾ ਕੀਤੇ ਜਾਣ ਵਾਲੇ ਯਤਨ ਦੀ ਚਰਚਾ ਕਰ ਰਿਹਾ ਹਾਂ। ਸਪਸ਼ਟ ਹੈ, ਮਾਨਵੀ-ਕਰਮ ਦਾ ਅਰੰਭ 'ਗਿਆਨ ਖੰਡ' ਤੋਂ ਤੁਰਦਾ ਹੈ।

ਪੰਜਾਂ ਖੰਡਾਂ ਤੇ ਸਰਸਰੀ ਨਜ਼ਰ ਮਾਰਿਆਂ ਹੀ ਸਥਿਤੀ ਸਪਸ਼ਟ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ। 'ਧਰਮ ਖੰਡ' ਵਿਚ ਦੈਵੀ-ਕ੍ਰਿਪਾ ਨਾਲ ਜਗਿਆਸੂ ਅੰਦਰ ਕੁਦਰਤ ਦੀ ਨਿਯਮਾਵਲੀ ਸੰਬੰਧੀ ਪ੍ਰਥਮ-ਚੇਤਨਾ ਜਾਗ੍ਰਿਤ ਹੁੰਦੀ ਹੈ ਅਤੇ ਉਸ ਨੂੰ ਇਹ ਸੂਝ ਪ੍ਰਾਪਤ ਹੁੰਦੀ ਹੈ ਕਿ ਕਰਮ-ਸ਼ੁਧਤਾ ਬਿਨਾ ਜੀਵ 'ਸਚਿਆਰ' ਹੋ ਕੇ 'ਸਚਖੰਡ' ਦੀ ਅਸੀਮ ਸ਼ੋਭਾ ਦਾ ਅਨੰਦ ਨਹੀਂ ਮਾਣ ਸਕਦਾ। ਇਹ ਪ੍ਰਥਮ-ਚੇਤਨਾ ਮਾਨਵ ਨੂੰ ਯੋਗ-ਅਯੋਗ (ਕਚੇ-ਪਕੇ- ਕਚ ਪਕਾਈ ਓਥੈ ਪਾਇ) ਕਰਮ ਦੀ ਸੂਝ ਵਲ ਪ੍ਰੇਰਿਤ ਕਰਦੀ ਹੈ ਅਤੇ ਮਨੁੱਖ ਯਤਨ ਪੂਰਵਕ ਬਹੁ-ਪ੍ਰਕਾਰੀ ਗਿਆਨ ਦੁਆਰਾ ਆਪਣੇ ਵਿਵੇਕ ਨੂੰ ਭੂਸ਼ਿਤ ਕਰਦਾ ਹੈ। ਇਹ ਸਿਖਿਆਰਥੀ ਬਣ ਕੇ ਅਧਿਆਪਨ ਦੁਆਰਾ ਗਿਆਨ ਪ੍ਰਾਪਤੀ ਦਾ ਖੰਡ ਹੈ, ਗਿਆਨ ਦੀ ਸਾਧਨਾ ਦਾ ਖੰਡ ਨਹੀਂ। ਇਸ ਲਈ 'ਗਿਆਨ ਖੰਡ' ਵਿਚ ਵਰਣਿਤ ਗਿਆਨ 'ਸਾਮਾਨਯ ਗਿਆਨ' ਹੈ, ਸਾਧਕ ਦੁਆਰਾ ਸਾਧਿਤ ਪਰਿਨਿਸ਼ਪੰਨ ਅਧਿਆਤਮਕ ਗਿਆਨ ਨਹੀਂ। ਗਿਆਨ ਦੀ ਸਾਧਨਾ 'ਸਰਮ ਖੰਡ' ਵਿਚ ਹੁੰਦੀ ਹੈ, ਜਿਥੇ ਜਗਿਆਸੂ ਕਠਿਨ ਪਰਿਸ਼੍ਰਮ ਕਰ ਕੇ ਸਤਿਸੰਗ, ਸਿਮਰਨ ਦੇ ਰਸਤੇ ਤੇ ਚਲ ਕੇ ਗਿਆਨ ਨਾਲ ਸੁਰਤਿ, ਮਤਿ, ਮਨ ਅਤੇ ਬੁਧਿ ਨੂੰ ਇਸ ਲਈ ਪ੍ਰਕਾਸ਼ਮਈ ਕਰਦਾ ਹੈ ਤਾਂ ਕਿ ਇਨ੍ਹਾਂ ਉਤੇ ਜਨਮਾਂਤਰ ਤੋਂ ਛਾਈ ਸੰਸਕਾਰਾਂ ਦੀ ਕੁਰੂਪਤਾ ਨਸ਼ਟ ਹੋ ਜਾਵੇ ਅਤੇ ਅੰਤਹਕਰਣ ਅਨੁਪਮ ਸੁੰਦਰਤਾ ਗ੍ਰਹਿਣ ਕਰ ਜਾਵੇ। ਇਸ ਖੰਡ ਦੀ ਸਫਲ ਸਾਧਨਾ ਸਾਧਕ ਨੂੰ ਅੰਤਹਕਰਣ ਦੀ ਸੁੰਦਰਤਾ ਜਾਂ ਸ਼ੁਧਤਾ ਤਕ ਲੈ ਜਾਂਦੀ ਹੈ ਪਰ ਇਸ ਨਾਲ 'ਧਰਮ ਖੰਡ' ਵਿਚ ਸਾਧਕ ਵਾਸਤੇ ਮਿਥਿਆ 'ਕਰਮੀ ਕਰਮੀ ਹੋਇ ਵੀਚਾਰੁ' ਵਾਲਾ ਸਾਧਨਾ-ਪੰਧ ਪੂਰਾ ਨਹੀਂ ਹੋ ਜਾਂਦਾ ਕਿਉਂਕਿ ਗੁਰਮਤਿ ਦੀ ਕਹਾਣੀ 'ਜੀਅਹੁ ਨਿਰਮਲ ਬਾਹਰਹੁ ਨਿਰਮਲ' ਦੀ ਅਵਸਥਾ ਪ੍ਰਾਪਤ ਕਰਨ ਨਾਲ

***ਗੁਰੂ ਜੀ ਦਾ ਮਾਰਗ ਸ੍ਰੇਸ਼ਠ-ਕਰਮ ਪ੍ਰਧਾਨ ਹੈ। ਇਹ ਸ੍ਰੇਸ਼ਠ-ਕਰਮ ਬੁਧਾਂ ਅਤੇ ਯੋਗੀਆਂ ਵਾਲਾ ਕੇਵਲ ਮਾਨਸਿਕ ਕਰਮ ਨਹੀਂ, ਸਗੋਂ ਕਰਮ-ਇੰਦ੍ਰੀਆਂ ਤੋਂ ਪ੍ਰਗਟ ਕੀਤਾ, ਉਹ ਸਥੂਲ ਸ਼ੁਭ-ਅਮਲ ਹੈ, ਜੋ ਮਾਨਵ ਨੂੰ ਅਧਿਆਤਮਕ ਅਤੇ ਪਦਾਰਥਕ ਉਨਤੀ ਦੀਆਂ ਅੰਤਿਮ ਮੰਜ਼ਿਲਾਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਕਾਗਰਤਾ ਨਾਲ ਵਿਚਾਰਿਆਂ ਇਕ ਸਿੱਖ-ਚਿੰਤਕ ਸਹਿਜੇ ਹੀ ਇਸ ਨਤੀਜੇ 'ਤੇ ਪੁਜ ਸਕਦਾ ਹੈ ਕਿ ਕਿਸੇ ਕਿਰਤ-ਪ੍ਰਧਾਨ ਧਾਰਮਿਕ ਸਮੁਦਾਇ ਦੀ ਧਰਮ-ਸਾਧਨਾ ਵਿਚ ਕਰਮ-ਸਾਧਨਾ ਜਾਂ ਸ਼ੁਭਅਮਲ-ਸਾਧਨਾ ਨੂੰ ਕੋਈ ਸਥਾਨ ਹੀ ਪ੍ਰਾਪਤ ਨਾ ਹੋਵੇ, ਇਹ ਕਿਵੇਂ ਸੰਭਵ ਹੋ ਸਕਦਾ ਹੈ?***

ਹੀ ਪੂਰੀ ਹੋ ਸਕਦੀ ਹੈ। ਜੋ ਸਾਧਨਾ-ਪੰਧ 'ਧਰਮ ਖੰਡ' ਤੋਂ ਅਰੰਭ ਹੋਇਆ ਸੀ ਅਤੇ ਜਿਸ ਦੀ ਅੰਤਿਮ ਮੰਜ਼ਿਲ 'ਸ਼ੁਭ-ਅਮਲ' ਸੀ, ਉਹ ਗਿਆਨ ਦੀ ਪ੍ਰਾਪਤੀ ਅਤੇ ਇਸ ਦੀ ਅੰਤਹਕਰਣ ਦੁਆਰਾ ਸਾਧਨਾ ਨਾਲ ਪੂਰੀ ਨਹੀਂ ਹੋ ਸਕਦੀ। ਸਾਰੀ ਗੁਰਬਾਣੀ ਵਿਚ ਗੁਰੂ ਜੀ ਦੇ ਮੱਤ ਅਨੁਸਾਰ 'ਅਮਲ-ਸ਼ੁਧਤਾ' ਵਾਸਤੇ ਸਾਧਕ ਨੂੰ ਪਹਿਲਾਂ ਅੰਤਹਕਰਣ ਦਾ ਸੁਧਾਰ ਕਰਨਾ ਪਵੇਗਾ। 'ਸ਼ੁਭ-ਅਮਲ' ਅੰਤਹਕਰਣ ਦੀ ਸ਼ੁਧਤਾ ਬਿਨਾ ਸੰਭਵ ਨਹੀਂ, ਤਾਂ ਹੀ 'ਜੀਅਹੁ ਨਿਰਮਲ' ਦੀ ਸਥਿਤੀ ਪਹਿਲਾਂ ਆਈ ਹੈ।

ਕੋਈ ਸੰਦੇਹ ਨਹੀਂ ਕਿ ਅੰਤਹਕਰਣ ਦੀ 'ਸਰਮਖੰਡੀ' ਸਾਧਨਾ, ਸਫ਼ਾਈ ਅਤੇ ਸ਼ੁਧਤਾ ਦਾ ਅੰਤਿਮ-ਫਲ 'ਸ਼ੁਭ-ਅਮਲ' ਦੁਆਰਾ ਪ੍ਰਗਟ ਹੋਣਾ ਹੈ, ਸੋ, ਅਮਲ ਜਾਂ ਕਰਮ ਦਾ ਖੰਡ ਜ਼ਰੂਰ ਹੀ 'ਸਰਮ ਖੰਡ' ਤੋਂ ਬਾਅਦ ਆਉਣਾ ਚਾਹੀਦਾ ਹੈ। ਇਸ ਵਿਚਾਰ ਤੋਂ ਅਸੀਂ ਇਸ ਨਤੀਜੇ 'ਤੇ ਪੁਜਦੇ ਹਾਂ ਕਿ ਇਕ ਤਾਂ 'ਅਮਲ' ਸਿੱਖ-ਸਾਧਨਾ ਦਾ ਅਭਿੰਨ ਅੰਗ ਹੋਣਾ ਜ਼ਰੂਰੀ ਹੈ ਤੇ ਦੂਜੇ ਇਸ ਦਾ ਸਥਾਨ ਅੰਤਹਕਰਣ ਜਾਂ ਰੂਹ ਦੀ ਸਫ਼ਾਈ (ਅਰਥਾਤ ਸਰਮ-ਖੰਡ ਦੀ ਘਾੜਤ) ਤੋਂ ਬਾਅਦ ਹੋਣਾ ਲਾਜ਼ਮੀ ਹੈ। 'ਕਰਮ ਖੰਡ' ਵਿਚ ਜੋਧੇ, ਮਹਾਬਲੀ ਅਤੇ ਸੂਰਬੀਰ ਖੜੇ ਕਰਨੇ ਤਾਂ ਹੀ ਸਾਰਥਕ ਹੋ ਸਕਦੇ ਹਨ ਜੇ 'ਕਰਮ ਖੰਡ' ਜੁਝਾਰੂਆਂ ਦੇ ਜੂਝਣ ਲਈ ਕਰਮ-ਖੇਤਰ ਹੋਵੇ। ਬਖ਼ਸ਼ਿਸ਼ ਦੇ ਖੇਤਰ ਵਿਚ ਕਰਮ-ਭੂਮੀ ਨਾਲ ਸੰਬੰਧਤ ਸੰਘਰਸ਼ ਕਰਨ ਵਾਲਿਆਂ ਦੀ ਜ਼ਰੂਰਤ ਨਹੀਂ ਸੀ, ਉਸ ਖੇਤਰ ਵਿਚ ਤਾਂ ਕੇਵਲ ਰੱਬ ਵਾਲੇ, ਸਬਰ ਵਾਲੇ, ਸੰਤੋਖ ਵਾਲੇ ਸਤਿ-ਸਰੂਪ ਲੋਕ ਹੋਣੇ ਚਾਹੀਦੇ ਸਨ ਜੋ ਕਰਮਾਂ ਦਾ ਨਿਬੇੜਾ ਕਰ ਚੁਕੇ ਹੋਣ। ਫਿਰ ਬਖ਼ਸ਼ਿਸ਼ ਦਾ ਖੰਡ 'ਸਚਖੰਡ' ਤੋਂ ਵਖਰਾ ਵੀ ਨਹੀਂ ਕੀਤਾ ਜਾ ਸਕਦਾ। ਪਰ ਜਪੁ ਬਾਣੀ ਦੇ 'ਕਰਮ ਖੰਡ' ਵਿਚ ਉਹ ਅਤਿ ਕਰਮਸ਼ੀਲ ਸਾਧਕ ਅਤੇ ਭਗਤ-ਜਨ ਹਨ ਜੋ ਅੰਤਹਕਰਣ ਵਿਚ ਸਥਾਪਿਤ ਸਤਿ-ਗਿਆਨ ਨੂੰ ਸਖ਼ਤ ਘਾਲਣਾ ਦੁਆਰਾ 'ਸ਼ੁਭ-ਅਮਲ' ਦਾ ਰੂਪ ਦੇਂਦੇ ਹਨ ਅਤੇ 'ਜੀਅਹੁ ਨਿਰਮਲ ਬਾਹਰਹੁ ਨਿਰਮਲ' ਹੋਏ ਸਤਿ-ਸਰੂਪ ਵਿਚ ਟਿਕੇ 'ਸਚਖੰਡ' ਦੀ ਅਭੇਦਤਾ ਗ੍ਰਹਿਣ ਕਰ ਲੈਂਦੇ ਹਨ। 'ਕਰਮ ਖੰਡ ਕੀ ਬਾਣੀ ਜੋਰੁ' ਵਿਚ ਵਰਣਿਤ 'ਜੋਰੁ' ਪਦ ਦੀ ਬਖ਼ਸ਼ਿਸ਼ ਦੀ ਹਾਲਤ ਵਿਚ ਕੋਈ ਪ੍ਰਾਸੰਗਿਕਤਾ ਨਹੀਂ। ਇਸ ਪਦ ਦੀ ਵਰਤੋਂ ਕਰਮ-ਭੂਮੀ ਵਿਚ ਕੀਤੀ ਯਤਨ-ਪੂਰਵਕ ਅਮਲ-ਸਾਧਨਾ ਨਾਲ ਹੀ ਸਾਰਥਕ ਹੋ ਸਕਦੀ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ 'ਕਰਮ ਖੰਡ' ਦਾ 'ਕਰਮ' ਸ਼ਬਦ ਬਖ਼ਸ਼ਿਸ਼ ਵਾਸਤੇ ਨਹੀਂ ਬਲਕਿ ਇਹ ਸੰਸਕ੍ਰਿਤ ਮੂਲ ਦਾ ਸ਼ਬਦ ਹੈ ਜੋ ਕ੍ਰਿਆਸ਼ੀਲਤਾ ਲਈ ਵਰਤਿਆ ਗਿਆ ਹੈ।

ਪੰਜ ਖੰਡਾਂ ਵਿਚ ਵਰਣਿਤ 'ਖੰਡ' ਸ਼ਬਦ ਦਾ ਅਰਥ ਗੁਰਬਾਣੀ ਟੀਕਾਕਾਰ 'ਅਵਸਥਾ' ਕਰਦੇ ਹਨ ਜਿਸ ਦਾ ਸ਼ਬਦ ਦੀ ਮੂਲ-ਭਾਵਨਾ ਨਾਲ ਕੋਈ ਰਿਸ਼ਤਾ ਨਹੀਂ। ਦੈਵੀ-ਸ਼ਕਤੀ ਨਾਲ ਸਰਬ-ਭਾਂਤ ਵਿਭੂਸ਼ਿਤ ਸ੍ਰੀ ਗੁਰੂ ਨਾਨਕ ਦੇਵ ਜੀ ਜੈਸੇ ਦਾਰਸ਼ਨਿਕ ਵਿਅਕਤੀ ਤੋਂ ਇਹ ਸੰਭਵ ਨਹੀਂ ਹੋ ਸਕਦਾ ਕਿ ਉਹ ਸ਼ਬਦ ਦੀ ਅੰਤ੍ਰੀਵ-ਭਾਵਨਾ ਦਾ ਉਲੰਘਣ ਕਰ ਸਕਣ ਜਾਂ ਉਸ ਦੇ ਅਸਲ ਭਾਵ ਨੂੰ ਸਮਝਦੇ ਨਾ ਹੋਣ। ਇਹ ਭ੍ਰਾਂਤੀ ਵਿਆਖਿਆਕਾਰਾਂ ਦੀ ਬੁਧੀ ਵਿਚੋਂ ਜਨਮੀ ਹੈ। 'ਖੰਡ' ਦੇ ਮੂਲ-ਅਰਥ ਹਨ- ਟੁਕੜਾ, ਭਾਗ, ਅੰਸ਼, ਅੰਗ। ਬਿਲਕੁਲ ਸਪਸ਼ਟ ਹੈ ਕਿ 'ਜਪੁ' ਬਾਣੀ ਦੇ ਪੰਜ ਖੰਡਾਂ ਵਿਚ ਸਾਧਨਾ ਦੇ ਪੰਜ ਭਾਗਾਂ ਦਾ ਵਰਣਨ ਕੀਤਾ ਗਿਆ ਹੈ ਅਤੇ 'ਖੰਡ' ਸ਼ਬਦ ਭਾਗ ਦਾ ਬੋਧਕ ਹੈ। ਇੰਜ ਇਸ ਦਾ ਭਾਵ ਅਵਸਥਾ ਨਹੀਂ, ਬਲਕਿ 'ਸਾਧਨਾ-ਭਾਗ' ਹੈ। ਇੰਜ 'ਕਰਮ ਖੰਡ' ਜਿਗਿਆਸੂ ਦੀ ਸਾਧਨਾ ਦਾ ਉਹ ਭਾਗ ਹੈ ਜਿਸ ਵਿਚ ਉਸ ਨੇ ਸ਼ੁਭ-ਅਮਲ ਦੀ ਕਮਾਈ ਲਈ ਭਰਪੂਰ ਚੇਸ਼ਟਾ ਕਰਨੀ ਹੈ। ਪੰਜ ਖੰਡਾਂ ਦਾ ਸਾਰ ਇਹ ਹੈ-

**1. ਪ੍ਰਥਮ ਸਾਧਨਾ ਭਾਗ- ਧਰਮ:** ਇਸ ਸਾਧਨਾ-ਖੰਡ ਵਿਚ ਸਾਧਕ ਦੇ ਮਨ ਵਿਚ ਕੁਦਰਤ ਦੇ ਨਿਯਮ ਪੂਰਵਕ ਵਿਵਹਾਰ, ਦੈਵੀ-ਨਿਆਇ ਅਤੇ ਜੀਵ ਦੇ ਸ਼ੁਭ-ਅਮਲ ਰੂਪ ਫ਼ਰਜ਼ ਦੀ ਪ੍ਰਥਮ-ਚੇਤਨਾ ਜਾਗ੍ਰਿਤ ਹੁੰਦੀ ਹੈ।

**2. ਦੂਜਾ ਸਾਧਨਾ ਭਾਗ- ਗਿਆਨ:** ਇਸ ਖੰਡ ਵਿਚ ਪ੍ਰਵੇਸ਼ ਹੋਇਆ ਸਾਧਕ ਵਿਭਿੰਨ ਪ੍ਰਕਾਰ ਦਾ ਬੌਧਿਕ ਗਿਆਨ ਪ੍ਰਾਪਤ ਕਰਦਾ ਹੈ। ਇਸ ਗਿਆਨ ਵਿਚ ਪਦਾਰਥਕ ਗਿਆਨ ਵੀ ਸ਼ਾਮਿਲ ਕੀਤਾ ਗਿਆ ਹੈ ਕਿਉਂਕਿ ਮਾਨਵਤਾ ਦੇ ਵਿਕਾਸ ਵਾਸਤੇ ਇਸ ਦੀ ਪ੍ਰਾਪਤੀ ਵੀ ਜ਼ਰੂਰੀ ਹੈ।

**3. ਤੀਜਾ ਸਾਧਨਾ ਭਾਗ- ਸਰਮ (ਸ਼੍ਰਮ):** ਇਸ ਖੰਡ ਵਿਚ ਮਨੁੱਖ ਪ੍ਰਾਪਤ-ਗਿਆਨ ਦੁਆਰਾ ਆਪਣੇ ਅੰਤਹਕਰਣ ਨੂੰ ਸਤਿਸੰਗ, ਸਿਮਰਨ ਦੁਆਰਾ ਪ੍ਰਕਾਸ਼ਮਾਨ ਕਰਦਾ ਹੈ। ਫਲਸਰੂਪ ਸਾਧਕ ਦੇ ਮਨ, ਬੁਧਿ, ਸੁਰਤਿ ਅਤੇ ਮਤਿ ਉਤੋਂ ਸੰਸਕਾਰਾਂ ਦੀ ਮੈਲ ਉਤਰ ਜਾਂਦੀ ਹੈ।

**4. ਚੌਥਾ ਸਾਧਨਾ ਭਾਗ- ਕਰਮ:** ਸਾਧਨਾ ਦੇ ਇਸ ਭਾਗ ਵਿਚ ਸਾਧਕ ਸ਼ੁਭ-ਅਮਲ ਉਪਰ ਜ਼ੋਰ ਦੇਂਦਾ ਹੈ।

**5. ਪੰਜਵਾਂ ਸਾਧਨਾ ਭਾਗ- ਸੱਚ:** ਇਹ ਸਾਧਨਾ ਦੀ ਪੂਰਨਤਾ ਦਾ ਖੰਡ ਹੈ, ਜਿਥੇ ਮਨੁੱਖ ਸਤਿ-ਸਰੂਪ ਧਾਰਨ ਕਰ ਕੇ ਉਸ ਅਨੰਤ ਨਿਰਾਕਾਰ ਪਰਮੇਸ਼ਰ ਵਿਚ ਇਕਮਿਕ ਹੋ ਜਾਂਦਾ ਹੈ ਜਿਸ ਵਿਚ ਅਨੇਕਾਂ ਬ੍ਰਹਿਮੰਡ ਹਰ ਸਮੇਂ ਵਿਲੀਨ ਰਹਿੰਦੇ ਹਨ।

*ਫੋਨ:91-99971-39539

# ਤਰੇਹਠ ਵਰ੍ਹੇ ਬੀਤ ਗਏ ਨੇ ਸੰਤਾਲੀ ਵਾਲੇ ਖੂਨੀ ਘੱਲੂਘਾਰੇ ਨੂੰ

**ਦੁਖਦੀਆਂ ਯਾਦਾਂ**

**ਦੀਪ ਦੇਵਿੰਦਰ ਸਿੰਘ**

ਸੋਹਣ ਸਿੰਘ ਸੀਤਲ ਦੇ ਬਹੁਚਰਚਿਤ ਨਾਵਲ 'ਈਚੋਗਿਲ ਨਹਿਰ ਤੱਕ' ਵਿਚ ਇਕ ਸਿੱਖ ਪਾਤਰ ਮੁਸਲਮਾਨ ਪਾਤਰ ਕੋਲੋਂ ਵਿਛੜਨ ਵੇਲੇ ਕਹਿੰਦਾ ਹੈ, "ਓ ਛੱਡ ਇਲਮਦੀਨਾ, ਕਿਉਂ ਦਿਲ ਛੋਟਾ ਕਰਦੈਂ। ਇਹ ਚਾਰ ਦਿਨ ਦਾ ਰੌਲਾ, ਠੰਢਾ ਹੋ ਗਿਆ ਤਾਂ ਅਸੀਂ ਫਿਰ ਇਨ੍ਹਾਂ ਆਲ੍ਹਣਿਆਂ ਵਿਚ ਆ ਬਹਿਣੈ।"

ਮੈਂ ਸੋਚਦਾਂ ਸਦੀਆਂ ਤੋਂ ਇਕ ਸਾਂਝੀ ਕੁਦਰਤੀ ਰਹਿਤਲ 'ਤੇ ਵਸਦੇ, ਜੀਣ-ਥੀਣ ਦੀਆਂ ਲੋੜਾਂ-ਥੁੜਾਂ ਤਲਾਸ਼ਦੇ, ਸਾਂਝੀ ਵਿਰਾਸਤ ਦੇ ਪਾਲਣਹਾਰ, ਇਕ-ਦੂਜੇ ਦੇ ਦੁੱਖ-ਸੁੱਖ 'ਤੇ ਮਰ ਮਿਟਣ ਵਾਲੇ ਇੱਕੋ ਪਰਿਵਾਰ ਵਰਗੇ ਜੀਆਂ ਨੇ ਕਦੀ ਨਹੀਂ ਸੋਚਿਆ ਹੋਵੇਗਾ ਕਿ ਇਸ ਧਰਤੀ ਦੀ ਹਿੱਕ 'ਤੇ ਖਿੱਚੀ ਵੰਡ ਦੀ ਲਕੀਰ ਕਈ ਪੀੜ੍ਹੀਆਂ ਤੋਂ ਇਕੱਠਿਆਂ ਵਸਦੇ ਲੋਕਾਂ 'ਚ ਏਨੀਆਂ ਦੂਰੀਆਂ ਪਾ ਦੇਵੇਗੀ ਕਿ ਲੋਕ ਆਪਣੀ ਜਨਮ ਭੋਏਂ ਵੇਖਣ ਨੂੰ ਤਰਸਦੇ ਮਰ ਜਾਣਗੇ।

ਰੌਲਿਆਂ ਦੀ ਗੱਲ ਛਿੜਨ 'ਤੇ ਦਾਦੀ ਦਾ ਚਿਹਰਾ ਪਹਿਲਾਂ ਨਾਲੋਂ ਗੰਭੀਰ ਹੋ ਜਾਂਦਾ ਤੇ ਉਹ ਕਹਿੰਦੀ, 'ਉਹ ਰਾਤ ਆਮ ਰਾਤਾਂ ਨਾਲੋਂ ਬਹੁਤ ਕਾਲੀ ਤੇ ਡਰਾਉਣੀ ਸੀ। ਸਾਡੀ ਗਵਾਂਢਣ ਤਾਬੋ ਤੇਲਣ ਮੇਰੇ ਕੰਨ ਲਾਗੇ ਮੂੰਹ ਕਰਕੇ ਹੌਲੀ ਜਿਹੀ ਕਹਿਣ ਲੱਗੀ, 'ਭੈਣ ਬੰਸ ਕੌਰੇ ਰੌਲਾ ਤਾਂ ਦਿਨੋ-ਦਿਨ ਵਧਦੀ ਹੀ ਜਾਂਦਾ। ਹੁਣ ਤਾਂ ਘਰ ਦੀਆਂ ਕੰਧਾਂ ਵੀ ਵੱਢ ਖਾਣ ਨੂੰ ਆਉਂਦੀਆਂ। ਕੋਠੇ ਜਿੱਡੀਆਂ ਧੀਆਂ ਨੇ ਘਰ। ਕੋਈ ਹੋਣੀ ਉਤਲੀ ਹੋ ਗਈ, ਕਿੱਥੇ ਮੂੰਹ ਦੇਵਾਂਗੇ? ਫੱਜੇ ਦਾ ਪਿਉ ਕਹਿੰਦਾ, ਲਾਗਲੇ ਪਿੰਡ ਰਿਸ਼ਤੇਦਾਰਾਂ ਦੇ ਟੱਬਰ ਇਕੱਠੇ ਹੋਏ ਨੇ। ਅਸੀਂ ਤਾਂ ਬੂਹੇ ਖੁੱਲ੍ਹੇ ਛੱਡ ਤੁਰਨ ਲੱਗੇ ਈ ਭੈਣ ਮੇਰੀਏ। ਤੂੰ ਜ਼ਰਾ ਵੇਲੇ-ਕੁਵੇਲੇ ਘਰ ਵਲ ਝਾਤੀ ਮਾਰ ਲਿਆ ਕਰੀਂ। ਵਿਹੜੇ 'ਚ ਬੱਝੀ ਵਹਿੜ ਨੂੰ ਧੁੱਪੇ-ਛਾਵੇਂ ਕਰਵਾ ਦਿਆ ਕਰੀਂ। ਪੁੰਨ ਹੋਵੇਗਾ ਤੇਰਾ। ਥੋੜ੍ਹਾ ਰੌਲਾ ਗੌਲਾ ਠੰਢਾ ਹੋਊ ਤਾਂ ਜ਼ਰੂਰ ਮੁੜਾਂਗੇ। ਜਿਉਂਦੇ ਜੀਅ ਕਿਤੇ ਘਰ ਛੱਡੇ ਜਾਂਦੇ ਨੇ?' ਫਿਰ ਦਾਦੀ ਉਦਾਸ ਸੁਰ 'ਚ ਬੋਲਦੀ, 'ਪੁੱਤ ਕਈ ਹਨੇਰੀਆਂ ਝੱਖੜ ਨਿਕਲ ਗਏ। ਕਈ ਸਰਕਾਰਾਂ ਆਈਆਂ ਤੇ ਗਈਆਂ। ਕਈ ਰੁੱਤਾਂ ਚੜ੍ਹੀਆਂ ਤੇ ਬਦਲੀਆਂ। ਪਰ ਉਹ ਲੋਕ ਜਿਹੜੇ ਆਪਣੇ ਘਰਾਂ ਨੂੰ ਖੁੱਲ੍ਹੇ ਛੱਡ ਤੁਰੇ ਜਾਂਦੇ ਸਨ, ਉਹ ਨਾ ਮੁੜੇ। ਪਤਾ ਨਹੀਂ ਕਿੰਨੇ ਉਨ੍ਹਾਂ 'ਚੋਂ ਮਰ ਖਪ ਗਏ। ਅਜੇ ਵੀ ਇਉਂ ਲੱਗਦਾ ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ।'

ਹਾਂ, ਅਜੇ ਕੱਲ੍ਹ ਦੀਆਂ ਹੀ ਤਾਂ ਗੱਲਾਂ ਨੇ। ਆਹ ਛੇ ਕੁ ਦਹਾਕੇ ਪੁਰਾਣੀ ਗੱਲ ਏ ਮਸਾਂ। ਮੇਰੇ ਬਾਪੂ ਨੇ ਪਿੰਡ ਦੀ ਸੱਥ 'ਚ ਪਿੰਡ ਦੀ ਆਬਰੂ ਨੂੰ ਲੀਰੋ-ਲੀਰ ਹੁੰਦਾ ਵੇਖਿਆ ਸੀ। ਮੇਰੀ ਦਾਦੀ ਦੀਆਂ ਅੱਖਾਂ ਸਾਹਮਣੇ ਅਰਾਈਆਂ ਦੀ ਸੱਜ-ਵਿਆਹੀ ਨੂੰਹ ਨੂੰ ਕਿਰਪਾਨ ਦੇ ਜ਼ੋਰ ਧੂਹ ਕੇ ਖੜਿਆ ਸੀ ਤੇ ਹੋਰ ਵੀ ਕਿੰਨੇ ਘਿਨਾਉਣੇ ਕਾਰਨਾਮੇ, ਜਿਨ੍ਹਾਂ ਨੂੰ ਸੋਚ ਕੇ ਰੂਹ ਕੰਬਦੀ ਏ। ਜਿਨ੍ਹਾਂ ਦਿਲ ਕੰਬਾਊ ਕਾਰਿਆਂ 'ਚ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਸੀ, ਅਨੇਕਾਂ ਉਹ ਵੀ ਏਥੇ ਹੀ ਤੁਰੇ ਫਿਰਦੇ ਹਨ।

ਮੈਂ ਸੋਚਦਾਂ ਪੀਰਾਂ-ਫਕੀਰਾਂ ਦੀ ਧਰਤੀ ਨੂੰ ਕੇਹਾ ਸਰਾਪ ਸੀ ਜੋ ਇਸ ਭੋਗਿਆ। ਸਦੀਆਂ ਤੋਂ

ਅੱਜ ਵੀ ਕੋਈ ਬੁੱਢੀ ਬੇਬੇ ਭੀੜ 'ਚ ਵਿਛੜ ਪਈ ਭੈਣ ਦਾ ਚੇਤਾ ਕਰਕੇ ਰੋਂਦੀ ਏ। ਹਰ ਘਰ, ਹਰ ਗਲੀ, ਹਰ ਪਿੰਡ ਵਿਚ ਅੱਜ ਵੀ ਹਜ਼ਾਰਾਂ ਮਿਸਾਲਾਂ ਮਿਲ ਜਾਣਗੀਆਂ। ਅੱਜ ਵੀ ਹਰ ਕੁਰ, ਬਿਸ਼ਨ ਦੇਵੀ ਤੇ ਫਾਤਮਾ ਬੀਬੀ ਦੀਆਂ ਕੁਰਲਾਹਟਾਂ ਸੁਣ ਜਾਣਗੀਆਂ। ਕੋਈ ਨੀਝ ਲਾ ਕੇ ਵੇਖੇ ਆਪਣੇ ਹੀ ਭਾਈ ਬੰਦੀ, ਹੱਥਾਂ 'ਚ ਮਾਰੂ ਹਥਿਆਰ ਲਈ ਆਪਣੀਆਂ ਧੀਆਂ- ਧਿਆਣੀਆਂ ਨੂੰ ਲੀਰੋ-ਲੀਰ ਕਰਦੇ ਦਿਸ ਪੈਣਗੇ। ਇਹ ਸਾਰੇ ਕਿਰਦਾਰ ਹਾਲੇ ਵੀ ਏਥੇ ਨੇ। ਸਾਡੇ ਅੰਗ-ਸੰਗ। ਉਹ ਵੀ ਏਥੇ ਨੇ ਲਹੂ 'ਚ ਰੰਗਿਆ ਉਨ੍ਹਾਂ ਦੇ ਸਾਹਮਣੇ ਆਵੇਗਾ। ਪੰਜਾਂ ਦਰਿਆਵਾਂ ਦੀ ਧਰਤੀ ਦਾ ਸੀਨਾ ਚੀਰ ਕੇ ਇਸ ਦਾ ਆਗਮਨ ਹੋਵੇਗਾ। ਇਹ ਆਜ਼ਾਦੀ ਪੰਜਾਬ ਦੀਆਂ ਧੀਆਂ ਦਾ ਮੁੱਲ ਤਾਰ ਕੇ ਆਵੇਗੀ। ਕਿਸ ਸੋਚਿਆ ਸੀ ਕਿ ਇਹ ਆਜ਼ਾਦੀ ਪੰਜਾਬ ਦਾ ਮਾਤਮ ਬਣੇਗੀ?



ਅੰਗ-ਸੰਗ ਵਸਦੇ ਲੋਕ ਇਕ-ਦੂਜੇ ਦੇ ਖੂਨ ਦੇ ਪਿਆਸੇ ਕਿਵੇਂ ਹੋ ਗਏ? ਉਹ ਜੋ ਕੱਲ੍ਹ ਸ਼ਾਮ ਤੱਕ ਇਕੱਠੇ ਬੈਠੇ ਭੱਠੀਆਂ 'ਤੇ ਅੱਗ ਸੇਕਦੇ, ਖਤਾਂ ਬੇਲਿਆਂ 'ਚ ਢੋਲੇ ਗਾਉਂਦੇ, ਇਕ-ਦੂਜੇ ਦੇ ਖੇਤਾਂ 'ਚ ਸਾਂਝੇ ਹਲ ਚਲਾਉਂਦੇ। ਜਿਹੜੇ ਇਕ-ਦੂਜੇ ਦੇ ਘਰੀਂ ਜਾ ਕੇ ਧੀਆਂ- ਧਿਆਣੀਆਂ ਦੇ ਸਿਰੀਂ ਹੱਥ ਰੱਖਦੇ ਸਨ। ਚੜ੍ਹਦੀ ਸਵੇਰ ਹੀ ਇਨ੍ਹਾਂ ਨੂੰ ਕੀ ਹੋ ਗਿਆ ਸੀ? ਇਹ ਤਾਂ ਸਦੀਆਂ ਤੋਂ ਸਾਂਝੇ ਸਭਿਆਚਾਰ ਵਿਚ ਜੀਵੇ ਸਨ। ਇਨ੍ਹਾਂ ਬਾਬੇ ਨਾਨਕ ਤੇ ਸ਼ੇਖ ਫਰੀਦ ਨੂੰ ਇਕੱਠਿਆਂ ਸਿਜਦੇ ਕੀਤੇ ਸਨ। ਇਨ੍ਹਾਂ ਵਰ੍ਹਿਆਂ ਦੇ ਵਰ੍ਹੇ ਰੱਲ ਕੇ ਤ੍ਰਿੰਝਣਾਂ, ਤੀਆਂ ਤੇ ਮੇਲੇ ਸਜਾਏ ਸਨ। ਸੁੱਖ-ਸ਼ਾਂਤੀ ਨਾਲ ਰਲ-ਮਿਲ ਹਸਦੇ- ਖੇਡਦੇ ਲੁੱਡੀਆਂ ਪਾਉਂਦੇ ਲੋਕਾਂ ਦੇ ਵਿਹੜੇ ਕਿਹੜੀ ਕੁਲਹਿਣੀ ਰੁੱਤ ਆਣ ਉਤਰੀ ਕਿ ਇਤਿਹਾਸ ਨੂੰ ਉਲਟਾ ਗੇੜ ਦੇਣ ਨਿਕਲ ਤੁਰੇ ਲੋਕ। ਧਰਮ ਦਾ ਨਾਂ ਲੈਂਦੇ, ਮਜ਼੍ਹਬ ਦੀਆਂ ਕੂਕਾਂ ਮਾਰਦੇ। ਫਿਰ ਨਾ ਕਿਸੇ ਨੂੰ ਕੋਈ ਗੁਰੂ ਰਹਿਬਰ ਯਾਦ ਰਿਹਾ, ਨਾ ਕਿਸੇ ਨੂੰ ਬੁੱਲ੍ਹਾ ਤੇ ਨਾ ਵਾਰਸ।

ਜਿਨ੍ਹਾਂ ਲੋਕਾਂ ਨੂੰ ਬਚਾਉਣ ਲਈ ਮਦਦ ਕੀਤੀ। ਹਜ਼ਾਰਾਂ ਉਹ ਬਜ਼ੁਰਗ ਜਿਨ੍ਹਾਂ ਇਤਿਹਾਸ ਦਾ ਪਹੀਆ ਗਿੜਦਾ ਅੱਖੀਂ ਵੇਖਿਆ। ਧਰਤੀ ਦੀ ਹਿੱਕ ਚੀਰ ਕੇ ਖਿੱਚੀ ਜਾਂਦੀ ਲਕੀਰ ਵੇਖੀ। ਕਾਫਲੇ ਆਉਂਦੇ-ਜਾਂਦੇ ਤੇ ਲੁੱਟੇ ਜਾਂਦੇ ਵੇਖੇ। ਰੇਲ ਗੱਡੀਆਂ ਲੋਥਾਂ ਨਾਲ ਭਰੀਆਂ ਵੇਖੀਆਂ। ਆਪਣੀਆਂ ਧੀਆਂ ਦੀ ਬੇਪਤੀ ਆਪ ਅੱਖੀਂ ਤੱਕੀ। ਜਵਾਨ ਔਰਤਾਂ ਦੀਆਂ ਛਾਤੀਆਂ ਵੱਢ ਕੇ ਪਰੋਏ ਹਾਰਾਂ ਦਾ ਮੰਜ਼ਰ ਇਨ੍ਹਾਂ ਦੇ ਚੇਤਿਆਂ 'ਚੋਂ ਕਿਵੇਂ ਨਿਕਲ ਸਕੇਗਾ? ਪਨਾਹਗੀਰ, ਸ਼ਰਨਾਰਥੀ, ਰਫਿਊਜੀ ਆਦਿ ਵਰਗੇ ਨਾਵਾਂ ਨਾਲ ਨਵਾਜ਼ੇ ਲੋਕਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਂਦੇ ਵੇਖਿਆ ਇਨ੍ਹਾਂ ਨੇ। ਕੀ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਜਿਹੇ ਹਜ਼ਾਰਾਂ ਸ਼ਹੀਦਾਂ ਦਾ ਸੁਫਨਾ ਅਜਿਹੀ ਆਜ਼ਾਦੀ ਦਾ ਹੋਵੇਗਾ। ਲੋਕਾਂ ਦਾ ਤਾਂ ਸੁਪਨਾ ਸੀ ਕਿ ਦੇਸ਼ ਆਜ਼ਾਦ ਹੋਵੇਗਾ। ਸਾਰੇ ਪਾਸੇ ਜਗਮਗ ਹੋਵੇਗੀ। ਮੁਲਕ ਦੀ ਤਕਦੀਰ ਰਾਤੋ-ਰਾਤ ਬਦਲ ਜਾਏਗੀ। ਪਰ ਇਹ ਤਾਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਹੋਣਾ ਕਿ ਆਜ਼ਾਦੀ ਲਾੜੀ ਦਾ ਸਾਲੂ ਨਿਰਦੋਸ਼ ਲੋਕਾਂ ਦੇ

ਦੇਸ਼ਾਂ ਦੀ ਵੰਡ ਦੁਨੀਆਂ ਦੇ ਇਤਿਹਾਸ ਵਿਚ ਕੋਈ ਨਵਾਂ ਵਰਤਾਰਾ ਨਹੀਂ। ਦੂਜੀ ਸੰਸਾਰ ਜੰਗ ਦੇ ਤਜਰਬੇ ਨੂੰ ਛੱਡ ਕੇ ਸੰਸਾਰ ਵਿਚ ਆਬਾਦੀ ਦੇ ਤਬਾਦਲੇ ਦੀ ਸਭ ਤੋਂ ਵੱਡੀ ਮਿਸਾਲ 1929 ਵਿਚ ਬੁਲਗਾਰੀਆਂ ਅਤੇ ਯੂਨਾਨ ਦਰਮਿਆਨ ਹੋਇਆ ਤਬਾਦਲਾ ਸੀ, ਜਿਨ੍ਹਾਂ ਦੀ ਕੁੱਲ ਗਿਣਤੀ ਵੀਹ ਲੱਖ ਦੇ ਕਰੀਬ ਬਣਦੀ ਹੈ। ਬੁਲਗਾਰੀਆ ਅਤੇ ਯੂਨਾਨ ਦਾ ਤਬਾਦਲਾ ਦੋਹਾਂ ਸਰਕਾਰਾਂ ਦੇ ਸਮਝੌਤੇ ਅਧੀਨ ਅਤੇ ਆਪਸੀ ਸਹਿਮਤੀ ਨਾਲ ਸਹਿਜ ਰੂਪ ਵਿਚ ਹੋਇਆ ਸੀ। ਜਦੋਂ ਕਿ ਪੰਜਾਬ 'ਚ ਤਬਾਦਲਾ ਜਬਰਨ ਤੇ ਸਾਜ਼ਿਸ਼ ਅਧੀਨ ਹੋਇਆ ਸੀ। ਬੁਲਗਾਰੀਆ ਅਤੇ ਯੂਨਾਨ ਵਿਚ ਪਿੱਛੇ ਰਹਿ ਗਈਆਂ ਜਾਇਦਾਦਾਂ ਦੀ ਪੂਰੀ ਕੀਮਤ ਅਦਾ ਕੀਤੀ ਗਈ, ਜਦੋਂ ਕਿ ਪੰਜਾਬ ਵਿਚ ਇਸ ਦੇ ਉਲਟ ਵਾਪਰਿਆ।

ਜੇ ਇਸ ਤਬਾਹੀ ਦੇ ਸਿੱਟਿਆਂ ਨੂੰ ਤੱਥਾਂ ਦੇ ਰੂਪ ਵਿਚ ਦੇਖੀਏ ਤਾਂ ਰੂਹ ਨੂੰ ਕੰਬਣੀ ਛਿੜਦੀ ਏ। ਇਸ ਮੌਕੇ ਜਿਹੜੀਆਂ ਔਰਤਾਂ ਨੂੰ ਉਧਾਲਿਆ ਗਿਆ, ਉਨ੍ਹਾਂ ਦੀ ਗਿਣਤੀ 30,335 ਦੇ ਕਰੀਬ ਹੈ। ਇਨ੍ਹਾਂ ਵਿਚੋਂ ਬਹੁਤੀਆਂ ਮੁਸਲਮਾਨ ਔਰਤਾਂ ਤਾਂ ਉਧਾਲੇ ਤੋਂ ਬਾਅਦ ਪਾਕਿਸਤਾਨ ਚਲੀਆਂ ਗਈਆਂ। ਪ੍ਰੰਤੂ ਚੜ੍ਹਦੇ ਪੰਜਾਬ ਦੀਆਂ ਔਰਤਾਂ ਦੀ ਬਹੁਤੀ ਗਿਣਤੀ ਨੇ ਵਾਪਸ ਆਉਣ ਤੋਂ ਇਨਕਾਰ ਕਰ ਦਿੱਤਾ। ਭਾਰਤ ਵਿਚੋਂ ਪਾਕਿਸਤਾਨ ਜਾਣ ਵਾਲੀਆਂ ਔਰਤਾਂ ਨੂੰ ਅੱਠ ਸੌ ਸੱਠ ਬੱਚੇ ਪਿੱਛੇ ਛੱਡ ਕੇ ਜਾਣੇ ਪਏ। ਉਜਾੜੇ ਦਾ ਸ਼ਿਕਾਰ ਹੋਣ ਵਾਲੇ ਚੜ੍ਹਦੇ ਪੰਜਾਬ ਦੇ ਲੋਕ 42,93,896 ਸਨ। ਲਹਿੰਦੇ ਪੰਜਾਬ ਵਿਚੋਂ ਉਜੜਨ ਵਾਲੇ ਲੋਕ 37,95,396 ਸਨ। ਸਮੁੱਚੇ ਪੰਜਾਬੀ ਜੋ ਇਸ ਉਜਾੜੇ ਦਾ ਸ਼ਿਕਾਰ ਹੋਏ, ਉਨ੍ਹਾਂ ਦੀ ਗਿਣਤੀ 79,95,292 ਬਣਦੀ ਹੈ। ਅਗਸਤ ਤੋਂ ਸ਼ੁਰੂ ਹੋਏ ਇਸ ਕਤਲੇਆਮ ਨੇ ਦੋਨੋਂ ਪਾਸਿਓਂ ਦਸ ਲੱਖ ਪੰਜਾਬੀਆਂ ਨੂੰ ਮਾਰਚ ਤੱਕ ਨਿਗਲ ਲਿਆ ਸੀ। ਅਰਬਾਂ-ਖਰਬਾਂ ਦੀ ਜਾਇਦਾਦ ਲੁੱਟੀ-ਪੁੱਟੀ ਗਈ। ਕੁਝ ਸਾੜ ਕੇ ਸੁਆਹ ਕਰ ਦਿੱਤੀ ਗਈ। ਸ਼ਹਿਰਾਂ ਦੇ ਸ਼ਹਿਰ ਸਾੜੇ ਗਏ। ਪਿੰਡਾਂ ਦੇ ਪਿੰਡ ਦਹਿਸ਼ਤ ਅਤੇ ਦਰਿੰਦਗੀ ਦਾ ਸ਼ਿਕਾਰ ਹੋਏ।

ਇਕ ਪਾਸੇ ਅੰਗਰੇਜ਼ਾਂ ਦੇ ਜਾਣ 'ਤੇ ਖੁਸ਼ੀ ਦਾ ਵਾਤਾਵਰਨ ਸੀ ਤੇ ਦੂਜੇ ਪਾਸੇ ਪੰਜਾਬ ਬਲ ਰਿਹਾ ਸੀ। ਚਿਹਰਿਆਂ 'ਤੇ ਖਿੜਦੀਆਂ ਮੁਸਕਾਨਾਂ ਦੇ ਨਾਲ ਅਬਲਾ ਧੀਆਂ-ਧਿਆਣੀਆਂ ਦੀ ਬੇਹੁਰਮਤੀ। ਆਜ਼ਾਦ ਮੁਲਕਾਂ ਦੀਆਂ ਪਾਰਲੀਮੈਂਟਾਂ 'ਤੇ ਲਹਿਰਾਉਂਦੇ ਝੰਡਿਆਂ ਦੇ ਨਾਲ ਲੋਕਾਂ ਦੇ ਘਰਾਂ ਦੀਆਂ ਛੱਤਾਂ ਤੋਂ ਉਠਦੇ ਅੱਗ ਦੇ ਭਾਂਬੜ।

ਤਰੇਹਠ ਵਰ੍ਹੇ ਬੀਤ ਗਏ ਇਸ ਘੱਲੂਘਾਰੇ ਨੂੰ। ਉਜਾੜੇ ਦੀ ਭੇਟ ਚੜ੍ਹੇ ਦਸ ਲੱਖ ਪੰਜਾਬੀਆਂ ਦੀ ਯਾਦ ਵਿਚ ਕਿਸੇ ਨੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਸਮਾਗਮ ਰਚਾ ਕੇ ਉਨ੍ਹਾਂ ਨੂੰ ਯਾਦ ਨਹੀਂ ਕੀਤਾ। ਹੋਰ ਤਾਂ ਹੋਰ ਦੋਨਾਂ ਮੁਲਕਾਂ ਦੀਆਂ ਸਰਕਾਰਾਂ ਨੇ ਇਸ ਬੀਤੀ ਅੱਧੀ ਸਦੀ ਤੋਂ ਜ਼ਿਆਦਾ ਸਮੇਂ 'ਚ ਇਕ ਵਾਰੀ ਵੀ ਪਾਰਲੀਮੈਂਟ ਦੇ ਅੰਦਰ ਜਾਂ ਬਾਹਰ ਏਡੀ ਵੱਡੀ ਪੱਧਰ 'ਤੇ ਹੋਏ ਮਨੁੱਖਤਾ ਦੇ ਘਾਣ 'ਤੇ ਇਕ ਵੀ ਸ਼ਬਦ ਨਹੀਂ ਬੋਲਿਆ। ਯਾਦਗਾਰ ਬਣਾਉਣਾ ਤਾਂ ਦੂਰ ਦੀ ਗੱਲ ਸੀ। ਸੰਸਾਰ ਦੇ ਹੋਰ ਦੇਸ਼ਾਂ ਵਿਚ ਹੋਏ ਵੱਡੇ ਕਤਲੇਆਮ ਜਾਂ ਜੰਗ ਵਿਚ ਮਾਰੇ ਗਏ ਫੌਜੀਆਂ ਜਾਂ ਲੋਕਾਂ ਦੀ ਯਾਦ ਵਿਚ 'ਅਣਪਛਾਤੇ ਸਿਪਾਹੀ' ਦੇ ਨਾਂ 'ਤੇ ਯਾਦਗਾਰਾਂ ਬਣੀਆਂ ਹੋਈਆਂ ਹਨ। ਲੋਕ ਆਪਣੇ ਆਜ਼ਾਦੀ ਦੇ ਦਿਵਸ ਜਾਂ ਕੌਮੀ ਤਿਉਹਾਰਾਂ 'ਤੇ ਉਥੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਕਈ ਮੁਲਕਾਂ ਵਿਚ ਤਾਂ ਨਵ-ਵਿਆਹੇ ਜੋੜੇ ਇਨ੍ਹਾਂ ਯਾਦਗਾਰਾਂ 'ਤੇ ਜਾ ਕੇ ਜ਼ਿੰਦਗੀ ਦੇ ਸਫਰ 'ਤੇ ਚੱਲਣ ਦੀ ਸਹੁੰ ਖਾਂਦੇ ਹਨ। ਕਈ ਮੁਲਕਾਂ ਵਿਚ ਦੂਜੇ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਜਾਂ ਰਾਸ਼ਟਰਪਤੀਆਂ ਨੂੰ ਪਹਿਲਾਂ ਇਨ੍ਹਾਂ ਸਿਪਾਹੀਆਂ ਦੀਆਂ ਯਾਦਗਾਰਾਂ 'ਤੇ ਫੁੱਲ ਚੜ੍ਹਾਉਣੇ ਪੈਂਦੇ ਹਨ, ਪ੍ਰੰਤੂ ਜੰਗਾਂ, ਯੁੱਧਾਂ, ਤਬਾਹੀਆਂ ਦਾ ਅਹਿਸਾਸ ਰੱਖਣ ਵਾਲੇ ਪੰਜਾਬੀਆਂ ਨੇ ਇਨ੍ਹਾਂ ਨੂੰ ਦੋਹਾਂ ਪੰਜਾਬਾਂ 'ਚ ਹੀ ਅਣਗੌਲੇ ਕਰ ਦਿੱਤਾ ਹੈ।

1947 'ਚ ਵਿਛੜੇ ਦਸ ਲੱਖ ਪੰਜਾਬੀਆਂ ਦੀ ਯਾਦ ਵਿਚ ਅਣਗੌਲੇ ਪੰਜਾਬੀਆਂ ਦੀ ਯਾਦਗਾਰ ਵਾਹਗਾ ਸਰਹੱਦ ਵਿਖੇ ਗੇਟ ਸਾਹਮਣੇ ਉਸਾਰੀ ਗਈ ਹੈ। ਫੋਕਲੋਰ ਰਿਸਰਚ ਅਕਾਦਮੀ ਵਲੋਂ ਉਸਾਰੇ ਗਏ ਇਸ ਸਮਾਰਕ ਨੂੰ ਪਾਕਿਸਤਾਨ ਦੇ ਲੋਕ ਤਿੰਨ ਪਾਸਿਆਂ ਤੋਂ ਵੇਖ ਸਕਦੇ ਹਨ। ਇਸ ਯਾਦਗਾਰ ਦੇ ਉਪਰ ਦੋ ਹੱਥ ਬਣਾ ਕੇ ਲਗਾਏ ਹਨ, ਜੋ ਦੋਸਤੀ ਦਾ ਪ੍ਰਤੀਕ ਹਨ। ਇਨ੍ਹਾਂ ਹੱਥਾਂ ਵਿਚੋਂ ਨਿਕਲਦੀ ਨਿੰਬ ਪੁਰਾਣੇ ਜ਼ਖਮਾਂ ਨੂੰ ਭੁੱਲ ਕੇ ਮਿੱਤਰਤਾ ਦਾ ਨਵਾਂ ਇਤਿਹਾਸ ਲਿਖਣ ਦੀ ਪ੍ਰੇਰਨਾ ਦਿੰਦੀ ਹੈ।

ਸਮਾਰਕ ਦੇ ਇਕ ਪਾਸੇ ਲੱਗੇ ਪੱਥਰ ਉਤੇ ਪਾਕਿਸਤਾਨ ਵਾਲੇ ਪਾਸੇ ਅੰਮ੍ਰਿਤਾ ਪ੍ਰੀਤਮ ਦੀ ਵਾਰਸ ਸ਼ਾਹ ਨੂੰ ਮਾਰੀ ਆਵਾਜ਼ 'ਅੱਜ ਆਖਾਂ ਵਾਰਸ ਸ਼ਾਹ ਨੂੰ' ਅੰਕਿਤ ਹੈ। ਭਾਰਤ ਵਾਲੇ ਪਾਸੇ ਫੈਜ਼ ਅਹਿਮਦ ਫੈਜ਼ ਦੀ ਨਜ਼ਮ 'ਹਮ ਜੋ ਤਾਰੀਕ-ਏ-ਰਾਹੋਂ ਮੇਂ ਮਾਰੇ ਗਏ' ਦਰਜ ਹੈ।


# ਦੇਵ-ਏ-ਹਿੰਦ ਪਹਿਲਵਾਨ ਕਿੱਕਰ ਸਿੰਘ

ਇਕਬਾਲ ਜੱਬੋਵਾਲੀਆ*

ਪੰਜਾਬ ਦੀ ਧਰਤੀ ਨੇ ਜਿੱਥੇ ਯੋਧਿਆਂ, ਸੂਰਬੀਰਾਂ ਨੂੰ ਜਨਮ ਦਿੱਤਾ, ਉਥੇ ਸ਼ਾਹਜੋਰ ਅਤੇ ਬਲਕਾਰੀ ਪਹਿਲਵਾਨਾਂ ਨੂੰ ਵੀ ਪੈਦਾ ਕੀਤਾ ਹੈ। ਜੇ ਪਹਿਲਵਾਨੀ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਦੋ ਨਾਂ ਹਮੇਸ਼ਾ ਹੀ ਸਾਡੀ ਜ਼ੁਬਾਨ 'ਤੇ ਰਹਿੰਦੇ ਹਨ-ਪਹਿਲਵਾਨ ਗਾਮਾ ਤੇ ਕਿੱਕਰ ਸਿੰਘ। ਗਾਮਾ ਬੇਥਾਹ ਤਾਕਤ ਦਾ ਮਾਲਕ ਹੋਇਐ। ਉਹ ਮਹਾਰਾਜਾ ਪਟਿਆਲਾ ਦਾ ਕਈ ਦਹਾਕੇ ਦਰਬਾਰੀ ਪਹਿਲਵਾਨ ਰਿਹੈ। ਉਸ ਨੇ ਭਾਰਤ ਦੀਆਂ ਸਾਰੀਆਂ ਰਿਆਸਤਾਂ ਦੇ ਵੱਡੇ- ਵੱਡੇ ਪਹਿਲਵਾਨਾਂ ਨੂੰ ਮਿੰਟੋ-ਮਿੰਟੀ ਢਾਹਿਆ ਅਤੇ ਦੂਜੇ ਮੁਲਕਾਂ ਦੇ ਕਹਿੰਦੇ-ਕਹਾਉਂਦੇ ਪਹਿਲਵਾਨਾਂ ਨੂੰ ਮਿੰਟਾਂ-ਸਕਿੰਟਾਂ 'ਚ ਮੂਧੇ ਮੂੰਹ ਸੁੱਟਿਆ। ਉਸੇ ਤਰ੍ਹਾਂ ਹੀ ਪਹਿਲਵਾਨ ਕਿੱਕਰ ਸਿੰਘ ਵੀ ਬੇਅੰਤ ਸ਼ਕਤੀ ਦਾ ਮਾਲਕ ਸੀ। ਉਸ ਨੇ ਵੀ ਭਾਰਤ ਦੇ ਸਾਰੇ ਰਿਆਸਤੀ ਪਹਿਲਵਾਨਾਂ ਦੀ ਪਲਾਂ 'ਚ ਕੰਡ ਲਾ ਕੇ ਰੁਸਤਮੇ ਹਿੰਦ ਦਾ ਮਾਣ ਪ੍ਰਾਪਤ ਕੀਤਾ। ਅੰਗਰੇਜ਼ਾਂ ਨੇ ਅਜਿਹੇ ਤਾਕਤਵਰ ਪਹਿਲਵਾਨ ਨੂੰ ਹਿੰਦੋਸਤਾਨ ਦੀ ਵਿਰਾਸਤ ਮੰਨਦੇ ਹੋਏ ਦੇਵ-ਏ-ਹਿੰਦ ਦਾ ਖਿਤਾਬ ਦਿੱਤਾ।

ਬਹੁਤ ਘੱਟ ਲੋਕਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਕਿੱਕਰ ਸਿੰਘ ਦਾ ਅਸਲੀ ਨਾਂ ਪ੍ਰੇਮ ਸਿੰਘ ਸੀ। ਕਿੱਕਰ ਸਿੰਘ ਦੇ ਦਾਦੇ-ਪੜਦਾਦੇ ਤੋਂ ਕਈ ਪੁਸ਼ਤਾਂ ਪਹਿਲਾਂ ਮੁਗਲ ਬਾਦਸ਼ਾਹ ਅਕਬਰ ਦੇ ਜ਼ਮਾਨੇ ਵਿਚ ਇਕ ਜਬੂ ਨਾਂ ਦਾ ਪਹਿਲਵਾਨ ਹੋਇਆ ਕਰਦਾ ਸੀ। ਇਹ ਜਬੂ ਪਹਿਲਵਾਨ ਆਪਣੇ ਤਿੰਨ ਪੁੱਤਰਾਂ-ਘਣੀਆਂ, ਡਾਂਗਾ ਤੇ ਗੋਣੀਆਂ ਨਾਲ ਲਾਹੌਰ ਨੇੜੇ ਪਿੰਡ ਧਢਾਣਾ ਆ ਵਸਿਆ। ਇਹ ਲੋਕ ਸੰਧੂ ਜੱਟ ਸਨ। ਹੌਲੀ-ਹੌਲੀ ਉਨ੍ਹਾਂ ਨੇ ਆਲੇ-ਦੁਆਲੇ ਦੀ ਕਾਫੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਜਬੂ ਦੀ ਮੌਤ ਮਗਰੋਂ ਉਹਦੇ ਪੁੱਤਰ ਘਣੀਏ ਨੇ ਹਿੱਸੇ ਆਉਂਦੀ ਜ਼ਮੀਨ ਵਿਚ ਇਕ ਹੋਰ ਘਣੀਏ ਕੀ ਨਾਂ ਦੀ ਬਸਤੀ ਵਸਾ ਲਈ। ਘਣੀਏ ਤੋਂ ਲਗਪਗ ਅੱਠ ਪੁਸ਼ਤਾਂ ਬਾਅਦ ਉਹਦੀ ਵੰਸ਼ ਵਿਚ ਇਕ ਕਹਿਮਾ ਨਾਂ ਦਾ ਵਿਅਕਤੀ ਹੋਇਐ। ਕਹਿਮੇ ਦੇ ਦੋ ਪੁੱਤਰਾਂ 'ਚੋਂ ਮਜਲਸ ਨਾਂ ਦਾ ਬੇਟਾ ਬੇਔਲਾਦ ਹੀ ਇਸ ਦੁਨੀਆ ਤੋਂ ਚਲਾ ਗਿਆ। ਜਦਕਿ ਦੂਜੇ ਪੁੱਤਰ ਨੇ ਗੁਰਮਤਿ ਕਬੂਲ ਕਰ ਕੇ ਆਪਣਾ ਨਾਂ ਧਰਮ ਸਿੰਘ ਰੱਖ ਲਿਆ। ਧਰਮ ਸਿੰਘ ਦੀਆਂ ਦੋ ਪਤਨੀਆਂ-ਰਾਜ ਕੌਰ ਤੇ ਮਲਖਾਂ ਸਨ। ਰਾਜ ਕੌਰ ਦੀ ਕੁੱਖੋਂ ਇਕ ਪੁੱਤਰ ਦੀਵਾਨ ਸਿੰਘ ਅਤੇ ਅੱਗੋਂ ਦੀਵਾਨ ਸਿੰਘ ਦੇ ਵੀ ਇੱਕੋ ਪੁੱਤਰ ਵਜ਼ੀਰ ਸਿੰਘ ਹੋਇਆ। ਵਜ਼ੀਰ ਸਿੰਘ ਨੂੰ ਪਰਮਾਤਮਾ ਨੇ ਤਿੰਨ ਪੁੱਤਰ ਬਖਸ਼ੇ-ਭੋਪ ਸਿੰਘ, ਅਲੋਪ ਸਿੰਘ ਅਤੇ ਨੌਰੰਗ ਸਿੰਘ। ਇਨ੍ਹਾਂ ਤਿੰਨਾਂ 'ਚੋਂ ਅਲੋਪ ਸਿੰਘ ਕਿੱਕਰ ਸਿੰਘ ਦਾ ਦਾਦਾ ਸੀ। ਕਿੱਕਰ ਸਿੰਘ, ਅਲੋਪ ਸਿੰਘ ਦੇ ਵੱਡੇ ਪੁੱਤਰ ਜਵਾਲਾ ਸਿੰਘ ਦੇ ਘਰ ਜਨਮਿਆ। ਜਵਾਲਾ ਸਿੰਘ ਦੇ ਦੋ ਭਰਾ ਹੋਰ ਆਲਾ ਸਿੰਘ ਤੇ ਦੇਵਾ ਸਿੰਘ ਵੀ ਸਨ।

8 ਨਵੰਬਰ, 1857 ਨੂੰ ਲਾਹੌਰ ਜ਼ਿਲ੍ਹਾ ਐਕਸਟਰਾ ਅਸਿਸਟੈਂਟ ਕਮਿਸ਼ਨਰ ਬੰਦੋਬਸਤ ਪੰਡਿਤ ਮੋਤੀ ਲਾਲ ਨੇ ਘਣੀਏ ਕੀ ਦੇ ਵੱਖ-ਵੱਖ ਪਰਿਵਾਰਾਂ ਦੇ ਨਾਂ ਥੋੜ੍ਹੀ-ਥੋੜ੍ਹੀ ਜ਼ਮੀਨ ਕਰ ਦਿੱਤੀ। ਇਸ ਵੰਡ ਨਾਲ ਅਲੋਪ ਸਿੰਘ ਦੇ ਹਿੱਸੇ ਆਈ ਜ਼ਮੀਨ ਘੱਟ ਤੇ ਵਾਹੀਯੋਗ ਵੀ ਨਹੀਂ ਸੀ। ਉਸਦੇ ਪੁੱਤਰਾਂ ਨੂੰ ਥੋੜ੍ਹੀ ਜ਼ਮੀਨ 'ਤੇ ਖੇਤੀ ਕਰਕੇ ਗੁਜ਼ਾਰਾ ਕਰਨਾ ਮੁਸ਼ਕਿਲ ਸੀ। ਇਸ ਲਈ ਜਵਾਲਾ ਸਿੰਘ ਨੇ ਊਠ ਪਾਲ ਲਏ। ਘਰ ਵਿਚ ਮੱਝਾਂ, ਗਾਵਾਂ ਨਹੀਂ ਸਨ। ਉਹ ਊਠਣੀਆਂ ਦਾ ਦੁੱਧ ਪੀਂਦਾ ਅਤੇ ਊਠਾਂ 'ਤੇ ਹੋਰ ਜ਼ਿਮੀਂਦਾਰਾਂ ਦਾ ਅਨਾਜ ਅਤੇ ਹੋਰ ਵਸਤਾਂ ਖੇਤਾਂ ਤੋਂ ਘਰਾਂ ਤੱਕ ਜਾਂ ਸ਼ਹਿਰ ਮੰਡੀਆਂ ਨੂੰ ਲੈ ਜਾਂਦਾ। ਇਸੇ ਕਿੱਤੇ ਕਰਕੇ ਉਹ ਜੱਟ ਹੁੰਦੇ ਹੋਏ ਵੀ 'ਊਠਾਂ ਵਾਲੇ' ਅਖਵਾਉਂਦੇ ਸਨ। ਜਵਾਲਾ ਸਿੰਘ ਦੇ ਅੰਮ੍ਰਿਤਸਰ ਸ਼ਹਿਰ ਵਲ ਅਕਸਰ ਫੇਰੇ ਲਗਦੇ ਰਹਿਣ ਕਰਕੇ ਉਸਦੀ ਅੰਮ੍ਰਿਤਸਰ ਦੇ ਇਕ ਪ੍ਰਸਿਧ ਵਪਾਰੀ ਲਾਲਾ ਬਾਸ਼ੀ ਰਾਮ ਲੋਟੀਆ ਨਾਲ ਵਾਕਫੀਅਤ ਹੋ ਗਈ। ਉਹ ਲੋਹੇ ਦੀਆਂ ਭੱਠੀਆਂ ਤੋਂ ਲਾਲਾ ਜੀ ਦੀ ਹੱਟੀ ਤੱਕ ਅਤੇ ਹੱਟੀ ਤੋਂ ਗਾਹਕਾਂ ਤੱਕ ਲੋਹੇ ਦਾ ਭਾਰਾ ਸਾਮਾਨ ਊਠਾਂ 'ਤੇ ਲੱਦ ਕੇ ਲਿਆਉਣ-ਲਿਜਾਣ ਦਾ ਕੰਮ ਕਰਨ ਲੱਗ ਪਿਆ। ਉਚੇ-ਲੰਬੇ ਨਿਰੋਏ, ਚੌੜੇ ਚਕਲੇ ਜਵਾਲਾ ਸਿੰਘ ਨੂੰ ਘੁਲਣ, ਕੌਡੀ ਖੇਡਣ, ਭਾਰ ਚੁੱਕਣ ਅਤੇ ਹੋਰ ਖੇਡਾਂ ਦਾ ਬਹੁਤ ਸ਼ੌਕ ਸੀ। ਜੇ ਉਹਦੇ ਘਰ ਵਿਚ ਏਨੀ ਗਰੀਬੀ ਨਾ ਹੁੰਦੀ ਤਾਂ ਉਹ ਜ਼ਰੂਰ ਇਕ ਵੱਡਾ ਪਹਿਲਵਾਨ ਬਣਦਾ। ਵਿਆਹ ਤੋਂ ਬਾਅਦ ਜਵਾਲਾ ਸਿੰਘ ਦੀ ਰੀਝ ਸੀ ਕਿ ਜੇ ਪਰਮਾਤਮਾ ਨੇ ਉਸਦੇ ਘਰ ਲੜਕਾ ਦਿੱਤਾ ਤਾਂ ਲਾਜ਼ਮੀ ਤੌਰ 'ਤੇ ਉਹ ਉਸ ਨੂੰ ਤਕੜਾ ਪਹਿਲਵਾਨ ਬਣਾਏਗਾ। ਸ਼ਹਿਰ ਵਿਚ ਜਵਾਲਾ ਸਿੰਘ ਨੂੰ ਜਿਥੇ ਔਖੇ ਤੋਂ ਔਖੇ ਕੰਮ ਕਰਨੇ ਪੈਂਦੇ, ਉਥੇ ਉਸਦੀ ਘਰ ਵਾਲੀ ਨੂੰ ਪਿੰਡ ਵਿਚ ਕਾਫੀ ਮਿਹਨਤ-ਮੁਸ਼ੱਕਤ ਕਰਨੀ ਪੈਂਦੀ। ਕੰਮ ਦੇ ਜ਼ਿਆਦਾ ਭਾਰ ਨਾਲ ਘਰ ਵਾਲੀ ਦੇ ਗਰਭ ਨੂੰ ਸੱਤਾਂ ਮਹੀਨਿਆਂ ਬਾਅਦ ਹੀ ਕੁੱਖੀਂ ਪੀੜਾਂ ਛਿੜ ਪਈਆਂ। ਇਸ ਤਰ੍ਹਾਂ 1857 ਈ: ਨੂੰ ਕੱਤਕ ਦੀ ਦੋ ਤਰੀਕ ਨੂੰ ਮੰਗਲ ਵਾਲੇ ਦਿਨ ਉਸਨੇ ਇਕ ਸਤਮਾਹੇ ਬੱਚੇ ਨੂੰ ਜਨਮ ਦਿੱਤਾ। ਇਸ ਹਲਕੇ ਜਿਹੇ ਬੱਚੇ ਦੇ ਜ਼ਿੰਦਾ ਰਹਿਣ ਦੀ ਕੋਈ ਬਹੁਤੀ ਆਸ ਨਹੀਂ ਸੀ। ਜਵਾਲਾ ਸਿੰਘ ਨੂੰ ਜ਼ਿੰਦਗੀ ਦੇ ਸੁਪਨੇ ਚਕਨਾਚੂਰ ਹੁੰਦੇ ਜਾਪੇ। ਫਿਰ ਵੀ ਉਹ ਬਾਲ ਉਸਨੂੰ ਬਹੁਤ ਪਿਆਰਾ ਲੱਗਾ। ਉਸਦਾ ਨਾਂ ਪ੍ਰੇਮ ਸਿੰਘ ਰੱਖਿਆ ਗਿਆ। ਜ਼ਿੰਦਗੀ ਦੇ ਔਖੇ ਦਿਨ ਟਪਾ ਕੇ ਪ੍ਰੇਮ ਸਿੰਘ ਜਿਉਂਦਾ ਰਿਹਾ।




ਜਵਾਲਾ ਸਿੰਘ ਦੀ ਜ਼ਿੰਦਗੀ 'ਚ ਇਕ ਦੁਖਦਾਈ ਘਟਨਾ ਵਾਪਰੀ ਜਿਹੜੀ ਉਸਨੂੰ ਤਬਾਹ ਕਰ ਗਈ। ਅੰਮ੍ਰਿਤਸਰ ਦੇ ਜਿਸ ਬਾਜ਼ਾਰ ਵਿਚ ਜਵਾਲਾ ਸਿੰਘ ਲੋਹਾ ਢੋਂਦਾ ਸੀ, ਉਥੇ ਡਾਕਾ ਪੈ ਗਿਆ। ਸਾਰੇ ਹਿੰਦੋਸਤਾਨ ਵਿਚ ਅੰਗਰੇਜ਼ਾਂ ਵਿਰੁਧ ਜੰਗ ਦਾ ਪਹਿਲੇ ਗਦਰ ਦਾ ਜ਼ਮਾਨਾ ਸੀ। ਸ਼ੱਕ ਵਿਚ ਕੋਈ ਅਜਨਬੀ ਗੱਭਰੂ ਸਮਝ ਕੇ ਜਵਾਲਾ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਜਿਸ ਲਾਲੇ ਬਾਸ਼ੀ ਰਾਮ ਵਾਸਤੇ ਲੰਬਾ ਸਮਾਂ ਕੰਮ ਕੀਤਾ ਸੀ, ਉਸਨੇ ਵੀ ਜਵਾਲਾ ਸਿੰਘ ਦੀ ਕੋਈ ਮਦਦ ਨਾ ਕੀਤੀ। ਗੋਰੀ ਸਰਕਾਰ ਨੇ ਬਾ-ਮੁਸ਼ੱਕਤ ਕੈਦ ਸੁਣਾ ਕੇ ਲਾਹੌਰ ਦੀ ਜੇਲ੍ਹ ਵਿਚ ਭੇਜ ਦਿੱਤਾ। ਪੁੱਛਗਿੱਛ ਦੌਰਾਨ ਹਵਾਲਾਤ ਵਿਚ ਦਿੱਤੇ ਕਈ ਤਸੀਹਿਆਂ ਅਤੇ ਜੇਲ੍ਹ ਦੀ ਮਾੜੀ ਖ਼ੁਰਾਕ ਨੇ ਜਵਾਲਾ ਸਿੰਘ ਨੂੰ ਕਈ ਤਰ੍ਹਾਂ ਦਾ ਰੋਗੀ ਬਣਾ ਦਿੱਤਾ।

ਉਨ੍ਹਾਂ ਸਮਿਆਂ ਵਿਚ ਨੇਕ ਸੁਭਾਅ ਵਾਲੇ ਕੈਦੀਆਂ ਨੂੰ ਸਰਕਾਰੀ ਅਫਸਰਾਂ ਦੇ ਘਰਾਂ ਵਿਚ ਕੰਮ ਵਗੈਰਾ ਕਰਨ ਲਈ ਭੇਜ ਦਿੱਤਾ ਜਾਂਦਾ ਸੀ। ਜਵਾਲਾ ਸਿੰਘ ਨੂੰ ਵੀ ਇਕ ਵੱਡੇ ਅਫਸਰ ਦੇ ਬੰਗਲੇ ਦੀ ਬਗੀਚੀ ਦੀ ਦੇਖ-ਭਾਲ ਅਤੇ ਘਰ ਦੇ ਹੋਰ ਕੰਮਾਂ ਲਈ ਭੇਜ ਦਿੱਤਾ ਗਿਆ। ਅਚਾਨਕ ਇਕ ਦਿਨ ਉਸ ਬੰਗਲੇ ਵਿਚ ਅੱਗ ਭੜਕ ਉਠੀ। ਸਾਹਿਬ ਕਿਤੇ ਬਾਹਰ ਗਿਆ ਹੋਇਆ ਸੀ ਅਤੇ ਉਸਦੀ ਮੇਮ ਤੇ ਬੱਚੇ ਇਸ ਅੱਗ ਵਿਚਾਲੇ ਘਿਰ ਗਏ। ਜਵਾਲਾ ਸਿੰਘ ਵਿਚ ਜਵਾਨੀ ਵਾਲੀ ਤਾਕਤ ਤਾਂ ਨਹੀਂ ਸੀ ਰਹੀ ਪਰ ਆਮ ਆਦਮੀ ਨਾਲੋਂ ਉਹ ਹਾਲੇ ਵੀ ਤਕੜਾ ਸੀ। ਉਸ ਨੇ ਪੂਰੇ ਸਰੀਰਕ ਬਲ ਨਾਲ ਖੂਹ ਗੇੜ ਕੇ ਪਾਣੀ ਕੱਢਿਆ ਅਤੇ ਅੱਗ ਬੁਝਾਉਣ ਲਈ ਪੂਰੀ ਜਿੰਦ ਜਾਨ ਲਾ ਦਿੱਤੀ। ਜਵਾਲਾ ਸਿੰਘ ਦੀ ਹਿੰਮਤ ਤੇ ਹੌਂਸਲੇ ਨਾਲ ਉਹ ਲੋਕ ਅੱਗ ਵਿਚ ਸੜਨ ਤੋਂ ਬਚ ਗਏ। ਘਰ ਆਏ ਸਾਹਿਬ ਨੂੰ ਜਦੋਂ ਘਰ ਅੱਗ ਲੱਗਣ ਅਤੇ ਜਵਾਲਾ ਸਿੰਘ ਦੀ ਦਲੇਰੀ ਦਾ ਪਤਾ ਲੱਗਾ ਤਾਂ ਉਹ ਬਹੁਤ ਪ੍ਰਭਾਵਿਤ ਹੋਇਆ। ਉਹਨੇ ਜਵਾਲਾ ਸਿੰਘ ਦੇ ਕੇਸ ਦੀ ਖ਼ੁਦ ਪੜਤਾਲ ਕੀਤੀ। ਸਾਹਿਬ ਬਹੁਤ ਹੈਰਾਨ ਹੋਇਆ ਕਿ ਪੁਲਿਸ ਨੇ ਜਾਣਬੁੱਝ ਕੇ ਡਾਕੇ ਦੇ ਅਸਲ ਮੁਜਰਮਾਂ ਨੂੰ ਫੜਨ ਦੀ ਬਜਾਏ ਇਕ ਨਿਰਦੋਸ਼ ਨੂੰ ਇਸ ਮੁਕੱਦਮੇ ਵਿਚ ਫਸਾ ਦਿੱਤਾ ਹੈ। ਗੋਰੇ ਸਾਹਿਬ ਨੇ ਤੁਰੰਤ ਜਵਾਲਾ ਸਿੰਘ ਨੂੰ ਰਿਹਾ ਕਰਵਾ ਕੇ ਚਾਰ ਸੌ ਰੁਪਏ ਇਨਾਮ ਵਜੋਂ ਵੀ ਦਿਵਾਏ। ਕੈਦ 'ਚੋਂ ਛੁੱਟ ਕੇ ਜਵਾਲਾ ਸਿੰਘ ਸਿੱਧਾ ਆਪਣੇ ਪਿੰਡ ਘਣੀਏ ਕੀ ਜਾ ਪੁੱਜਾ। ਉਸਦਾ ਘਰ-ਬਾਰ ਸਭ ਉਜੜ ਚੁੱਕਾ ਸੀ। ਉਸਦੀ ਪਤਨੀ, ਪੁੱਤਰ ਨੂੰ ਲੈ ਕੇ ਆਪਣੇ ਪੇਕੇ ਪਿੰਡ ਨੂਰਪੁਰ ਜਾ ਬੈਠੀ ਸੀ। ਦੋਵੇਂ ਛੋਟੇ ਭਰਾ ਪੁਲਿਸ ਦੇ ਰੋਜ਼-ਰੋਜ਼ ਦੇ ਛਾਪਿਆਂ ਤੋਂ ਡਰਦੇ ਗਾਇਬ ਹੋ ਚੁੱਕੇ ਸਨ।

ਜਵਾਲਾ ਸਿੰਘ ਦੇ ਨਿਰਦੋਸ਼ ਹੋਣ ਦਾ ਜੋ 400 ਰੁਪਏ ਇਨਾਮ ਮਿਲਿਆ ਸੀ, ਉਸ 'ਚੋਂ ਕੁਝ ਪੈਸਿਆਂ ਦੀ ਉਸਨੇ ਬਹੁਤੇ ਦੁੱਧ ਵਾਲੀ ਮੱਝ ਖਰੀਦ ਲਈ। ਜਵਾਲਾ ਸਿੰਘ ਆਪਣੇ ਪੁੱਤਰ ਨੂੰ ਤਕੜਾ ਪਹਿਲਵਾਨ ਬਣਾਉਣਾ ਚਾਹੁੰਦਾ ਸੀ। ਆਪਣੇ ਪੁੱਤਰ ਅਤੇ ਪਤਨੀ ਨੂੰ ਸਹੁਰੇ ਘਰ ਤੋਂ ਲੈ ਆਇਆ। ਉਸ ਨੂੰ ਇਸ ਗੱਲ ਦੀ ਖੁਸ਼ੀ ਜ਼ਰੂਰ ਸੀ ਕਿ ਉਸਦਾ ਪੁੱਤਰ ਪਹਿਲਵਾਨ ਬਣ ਰਿਹੈ। ਰੱਜਵੇਂ ਦੁੱਧ-ਘਿਓ ਨਾਲ ਘਰ ਵਿਚ ਲਹਿਰਾਂ-ਬਹਿਰਾਂ ਲੱਗ ਗਈਆਂ ਸਨ। ਇਸੇ ਖੁਸ਼ੀ ਨੂੰ ਮਾਣਦੇ ਹੋਏ ਜਵਾਲਾ ਸਿੰਘ ਦੇ ਸਾਹ ਇਕ ਦਿਨ ਕਾਲ ਨੇ ਸੂਤ ਲਏ।

ਬਾਪ ਦੀ ਮੌਤ ਤੋਂ ਬਾਅਦ ਪ੍ਰੇਮ ਸਿੰਘ ਦੇ ਸਿਰ 'ਤੇ ਛੋਟੇ ਚਾਚੇ ਦੇਵਾ ਸਿੰਘ ਨੇ ਪਿਆਰ ਭਰੇ ਆਸਰੇ ਦਾ ਹੱਥ ਆ ਧਰਿਆ। ਉਹ ਹੁਣ ਆਮ ਕਰਕੇ ਆਪਣੇ ਨਾਨਕਿਆਂ ਕੋਲ ਹੀ ਰਹਿੰਦਾ। ਪ੍ਰੇਮ ਸਿੰਘ ਨੂੰ ਪਹਿਲਵਾਨ ਬਣਾਉਣ ਦੇ ਸ਼ੌਕੀਨ ਨਾਨਕਿਆਂ ਨੇ ਨਿੱਕੇ ਹੁੰਦੇ ਨੂੰ ਹੀ ਘੁਮਿਆਰਾਂ 'ਚੋਂ ਗੁਲਾਮੀ ਨਾਂ ਦੇ ਪਹਿਲਵਾਨ ਦਾ ਸ਼ਾਗਿਰਦ ਬਣਾ ਦਿੱਤਾ। ਉਹ ਬੜਾ ਹੀ ਗੁਣੀ ਤੇ ਕੁਸ਼ਤੀ-ਕਲਾ ਦੇ ਦਾਅ-ਪੇਚਾਂ ਦਾ ਮਾਹਿਰ ਪਹਿਲਵਾਨ ਸੀ। ਬਾਰਾਂ ਸਾਲਾਂ ਦੀ ਉਮਰ ਤੋਂ ਬਾਅਦ ਪ੍ਰੇਮ ਸਿੰਘ ਦਾ ਕੱਦ-ਕਾਠ ਵੱਧਣ-ਫੁੱਲਣ ਲੱਗਾ ਤੇ ਉਸਦੇ ਸਰੀਰ ਦੀ ਬਣਤਰ ਹੋਰ ਦੀ ਹੋਰ ਹੋਣ ਲੱਗ ਪਈ। ਉਸਦਾ ਸਰੀਰਕ ਬਲ ਬਹੁਤ ਵੱਧ ਗਿਆ ਸੀ। ਪਿੰਡ ਦੇ ਤਕੜੇ- ਤਕੜੇ ਪਹਿਲਵਾਨ ਉਸ ਨੂੰ ਜੋਰ ਕਰਾਉਣ ਤੋਂ ਘਬਰਾਉਣ ਲੱਗੇ। ਉਹ ਦਰੱਖਤਾਂ ਨਾਲ ਧੱਕੇ ਲਾ-ਲਾ ਜ਼ੋਰ ਅਜਮਾਈ ਕਰਦਾ। ਛੋਟੇ-ਮੋਟੇ ਦਰੱਖਤ ਉਹਦੇ ਧੱਕਿਆਂ ਨਾਲ ਹਿੱਲ ਜਾਂਦੇ। ਕਈ ਵਾਰ ਉਹ ਜ਼ੋਰਦਾਰ ਹਝੋਕਿਆ ਨਾਲ ਉਨ੍ਹਾਂ ਨੂੰ ਜੜ੍ਹਾਂ ਤੋਂ ਉਖਾੜ ਦਿੰਦਾ।

ਚੜ੍ਹਦੀ ਉਮਰੇ ਉਸਦਾ ਦੰਗਲ ਸ਼ੇਖ ਲਧੇ ਦੀ ਮਿਆਣੀ ਨਾਂ ਦੇ ਪਿੰਡ ਵਿਚ ਹੋਇਆ। ਉਸ ਪਿੰਡ ਹਰ ਸਾਲ ਵੱਡੇ-ਵੱਡੇ ਪਹਿਲਵਾਨਾਂ ਦੇ ਘੋਲ ਹੁੰਦੇ ਸਨ। ਦੂਰ-ਦੂਰ ਤੋਂ ਲੋਕ ਇਹ ਦੰਗਲ ਵੇਖਣ ਆਉਂਦੇ। ਉਸ ਇਲਾਕੇ ਵਿਚ ਬੇਹੱਦ ਤਾਕਤ ਦੇ ਮਾਲਕ ਪਹਿਲਵਾਨ ਬਾਨਾ ਦੇ ਨਾਂ ਦੀ ਧੁੰਮ ਪਈ ਹੋਈ ਸੀ, ਰੱਬ ਦੀ ਕਰਨੀ ਪਹਿਲਵਾਨ ਬਾਨਾ ਉਸੇ ਸਾਲ ਹੀ ਪ੍ਰਲੋਕ ਸਿਧਾਰ ਗਿਆ। ਇਸ ਖਬਰ ਨੇ ਘੋਲ ਵੇਖਣ ਆਏ ਪ੍ਰਸ਼ੰਸਕਾਂ ਨੂੰ ਨਿਰਾਸ਼ ਕਰ ਦਿੱਤਾ। ਜਦੋਂ ਪ੍ਰੇਮ ਸਿੰਘ ਅਖਾੜੇ ਵਿਚ ਨਿਕਲਿਆ ਤਾਂ ਉਹਦੇ ਉਚੇ-ਲੰਮੇ ਕੱਦ ਅਤੇ



ਖੁੱਲ੍ਹੇ-ਡੁੱਲ੍ਹੇ ਜੁੱਸੇ ਨੂੰ ਵੇਖਦਿਆਂ ਹੀ ਬਾਨੇ ਦੇ ਚਾਹਵਾਨ ਹੱਕੇ-ਬੱਕੇ ਰਹਿ ਗਏ। ਪ੍ਰਭਾਵਤ ਹੋਏ ਕਿਸੇ ਦਰਸ਼ਕ ਨੇ ਕਿਹਾ, ''ਬੋੜ੍ਹ ਦੀ ਥਾਂ ਬੋੜ੍ਹ ਨਹੀਂ ਸਗੋਂ ਕਿੱਕਰ ਉਗ ਪਿਆ ਏ।'' ਇਹ ਗੱਲ ਕਾਫੀ ਪ੍ਰਸਿਧ ਹੋਈ। ਹੁਣ ਹਰ ਵੇਲੇ ਲੋਕ ਕਿੱਕਰ ਸਿੰਘ ਦੇ ਦੰਗਲ ਦਾ ਇੰਤਜ਼ਾਰ ਕਰਦੇ। ਇਨ੍ਹਾਂ ਛਿੰਜਾਂ ਦੌਰਾਨ ਕਿੱਕਰ ਸਿੰਘ ਦੇ ਮੁਕਾਬਲੇ ਦਾ ਹੋਰ ਕੋਈ ਪਹਿਲਵਾਨ ਨਹੀਂ ਸੀ। ਉਹ ਸਾਹਮਣੇ ਆਉਣ ਵਾਲੇ ਹਰ ਪਹਿਲਵਾਨ ਨੂੰ ਝੱਟ ਮਰੋੜ ਕੇ ਜ਼ਮੀਨ 'ਤੇ ਵਗਾਹ ਮਾਰਦਾ।

ਅੰਨੇ ਜ਼ੋਰ ਨਾਲ ਕਿੱਕਰ ਸਿੰਘ ਦੀ ਇਲਾਕੇ 'ਚ ਜੈ-ਜੈ ਕਾਰ ਹੋ ਗਈ। ਹਰ ਪਾਸੇ ਕਿੱਕਰ ਸਿੰਘ, ਕਿੱਕਰ ਸਿੰਘ ਹੋ ਰਹੀ ਸੀ। ਬੇਅੰਤ ਤਾਕਤ ਅਤੇ ਅਨੇਕਾਂ ਕਾਮਯਾਬੀਆਂ ਕਰਕੇ ਦਰਸ਼ਕਾਂ ਨੇ ਪ੍ਰੇਮ ਸਿੰਘ ਨੂੰ ਕਿੱਕਰ ਸਿੰਘ ਦਾ ਖਿਤਾਬ ਦੇ ਦਿੱਤਾ। ਇਸ ਤੋਂ ਬਾਅਦ ਉਸ ਨੇ ਵੀ ਕਿਸੇ ਨੂੰ ਆਪਣਾ ਅਸਲ ਨਾਂ ਨਾ ਦੱਸਿਆ। ਕਿੱਕਰ ਸਿੰਘ ਹੀ ਉਸ ਦੀ ਪਹਿਚਾਣ ਬਣ ਗਿਆ।

ਉਨ੍ਹਾਂ ਦਿਨਾਂ ਵਿਚ ਹਿੰਦੋਸਤਾਨ ਦੀਆਂ ਛੋਟੀਆਂ-ਵੱਡੀਆਂ ਸਾਰੀਆਂ ਰਿਆਸਤਾਂ ਅਤੇ ਰਜਵਾੜਿਆਂ ਵਿਚ ਸ਼ਾਹਜ਼ੋਰ ਪਹਿਲਵਾਨਾਂ ਦੀ ਬਹੁਤ ਕਦਰ-ਕੀਮਤ ਪਾਈ ਜਾਂਦੀ ਸੀ। ਹਰ ਨਵਾਬ ਜਾਂ ਰਾਜੇ ਦੀ ਇਹੀ ਇੱਛਾ ਹੁੰਦੀ ਕਿ ਉਹਦੇ ਦਰਬਾਰ ਵਿਚ ਕੋਈ ਮਹਾਂਬਲੀ ਪਹਿਲਵਾਨ ਹੋਵੇ ਜਿਹੜਾ ਕਿਸੇ ਹੋਰ ਰਜਵਾੜੇ ਕੋਲ ਨਾ ਹੋਵੇ। ਕਿੱਕਰ ਸਿੰਘ ਦੇ ਚਾਚੇ ਦੇਵਾ ਸਿੰਘ ਕੋਲ ਲੋਕ ਆ-ਆ ਆਖਦੇ ਕਿ ਏਹਨੂੰ ਛੋਟੇ-ਮੋਟੇ ਦੰਗਲਾਂ ਤੱਕ ਹੀ ਨਾ ਰੱਖੋ। ਅਜਿਹੇ ਵੱਡੇ ਪਹਿਲਵਾਨ ਦੀ ਕੀਮਤ ਤੇ ਮਾਨ-ਸਨਮਾਨ ਕੋਈ ਰਾਜਾ, ਮਹਾਰਾਜਾ ਹੀ ਕਰ ਸਕਦਾ ਹੈ। ਰਿਆਸਤ ਜੰਮੂ ਨਾਲ ਸੰਪਰਕ ਕੀਤਾ ਅਤੇ ਕਿੱਕਰ ਸਿੰਘ ਜੰਮੂ ਦੇ ਰਾਜੇ ਦਾ ਦਰਬਾਰੀ ਪਹਿਲਵਾਨ ਜਾ ਬਣਿਆ। ਰਿਆਸਤ ਜੰਮੂ ਦਾ ਖਾਸ ਪਹਿਲਵਾਨ ਬਣਨ ਤੋਂ ਬਾਅਦ ਹੋਰ ਰਜਵਾੜਿਆਂ ਦੇ ਨਾਮੀ-ਗਰਾਮੀ ਪਹਿਲਵਾਨਾਂ ਨਾਲ ਕਿੱਕਰ ਸਿੰਘ ਦੇ ਜੋੜ ਹੋਣ ਲੱਗ ਪਏ। ਕੁਦਰਤ ਨੇ ਚੰਗੇ ਦਿਨ ਫੇਰੇ ਤੇ ਉਹਦਾ ਸਿਤਾਰਾ ਚਮਕਣ ਲੱਗਾ। ਉਹ ਜੰਮੂ ਤੋਂ ਸ਼ੁਰੂ ਹੋ ਕੇ ਤੋੜ ਕਲਕੱਤੇ ਤੱਕ ਸਾਰੇ ਮੰਨੇ-ਪ੍ਰਮੰਨੇ ਪਹਿਲਵਾਨਾਂ ਨੂੰ ਢਾਹੁੰਦਾ ਚਲਾ ਗਿਆ। ਹਰ ਰਾਜੇ ਅਤੇ ਨਵਾਬ ਦੀ ਇਹੋ ਖਾਹਿਸ਼ ਸੀ ਕਿ ਉਸਦਾ ਦਰਬਾਰੀ ਪਹਿਲਵਾਨ ਕਿੱਕਰ ਸਿੰਘ ਬਣੇ। ਉਸ ਨੇ ਵੀ ਹਰ ਇਕ ਦਾ ਮਾਣ ਰੱਖਿਆ। ਜੰਮੂ ਤੋਂ ਇਲਾਵਾ ਉਸਨੇ ਇੰਦੌਰ, ਜੋਧਪੁਰ, ਗਵਾਲੀਅਰ, ਬੜੌਦਾ, ਦਤਿਆ, ਮਹੀ, ਮਗਧ ਤੇ ਟੌਂਕ ਆਦਿ ਕਈ ਦਰਬਾਰਾਂ ਵਿਚ ਕਈ-ਕਈ ਸਾਲ ਰਹਿ ਕੇ ਪੰਜਾਬ ਦਾ ਨਾਂ ਚਮਕਾਇਆ।

ਰਾਜਿਆਂ, ਰਾਣਿਆਂ ਤੇ ਨਵਾਬਾਂ ਦੇ ਦਰਬਾਰਾਂ ਵਿਚ ਰਹਿਣ ਦੇ ਬਾਵਜੂਦ ਕਿੱਕਰ ਸਿੰਘ ਨੇ ਹਰ ਥਾਂ ਆਪਣੀ ਅਣਖ ਪੁਗਾਈ। ਸਖਤ ਤੋਂ ਸਖਤ ਹਾਕਮ ਅੱਗੇ ਵੀ ਕਦੇ ਨਾ ਝੁਕਿਆ। ਇਕ ਵਾਰ ਰਾਜੇ ਟੌਂਕ ਦੇ ਮਹੱਲਾਂ ਵਿਚ ਕੱਪੜੇ ਦੀਆਂ ਵੱਡੀਆਂ ਤੇ ਭਾਰੀਆਂ ਪੰਡਾਂ ਆਈਆਂ। ਤਮਾਸ਼ੇ ਦੇ ਲਹਿਜੇ ਨਾਲ ਨਵਾਬ ਨੇ ਦਰਬਾਰ ਦੇ ਸਾਰੇ ਤਾਕਤਵਰ ਆਦਮੀਆਂ ਨੂੰ ਵੰਗਾਰਿਆ ਕਿ ਕਿਹੜਾ ਬਿਨਾਂ ਖੋਲ੍ਹੇ ਸਭ ਤੋਂ ਵੱਡੀ ਪੰਡ ਨੂੰ ਮਹੱਲ ਦੀ ਉਪਰਲੀ ਛੱਤ ਤੱਕ ਲਿਜਾ ਸਕਦਾ ਹੈ। ਪੰਡ ਚੁੱਕ ਕੇ ਮਹੱਲ ਦੀਆਂ 70 ਪੌੜੀਆਂ ਚੜ੍ਹ ਕੇ ਆਖਰੀ ਮੰਜ਼ਿਲ ਤੱਕ ਅੱਪੜਨਾ ਸੀ। ਇਸ ਵੰਗਾਰ ਨੂੰ ਕਬੂਲਦੇ ਹੋਏ ਆਪਣੇ ਆਪ ਨੂੰ ਖੱਬੀ ਖਾਨ ਸਮਝਣ ਵਾਲੇ ਜ਼ੋਰਾਵਰ ਗੱਭਰੂ ਜ਼ੋਰ ਮਾਰਦੇ ਰਹੇ। ਕੋਈ ਵੀ ਸਫਲ ਨਾ ਹੋ ਸਕਿਆ। ਆਪਣੀ ਤਾਕਤ 'ਤੇ ਮਾਣ ਕਰਨ ਵਾਲੇ, ਕਿੱਕਰ ਸਿੰਘ ਤੋਂ ਤਕੜਾ ਹੋਣ ਦਾ ਭਰਮ ਪਾਲਣ ਵਾਲੇ, ਨਵਾਬ ਦੇ ਤੋਪਖਾਨੇ ਦੇ ਕਾਰਿੰਦੇ ਜੱਬਰੂ ਪਠਾਣ ਨੂੰ ਵੀ ਬੁਲਾਇਆ ਗਿਆ। ਜੱਬਰੂ ਨੇ ਬੜੀ ਮੁਸ਼ਕਿਲ ਨਾਲ ਮਣਾਂ-ਮੂੰਹ ਭਾਰੀ ਪੰਡ ਚੁੱਕ ਤਾਂ ਲਈ ਪਰ ਕੁਝ ਹੀ ਪੌੜੀਆਂ ਚੜ੍ਹ ਕੇ ਹਫ ਕੇ ਉਥੇ ਹੀ ਬਹਿ ਗਿਆ। ਹੁਣ ਸਾਰੇ ਦਰਬਾਰ ਦੀਆਂ ਨਜ਼ਰਾਂ ਕਿੱਕਰ ਸਿੰਘ ਦਾ ਇੰਤਜ਼ਾਰ ਕਰ ਰਹੀਆਂ ਸਨ। ਦੈਂਤ ਵਰਗੇ ਜ਼ੋਰ ਵਾਲੇ ਕਿੱਕਰ ਸਿੰਘ ਨੇ ਕੱਪੜੇ ਦੀ ਵੱਡੀ ਤੇ ਭਾਰੀ ਪੰਡ ਨੂੰ ਇਕ ਹੀ ਝਟਕੇ ਨਾਲ ਚੁੱਕ ਲਿਆ। ਰਾਹ 'ਚ ਬਿਨਾਂ ਸਾਹ ਲਏ ਤੇ ਬਿਨਾਂ ਕਿਸੇ ਸਹਾਰੇ ਦੇ ਉਤਲੀ ਮੰਜ਼ਿਲ 'ਤੇ ਪੰਡ ਲਿਜਾ ਰੱਖੀ। ਕਿੱਕਰ ਸਿੰਘ ਦੀ ਤਾਕਤ ਦਾ ਇਹ ਕੌਤਕ ਵੇਖ ਕੇ ਨਵਾਬ ਸਾਹਿਬ ਨੇ ਜੋਸ਼ ਵਿਚ ਆ ਕੇ ਕਿਹਾ, ''ਮੰਗ ਜੋ ਕੁਝ ਮੰਗਣਾ, ਤੂੰ ਵਾਕਈ ਮਹਾਂਬਲੀ ਏਂ।''

''ਮੈਂ ਪਹਿਲਵਾਨੀ ਦੀ ਖੱਟੀ ਖਾਨਾਂ... ਕੋਈ ਪਾਂਡੀ ਨਹੀਂ... ਪੰਡਾਂ ਢੋਣਾ ਮੇਰਾ ਕੰਮ ਨਹੀਂ... ਤੇਰੇ ਕਿਸੇ ਇਨਾਮ ਦੀ ਮੈਨੂੰ ਲੋੜ ਨਈ...।'' ਪਹਿਲਵਾਨ ਕਿੱਕਰ ਸਿੰਘ ਨੇ ਬੜੇ ਠੰਢੇ ਸੁਭਾਅ ਨਾਲ ਜਵਾਬ ਦਿੱਤਾ।

ਰੁਸਤਮੇ ਹਿੰਦ ਬਣਨ ਅਤੇ ਵੱਡੇ-ਵੱਡੇ ਦੰਗਲ ਜਿੱਤਣ ਤੋਂ ਬਾਅਦ ਹਰ ਪਾਸੇ ਉਸਦੇ ਨਾਂ ਦੀਆਂ ਧੁੰਮਾਂ ਪੈ ਗਈਆਂ। ਇਸ ਪ੍ਰਸਿਧੀ ਨਾਲ ਧਨ ਵੀ ਕਾਫੀ ਇਕੱਠਾ ਹੋ ਗਿਆ। ਕਿੱਕਰ ਸਿੰਘ ਨੇ ਆਪਣਾ ਰਹਿਣ-ਸਹਿਣ ਵੀ ਵਧੀਆ ਕਰ ਲਿਆ। ਅਮੀਰ ਬਣਨ ਦੇ ਬਾਵਜੂਦ ਉਹਨੇ ਕਦੇ ਆਪਣਾ ਪਿਛੋਕੜ ਨਾ ਭੁਲਾਇਆ। ਉਸਤਾਦ ਗੁਲਾਮੀ ਦੀ ਧੀ ਦੇ ਵਿਆਹ ਸਮੇਂ ਉਸਨੇ ਕਾਫੀ ਸਾਰੇ ਪੈਸੇ ਉਸਨੂੰ ਭੇਂਟ ਕੀਤੇ। ਕਿੱਕਰ ਸਿੰਘ ਆਪਣੇ ਪਿੰਡ ਵਿਚ ਹਰ ਇਕ ਦੇ ਕੰਮ ਆਉਂਦਾ। ਕਦੇ ਵੀ ਜਾਤ ਜਾਂ ਮਜ਼ਹਬ ਦਾ ਵਿਤਕਰਾ ਨਾ ਕਰਦਾ।

ਇਕ ਵਾਰ ਫਿਰ ਤਾਕਤ ਵੇਖਣ ਲਈ ਜੰਮੂ ਦੇ ਰਾਜੇ ਨੇ ਬਿਜਲੀ ਨਾਲ ਚੱਲਣ ਵਾਲੀ ਇਕ ਮਸ਼ੀਨ ਮੰਗਵਾਈ। ਵੱਡੇ-ਵੱਡੇ ਤਾਕਤਵਰਾਂ ਨੂੰ ਉਸ 'ਤੇ ਬਲ ਅਜਮਾਉਣ ਦੀ ਦਾਅਵਤ ਦਿੱਤੀ ਗਈ। ਉਸ 'ਤੇ ਕੋਈ ਵੀ ਸਿਰੇ ਨਾ ਚੜ੍ਹ ਸਕਿਆ। ਆਖਰ ਵਿਚ ਕਿੱਕਰ ਸਿੰਘ ਨੂੰ ਬੁਲਾਇਆ ਗਿਆ। ਉਸ ਦੇ ਬਲ ਤੋਂ ਇਹ ਨਤੀਜਾ ਨਿਕਲਿਆ ਕਿ ਕਿੱਕਰ ਸਿੰਘ ਵਰਗਾ ਹੋਰ ਕੋਈ ਮਹਾਂਬਲੀ ਨਹੀਂ ਹੈ। ਮੌਕੇ 'ਤੇ ਮੌਜੂਦ ਡਾਕਟਰਾਂ ਅਤੇ ਮਾਹਰਾਂ ਨੇ ਇਥੋਂ ਤੱਕ ਕਹਿ ਦਿੱਤਾ ਕਿ ਕਿੱਕਰ ਸਿੰਘ ਦਾ ਬਲ ਹਾਥੀ ਬਲ ਦੇ ਬਰਾਬਰ ਹੈ।

ਕਿੱਕਰ ਸਿੰਘ ਨੇ ਇਕ ਅਜਿਹੀ ਚੋਟ ਖਾਧੀ ਜੋ ਉਸਨੂੰ ਘੁਣ ਵਾਂਗ ਚੁੰਬੜ ਗਈ। ਇਕ ਦਿਨ ਚਾਨਣ ਨਾਂ ਦਾ ਚੁਸਤ-ਚਲਾਕ ਪਹਿਲਵਾਨ ਕਿੱਕਰ ਸਿੰਘ ਕੋਲ ਆਇਆ ਅਤੇ ਹੱਥ ਜੋੜ ਕੇ ਕਹਿਣ ਲੱਗਾ, ''ਮੈਂ ਤੁਹਾਡੇ ਬਰਾਬਰ ਦਾ ਪਹਿਲਵਾਨ ਤਾਂ ਨਹੀਂ। ਪਰ ਜੇ ਤੁਸੀਂ ਮਿਹਰਬਾਨੀ ਕਰੋ ਤਾਂ ਮੇਰੀ ਇੱਜ਼ਤ ਰਹਿ ਸਕਦੀ ਏ, ਰਿਆਸਤ ਬਹਾਵਲਪੁਰ ਦੇ ਨਵਾਬ ਸਾਹਿਬ ਤੁਹਾਡੇ ਨਾਲ ਮੇਰਾ ਦੰਗਲ ਵੇਖਣਾ ਚਾਹੁੰਦੇ ਨੇ।'' ਬੇਅੰਤ ਤਾਕਤ ਦੇ ਮਾਲਕ,


*(ਅਗਲੇ ਸਫੇ 'ਤੇ ਜਾਰੀ)*

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

# ਗਾਏ



ਜਦ ਕੋਈ ਨਵਾਂ ਨਵਾਂ ਅਮਰੀਕਾ ਵਿਚ ਆਉਂਦਾ ਹੈ ਤਾਂ ਉਸ ਨੂੰ ਜਿਹੜਾ ਸ਼ਬਦ ਵਾਰ ਵਾਰ ਸੁਣਨ ਨੂੰ ਮਿਲਦਾ ਹੈ ਉਹ ਹੈ 'ਗਾਏ' (guy) ਜਿਸ ਨੇ ਅਮਰੀਕਾ ਆ ਕੇ ਗਾਏ ਕਹਿਣਾ ਸਿੱਖ ਲਿਆ, ਸਮਝੋ ਉਸਨੇ ਅਧੀ ਅਮਰੀਕਾ ਕਾਬੂ ਕਰ ਲਈ। ਹੁਣ ਤਾਂ ਭਾਰਤੀ ਬੋਲ ਚਾਲ, ਖਾਸ ਤੌਰ 'ਤੇ ਏਥੋਂ ਦੀ ਅੰਗਰੇਜ਼ੀ ਵਿਚ ਵੀ ਗਾਏ ਤੋਂ ਬਿਨਾ ਗੁਜ਼ਾਰਾ ਮੁਸ਼ਕਿਲ ਹੀ ਹੈ। ਇਸ ਨੂੰ ਕਹਿੰਦੇ ਹਨ ਜਿਹਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ। ਜਿਨ੍ਹਾਂ ਸਮਿਆਂ ਵਿਚ ਬਰਤਾਨੀਆ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ, ਉਦੋਂ ਬਰਤਾਨਵੀ ਅੰਗਰੇਜ਼ੀ ਚਲਦੀ ਸੀ ਤੇ ਬਰਤਾਨਵੀ ਸਕਾਚ ਵਿਸਕੀ। ਅੱਜ ਜ਼ਮਾਨਾ ਹੈ ਅਮਰੀਕਾ ਦੀ ਚੜ੍ਹਤ ਦਾ ਤੇ ਜਹਾਨ ਭਰ ਵਿਚ ਅਮਰੀਕੀ ਵਿਸਕੀ ਜੈਕ ਡੇਨੀਅਲ ਦਾ ਸ਼ਿਵਾਜ਼ ਰੀਗਲ ਦੇ ਮੋਢੇ ਨਾਲ ਮੋਢਾ ਖਹਿਣ ਲੱਗ ਪਿਆ ਹੈ। ਉਧਰ ਭਾਰਤ ਦੇ ਸ਼ਹਿਰਾਂ-ਕਸਬਿਆਂ ਵਿਚ ਆਮ ਹੀ ਅੰਗਰੇਜ਼ੀ ਸਕੂਲ ਖੁਲ੍ਹ ਗਏ ਹਨ ਜਿਨਾਂ ਦੇ ਬਾਹਰ ਲਿਖਿਆ ਹੁੰਦਾ ਹੈ, 'ਅੰਗਰੇਜ਼ੀ ਸਿੱਖੋ, ਅਮਰੀਕੀ ਲਹਿਜੇ ਵਿਚ'। ਗਾਏ ਨੂੰ ਤਾਂ ਸ਼ਰ੍ਹੇਆਮ ਬੁਲਾਵਾ ਹੈ। ਅਸਾਂ ਆਪਣੀ ਸਾਰੀ ਸਕੂਲੀ, ਕਾਲਜੀ ਤੇ ਯੂਨੀਵਰਸਿਟੀ ਪੜ੍ਹਾਈ ਮੁਕਾ ਲਈ, ਗਾਏ ਸ਼ਬਦ ਵੀ ਸੁਣ ਲਿਆ ਪਰ ਇਕ ਕੰਨ 'ਚ ਪਾ ਕੇ ਦੂਜੇ 'ਚੋਂ ਕੱਢ ਮਾਰਿਆ। ਪੂਰੇ ਭਾਰਤ ਵਿਚ ਸੈਂਕੜੇ ਵਰ੍ਹੇ ਗੋਰਿਆਂ ਦਾ ਰਾਜ ਰਿਹਾ ਪਰ ਦੇਸ਼ ਵਿਚ ਕਿਸੇ ਨੇ ਗਾਏ ਨਹੀਂ ਵੜਨ ਦਿੱਤਾ। ਏਧਰ ਆ ਕੇ ਵੀ ਪਤਾ ਨਹੀਂ ਜੀਭ ਨੂੰ ਕੀ ਸੱਪ ਸੁੰਘ ਗਿਆ ਹੈ, ਗਾਏ ਹੈ ਕਿ ਮੂੰਹ ਵਿਚ ਚੜ੍ਹਦਾ ਹੀ ਨਹੀਂ। ਬੱਚੇ ਸਾਰਾ ਦਿਨ ਗਾਏ ਗਾਏ ਦੀ ਦੁਹਾਈ ਪਾਉਂਦੇ ਰਹਿੰਦੇ ਹਨ, ਬੋਲਣ ਲੱਗੇ ਦੇਖਦੇ ਹੀ ਨਹੀਂ ਮਾਂ, ਬਾਪ, ਚਾਚਾ, ਤਾਇਆ, ਮਾਸੜ, ਫੁਫੜ, ਭੈਣ, ਭੂਆ, ਅਧਿਆਪਕ, ਗੁਰੂ-ਕੌਣ ਹੈ? ਪੁਛਣ ਲੱਗਣਗੇ, ਪੰਜਵੇਂ ਗਾਏ ਦਾ ਕੀ ਨਾਂ ਹੈ?

ਇਹ ਗੱਲ ਪੱਕੀ ਹੈ ਕਿ ਅਮਰੀਕੀਆਂ ਦਾ ਆਪਣਾ ਏਥੇ ਕੁਝ ਨਹੀਂ ਹੈ। ਪੀਜ਼ਾ ਪੀਜ਼ਾ ਦੀ ਰੱਟ ਲਾਈ ਰੱਖਦੇ ਹਨ, ਪੀਜ਼ਾ ਸਾਰਖਾ ਇਨ੍ਹਾਂ ਦਾ ਆਪਣਾ ਨਹੀਂ। ਫਿਰ ਗਾਏ ਤਾਂ ਇਨ੍ਹਾਂ ਦਾ ਹੋਣਾ ਹੀ ਕੀ ਹੈ। ਮੈਂ ਤਾਂ ਐਵੇਂ ਆਪਣੇ ਅਲਪ ਗਿਆਨ ਅਧੀਨ ਆਪਣੇ ਭੂਤਪੂਰਵ ਦੇਸ਼ ਭਾਰਤ ਵਰਸ਼ ਨੂੰ ਕੋਸਦਾ ਰਿਹਾ ਕਿ ਹਰ ਗੱਲੇ ਦੂਜਿਆਂ ਦੀ ਨਕਲ ਕਰਦੇ ਰਹਿੰਦੇ ਹਨ। ਪਰ ਏਥੇ ਤਾਂ ਆਵਾ ਹੀ ਊਤਿਆ ਪਿਆ ਹੈ। ਜਿਸ ਸ਼ਬਦ ਨੂੰ ਇੰਗਲੈਂਡੀਆਂ ਨੇ ਬਣਾਇਆ ਤੇ ਨਖਿਧ ਜਾਣ ਕੇ ਉਸਦੀ ਵਰਤੋਂ ਨਾ ਕੀਤੀ, ਅਮਰੀਕੀਆਂ ਨੇ ਐਸਾ ਮੂੰਹ 'ਤੇ ਚੜ੍ਹਾਇਆ ਕਿ ਇਸ ਤੋਂ ਬਿਨਾ ਹਰ ਗੱਲ ਅਧੂਰੀ ਹੈ। ਇਸ ਦੇਸ਼ 'ਚ ਆਉਣ ਤੋਂ ਕੁਝ ਕੁ ਮਹੀਨੇ ਬਾਅਦ ਮੈਂ ਆਪਣੇ ਅੱਠਵੀਂ 'ਚ ਪੜ੍ਹਦੇ ਮੁੰਡੇ ਨੂੰ ਕਿਹਾ ਕਿ ਇਕ ਗੱਲ ਸਮਝਾ, ਇਹ ਗਾਈ ਕਿਸ ਬਲਾ ਦਾ ਨਾਂ ਹੈ? ਉਸ ਨੇ ਪਹਿਲਾਂ ਤਾਂ ਮੈਨੂੰ ਚਿੜ੍ਹਾਇਆ ਕਿ ਸੋਚ ਕੇ ਬੋਲੋ, ਤੁਸੀਂ ਵੀ ਗਾਈ ਹੀ ਹੋ, ਨਾਲੇ ਇਸਨੂੰ ਗਾਈ ਨਹੀਂ ਗਾਇ ਬੋਲਣਾ ਹੈ। ਮੈਨੂੰ ਕਹਿਣਾ ਪਿਆ, "ਚੱਲ ਗਾਏ, ਮੰਨੀ ਤੇਰੀ ਗੱਲ ਕਿ ਮੈਂ ਹਾਂ ਗਾਇ ਤੇ ਤੂੰ ਹੈਂ ਗਾਏ, ਹੁਣ ਭੇਤ ਵਾਲੀ ਗੱਲ ਤਾਂ ਦੱਸ ਭਾਈ।" ਤੇ ਮੇਰੇ ਗਾਏ-ਪੁੱਤ ਨੇ ਦੱਸਣਾ ਸ਼ੁਰੂ ਕਰ ਦਿੱਤਾ, "ਪਾਪਾ-ਗਾਏ, ਸਾਨੂੰ ਇਕ ਦਿਨ ਮੈਡਮ-ਗਾਏ ਨੇ ਕਿਹਾ ਕਿ ਤੁਸੀਂ ਸਾਰਾ ਦਿਨ ਦਿਸ ਗਾਏ, ਦੈਟ ਗਾਏ ਕਰਦੇ ਰਹਿੰਦੇ ਹੋ, ਜੇ ਤੁਹਾਨੂੰ ਮੈਂ ਦੱਸਾਂ ਕਿ ਗਾਏ ਦਾ ਅਸਲੀ ਮਤਲਬ ਕੀ ਹੁੰਦਾ ਹੈ ਤਾਂ ਤੁਸੀਂ ਕਦੀ ਇਹ ਸ਼ਬਦ ਨਹੀਂ ਵਰਤੋਂਗੇ।" ਪੁੱਤਰ ਨੇ ਇਹ ਗੱਲ ਕਹੀ ਤਾਂ ਆਪਾਂ ਬਾਗੋ ਬਾਗ ਹੋ ਗਏ ਕਿ ਚਲੋ ਏਥੋਂ ਦਾ ਅਧਿਆਪਕ ਵਰਗ ਸਿਆਣਾ ਹੈ, ਐਵੇਂ ਨਹੀਂ ਭੇਡ-ਚਾਲ ਵਿਚ ਆ ਕੇ ਨਿਆਣਿਆਂ ਦੇ ਢਿਡ 'ਚ ਗਲਤ ਅੱਖਰ ਪਾਉਂਦਾ। ਮੁੰਡੇ ਨੇ ਗਾਏ ਵਾਲੀ ਗੱਲ ਜਾਰੀ ਰੱਖੀ, "ਅਸੀਂ ਮੈਡਮ ਦੇ ਮੂੰਹ ਵੱਲ ਦੇਖਦੇ ਰਹਿ ਗਏ। ਮਨ ਵਿਚ ਇਹ ਵੀ ਸੋਚੀਏ ਕਿ ਜੇ ਗਾਏ ਮਾੜਾ ਤੇ ਬੋਲਣਯੋਗ ਲਫ਼ਜ਼ ਨਹੀਂ ਹੈ ਤਾਂ ਇਸ ਤੋਂ ਬਗੈਰ ਸਾਡੀ ਜ਼ਬਾਨ ਵੀ ਕਿੱਦਾਂ ਹਿਲੇਗੀ। ਗਾਏ ਤੋਂ ਬਿਨਾ ਤਾਂ ਅਮਰੀਕਾ ਦਾ ਰਾਸ਼ਟਰਪਤੀ ਵੀ ਭਾਸ਼ਨ ਨਹੀਂ ਦੇ ਸਕਦਾ।"

ਮੈਂ ਕੁਝ ਔਖਾ ਹੋ ਗਿਆ, "ਤੂੰ ਅਗਾਂਹ ਦੱਸ ਕਾਕਾ, ਫਿਰ ਕੀ ਕਿਹਾ ਮੈਡਮ ਨੇ?"

"ਮੈਡਮ ਨੇ ਸਾਨੂੰ ਦੱਸਿਆ ਕਿ ਅਮਰੀਕੀ ਲੋਕ ਹਰ ਗੱਲੇ ਕਿਸੇ ਨੂੰ ਯਾਰ, ਬੇਲੀ ਕਹਿਣ ਦੀ ਥਾਂ ਗਾਏ ਕਹਿੰਦੇ ਰਹਿੰਦੇ ਹਨ ਪਰ ਇਕ ਸਮਾਂ ਸੀ ਜਦੋਂ ਬਰਤਾਨੀਆਂ ਦੇ ਲੋਕ ਕਿਸੇ ਬੂਝੜ, ਝਲ ਕੁਕੜ ਜਿਹੇ ਬੰਦੇ ਨੂੰ, ਜਿਸ ਨੇ ਆਪਣੀ ਵਜਾ-ਕਤਾ ਵਿਗਾੜੀ ਹੋਈ ਹੋਵੇ, ਗਾਏ ਕਹਿੰਦੇ ਸਨ।" ਮੇਰਾ ਦਿਲ ਅੰਦਰੋਂ ਟਪੂਸੀਆਂ ਮਾਰਨ ਲੱਗਾ, ਹੁਣ ਗੱਲ ਬਣੀ, ਐਵੇਂ ਮੈਂ ਕਿਤੇ ਤੜੀ 'ਚ ਆਏ ਨੇ ਗਾਏ ਕਹਿਣਾ ਹੀ ਨਹੀਂ ਸਿੱਖ ਲਿਆ। ਹੌਲੀ ਹੌਲੀ ਮੁੰਡੇ ਨੇ ਮੈਨੂੰ ਬਾਕੀ ਸਾਰੀ ਭੇਤ ਵਾਲੀ ਗੱਲ ਖੋਲ੍ਹ ਦਿੱਤੀ।

ਉਸ ਨੇ ਦੱਸਿਆ ਕਿ ਗਾਏ ਸ਼ਬਦ ਇਕ ਸਚਮੁਚ ਦੇ ਬੰਦੇ ਦੇ ਖਾਸ ਨਾਂ ਤੋਂ ਪਿਆ, ਜੋ ਸੀ ਗਾਈ ਫੌਕਸ (Guy Fawkes), ਇਹ ਸਿਰ ਫਿਰਿਆ ਜਨੂੰਨੀ ਬੰਦਾ ਇੰਗਲੈਂਡ ਦੇ ਬਾਦਸ਼ਾਹ ਜੇਮਜ਼ ਪਹਿਲੇ ਦਾ ਰਾਜ ਹੀ ਪਲਟਣਾ ਚਾਹੁੰਦਾ ਸੀ। ਉਹ ਕੱਟੜ ਰੋਮਨ ਕੈਥੋਲਿਕ ਸੀ ਤੇ ਬਾਦਸ਼ਾਹ ਸੀ ਪ੍ਰੋਟੈਸਟੈਂਟ। ਬਾਦਸ਼ਾਹ ਆਪਣੇ ਵਿਰੋਧੀ ਧਰਮ ਵਾਲਿਆਂ ਤੇ ਘੋਰ ਅਤਿਆਚਾਰ ਕਰਦਾ ਸੀ। ਗਾਈ ਫੌਕਸ ਤੇਰਾਂ ਮੈਂਬਰਾਂ ਵਾਲੇ ਅਜੇਹੇ ਗਰੋਹ ਦਾ ਸਰਗਰਮ ਲੀਡਰ ਬਣ ਗਿਆ ਜਿਸ ਨੇ ਬਾਦਸ਼ਾਹ ਨੂੰ ਬਾਰੂਦ ਨਾਲ ਉਡਾਉਣ ਦੀ ਸਾਜ਼ਿਸ਼ ਰਚੀ। ਇਸ ਗਰੋਹ ਦਾ ਸਰਗਣਾ ਸੀ ਕੈਟਸਬਾਈ। ਇਤਿਹਾਸ ਵਿਚ ਇਸ ਸਾਜ਼ਿਸ਼ ਨੂੰ ਬਾਰੂਦੀ ਸਾਜ਼ਿਸ਼ (Gunpowder Plot) ਦੇ ਨਾਂ ਨਾਲ ਚੇਤੇ ਕੀਤਾ ਜਾਂਦਾ ਹੈ। ਸੰਨ 1605 ਵਿਚ ਇਨ੍ਹਾਂ ਬੰਦਿਆਂ ਨੇ ਕਿਧਰੋਂ ਬਰੂਦ ਦੀਆਂ 36 ਨਾਲੀਆਂ ਹਥਿਆ ਕੇ ਹਾਊਸ ਆਫ ਲਾਰਡਜ਼ ਦੇ ਹੇਠਾਂ ਤਹਿਖਾਨੇ 'ਚ ਲੁਕੋ ਦਿੱਤੀਆਂ। ਉਨ੍ਹਾਂ ਦਾ ਨਿਸ਼ਾਨਾ ਬਾਦਸ਼ਾਹ ਅਤੇ ਪਾਰਲੀਮੈਂਟ ਨੂੰ ਉਡਾ ਦੇਣ ਦਾ ਸੀ ਪਰ ਕਿਸੇ ਤਰ੍ਹਾਂ ਸਰਕਾਰੇ ਖਬਰ ਪਹੁੰਚ ਗਈ। ਗਾਈ ਫੌਕਸ ਕੁਝ ਘੰਟਿਆਂ ਤੱਕ ਇਮਾਰਤ ਉਡਾਉਣ ਹੀ ਵਾਲਾ ਸੀ ਕਿ ਅਸਲੇ ਸਮੇਤ ਫੜਿਆ ਗਿਆ ਜਦ ਕਿ ਬਾਕੀਆਂ ਦਾ ਪਤਾ ਦੋ ਦਿਨ ਬਾਅਦ ਲੱਗਾ। ਇਸ ਤਰ੍ਹਾਂ ਉਨ੍ਹਾਂ ਦੀ ਇਹ ਸਾਜ਼ਿਸ਼ ਨਾਕਾਮ ਬਣਾ ਦਿੱਤੀ ਗਈ ਪਰ ਜੇ ਕਾਮਯਾਬ ਹੋ ਜਾਂਦੀ ਤਾਂ ਗਾਈ ਫੌਕਸ ਸ਼ਾਇਦ ਦੁਨੀਆਂ ਦਾ ਪਹਿਲਾ ਆਤਮਘਾਤੀ ਬੰਬਰ ਹੁੰਦਾ। ਗਰੋਹ ਦਾ ਅਸਲੀ ਲੀਡਰ ਤਾਂ ਕੈਟਸਬਾਈ ਸੀ ਪਰ ਮੌਕੇ 'ਤੇ ਗਾਈ ਫੌਕਸ ਫੜਿਆ ਜਾਣ ਕਰਕੇ ਤੋਏ-ਤੋਏ ਉਸਦੀ ਹੋ ਗਈ ਤੇ ਇਤਿਹਾਸ ਨੇ ਵੀ ਉਸ ਨੂੰ ਸਿਰ ਤੇ ਚੁੱਕ ਲਿਆ। ਇਹ ਵਖਰੀ ਗੱਲ ਹੈ ਕਿ ਬਾਅਦ ਵਿਚ ਬਾਦਸ਼ਾਹ ਜੇਮਜ਼ ਵੀ ਬਦਨਾਮ ਹੋ ਗਿਆ। ਗਾਈ ਫੌਕਸ ਤੇ ਉਸਦੇ ਪੰਜ ਹੋਰ ਸਾਥੀਆਂ ਨੂੰ ਫੜ ਕੇ ਫਾਹੇ ਲਾ ਦਿੱਤਾ ਗਿਆ। ਉਨ੍ਹਾਂ ਨੇ ਇਹ ਕਾਰਾ 5 ਨਵੰਬਰ ਨੂੰ ਸਿਰੇ ਚਾੜ੍ਹਨ ਦੀ ਵਿਉਂਤ ਬਣਾਈ ਸੀ। ਉਸ ਦਿਨ ਤੋਂ ਬਾਅਦ ਇੰਗਲੈਂਡ ਵਿਚ ਇਹ ਦਿਨ ਗਾਈ ਫੌਕਸ ਦੇ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਆਤਿਸ਼ਬਾਜ਼ੀ ਵੀ ਕੀਤੀ ਜਾਂਦੀ ਹੈ। ਅੰਗਰੇਜ਼ੀ ਦੇ ਇਕ ਬਾਲ ਗੀਤ ਦਾ ਪੰਜਾਬੀ ਅਨੁਵਾਦ ਪੇਸ਼ ਕਰਦਾ ਹਾਂ:

ਆਉਂਦੇ ਜਾਂਦੇ, ਬਾਹਰ ਅੰਦਰ,
ਭੁਲ ਨਾ ਜਾਵੇ, ਪੰਜ ਨਵੰਬਰ।
ਬਾਰੂਦ, ਧਰੋਹ ਤੇ ਸਾਜ਼ਿਸ਼ ਭਰਿਆ,
ਜੋ ਭੁਲਿਆ ਸਮਝੋ ਹੈ ਮਰਿਆ।

ਬਰਤਾਨੀਆ ਵਿਚ ਗਾਈ ਫੌਕਸ ਦਾ ਦਿਨ ਅਮਰੀਕਾ ਦੇ ਹੈਲੋਵੀਨ ਦੇ ਸਮਤੁਲ ਹੈ। ਇਸ ਦਿਨ ਹੈਲੋਵੀਨ ਦੀ ਤਰ੍ਹਾਂ ਬੱਚੇ ਗਾਈ ਫੌਕਸ ਦੇ ਪੁਤਲੇ ਬਣਾ ਕੇ ਘਰ ਘਰ ਲਿਜਾਂਦੇ ਹਨ, 'ਗਾਈ' ਵਾਸਤੇ ਪੈਨੀਆਂ ਮੰਗਦੇ ਹਨ ਤੇ ਇਸ ਪੁਤਲੇ ਨੂੰ ਸਾੜ ਦਿੰਦੇ ਹਨ। ਬਾਅਦ ਵਿਚ ਤਾਂ ਪੋਪ ਸਮੇਤ ਹੋਰ ਦੁਸ਼ਟਾਂ ਦੇ ਪੁਤਲੇ ਵੀ ਜਲਾਏ ਜਾਣ ਲੱਗੇ। ਇਨ੍ਹਾਂ ਅਜੀਬੋ-ਗਰੀਬ ਪੁਤਲਿਆਂ ਨੂੰ ਲੋਕ ਗਾਈ ਹੀ ਕਹਿਣ ਲੱਗ ਪਏ। ਹੌਲੀ-ਹੌਲੀ 1836 ਤਕ ਇਹ ਹਾਲ ਹੋ ਗਿਆ ਕਿ ਜਿਸ ਵੀ ਕਿਸੇ ਬੰਦੇ ਨੇ ਅਜੀਬੋ-ਗਰੀਬ ਕੱਪੜੇ ਪਾਏ ਹੁੰਦੇ, ਲੋਕ ਉਸ ਨੂੰ ਗਾਈ ਕਹਿਣ ਲੱਗ ਪਏ। ਹੌਲੀ ਹੌਲੀ ਗਾਈ ਤੋਂ ਗਾਏ ਬਣ ਗਿਆ। ਸਹਿਜੇ-ਸਹਿਜੇ ਇਸਦਾ ਅਰਥ ਅਦਨਾ ਜਿਹਾ ਆਦਮੀ ਹੀ ਬਣ ਗਿਆ ਪਰ ਇੰਗਲੈਂਡ ਵਿਚ ਇਸ ਤੋਂ ਅੱਗੇ ਇਸ ਦੀ ਤਰੱਕੀ ਨਹੀਂ ਹੋਈ।

ਐਟਲਾਂਟਿਕ ਸਾਗਰ ਪਾਰ ਕਰ ਕੇ ਗਾਏ ਏਧਰ ਆ ਗਿਆ ਪਰ ਅਮਰੀਕੀ ਬੋਂਗਿਆਂ ਨੂੰ ਬਾਰੂਦੀ ਸਾਜ਼ਿਸ਼ ਦਾ ਕੀ ਪਤਾ ਸੀ। 19ਵੀਂ ਸਦੀ ਦੇ ਅਧ ਤੱਕ ਅਮਰੀਕੀਆਂ ਨੇ ਹਰ ਜਣੇ-ਖਣੇ ਨੂੰ ਹੀ ਗਾਏ ਕਹਿਣਾ ਸ਼ੁਰੂ ਕਰ ਦਿੱਤਾ, ਏਥੋਂ ਤੱਕ ਕਿ 1940 ਵਿਚ ਇਹ ਸ਼ਬਦ ਇਸਤਰੀਆਂ ਲਈ ਵੀ ਵਰਤਿਆ ਜਾਣ ਲੱਗਾ। ਸਿਆਣੇ ਅਮਰੀਕੀ ਇਸ ਸ਼ਬਦ ਤੋਂ ਬਹੁਤ ਔਖੇ ਹਨ। ਉਹ ਇਸ ਨੂੰ ਸੁਸਤ ਆਦਮੀ ਦਾ ਸ਼ਬਦ ਮੰਨਦੇ ਹਨ, ਜਿਸ ਨੇ ਆਦਮੀ ਤੇ ਪੁਤਲੇ ਦਾ ਯਾਨਿ ਪੰਜਾਬੀ 'ਚ ਕਹੀਏ ਬੰਦੇ-ਕੁਬੰਦੇ ਦਾ ਭੇਦ ਭਾਵ ਹੀ ਮਿਟਾ ਦਿੱਤਾ। 20ਵੀਂ ਸਦੀ ਵਿਚ ਇਹ ਹਾਲ ਹੋ ਗਿਆ ਕਿ ਗਾਏ ਸ਼ਬਦ ਮੁੜ ਆਪਣੇ ਪੈਦਾਇਸ਼ੀ ਵਤਨ ਬਰਤਾਨੀਆ ਵਿਚ ਦਾਖਿਲ ਹੋ ਗਿਆ ਪਰ ਬਦਲੇ ਹੋਏ ਅਮਰੀਕੀ ਅਰਥਾਂ ਸਮੇਤ ਯਾਨਿ ਯਾਰ, ਬੇਲੀ ਜਾਂ ਕੋਈ ਵੀ ਜਣਾ। ਹੈਰਾਨੀ ਵਾਲੀ ਗੱਲ ਹੈ ਕਿ ਜਹਾਨ ਭਰ ਦੇ ਲੋਕ ਹੁਣ ਹੈਲੋਵੀਨ ਮਨਾਉਣ ਲੱਗ ਪਏ ਹਨ ਜਿਸ ਨਾਲ ਉਨ੍ਹਾਂ ਦਾ ਕੁਝ ਨਹੀਂ ਲੈਣਾ ਦੇਣਾ। ਪੇਸ਼ੀਨਗੋਈ ਹੈ ਕਿ ਭਾਰਤ ਦੇ ਲੋਕ ਵੀ ਹੌਲੀ-ਹੌਲੀ ਲੋਹੜੀ ਭੁਲ ਕੇ ਹੈਲੋਵੀਨ ਹੀ ਮਨਾਉਣ ਲੱਗਣਗੇ। ਲੋਹੜਾ ਹੀ ਆ ਗਿਆ, ਹੈ ਨਾ ਜਿਹਦੀ ਕੋਠੀ ਦਾਣੇ, ਉਹਦੇ ਗਾਏ ਵੀ ਸਿਆਣੇ।

# ਕਿੱਕਰ ਸਿੰਘ

ਭੋਲੇ-ਭਾਲੇ ਕਿੱਕਰ ਸਿੰਘ ਨੇ ਚਤੁਰ ਚਾਨਣ ਦੀਆਂ ਗੱਲਾਂ ਵਿਚ ਆ ਕੇ ਕੁਸ਼ਤੀ ਕਰਨ ਦਾ ਵਾਅਦਾ ਕਰ ਲਿਆ। ਵਾਅਦਾ ਇਹ ਕੀਤਾ ਗਿਆ ਕਿ ਕੁਸ਼ਤੀ ਦੌਰਾਨ ਜਾਣ-ਬੁੱਝ ਕੇ ਕੋਈ ਵੀ ਇਕ ਦੂਜੇ ਨੂੰ ਢਾਹੁਣ ਦੀ ਕੋਸ਼ਿਸ਼ ਨਹੀਂ ਕਰੇਗਾ। ਸਹਿਮਤ ਹੋ ਕੇ ਚਾਨਣ ਨੇ ਵੀ ਭਗਵਾਨ ਦੀਆਂ ਕਸਮਾਂ ਖਾ ਲਈਆਂ। ਇਹ ਕੁਸ਼ਤੀ ਬਹਾਵਲਪੁਰ ਦੇ ਨਵਾਬ ਅੱਬਾਸੀ ਸਾਹਮਣੇ ਹੋਣੀ ਸੀ। ਕੁਸ਼ਤੀ ਵਾਲੇ ਦਿਨ ਨਵਾਬ ਸਾਹਿਬ ਤੋਂ ਇਲਾਵਾ ਹੋਰ ਕਈ ਜਗੀਰਦਾਰ, ਸਰਕਾਰੀ ਅਫਸਰ ਅਤੇ ਇਲਾਕੇ ਦੇ ਹੋਰ ਬਹੁਤ ਸਾਰੇ ਲੋਕ ਆਏ ਹੋਏ ਸਨ। ਕਿੱਕਰ ਸਿੰਘ ਅਤੇ ਚਾਨਣ ਦਾ ਘੋਲ ਸ਼ੁਰੂ ਹੋਇਆ। ਚਾਨਣ ਦੀ ਕਿੱਕਰ ਸਿੰਘ ਅੱਗੇ ਕੋਈ ਹੈਸੀਅਤ ਨਹੀਂ ਸੀ। ਘੁਲਦੇ ਵਕਤ ਕਈ ਅਜਿਹੇ ਮੌਕੇ ਆਏ ਕਿ ਕਿੱਕਰ ਸਿੰਘ ਬੜੀ ਆਸਾਨੀ ਨਾਲ ਉਹਦੀ ਕੰਡ ਲਾ ਸਕਦਾ ਸੀ। ਆਪਣੇ ਕੌਲ-ਇਕਰਾਰ ਦਾ ਪੱਕਾ ਹੋਣ ਕਰਕੇ ਉਸਨੇ ਚਾਨਣ ਪਹਿਲਵਾਨ ਨੂੰ ਕਈ ਵਾਰ ਸੰਭਲਣ ਦਾ ਮੌਕਾ ਦਿੱਤਾ। ਕਿੱਕਰ ਸਿੰਘ ਕੁਝ ਲਾਪ੍ਰਵਾਹ ਜਿਹਾ ਹੋ ਕੇ ਖੜਾ ਹੀ ਸੀ ਕਿ ਧੋਖੇਬਾਜ਼ ਚਾਨਣ ਨੇ ਇਕਦਮ ਦਾਉ ਮਾਰ ਕੇ ਉਹਨੂੰ ਥੱਲੇ ਡੇਗ ਲਿਆ। ਇਸ ਅਣਹੋਣੀ ਗੱਲ ਨਾਲ ਹਰ ਪਾਸੇ ਹਾਲਾ..ਲਾ...ਲਾ... ਹੋ ਗਈ ਕਿ ਚਾਨਣ ਨੇ ਕਿੱਕਰ ਸਿੰਘ ਨੂੰ ਢਾਹ ਲਿਆ ਏ। ਜਿਸ ਕਿੱਕਰ ਸਿੰਘ ਦੀ ਬੜੇ-ਬੜੇ ਮਹਾਂ ਬਲੀਆਂ ਨਾਲ ਘੁਲਦਿਆਂ ਪਿੱਠ 'ਤੇ ਕਦੇ ਮਿੱਟੀ ਨਹੀਂ ਸੀ ਲੱਗੀ, ਅੱਜ ਉਸਨੂੰ ਬੇਈਮਾਨ, ਮਾਇਆ ਦੇ ਲੋਭੀ ਪਹਿਲਵਾਨ ਚਾਨਣ ਨੇ ਧੋਖੇ ਨਾਲ ਹਰਾ ਦਿੱਤਾ ਸੀ। ਆਏ ਲੋਕਾਂ ਨੂੰ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਨਹੀਂ ਸੀ ਆ ਰਿਹਾ। ਕਿੱਕਰ ਸਿੰਘ ਨੇ ਝੱਟ ਹੀ ਨਵਾਬ ਸਾਹਿਬ ਨੂੰ ਅਸਲੀਅਤ ਤੋਂ ਜਾਣੂ ਕਰਾਇਆ। ਜਦੋਂ ਹਾਕਮ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਦੋਵੇਂ ਪਹਿਲਵਾਨ ਆਪਸ ਵਿਚ ਰਲੇ ਹੋਏ ਸਨ ਤਾਂ ਉਸ ਨੂੰ ਹੋਰ ਵੀ ਗੁੱਸਾ ਚੜ੍ਹ ਗਿਆ। ਸਰਕਾਰ ਨੂੰ ਧੋਖਾ ਦੇਣ ਦੇ ਜੁਰਮ ਵਿਚ ਉਸਨੇ ਕਿੱਕਰ ਸਿੰਘ, ਚਾਨਣ ਤੇ ਛਿੰਜ ਦੇ ਠੇਕੇਦਾਰਾਂ ਨੂੰ ਕੈਦ ਵਿਚ ਸੁੱਟ ਦਿੱਤਾ। ਕੁਝ ਸੂਝਵਾਨ ਲੋਕਾਂ ਨੇ ਨਵਾਬ ਨੂੰ ਸਮਝਾਇਆ ਕਿ ਕਿੱਕਰ ਸਿੰਘ ਤਾਂ ਚਾਨਣ ਦੀ ਹਮਦਰਦੀ ਕਰਦਾ ਆਪ ਧੋਖਾ ਖਾ ਬੈਠਾ ਏ, ਉਸਨੇ ਸਰਕਾਰ ਨੂੰ ਧੋਖਾ ਨਹੀਂ ਦਿੱਤਾ। ਸੱਚ-ਝੂਠ ਦਾ ਨਿਤਾਰਾ ਕਰਨ ਲਈ ਦੋਹਾਂ ਪਹਿਲਵਾਨਾਂ ਨੂੰ ਦੁਬਾਰਾ ਘੁਲਾਇਆ ਜਾ ਸਕਦੈ।

ਦੁਬਾਰਾ ਕੁਸ਼ਤੀ ਹੋਈ ਤਾਂ ਦਰਸ਼ਕਾਂ ਦੇ ਅੱਖਾਂ ਝਪਕਦੇ ਹੀ ਕਿੱਕਰ ਸਿੰਘ ਚਾਨਣ ਦੀ ਛਾਤੀ 'ਤੇ ਜਾ ਬੈਠਾ। ਅੱਬਾਸੀ ਨਵਾਬ ਨੂੰ ਤਾਂ ਕਿੱਕਰ ਸਿੰਘ ਦੀ ਜਬਰਦਸਤ ਤਾਕਤ ਦਾ ਪਤਾ ਲੱਗ ਗਿਆ ਪਰ ਚਾਨਣ ਬਾਜ਼ ਨਾ ਆਇਆ। ਉਹ ਜਿੱਥੇ ਵੀ ਜਾਂਦਾ, ਢੀਠਪੁਣੇ ਨਾਲ ਫੜ ਮਾਰਦਾ ਕਿ ਮੈਂ ਹੀ ਉਹ ਪਹਿਲਵਾਨ ਹਾਂ ਜਿਸ ਨੇ ਕਿੱਕਰ ਸਿੰਘ ਨੂੰ ਹਰਾਇਆ ਸੀ। ਜਦ ਕਿੱਕਰ ਸਿੰਘ ਨੂੰ ਇਨ੍ਹਾਂ ਗੱਲਾਂ ਦਾ ਲੋਕਾਂ ਕੋਲੋਂ ਪਤਾ ਲਗਦਾ ਤਾਂ ਉਹ ਬਹੁਤ ਪਛਤਾਉਂਦਾ ਕਿ ਉਸ ਨੂੰ ਉਸ ਫਰਾਡੀਏ ਨਾਲ ਕੁਸ਼ਤੀ ਨਹੀਂ ਸੀ ਕਰਨੀ ਚਾਹੀਦੀ। ਢਲਦੀ ਉਮਰੇ ਵੀ ਕਿੱਕਰ ਸਿੰਘ ਦੀ ਤਾਕਤ ਵਿਚ ਕੋਈ ਬਹੁਤਾ ਫਰਕ ਨਹੀਂ ਸੀ ਪਿਆ ਪਰ ਅਜਿਹੀਆਂ ਗੱਲਾਂ ਉਸ ਦਾ ਦਿਲ ਜਰੂਰ ਤੋੜ ਜਾਂਦੀਆਂ ਸਨ। ਉਹ ਆਪਣੇ ਕਈ ਮਿੱਤਰਾਂ ਨਾਲ ਦੁੱਖ ਸਾਂਝਾ ਕਰਦਾ ਤੇ ਆਖਦਾ ਕਿ ਜੇ ਲਾਲਾ ਬਾਸ਼ੀ ਰਾਮ ਮੇਰੇ ਬਾਪ ਦੇ ਹੱਕ ਵਿਚ ਗਵਾਹੀ ਦੇ ਦਿੰਦਾ ਤਾਂ ਉਸਨੂੰ ਅੰਗਰੇਜ਼ ਦੀ ਜੇਲ੍ਹ ਵਿਚ ਨਾ ਜਾਣਾ ਪੈਂਦਾ। ਜੇ ਚਾਨਣ, ਭਗਵਾਨ ਦੀਆਂ ਕਸਮਾਂ ਖਾ ਕੇ ਮੇਰੇ ਨਾਲ ਧੋਖਾ ਨਾ ਕਰਦਾ ਤਾਂ ਮੈਨੂੰ ਨਵਾਬ ਦੇ ਜੇਲ੍ਹਖਾਨੇ ਦੀ ਹਵਾ ਨਾ ਖਾਣੀ ਪੈਂਦੀ। ਜਦ ਇਸ ਤਰ੍ਹਾਂ ਦੀਆਂ ਗੱਲਾਂ ਯਾਦ ਕਰ-ਕਰ ਕਿੱਕਰ ਸਿੰਘ ਦੁਖੀ ਹੁੰਦਾ ਤਾਂ ਸਾਈਂ ਮੀਂਹਾ ਸ਼ਾਹ ਧਰਵਾਸਾ ਦੇ ਕੇ ਉਸਨੂੰ ਹੌਂਸਲਾ ਦਿੰਦਾ।

ਬਹੁਤ ਵੱਡਾ ਦਰਵੇਸ਼ ਸਾਈਂ ਮੀਂਹਾ ਸ਼ਾਹ ਘਣੀਏ ਕੀ ਦੇ ਨਾਲ ਦੇ ਪਿੰਡ ਵਿਚ ਰਹਿੰਦਾ ਸੀ। ਉਹ ਸ਼ੁਰੂ ਤੋਂ ਹੀ ਕਿੱਕਰ ਸਿੰਘ ਨੂੰ ਬਹੁਤ ਪਿਆਰ ਕਰਦਾ ਸੀ। ਜਦ ਵੀ ਕਿਸੇ ਤਕੜੇ ਪਹਿਲਵਾਨ ਨਾਲ ਘੋਲ ਹੋਣਾ ਹੁੰਦਾ ਤਾਂ ਮਸੀਤ ਵਿਚ ਖਲੋ ਕੇ ਸਾਰੀ-ਸਾਰੀ ਰਾਤ ਉਹ ਕਿੱਕਰ ਸਿੰਘ ਦੀ ਸਫਲਤਾ ਦੀਆਂ ਦੁਆਵਾਂ ਮੰਗਦਾ ਰਹਿੰਦਾ। ਦੂਜੇ ਧਰਮ ਦਾ ਹੋਣ ਦੇ ਬਾਵਜੂਦ ਕਿੱਕਰ ਸਿੰਘ ਸਾਈਂ ਜੀ ਦਾ ਬੇਹੱਦ ਆਦਰ-ਸਤਿਕਾਰ ਕਰਦਾ। ਉਮਰ ਢਲਣ ਦੇ ਨਾਲ-ਨਾਲ ਹੁਣ ਕਿੱਕਰ ਸਿੰਘ ਦੀ ਤਾਕਤ ਘਟਣੀ ਸ਼ੁਰੂ ਹੋ ਗਈ। ਸਰੀਰ ਨੂੰ ਛੋਟੇ-ਮੋਟੇ ਰੋਗਾਂ ਨੇ ਆ ਘੇਰਿਆ। 57 ਸਾਲ ਦੀ ਉਮਰੇ ਕਿੱਕਰ ਸਿੰਘ ਤੁਰਨੋ-ਫਿਰਨੋ ਰਹਿ ਗਿਆ। ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਚਿੱਟੀ ਦਾੜ੍ਹੀ ਵਾਲਾ ਉਹੀ ਸਾਈਂ ਮੀਂਹਾ ਸ਼ਾਹ ਮਹਾਨ ਪਹਿਲਵਾਨ ਦੇ ਗੋਡਿਆਂ ਕੋਲ ਬਹਿ ਉਸਦੀ ਲੰਮੀ ਜ਼ਿੰਦਗੀ ਲਈ ਰੋ-ਰੋ ਕੇ ਅੱਲਾ ਅੱਗੇ ਅਰਜ਼ੋਈਆਂ ਕਰ ਰਿਹਾ ਸੀ। ਮਹਾਂਬਲੀ ਕਿੱਕਰ ਸਿੰਘ 18 ਫਰਵਰੀ, 1914 ਨੂੰ ਇਸ ਦੁਨੀਆਂ ਤੋਂ ਹਮੇਸ਼ਾ ਲਈ ਤੁਰ ਗਿਆ।

ਲਾਹੌਰ ਤੋਂ ਕੋਈ 34 ਕੁ ਕਿਲੋਮੀਟਰ 'ਤੇ ਘਣੀਏ ਕੀ ਵਿਚ ਦੇਵ-ਏ-ਹਿੰਦ ਮਹਾਂਬਲੀ ਕਿੱਕਰ ਸਿੰਘ ਦੇ ਤਬਾਹ ਹੋਏ ਜਨਮ ਸਥਾਨ ਅਤੇ ਉਜੜੀ ਹੋਈ ਸਮਾਧ ਦੇ ਲੋਕ ਹਾਲੇ ਵੀ ਦਰਸ਼ਨ ਕਰਨ ਜਾਂਦੇ ਹਨ। ਕਿੱਕਰ ਦੇ ਦਰੱਖਤਾਂ 'ਚ ਘਿਰੀ ਹੋਈ ਇਸ ਸੂਰਮੇ ਦੀ ਯਾਦਗਾਰ ਦਾ ਨਾਮੋ-ਨਿਸ਼ਾਨ ਮਿਟਦਾ ਜਾ ਰਿਹੈ। ਖੇਡ ਪ੍ਰੇਮੀਆਂ, ਖੇਡ ਅਫਸਰਾਂ, ਸਰਕਾਰਾਂ ਅਤੇ ਵਿਦੇਸ਼ਾਂ 'ਚ ਬੈਠੇ ਖੇਡ ਸ਼ੌਕੀਨਾਂ ਅਤੇ ਪਹਿਲਵਾਨਾਂ ਨੂੰ ਇਸ ਮਹਾਨ ਪਹਿਲਵਾਨ ਦੀ ਸੋਹਣੀ ਯਾਦਗਾਰ ਬਣਾਉਣੀ ਚਾਹੀਦੀ ਹੈ। ਕੁਝ ਸਾਲ ਪਹਿਲਾਂ ਆਪਣੀ ਪਾਕਿਸਤਾਨ ਫੇਰੀ ਦੌਰਾਨ ਸੁਰਜੇਜੀਤ ਸਿੰਘ ਸਿੱਧੂ ਕਿੱਕਰ ਸਿੰਘ ਦੀ ਸਮਾਧ 'ਤੇ ਜਾ ਕੇ ਆਇਆ ਸੀ। ਉਜੜੀ ਹੋਈ ਕਿੱਕਰ ਸਿੰਘ ਦੀ ਸਮਾਧ ਬਾਰੇ ਚਿੰਤਤ ਹੋ ਕੇ ਉਹਨੇ ਅਖਬਾਰਾਂ ਵਿਚ ਲਿਖਿਆ ਸੀ। ਉਸ ਸਮਾਧ ਨੂੰ ਵਧੀਆ ਯਾਦਗਾਰ ਬਣਾਉਣ ਲਈ ਉਹ ਬੜਾ ਫਿਕਰਮੰਦ ਹੋ ਰਿਹਾ ਸੀ। ਉਸ ਤੋਂ ਬਾਅਦ ਅੱਜ ਤੱਕ ਉਸ ਸਮਾਧ ਬਾਰੇ ਕਿਸੇ ਨੇ ਵੀ ਕੋਈ ਜ਼ਿਕਰ ਨਹੀਂ ਕੀਤਾ। ਅਸੀਂ ਸੱਥਾਂ ਵਿਚ ਬੈਠ ਕੇ ਜਾਂ ਆਪਣੀਆਂ ਨਸਲਾਂ ਕੋਲ ਅਜਿਹੇ ਤਾਕਤਵਰ ਸੂਰਮਿਆਂ ਦੀਆਂ ਬਾਤਾਂ ਤਾਂ ਹੀ ਪਾ ਸਕਾਂਗੇ ਜੇ ਉਨ੍ਹਾਂ ਦੀਆਂ ਯਾਦਗਾਰਾਂ ਨੂੰ ਜਿਊਂਦੇ ਰੱਖਣ ਦੀ ਅਸੀਂ ਕੋਸ਼ਿਸ਼ ਕਰਾਂਗੇ।

"ਸਾਂਝੇ ਪੰਜਾਬ ਦੇ ਰੰਗ ਵੇਖੋ,
ਏਹਦੀ ਧਰਤੀ ਬੜੀ ਮਹਾਨ ਏ।
ਜਨਮੇ ਬੜੇ ਬੜੇ ਬਲਵਾਨ ਇਥੇ,
ਜਿਵੇਂ ਕਿੱਕਰ ਸਿੰਘ ਭਲਵਾਨ ਏ।

*ਫੋਨ:917-375-6395

## ਸਿੱਖ ਸੰਘਰਸ਼ ਦੀਆਂ ਪੈੜਾਂ

(ਸਫਾ 22 ਦੀ ਬਾਕੀ)

ਕਾਇਦਾ-ਕਾਨੂੰਨ ਜੋ ਮਰਜ਼ੀ ਆਖੇ। ਉਨ੍ਹਾਂ ਭਾਣੇ ਲੋਕਰਾਜੀ ਕਦਰਾਂ-ਕੀਮਤਾਂ ਅਤੇ ਧਰਮ ਨਿਆਂ ਪੈਣ ਢੱਠੇ ਖੂਹ। ਇੱਕ ਪਾਸੇ ਉਹ ਚੰਦ ਲੋਕ ਹੋ ਗਏ ਜੋ ਅਜੋਕੀ ਸਿਆਸਤ ਦੇ ਡੂੰਘੇ ਰਹੱਸ ਨੂੰ ਸਮਝ ਗਏ ਅਤੇ ਦੂਜੇ ਪਾਸੇ ਦੋਨਾਂ ਸਾਧਾਂ ਵੱਲੋਂ ਛੱਡਿਆ ਬੱਚ ਹੋ ਗਿਆ ਜਿਸ ਦੇ ਮਨ ਅੰਦਰ ਹਰ ਹਰਬੇ ਸਿਆਸੀ ਸ਼ਕਤੀ ਹਾਸਲ ਕਰ ਕੇ ਇਸ ਦੇ ਆਸਰੇ ਨਾਦਰਸ਼ਾਹੀ ਲੁੱਟ ਮਚਾਉਣ ਦੇ ਚਾਅ ਠਾਠਾਂ ਮਾਰਨ ਲੱਗ ਪਏ। ਇਸ ਪੱਖੋਂ ਸਾਧਾਂ ਦੇ ਬੱਚ ਦੀ ਤਰੱਕੀ ਦਾ ਪ੍ਰਤੀਕ ਬਣਿਆ ਬਲਵੰਤ ਸਿੰਘ ਜਿਸ ਨੇ ਦੋ-ਤਿੰਨ ਸੌ ਦੀ ਬੀ.ਡੀ.ਓ. ਦੀ ਨੌਕਰੀ ਤੋਂ ਉਠ ਕੇ ਵੱਡੀਆਂ ਮੱਲਾਂ ਮਾਰੀਆਂ। ਕਾਫ਼ੀ ਸਮਾਂ ਇਹ ਪੰਜਾਬ ਦਾ ਵਿੱਤ ਮੰਤਰੀ ਰਿਹਾ ਅਤੇ ਨਾਲੋ ਨਾਲ ਆਪਣਾ ਕਾਰੋਬਾਰ ਵਧਾਉਂਦਾ ਰਿਹਾ। ਕਹਿੰਦੇ ਹਨ ਕਿ ਕਤਲ ਹੋਣ ਸਮੇਂ ਉਸ ਦੇ ਨਿੱਜੀ ਵਪਾਰਕ ਅਦਾਰਿਆਂ ਦਾ ਬਜਟ ਤਕਰੀਬਨ ਸਮੁੱਚੇ ਪੰਜਾਬ ਦੇ ਬਜਟ ਜਿੰਨਾ ਹੀ ਸੀ।

ਡੂੰਘੀ ਨਜ਼ਰੇ ਵੇਖਿਆਂ ਸਿੱਖ ਸੰਘਰਸ਼ ਹੋਰ ਕੁਝ ਨਹੀਂ ਸੀ, ਨਿਰਸੰਤਾਨ ਸਾਧਾਂ ਦੇ ਬੱਚ ਤੋਂ ਪੰਥ ਅਤੇ ਪੰਜਾਬ ਨੂੰ ਮਹਿਫ਼ੂਜ਼ ਕਰਨ ਦਾ ਵੱਡਾ ਹੰਭਲਾ ਮਾਤਰ ਹੀ ਸੀ। ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਦਾ ਸਮੁੱਚਾ ਵਰਤਾਰਾ ਇਸ ਵਿਸ਼ਲੇਸ਼ਣ ਦੇ ਸੱਚ ਉਤੇ ਆਧਾਰਤ ਹੋਣ ਦੀ ਗਵਾਹੀ ਦਿੰਦਾ ਹੈ ਕਿ ਸਾਰੀ ਸਿੱਖ ਕੌਮ ਨੇ ਇਸ ਨੂੰ ਏਵੇਂ ਸਮਝਿਆ, ਇਸ ਤੱਥ ਦੀ ਪੁਸ਼ਟੀ 1989 ਦੀਆਂ ਸੰਸਦੀ ਚੋਣਾਂ ਦੇ ਨਤੀਜੇ ਵੀ ਕਰਦੇ ਹਨ।



# ਇੰਦਰ ਤੇ ਅਪੱਸਰਾਂ

ਬੂਟਾ ਸਿੰਘ ਸ਼ਾਦ

ਇੰਦਰ ਪੰਜ ਵਰ੍ਹਿਆਂ ਤੋਂ ਮੈਨੂੰ ਮਿਲਣੋਂ ਹਟ ਗਿਆ ਸੀ। ਖਤ ਵੀ ਲਿਖਣਾ ਭੁੱਲ ਗਿਆ। ਮੇਰੇ ਮਨ 'ਚ ਕਈ ਵਾਰੀ ਰੋਸ ਉਠਦਾ ਪਰ ਉਹ ਰੋਸ ਖੁਸ਼ੀ 'ਚ ਬਦਲ ਜਾਂਦਾ। ਚੰਗੀ ਗੱਲ ਹੈ ਕਿ ਉਹ ਆਪਣੀ ਅਪੱਸਰਾਂ ਦੇ ਪਿਆਰ 'ਚ ਇਤਨਾ ਮਸਤ ਹੈ ਕਿ ਸਾਡੇ ਵਰਗੇ ਫੁਟਕਲ ਯਾਰਾਂ ਨੂੰ ਭੁੱਲ ਗਿਆ... ਮਨ ਸੋਚ ਲੈਂਦਾ। ਕਈ ਵਾਰ ਉਸ ਨੂੰ ਮਿਲਣ ਨੂੰ ਮਨ ਤਾਂਘਦਾ ਪਰ ਇੰਦਰ ਦੀ ਖੁਸ਼ੀ ਖਰਾਬ ਕਰਨੀ ਉਚਿਤ ਨਾ ਲਗਦੀ।

ਪਰ ਅੱਜ ਅਚਾਨਕ ਹੀ ਇੰਦਰ ਦਾ ਇਕ ਖਤ ਮਿਲਿਆ। ਮੈਂ ਖਤ ਵਾਰ-ਵਾਰ ਪੜ੍ਹਿਆ। ਮੈਨੂੰ ਭਰੋਸਾ ਨਹੀਂ ਸੀ ਕਿ ਉਹ ਖਤ ਮੈਨੂੰ ਹੀ ਲਿਖਿਆ ਗਿਆ ਸੀ। ਬਸ ਇਕ ਸਤਰ ਸੀ:

"ਖਤ ਵੇਖਦੇ ਹੀ ਮਿਲਣ ਆ ਜਾ।"

ਮਨ 'ਚ ਕਈ ਖਿਆਲ ਉਠੇ। ਸੋਚਾਂ ਸ਼ੁਰੂ ਹੋ ਗਈਆਂ। ਸਮੁੰਦਰ ਦੀਆਂ ਲਹਿਰਾਂ 'ਤੇ ਡੋਲਦੀ ਕਿਸ਼ਤੀ ਵਾਂਗ ਮਨ ਸੋਚਾਂ 'ਚ ਡੋਲਣ ਲਗ ਪਿਆ।

ਮੈਂ ਤੁਰੰਤ ਪਹੁੰਚ ਗਿਆ। ਭਾਦੋਂ ਦਾ ਮਹੀਨਾ ਸੀ। ਸੂਰਜ ਡੁੱਬਣ ਵਾਲਾ ਸੀ। ਕਾਲੇ ਗੋਰੇ ਬੱਦਲ ਡੁੱਬਦੇ ਸੂਰਜ ਨੂੰ ਬੁੱਕਲ 'ਚ ਲੁਕੋਣ ਦਾ ਯਤਨ ਕਰਦੇ ਪਰ ਸੂਰਜ ਦੀ ਤਪਸ਼ ਨਾਲ ਬੱਦਲ ਵਿਚਕਾਰੋਂ ਪੁਰਾਣੇ ਖੱਦਰ ਵਾਂਗ ਪਾਟ ਜਾਂਦੇ। ਮੈਂ ਅੱਡੇ 'ਤੇ ਉਤਰਿਆ, ਚਾਰੇ ਪਾਸੇ ਹਰਿਆਵਲ ਤੱਕ ਕੇ ਦਿਲ ਖੁਸ਼ੀ ਨਾਲ ਭਰ ਗਿਆ। ਬੱਦਲ ਨੇ ਅੱਜ ਹੀ ਛਿੜਕਾਉ ਕੀਤਾ ਸੀ। ਦਰਖਤਾਂ ਦੇ ਪੱਤੇ ਹਰੇ ਕਚੂਚ ਤੇ ਕੋਮਲ-ਕੋਮਲ ਨਜ਼ਰ ਆ ਰਹੇ ਸਨ। ਕੱਸੀ ਵਾਲੀਆਂ ਟਾਹਲੀਆਂ ਦੀਆਂ ਛਤਰੀਆਂ ਡੋਲ ਰਹੀਆਂ ਸਨ। ਤੀਆਂ 'ਚ ਨੱਚਦੀ ਨਾਰ ਵਾਂਗ ਮਸਤ ਝੂਮ ਰਹੀਆਂ ਸਨ। ਕੁਦਰਤ ਦੇ ਹੁਸਨ ਦਾ ਕਹਿਰ ਸੀ। ਮੈਂ ਮਸਤੀ ਦੇ ਵਹਿਣ 'ਚ ਕਿੰਨਾ ਹੀ ਚਿਰ ਖੜ੍ਹਾ ਰਿਹਾ। ਮੈਨੂੰ ਭੁੱਲ ਗਿਆ ਕਿ ਮੈਂ ਛਤਰੀ ਦੇ ਸਹਾਰੇ ਖੜ੍ਹਾਂ ਸਾਂ। ਸਰਸਰਾਉਂਦੇ ਪੱਤਿਆਂ ਨਾਲ ਖਹਿੰਦੀ ਠੰਡੀ ਹਵਾ ਤਪਦੇ ਮਨ ਨੂੰ ਸ਼ਾਂਤ ਕਰ ਗਈ। ਮੇਰਾ ਅੱਗੇ ਤੁਰਨ ਨੂੰ ਜੀਅ ਨਹੀਂ ਕਰਦਾ ਸੀ। ਪਿੰਡ ਦੇ ਸੂਏ ਦੀਆਂ ਟਾਹਲੀਆਂ ਦੇ ਮੁੱਢਾਂ ਤੋਂ ਪਰ੍ਹਾਂ ਦੀ ਕੱਚੀ ਸੜਕ ਦਾ ਟੋਟਾ ਵਲ ਖਾ ਕੇ ਪਿੰਡ ਪਹੁੰਚਦਾ ਸੀ।

ਮੈਂ ਤੁਰਦਾ-ਤੁਰਦਾ ਵਾਰ-ਵਾਰ ਰੁਕਦਾ ਸਾਂ। ਵਧਦੇ ਹਨੇਰੇ ਦਾ ਉਕਾ ਹੀ ਚੇਤਾ ਨਹੀਂ ਸੀ। ਕੁਦਰਤ ਦੇ ਹੁਸਨ ਦੀ ਘੁੱਟ ਭਰਨ ਨੂੰ ਜੀਅ ਕਰਦਾ ਸੀ। ਕੇਵਲ ਤੱਕਣ ਨਾਲ ਸਬਰ ਨਹੀਂ ਆਉਂਦਾ ਸੀ। ਸੂਰਜ ਡੁੱਬ ਗਿਆ। ਕਾਲੇ ਬੱਦਲ ਘਿਰ ਆਏ। ਜਿਵੇਂ ਸੂਰਜ ਨੂੰ ਲੁਕੋ ਕੇ ਉਹ ਵਿਹਲੇ ਹੋ ਕੇ ਮੈਦਾਨ 'ਚ ਖੇਡਣ ਆ ਗਏ ਹੋਣ। ਟਾਹਲੀਆਂ ਦੀਆਂ ਛਤਰੀਆਂ ਨਾਲ ਖਹਿ-ਖਹਿ ਕੇ ਲੰਘਣ ਲਗ ਪਏ।

ਮੈਂ ਇੰਦਰ ਦੇ ਘਰ ਦੇ ਨੇੜੇ ਪਹੁੰਚ ਕੇ ਵੀ ਕਿੰਨਾ ਹੀ ਚਿਰ ਖੜ੍ਹਾ ਰਿਹਾ। ਚਾਰੇ ਪਾਸੇ ਚੁੱਪ ਸੀ। ਮੇਰਾ ਦਿਲ ਕਰਦਾ ਸੀ ਇੰਦਰ ਦੇ ਘਰ ਤਕ ਦਾ ਸਫਰ ਮੁੱਕੇ ਨਾ ਤੇ ਇਸ ਸਫਰ ਦੇ ਸੁਆਦ ਦਾ ਅੰਤ ਨਾ ਆਏ। ਮੈਨੂੰ ਆਪਣੇ ਆਪ 'ਚ ਲੋਹੜੇ ਦਾ ਸੁਆਦ ਆ ਰਿਹਾ ਸੀ। ਮੈਨੂੰ ਇੰਦਰ ਦੀ ਮਾਂ ਮਿਲੀ। ਉਸ ਨੇ ਪਿਆਰ ਦਿੱਤਾ, ਇੰਦਰ ਆਪਣੇ ਕਮਰੇ 'ਚ ਸੀ। ਸਾਰੇ ਘਰ 'ਚ ਚੁੱਪ ਜਿਹੀ ਵਰਤੀ ਸੀ। ਅਜੀਬ ਉਦਾਸੀ ਸੀ। ਮੈਂ ਨਖੇੜਾ ਨਾ ਕਰ ਸਕਿਆ ਕਿ ਉਹ ਉਦਾਸੀ ਸੀ ਜਾਂ ਸੁਖ-ਸ਼ਾਂਤੀ ਭਰੀ ਚੁੱਪ। ਪਰ ਦੀਵਾਰਾਂ ਖ਼ਾਮੋਸ਼-ਉਦਾਸ ਸਨ। ਮੇਰਾ ਦਿਲ ਬੈਠ ਗਿਆ ਜਦੋਂ ਮੈਂ ਇੰਦਰ ਦੀ ਮਾਂ ਦੀਆਂ ਅੱਖਾਂ 'ਚ ਸੱਜਰੇ ਹੰਝੂਆਂ ਦਾ ਹੜ੍ਹ ਤੱਕਿਆ ਸੀ। ਇਸ ਤਰ੍ਹਾਂ ਲਗਿਆ ਜਿਵੇਂ ਉਹ ਕਿੰਨੇ ਹੀ ਦਿਨਾਂ ਤੋਂ ਰੋਂਦੀ ਰਹੀ ਹੋਵੇ। ਉਹ ਸੁੰਨੀ-ਸੁੰਨੀ ਜਾਪੀ। ਚੌਥੀ ਲੰਘੇ ਵਾਂਗ ਉਹ ਅੱਖਾਂ ਪਾੜ-ਪਾੜ ਕੇ ਝਾਕਦੀ, ਓਪਰਿਆਂ ਵਾਂਗ ਗੱਲ ਕਰਦੀ ਸੀ। ਉਸ ਦੀਆਂ ਗੱਲਾਂ ਦਾ ਕੋਈ ਮੂੰਹ ਸਿਰ ਨਹੀਂ ਸੀ। ਮੇਰਾ ਕੁਝ ਵੀ ਪੁੱਛਣ ਦਾ ਜੇਰਾ ਨਾ ਪਿਆ। ਮੈਂ ਇੰਦਰ ਦੇ ਕਮਰੇ ਵਲ ਚਲਾ ਗਿਆ। ਇੰਦਰ ਦਾ ਵੱਡਾ ਕੁੱਤਾ ਮੇਰੇ ਵਲ ਝਾਕਿਆ। ਉਸ ਦੇ ਮੂੰਹ 'ਤੇ ਵੀ ਮੱਖੀਆਂ ਬੈਠ ਰਹੀਆਂ ਸਨ। ਬੁੱਢਿਆਂ ਵਾਂਗ ਧੌਣ ਸੁੱਟੀ ਬੈਠਾ ਸੀ। ਉਸ 'ਚ ਭੌਂਕਣ ਦੀ ਵੀ ਸੱਤਿਆ ਨਹੀਂ ਸੀ।

ਕਮਰੇ ਦਾ ਦਰਵਾਜ਼ਾ ਬੰਦ ਸੀ। ਮੈਂ ਖੜਕਾਇਆ, ਆਵਾਜ਼ ਦਿੱਤੀ। ਆਵਾਜ਼ ਪਛਾਣ ਕੇ ਇੰਦਰ ਓਦਰਿਆਂ ਵਾਂਗ ਬਾਹਰ ਆਇਆ। ਮੇਰੇ ਗਲ ਚੰਬੜ ਗਿਆ। ਉਸ ਦੇ ਮੂੰਹ 'ਚੋਂ ਸ਼ਰਾਬ ਦੀ ਬੋਅ ਆਉਂਦੀ ਸੀ। ਮੈਨੂੰ ਬਿੰਦ ਦੀ ਬਿੰਦ ਲੱਗਿਆ ਕਿ ਘਰ ਦੀ ਉਦਾਸੀ ਦਾ ਕਾਰਨ ਇੰਦਰ ਦੀ ਸ਼ਰਾਬ ਸੀ। ਇੰਦਰ ਦੀ ਛਾਤੀ 'ਚੋਂ ਹਉਕਾ ਉਠਿਆ। ਮੈਂ ਉਸ ਦੀਆਂ ਅੱਖਾਂ 'ਚ ਝਾਤੀ ਮਾਰੀ। ਸੱਜਰੇ ਹੰਝੂ ਦੂਰੋਂ ਆਉਂਦੀ ਸਮੁੰਦਰੀ ਲਹਿਰ ਵਾਂਗ ਉਠੇ। ਮੈਂ ਡਰ ਗਿਆ, ਜਿਵੇਂ ਉਹ ਹੰਝੂਆਂ ਦੀ ਲਹਿਰ ਮੈਨੂੰ ਰੋੜ੍ਹ ਕੇ ਲੈ ਜਾਵੇਗੀ।

"ਕਿਉਂ? ਕੀ ਗੱਲ ਐ?" ਮੇਰੀਆਂ ਅੱਖਾਂ ਨੇ ਪੁੱਛਿਆ।

"ਕੁਝ ਨੀ...ਐਵੇਂ।" ਇੰਦਰ ਨੇ ਅਧੂਰੀ ਗੱਲ ਦੇ ਨਾਲ ਨਾਲ ਅੱਖਾਂ 'ਚੋਂ ਮਣਕਿਆਂ ਵਰਗੇ ਹੰਝੂ ਛਿੜਕੇ।

ਮੈਂ ਸੋਚਿਆ, ਚਿਰਾਂ ਵਿਛੁੰਨੇ ਮਿਲਣ ਤਾਂ ਮਨ ਭਰ ਈ ਆਉਂਦੈ। ਇੰਦਰ ਮੈਥੋਂ ਕਦੇ ਵੀ ਨਹੀਂ ਵਿਛੜਿਆ ਸੀ। ਮੇਰਾ ਮੁੜ੍ਹਕਾ ਨਹੀਂ ਝੱਲ ਸਕਦਾ ਸੀ ਪਰ ਵਿਆਹ ਮਗਰੋਂ ਉਹ ਇਕਦਮ ਹੀ ਪਾਸਾ ਵੱਟ ਗਿਆ ਸੀ। ਉਹ ਸ਼ਰਮਿੰਦਾ ਸੀ, ਜਿਸ ਕਰਕੇ ਹੁਣ ਰੋਂਦਾ ਸੀ। ਉਹ ਨਹੀਂ ਸੀ ਜਾਣਦਾ ਕਿ ਮੈਂ ਮਨੋਂ ਬੜਾ ਹੀ ਖੁਸ਼ ਸਾਂ। ਤੀਵੀਂ ਦਾ ਸੁਖ ਏਨਾ ਹੁੰਦੈ, ਮੈਂ ਮਨ 'ਚ ਸੋਚਦਾ ਹੈਰਾਨ ਹੁੰਦਾ ਸਾਂ। ਮੈਨੂੰ ਇਸ ਸੁਖ ਦਾ ਕੋਈ ਅਨੁਭਵ ਨਾ ਅਹਿਸਾਸ। ਮੈਂ ਇੰਦਰ ਨੂੰ ਕਦੇ ਕੋਸਦਾ ਨਹੀਂ ਸਾਂ ਸਗੋਂ ਉਸ ਦੀ ਮਸਤ ਜ਼ਿੰਦਗੀ ਬਾਰੇ ਸੋਚਦਾ ਅਨੰਦ ਮਾਣ ਲਿਆ ਕਰਦਾ ਸਾਂ। ਮੈਂ ਹੈਰਾਨ ਸਾਂ ਕਿ ਇੰਦਰ ਮੈਥੋਂ ਸ਼ਰਮਿੰਦਾ ਸੀ ਜਿਸ 'ਚ ਮੇਰੇ ਮੱਥੇ ਲਗਣ ਦੀ ਵੀ ਸੱਤਿਆ ਨਹੀਂ ਸੀ। ਹਾਂ, ਕਈ ਵਾਰ ਇੰਦਰ ਲਈ ਮਨ 'ਚ ਇਸ ਗੱਲ ਕਰਕੇ ਰੋਸ ਉਠਦਾ ਕਿ ਉਸ ਮੈਨੂੰ ਅੱਜ ਤੱਕ ਭਾਬੀ ਦੇ ਦਰਸ਼ਨ ਨਹੀਂ ਕਰਵਾਏ ਸਨ। ਸੁਣਿਆ ਸੀ, ਭਾਬੀ ਰਾਣੀ ਸੀ, ਰੂਪਵਤੀ ਸੀ, ਇੰਦਰ ਦੇ ਅਖਾੜੇ ਦੀ ਅਪੱਸਰਾ ਸੀ। ਇਸ ਕਰਕੇ ਹੀ ਤਾਂ ਇੰਦਰ ਮੇਰਾ ਪਿਆਰ ਭੁੱਲ ਬੈਠਾ ਸੀ।

"ਨਹੀਂ ਯਾਰ, ਮੈਨੂੰ ਕੋਈ ਗਿਲਾ ਨਹੀਂ।" ਪਤਾ ਨਹੀਂ ਮੈਂ ਕਿਵੇਂ ਕਹਿ ਦਿੱਤਾ। ਉਹ ਚੁੱਪ-ਚੁੱਪ ਤੇ ਭੈਭੀਤ ਨਜ਼ਰਾਂ ਨਾਲ ਮੇਰੇ ਵਲ ਝਾਕਿਆ। ਜਿਵੇਂ ਉਸ ਨੂੰ ਮੇਰੀ ਕਹੀ ਗੱਲ 'ਤੇ ਉਕਾ ਹੀ ਭਰੋਸਾ ਨਾ ਹੋਵੇ।

"ਮੈਨੂੰ ਸਗੋਂ ਖੁਸ਼ੀ ਐ, ਤੈਨੂੰ ਪਿਆਰਾ ਸਾਥੀ ਮਿਲਿਐ।" ਮੈਂ ਗੱਲ ਚਾਲੂ ਰੱਖੀ। ਮੈਂ ਛਤਰੀ ਕਿੱਲੀ 'ਤੇ ਟੰਗ ਕੇ ਤੇ ਬੁਸ਼ਰਟ ਲਾਹ ਕੇ ਪਲੰਘ ਤੇ ਸੁੰਨ ਹੋ ਕੇ ਬੈਠ ਗਿਆ ਸਾਂ। ਮੇਰੀ ਕਹੀ ਗੱਲ 'ਤੇ ਉਸ ਦੇ ਅੰਦਰ ਇਕ ਚੀਸ ਉਠੀ। ਰੁੱਗ ਜਿਹਾ ਭਰਿਆ ਗਿਆ। ਅੱਖਾਂ 'ਚ ਹੋਰ ਪਾਣੀ ਭਰ ਗਿਆ। ਬੇਸੁੱਧ ਜਿਹਾ ਹੋ ਕੇ ਉਹ ਪਿੱਛੇ ਪਲੰਘ ਦੀ ਬਾਹੀ 'ਤੇ ਸਿਰ ਫੜ ਕੇ ਬੈਠ ਗਿਆ। ਮੈਂ ਕਮਰੇ ਦੀ ਸਜਾਵਟ ਤੱਕ ਰਿਹਾ ਸਾਂ। ਕਮਰਾ ਕੀਮਤੀ ਸਾਮਾਨ ਨਾਲ ਸਜਿਆ ਸੀ ਪਰ ਹਰ ਚੀਜ਼ ਉਪਰ ਧੂੜ ਦੀ ਤਾਜ਼ੀ ਤਹਿ ਜੰਮ ਚੁੱਕੀ ਸੀ। ਮੈਂ ਭਾਬੀ ਦੀ ਲਾਪਰਵਾਹੀ ਨੂੰ ਨਾਲਾਇਕੀ ਕਿਹਾ...ਉਸ ਦੀ ਤਸਵੀਰ ਉਪਰ ਮੁਸਕਰਾ ਰਹੀ ਸੀ। ਉਹ ਸੱਚੀਉਂ ਮੂਰਤ ਸੀ, ਆਕਾਸ਼ ਤੋਂ ਉਤਰਿਆ ਚੰਦ ਦਾ ਟੁਕੜਾ। ਉਸ ਦੇ ਗਜ਼-ਗਜ਼ ਲੰਮੇ ਕੇਸ, ਕਾਲੇ ਰੇਸ਼ਮ ਵਾਂਗ ਹਵਾ 'ਚ ਉਲਰੇ ਸਨ। ਸਡੌਲ ਸਰੀਰ ਸੰਗਮਰਮਰ ਦਾ ਘੜਿਆ ਟੋਟਾ ਜਾਪਿਆ, ਮੇਰੇ ਮਨ 'ਚ ਹੁਸਨ ਦੀ ਅਥਾਹ ਤਾਰੀਫ ਦੇ ਭਾਵ ਉਠੇ।

"ਇੰਦਰ ਯਾਰ ਬੜਾ ਖੁਸ਼ਕਿਸਮਤ ਐਂ।" ਮੈਂ ਥੋੜ੍ਹਾ ਮੁਸਕਰਾ ਕੇ ਕਿਹਾ। ਉਸ ਹੰਝੂਆਂ ਨਾਲ ਮਸਤ ਅੱਖਾਂ ਉਠਾਈਆਂ। ਇੰਦਰ ਦੀਆਂ ਮਿਰਗ-ਅੱਖਾਂ ਨੇ ਹੀ ਅਪੱਸਰਾਂ ਨੂੰ ਘਾਇਲ ਕੀਤਾ ਸੀ। ਸੱਪਣੀ ਵਾਂਗ ਕੀਲੀ ਗਈ ਸੀ। ਸੁਣਿਆ ਸੀ, ਉਹ ਇੰਦਰ ਦੀਆਂ ਹੁਸੀਨ ਅੱਖਾਂ ਦਿਨ 'ਚ ਇਕ ਵਾਰ ਜ਼ਰੂਰ ਚੁੰਮਦੀ ਸੀ।

"ਤਸਵੀਰ ਦੀ ਦਿੱਖ ਇਸ ਗੱਲ ਦੀ ਗਵਾਹ ਹੈ ਕਿ ਭਾਬੀ ਦਾ ਦਿਲ ਵੀ ਖੂਬਸੂਰਤ ਹੈ। ਗੁਣਵੰਤੀ ਲਗਦੀ ਹੈ।" ਮੈਂ ਤਾਰੀਫ ਦੇ ਵਹਿਣ 'ਚ ਰੁੜ੍ਹ ਰਿਹਾ ਸਾਂ। ਮੈਨੂੰ ਲਗਦਾ ਸੀ ਕਿ ਇਹ ਗੱਲਾਂ ਉਸ ਨੂੰ ਸੁਖ ਦੇ ਰਹੀਆਂ ਸਨ। ਮੈਂ ਉਠ ਕੇ ਮੂੰਹ ਧੋਤਾ। ਚਾਹ ਦਾ ਕੱਪ ਪੀਣ ਲੱਗ ਪਿਆ। ਇੰਦਰ ਨੇ ਇਕ ਪੈਗ ਭਰ ਲਿਆ। ਮੈਂ ਖਲੋਤਾ ਚਾਹ ਪੀਂਦਾ ਅਪੱਸਰਾਂ ਦੀਆਂ ਵੱਖ-ਵੱਖ ਮੂਰਤਾਂ ਤੱਕਦਾ ਰਿਹਾ ਸਾਂ। ਇਕ ਥਾਂ ਉਹ ਇੰਦਰ ਦੀ ਕੁਰਸੀ ਦੇ ਬਰਾਬਰ ਖੜ੍ਹੀ ਹੱਸ ਰਹੀ ਸੀ ਕਿ ਬਿਜਲੀ ਚਮਕ ਰਹੀ ਸੀ। ਦੰਦ ਮਖਾਣਿਆਂ ਵਾਂਗ ਹੱਸ ਰਹੇ ਸਨ। ਹੱਸਦੀ ਦੀਆਂ ਗੱਲ੍ਹਾਂ ਦੇ ਟੋਏ ਹੋਰ ਵੀ ਕਤਲ ਕਰ ਰਹੇ ਸਨ। ਕੁਝ ਐਸੀਆਂ ਵੀ ਤਸਵੀਰਾਂ ਸਨ ਕਿ ਮੈਨੂੰ ਵੇਖ ਕੇ ਸ਼ਰਮ ਜਿਹੀ ਆਈ। ਮੈਨੂੰ ਲੱਗਿਆ ਕਿ ਉਹ ਤਸਵੀਰਾਂ ਮੈਨੂੰ ਨਹੀਂ ਤੱਕਣੀਆਂ ਚਾਹੀਦੀਆਂ। ਇੰਦਰ ਮੇਰੇ ਵਲ ਝਾਕ ਰਿਹਾ ਸੀ। ਮੈਂ ਇਕ ਰਸਾਲੇ ਦੇ ਪਤਰੇ ਪਲਟਣ ਲਗ ਪਿਆ।

ਮੈਂ ਨਹਾ ਕੇ ਆਇਆ ਤਾਂ ਨੌਕਰ ਨੇ ਮੈਨੂੰ ਛੱਤ ਤੇ ਜਾਣ ਵਾਸਤੇ ਕਿਹਾ। ਇੰਦਰ ਛੱਤ ਉਪਰ ਬੈਠਾ ਸੀ। ਦੋ ਪਲੰਘਾਂ ਦੇ ਵਿਚਕਾਰ ਮੇਜ਼ ਉਪਰ ਹੀਰ ਦੀ ਬਾਂਹ ਵਰਗੀ ਸ਼ਰਾਬ ਦੀ ਬੋਤਲ ਪੱਟ ਤੇ ਰੱਖੀ ਹੋਈ ਸੀ। ਪਾਣੀ ਦਾ ਜੱਗ ਤੇ ਦੋ ਗਲਾਸ ਮੇਰੀ ਉਡੀਕ ਕਰ ਰਹੇ ਸਨ। ਮੈਂ ਤਿਆਰੀ ਦੇਖ ਕੇ ਹੱਸ ਪਿਆ।

"ਤੈਨੂੰ ਹਾਲੀ ਵੀ ਸਬਰ ਨੀਂ ਆਇਆ?" ਮੈਂ ਬੈਠਦਿਆਂ ਪੁੱਛਿਆ। ਮੇਰੀ ਜਾਚੇ ਉਹ ਕਾਫੀ ਪੀ ਚੁੱਕਿਆ ਸੀ।

"ਸਬਰ ਕਿੱਥੇ?" ਉਸ ਨੇ ਦੋਹਾਂ ਗਲਾਸਾਂ 'ਚ ਸ਼ਰਾਬ ਪਾਉਂਦਿਆਂ ਕਿਹਾ। ਸ਼ਰਾਬ ਦੇ ਮਣਕੇ ਸ਼ੀਸ਼ੇ 'ਚੋਂ ਇੰਦਰ ਦੀਆਂ ਬਲੌਰੀ ਅੱਖਾਂ ਵਾਂਗ ਡਲ੍ਹਕ ਰਹੇ ਸਨ।

"ਤੈਨੂੰ ਪਤੈ, ਮੈਂ ਸ਼ਰਾਬ ਨਹੀਂ ਪੀਂਦਾ।"

"ਹਾਂ।" ਇੰਦਰ ਨੇ ਬੜੇ ਸਹਿਜ ਨਾਲ ਕਹਿੰਦਿਆਂ ਗਲਾਸ 'ਚ ਪਾਣੀ ਪਾਇਆ।

"ਤਾਂ ਫੇਰ...?"

"ਪਰ ਅੱਜ ਪੀਣੀ ਪਊ।" ਇੰਦਰ ਨੇ ਅੜੀ ਤੇ ਮਾਣ ਭਰੇ ਲਹਿਜ਼ੇ 'ਚ ਕਿਹਾ ਤੇ ਸ਼ਰਾਬ ਦਾ ਭਰਿਆ ਗਿਲਾਸ ਮੇਰੇ ਵਲ ਵਧਾਇਆ। ਨਿੱਤਰੀ ਸ਼ਰਾਬ ਦੇ ਪੀਲੇ ਰੰਗ 'ਚ ਨਸ਼ਾ ਬੂ ਬੂ ਕਰਦਾ ਸੀ।

ਮੈਂ ਗਲਾਸ ਫੜ ਕੇ ਮੂੰਹ ਨੇੜੇ ਕੀਤਾ। ਇੰਦਰ ਨੇ ਅੱਖਾਂ ਮੀਚ ਕੇ ਗਲਾਸ ਖਾਲੀ ਕੀਤਾ, ਮੈਂ ਹੁਸ਼ਿਆਰੀ ਨਾਲ ਸ਼ਰਾਬ ਪਾਸੇ ਡੋਲ੍ਹ ਕੇ ਗਲਾਸ ਖਾਲੀ ਕਰ ਦਿੱਤਾ। ਉਸ ਨੇ ਨੀਵੀਂ ਪਾ ਲਈ। ਉਹ ਕੁਝ ਸੋਚ ਰਿਹਾ ਸੀ। ਉਸ ਦੇ ਅੰਦਰ ਇਕ ਚੀਸ ਲਗਦੀ ਸੀ, ਜਿਸ ਨੂੰ ਦੰਦਾਂ ਥੱਲੇ ਜੀਭ ਲੈ-ਲੈ ਕੇ ਦਬਾ ਰਿਹਾ ਸੀ। ਮੈਂ ਉਸ ਦਾ ਚਿਹਰਾ ਪੜ੍ਹਦਾ ਰਿਹਾ। ਕਈ ਤਰ੍ਹਾਂ ਦੇ ਭਾਵ ਉਕਰੇ ਪਏ ਸਨ। ਮੇਰਾ ਮਨ ਉਲਝ ਕੇ ਰਹਿ ਗਿਆ। ਮੈਂ ਦੂਜੇ ਪਾਸੇ ਨਿਗਾਹ ਪਲਟ ਲਈ। ਘਰ ਅੱਗੇ ਘਾਹ ਵਾਲੇ ਦਲਾਨ 'ਚ ਬੱਤੀ ਜਗਦੀ ਸੀ, ਦੋ ਸਰੂ ਦੇ ਬੂਟੇ ਝੂਟੇ ਖਾ ਰਹੇ ਸਨ। ਹਵਾ ਦੇ ਨਾਲ-ਨਾਲ ਬੱਦਲ ਵੀ ਉਨ੍ਹਾਂ ਨਾਲ ਟਕਰਾਇਆ। ਇਕ ਛੂਕ... ਇਕ ਡਰਾਉਣੀ ਗੂੰਜ ਪੈਦਾ ਹੋਈ। ਇੰਦਰ ਸ਼ਰਾਬ ਦੇ ਨਸ਼ੇ 'ਚ ਚੂਰ ਸੀ, ਜਗਦੀ ਬੱਤੀ 'ਚ ਮੈਂ ਉਸ ਵਲ ਤੱਕਦਾ ਰਿਹਾ। ਉਹ ਬੇਸੁਰਤ ਸੀ, ਬੇਖਬਰ ਸੀ। ਮੈਂ ਖਾਲੀ-ਖਾਲੀ ਝਾਕਦਾ ਉਡੀਕਦਾ ਰਿਹਾ। ਨੌਕਰ ਰੋਟੀ ਲੈ ਆਇਆ। ਮੈਂ ਇੰਦਰ ਨੂੰ ਜਗਾਇਆ ਪਰ ਉਹ ਨਾ ਜਾਗਿਆ। ਮੈਂ ਉਡੀਕਦਾ ਸਾਂ, ਮਾਂ ਮੇਰੇ ਨਾਲ ਗੱਲਾਂ ਕਰਨ ਆਏਗੀ... ਮਾਂ ਨਾ ਆਈ, ਭਾਬੀ ਆਵੇਗੀ ਪਰ ਭਾਬੀ ਵੀ ਨਾ ਆਈ। ਮੈਂ ਇੰਦਰ ਪਾਸ ਸੌਣਾ ਯੋਗ ਨਾ ਸਮਝਿਆ। ਮੈਂ ਆਪਣਾ ਮੰਜਾ ਚੁੱਕ ਕੇ ਦੂਰ ਛੱਤ 'ਤੇ ਲੈ ਗਿਆ। ਬੱਦਲਾਂ 'ਚ ਚੰਦ ਚੜ੍ਹ ਪਿਆ ਸੀ। ਬੱਦਲ ਚਮਕ ਪਏ ਸਨ। ਚੰਦ ਦੀ ਚਾਨਣੀ ਹੌਲੀ-ਹੌਲੀ ਪਸਰ ਰਹੀ ਸੀ। ਇਕ ਪਾਸੇ ਬੱਦਲ ਪਤਲਾ ਸੀ ਤੇ ਵਿਚੋਂ ਤਾਰੇ ਮਣਕਿਆਂ ਵਾਂਗ ਜਗਦੇ ਦਿਸਦੇ ਸਨ। ਖੇਤਾਂ 'ਚ 'ਸਾਂ ਸਾਂ' ਹੋ ਰਹੀ ਸੀ। ਸਾਰਾ ਨਗਰ ਸੁੱਤਾ ਸੀ, ਇੰਦਰ ਦੇ ਘਰ ਅਨੋਖੀ ਚੁੱਪ ਸੀ। ਇਕ ਬੁਝਾਰਤ ਮਨ ਲਈ ਚਿੰਤਾ ਬਣ ਗਈ। ਇਤਨੀ ਗਹਿਰੀ ਚੁੱਪ ਕਿ ਕੋਈ ਮੰਜੀ ਤੇ ਪਾਸਾ ਬਦਲਦਾ ਤਾਂ... 'ਚੀਂ ਚੀਂ' ਸੁਣਦੀ। ਦੂਰ ਇਕ ਛੱਤ ਉਪਰ ਗੜਵੀ ਤੇ ਕੌਲੀ ਖੜਕੀ, ਕੋਈ ਪਾਣੀ ਪੀ ਰਿਹਾ ਸੀ।

ਮੈਂ ਤ੍ਰਭਕ ਕੇ ਝਾਕਿਆ। ਮੇਰੇ ਕੰਨਾਂ 'ਚ ਛੱਤ 'ਤੇ ਤੁਰਨ ਦੀ ਵਲੇਲ ਪਈ। ਸ਼ਾਇਦ ਭਾਬੀ ਇੰਦਰ ਪਾਸ ਆ ਰਹੀ ਸੀ। ਸੱਚੀਂ ਹੀ ਭਾਬੀ ਸੀ, ਮੈਂ ਹੈਰਾਨ ਹੋਇਆ ਕਿ ਉਹ ਤੰਗ ਕਪੜਿਆਂ 'ਚ ਸੀ। ਤੰਗ ਕਪੜਿਆਂ 'ਚੋਂ ਉਸ ਦਾ ਗੱਠਿਆ ਤੇ ਸਡੌਲ ਸਰੀਰ ਝਾਕ ਰਿਹਾ ਸੀ। ਉਹ ਮੜਕ ਨਾਲ ਤੁਰਦੀ ਸੀ। ਛੱਤ ਤੇ ਰਾਜ਼ ਭਰਿਆ ਨਾਚ ਹੋਣ ਲੱਗ ਪਿਆ ਸੀ। ਘੁੰਗਰੂ ਖੜਕ ਰਹੇ ਸਨ। ਇਸ ਅਜੀਬ ਲੀਲ੍ਹਾ ਤੇ ਮੈਂ ਦੰਗ ਸਾਂ। ਮੈਂ ਸੰਗਦਿਆਂ-ਸੰਗਦਿਆਂ ਭਾਬੀ ਦੇ ਪੂਰੇ ਦਰਸ਼ਨ ਪਾਏ। ਉਸ ਦਾ ਗੋਰਾ-ਗੋਰਾ ਮੁਖੜਾ ਮਤਾਬੀ ਸੀ। ਸੁਰਖ ਹੋਠਾਂ ਉਪਰ ਕਾਲਾ ਤਿਲ ਦੱਖ ਦੇ ਰਿਹਾ ਸੀ। ਉਹ ਪਲੰਘ ਦੀ ਬਾਹੀ 'ਤੇ ਕਸੀ-ਕਸਾਈ ਬੈਠ ਗਈ। ਮੈਂ ਹੈਰਾਨ ਹੋਇਆ ਕਿ ਪਲੰਘ ਉਪਰ ਚਿੱਟੀ ਮੱਛਰਦਾਨੀ ਤਣੀ ਹੋਈ ਸੀ, ਪਰ ਚੰਦ ਦੇ ਚਾਨਣ ਨਾਲ ਇੰਦਰ ਤੇ ਅਪੱਸਰਾਂ ਸਾਫ ਦਿਸ ਰਹੇ ਸਨ। ਇੰਦਰ ਬੈਠਾ ਸੀ। ਭਾਬੀ ਦੀਆਂ ਨਰਮ ਉਂਗਲਾਂ ਉਸ ਦੀ ਗਰਦਨ ਉਪਰ, ਤਰਬਾਂ ਤੇ ਫਿਰਦੀਆਂ ਉਂਗਲਾਂ ਵਾਂਗ ਫਿਰ ਰਹੀਆਂ ਸਨ। ਉਸ ਦੀਆਂ ਕੂਹਣੀਆਂ ਇੰਦਰ ਦੀ ਛਾਤੀ ਉਪਰ ਸਨ। ਮੈਨੂੰ ਸ਼ਰਮ ਆਈ, ਮੈਂ ਪਾਸਾ ਫੇਰਨਾ ਚਾਹਿਆ ਪਰ ਮੇਰੀਆਂ ਅੱਖਾਂ ਤੱਕਣੋਂ ਲਈ ਬੇਈਮਾਨ ਹੋ ਗਈਆਂ ਸਨ। ਮੈਂ ਅੱਖਾਂ ਮੋੜ ਨਾ ਸਕਿਆ। ਉਹ ਇਕ ਦੂਜੇ ਦੀ ਹੋਠਾਂ ਰਾਹੀਂ ਘੁੱਟ ਭਰ ਰਹੇ ਸਨ। ਚੰਦ ਮੁਸਕਰਾ ਰਿਹਾ ਸੀ। ਬੱਦਲ ਇਕ ਗੁਲਾਈ 'ਚ ਖਿੰਡ ਗਿਆ ਸੀ, ਚੰਦ ਦਾ ਸਾਰਾ ਰੂਪ ਇੰਦਰ ਦੇ ਪਲੰਘ ਤੇ ਡੁੱਲ੍ਹ ਗਿਆ ਸੀ। ਸਮਾਂ ਖੜ੍ਹ ਗਿਆ ਸੀ। ਚੰਦ ਰੁਕ ਕੇ ਤੱਕਣ ਲੱਗ ਪਿਆ ਸੀ। ਦਰਖਤ ਝੂਮਣੋਂ ਹੱਟ ਗਏ ਸਨ। ਗੁਲਾਬੀ ਪੌਣ ਦੇ ਝੋਕੇ ਰੁਮਕ ਰਹੇ ਸਨ। ਸਰੋਦ ਸੀ, ਗੂੰਜ ਨਹੀਂ ਸੀ। ਮਸਤੀ ਭਰੀ ਛੇੜ ਸੀ, ਝਖੇੜਾ ਨਹੀਂ ਸੀ, ਤਾਰੇ ਨੱਚ ਰਹੇ ਸਨ। ਬੱਦਲ ਪਾਸੀਂ ਖੜ੍ਹੇ ਝੂਮ ਰਹੇ ਸਨ।

ਮੈਂ ਪਾਸਾ ਪਰਤਿਆ, ਮੈਨੂੰ ਪਸੀਨਾ ਆ ਗਿਆ। ਹੋਸ਼ ਆਈ ਤਾਂ ਯਾਰ ਦਾ ਪਰਦਾ ਤੱਕਣ 'ਤੇ ਮੈਨੂੰ ਸ਼ਰਮ ਆਈ। ਸਾਹਮਣੇ ਸਫੈਦੇ ਦੇ ਦਰਖਤ ਝੂਮ ਤਾਂ ਰਹੇ ਸਨ ਪਰ ਖੜਕਾ ਨਹੀਂ ਹੋ ਰਿਹਾ ਸੀ। ਮੈਂ ਕਿੰਨਾ ਹੀ ਚਿਰ ਉਸ ਪਾਸੇ ਝਾਕਦਾ ਰਿਹਾ। ਮੈਨੂੰ ਨੀਂਦਰ ਉਕਾ ਹੀ ਨਹੀਂ ਆ ਰਹੀ ਸੀ। ਮੈਂ ਅਚਾਨਕ ਪਾਸਾ ਬਦਲਿਆ। ਅਖਾੜਾ ਬੰਦ ਸੀ। ਅਪੱਸਰਾਂ ਜਾ ਚੁੱਕੀ ਸੀ, ਪਲੰਘ ਦੀ ਸਾਰੀ ਸੱਜਧੱਜ ਹੀ ਨਾਲ ਲੈ ਗਈ ਸੀ। ਬਦਲਾਂ ਨੇ ਚੰਦ ਨੂੰ ਢਕ ਲਿਆ ਸੀ। ਇੰਦਰ ਸੁੰਨੇ ਪਲੰਘ 'ਤੇ ਪਿਆ ਸੀ। ਮੱਛਰਦਾਨੀ ਨਹੀਂ ਸੀ। ਮੈਂ ਵਾਰ-ਵਾਰ ਅੱਖਾਂ ਝਮਕ ਕੇ ਇਸ ਸੱਚਾਈ ਨੂੰ ਤੱਕਦਾ ਸੀ, ਅੱਖਾਂ ਠੀਕ ਹੀ ਤਾਂ ਤੱਕ ਰਹੀਆਂ ਸਨ। ਮੈਂ ਕਦੇ ਹੱਸਦਾ, ਕਦੇ ਹੈਰਾਨ ਹੁੰਦਾ। ਇਨ੍ਹਾਂ ਧਾਰਾਂ 'ਚ ਗੋਤੇ ਖਾਂਦੇ ਨੂੰ ਪਤਾ ਨਹੀਂ ਕਿਹੜੇ ਵੇਲੇ ਨੀਂਦਰ ਆ ਗਈ। ਅੱਖ ਖੁੱਲ੍ਹੀ ਤਾਂ ਚਿੱਟਾ ਦਿਨ ਚੜ੍ਹ ਚੁੱਕਿਆ ਸੀ।

ਇੰਦਰ ਮੰਜੇ 'ਤੇ ਨਹੀਂ ਸੀ। ਉਹ ਖੇਤ 'ਚ ਟਰੈਕਟਰ ਚਲਾ ਰਿਹਾ ਸੀ। ਨੌਕਰ ਨੇ ਮੈਨੂੰ ਇਸ਼ਨਾਨ ਕਰਨ ਲਈ ਪਾਣੀ ਦਿੱਤਾ। ਉਸ ਦਾ ਸਾਊ ਚਿਹਰਾ ਉਦਾਸ ਸੀ। ਚੁੱਪ ਦੀ ਮੋਹਰ ਲੱਗੀ ਹੋਈ ਸੀ। ਬੁੱਲ੍ਹ ਸੀਤੇ ਪਏ ਸਨ। ਮੇਰੀ ਹੀ ਗੱਲ ਦਾ ਜਵਾਬ ਦੇਂਦਾ ਸੀ। ਲੋੜ ਦੀ ਹਰ ਚੀਜ਼ ਆਹਰ ਨਾਲ ਦੇਈ ਜਾਂਦਾ ਸੀ। ਮੈਂ ਪੜ੍ਹਦਾ ਰਿਹਾ। ਕਮਰੇ ਦੀਆਂ ਤਸਵੀਰਾਂ ਤੱਕਦਾ ਰਿਹਾ। ਭਾਬੀ ਦੀ ਤਸਵੀਰ 'ਤੇ ਮੇਰੀ ਨਜ਼ਰ ਬਦੋ-ਬਦੀ ਰੁਕ ਜਾਂਦੀ। ਮੇਰੀਆਂ ਅੱਖਾਂ 'ਚ ਤਾਰੀਫ ਹੁੰਦੀ। ਦੁਪਹਿਰੇ ਇੰਦਰ ਖਾਣਾ ਖਾ ਕੇ ਦੂਸਰੇ ਕਮਰੇ 'ਚ ਸੌਂ ਗਿਆ। ਮੈਨੂੰ ਇਹ ਗੱਲ ਚੰਗੀ ਨਾ ਲੱਗੀ। ਸਮਝ ਨਹੀਂ ਪੈਂਦੀ ਸੀ, ਮੈਨੂੰ ਉਸ ਨੇ ਬੁਲਾਇਆ ਕਿਉਂ ਸੀ ਜੇ ਮੇਰੇ ਨਾਲ ਕੋਈ ਗੱਲ ਨਹੀਂ ਕਰਨੀ ਸੀ? ਅਜੀਬ ਸੁੰਨਾਪਨ ਮਨ ਨੂੰ ਤੰਗ ਕਰਨ ਲੱਗ ਪਿਆ। ਮੈਂ ਨੌਕਰ ਭੇਜ ਕੇ ਮਾਂ ਜੀ ਨੂੰ ਬੁਲਾਇਆ, ਉਹ ਕਿੰਨਾ ਚਿਰ ਉਡੀਕ ਕਰਨ ਮਗਰੋਂ ਆਈ। ਉਸ ਰਸਮੀ ਗੱਲਾਂ ਕੀਤੀਆਂ।

"ਚੰਗਾ ਪੁੱਤ, ਤੂੰ ਮਿਲ ਗਿਆ। ਕੀ ਪਤੈ ਕੱਲ੍ਹ ਨੂੰ ਕੀ ਹੋਣੈ।" ਮਾਂ ਨੇ ਉਠਦਿਆਂ ਕਿਹਾ। ਉਹ ਜਾਣ ਵਾਸਤੇ ਕਾਹਲੀ ਸੀ। ਮੈਂ ਅਵਾਕ ਰਹਿ ਗਿਆ। ਉਸ ਦਾ ਕੀ ਭਾਵ ਸੀ? ਮੈਂ ਪੂਰੀ ਤਰ੍ਹਾਂ ਸਮਝ ਨਾ ਸਕਿਆ, ਮੈਨੂੰ ਹੋਰ ਵੀ ਬੇਚੈਨੀ ਹੋ ਗਈ। ਮੈਨੂੰ ਅੰਦਰ ਬੈਠਣਾ ਕਠਨ ਹੋ ਗਿਆ। ਮੈਂ ਇੰਦਰ ਨੂੰ ਆਵਾਜ਼ਾਂ ਦਿੱਤੀਆਂ। ਨੌਕਰ ਨੇ ਦੱਸਿਆ, ਉਹ ਤਿਆਰ ਹੋ ਰਿਹਾ ਸੀ। ਦਿਨ ਢਲ ਗਿਆ ਸੀ। ਦੁਪਹਿਰੇ ਦਸ ਕੁ ਕਣੀਆਂ ਪਈਆਂ ਸਨ। ਹਵਾ ਫਰਨ-ਫਰਨ ਜੰਗਲਿਆਂ ਵਿਚ ਦੀ ਆ ਰਹੀ ਸੀ, ਪਰ ਮੇਰੇ ਅੰਦਰ ਇਕ ਤੜਪ ਸੀ। ਮੈਂ ਪਤਾ ਨਹੀਂ ਕੀ ਜਾਨਣ ਲਈ ਕਾਹਲਾ ਸਾਂ। ਇੰਦਰ ਆ ਗਿਆ। ਉਹ ਪੀ ਕੇ ਆਇਆ ਸੀ। ਉਸ ਦੀਆਂ ਅੱਖਾਂ 'ਚ ਨਸ਼ਾ ਤਰ ਰਿਹਾ ਸੀ। ਚਿਹਰੇ 'ਤੇ ਇਕ ਕੁੜੱਤਣ ਘੁਲ ਰਹੀ ਸੀ।

'ਇਹ ਕੀ ਤਮਾਸ਼ੈ?' ਮੈਂ ਗੁੱਸੇ ਨਾਲ ਉਸ ਦੀ ਸ਼ਰਾਬ ਵਲ ਇਸ਼ਾਰਾ ਕੀਤਾ। ਉਹ ਵਿੰਗ ਭਰਪੂਰ ਤਰੀਕੇ ਨਾਲ ਹੱਸ ਪਿਆ।

'ਹਾਂ, ਹੁਣ ਤਮਾਸ਼ਾ ਹੀ ਤਾਂ ਰਹਿ ਗਿਐ।' ਉਸ ਨੇ ਗਰਦਨ ਉਪਰ ਚੁੱਕ ਕੇ ਕਿਹਾ। ਜਿਵੇਂ ਛਾਤੀ 'ਚ ਰੁਕੀ ਪੀੜ ਨੂੰ ਬਾਹਰ ਕੱਢਿਆ ਹੋਵੇ।

'ਕੀ ਮਤਲਬ?'

'ਹਾਂ ਮਤਲਬ ਕੁਝ ਨੀ।' ਉਹ ਪਾਗਲਾਂ ਵਾਂਗ ਹੱਸਿਆ।

'ਇੰਦਰ, ਮੈਂ ਦੁਚਿੱਤੀ ਦੇ ਖੰਜਰ ਨਾਲ ਜ਼ਿਬ੍ਹਾ ਹੋ ਰਿਹਾਂ। ਮੈਨੂੰ ਕੁਝ ਦੱਸ। ਮੇਰੇ ਸ਼ੰਕੇ ਨਵਿਰਤ ਕਰ।' ਮੈਂ ਕਰੀਬ ਤੋਂ ਉਸ ਦੀਆਂ ਅੱਖਾਂ 'ਚ ਝਾਕਦਿਆਂ ਕਿਹਾ।

'ਨਹੀਂ, ਦੱਸਣ ਲਈ ਕੁਝ ਵੀ ਤਾਂ ਨਹੀਂ ਰਹਿ ਗਿਆ।' ਉਸ ਅਜੀਬ ਅਦਾ ਨਾਲ ਕਿਹਾ।

'ਚਲ ਆਪਾਂ ਬਾਹਰ ਚੱਲੀਏ।' ਉਸ ਨੇ ਮੇਰੀ ਬਾਂਹ ਫੜ ਲਈ ਤੇ ਬਾਹਰ ਨੂੰ ਤੁਰ ਪਿਆ।

ਮਗਰਲਾ ਦਰਵਾਜ਼ਾ ਖੇਤ 'ਚ ਖੁੱਲ੍ਹਦਾ ਸੀ। ਪਗਡੰਡੀ ਤੋਂ ਅਸੀਂ ਕੱਸੀ ਪਾਰ ਕਰ ਕੇ ਇੰਦਰ ਦੇ ਖੇਤ 'ਚ ਪਹੁੰਚ ਗਏ। ਦਰੱਖਤਾਂ ਦਾ ਇਕ ਬਾਗ ਸੀ। ਵਿਉਂਤ ਨਾਲ ਲੱਗੇ ਉਚੇ-ਉਚੇ ਸਫੈਦਿਆਂ 'ਚ ਸ਼ਾਮ ਸਮੇਂ ਸੈਰ ਕਰਨਾ ਇੰਦਰ, ਅਪੱਸਰਾਂ ਦਾ ਨਿਤਨੇਮ ਸੀ। ਇੰਦਰ ਨੂੰ ਉਹ ਸ਼ਾਮ ਕਦੇ ਨਹੀਂ ਭੁੱਲੀ ਸੀ ਜਦੋਂ ਅਪੱਸਰਾਂ ਮੁਗਲ-ਪੁਸ਼ਾਕ 'ਚ ਮੁਸਕਾਂਦੀ ਇਸ ਬਾਗ 'ਚ ਨੱਚਦੀ ਫਿਰਦੀ ਸੀ। ਵੱਡੀ ਰਾਤ ਤੱਕ ਉਹ ਉਥੇ ਟਹਿਲਦੇ ਰਹੇ ਸਨ। ਚੰਦ ਵੀ ਚੜ੍ਹ ਆਇਆ ਸੀ। ਸਾਰੇ ਸਫੈਦਿਆਂ ਦੇ ਚਿੱਟੇ ਪੋਰੇ ਹੱਸ ਪਏ ਸਨ। ਉਹ ਇਕ ਦੂਜੇ ਦੀ ਨਿੱਘੀ ਜੱਫੀ 'ਚ ਟਹਿਲਦੇ ਰਹੇ ਸਨ। ਘਰ ਜਾਣ ਦੀ ਉਕੀ ਹੀ ਕਾਹਲ ਨਹੀਂ ਸੀ। ਮਾਂ ਦੀ ਉਡੀਕ ਦੀ ਵੀ ਚਿੰਤਾ ਨਹੀਂ ਸੀ। ਉਨ੍ਹਾਂ ਦਾ ਦਿਲ ਸੀ ਕਿ ਉਨ੍ਹਾਂ ਦਾ ਟਹਿਲਣਾ ਅਟੱਲ ਹੋ ਜਾਏ। ਸਦੀਵੀ ਬਣ ਜਾਏ। ਅਪੱਸਰਾਂ ਖੇਤ 'ਚ ਕੰਮ ਕਰਦੇ ਇੰਦਰ ਨਾਲ ਰਹਿੰਦੀ। ਕਈ ਵਾਰ ਉਹ ਟਰੈਕਟਰ ਚਲਾਉਂਦੀ। ਨਹੀਂ ਤਾਂ ਉਹ ਟਰੈਕਟਰ 'ਤੇ ਇੰਦਰ ਦੇ ਨਾਲ ਬੈਠੀ ਰਹਿੰਦੀ, ਲੋਕ ਵੇਖ-ਵੇਖ ਹੱਸਦੇ। ਦੰਦੀਆਂ ਕਢਦੇ ਪਰ ਉਨ੍ਹਾਂ ਨੂੰ ਲੋਕਾਂ ਦੀ ਉਕੀ ਪਰਵਾਹ ਨਹੀਂ ਸੀ। ਉਹ ਮਸਤ ਸਨ। ਕਈ ਵਾਰ ਰਾਤ ਸਮੇਂ ਇੰਦਰ ਟਰੈਕਟਰ ਚਲਾਉਂਦਾ ਤਾਂ ਉਹ ਘਰੇ ਛੱਤ 'ਤੇ ਬੈਠੀ ਵੇਖਦੀ,

ਉਡੀਕਦੀ ਰਹਿੰਦੀ। ਜਦੋਂ ਤਕ ਉਹ ਘਰ ਨਾ ਆ ਜਾਂਦਾ ਤਾਂ ਉਹ ਪਾਣੀ ਤੱਕ ਨਾ ਪੀਂਦੀ, ਰੋਟੀ ਨਾ ਖਾਂਦੀ। ਉਨ੍ਹਾਂ ਨੂੰ ਨਾ ਦਿਨ ਦੀ ਖਬਰ ਹੁੰਦੀ, ਨਾ ਰਾਤ ਦੀ। ਮਹੀਨਿਆਂ ਦੀ ਗਿਣਤੀ ਨਾ ਵਰ੍ਹਿਆਂ ਦਾ ਹਿਸਾਬ।

ਸੱਚ ਹੀ ਬਾਗ 'ਚ ਤੁਰਨ ਦਾ ਵੱਖਰਾ ਹੀ ਅਨੰਦ ਸੀ। ਮੈਂ ਸੁਣਿਆ, ਜਿਵੇਂ ਕਿਸੇ ਨਾਚੀ ਦੇ ਕਦਮਾਂ ਨੇ ਘੁੰਗਰੂ ਖੜਕਾ ਦਿੱਤੇ ਹੋਣ। ਮੈਂ ਚਾਰੇ ਪਾਸੇ ਤੱਕਿਆ। ਪਰ ਇਹ ਮੇਰਾ ਵਹਿਮ ਸੀ। ਇੰਦਰ ਪਰ੍ਹਾਂ ਇਕ ਸਫੈਦੇ ਨਾਲ ਜੁੜਿਆ ਖੜ੍ਹਾ ਸੀ। ਸੋਚਾਂ 'ਚ ਡੁੱਬਿਆ, ਬੁੱਤ ਬਣਿਆ ਜਾਪਦਾ ਸੀ। ਮੈਂ ਉਸ ਨੂੰ ਟੋਕਣਾ ਉਚਿਤ ਨਾ ਜਾਣਿਆ। ਮੈਂ ਵੀ ਪਰ੍ਹਾਂ ਚਲਾ ਗਿਆ, ਇਸ ਪਾਸੇ ਸੂਰਜ ਹਾਲੀ ਹੁਣੇ ਹੀ ਡੁੱਬਿਆ ਸੀ ਤੇ ਲਾਲੀ ਨੂੰ ਹਨ੍ਹੇਰਾ ਖਾ ਰਿਹਾ ਸੀ। ਦਰਖਤਾਂ ਉਪਰ ਪੰਛੀ ਚੜਚੋਹਲਾਂ ਪਾ ਰਹੇ ਸਨ। ਬਿੰਡਿਆਂ ਨੇ ਬੋਲਣਾ ਸ਼ੁਰੂ ਕਰ ਦਿੱਤਾ ਸੀ। ਕੁਦਰਤ 'ਚ ਟਿਕਾਉ ਆ ਰਿਹਾ ਸੀ। ਪਿੰਡ ਦਾ ਸ਼ੋਰ ਮੱਧਮ ਹੋ ਕੇ ਚੁੱਪ 'ਚ ਡੁੱਬਦਾ ਜਾ ਰਿਹਾ ਸੀ। ਪਤਾ ਨਹੀਂ ਵਕਤ ਕਦੋਂ ਗੁਜ਼ਰ ਗਿਆ। ਬੜਾ ਹੀ ਹਨ੍ਹੇਰਾ ਪਸਰ ਗਿਆ। ਚੰਦ ਦੀ ਲੋਅ ਲੱਗ ਗਈ ਸੀ। ਮੈਂ ਇੰਦਰ ਵਲ ਆਇਆ। ਉਹ ਉਸੇ ਤਰ੍ਹਾਂ ਮੁੱਢ ਲੱਗਿਆ ਖੜ੍ਹਾ ਸੀ। ਮੇਰੇ ਕਦਮ ਰੁਕ ਗਏ। ਸੱਚੀਂ ਹੀ ਕੋਈ ਆ ਰਿਹਾ ਸੀ। ਪੈਰਾਂ ਦੀ ਪੰਜੇਬ ਖੜਕ ਰਹੀ ਸੀ। ਚਾਲ ਮਸਤਾਨੀ ਸੀ। ਮੈਂ ਇਕ ਦਮ ਰੁਕ ਗਿਆ। ਪਿੰਡ ਵਾਲੇ ਪਾਸਿਓਂ ਅਪੱਸਰਾਂ ਆ ਰਹੀ ਸੀ। ਕਾਲੇ ਨਕਾਬ 'ਚ ਚੰਦ ਦਾ ਖੰਨਾ ਮੁਖੜਾ ਮੁਸਕਰਾ ਰਿਹਾ ਸੀ। ਸਤਾਰਿਆਂ ਵਾਲਾ ਨਕਾਬ ਬਿਜਲੀ ਡੇਗ ਰਿਹਾ ਸੀ। ਉਸ ਦੇ ਖੁੱਲ੍ਹਾ ਕੁੜਤਾ ਪਾਇਆ ਸੀ। ਮਖ਼ਮਲ 'ਚੋਂ ਉਸ ਦਾ ਜੁਆਨ ਧੜਕਦਾ ਸੀਨਾ ਦਿਸਦਾ ਸੀ। ਸੰਗਮਰਮਰ ਦੀ ਘੜੀ ਮੂਰਤੀ ਪਲ-ਪਲ ਇੰਦਰ ਵਲ ਵਧ ਰਹੀ ਸੀ। ਮੈਂ ਹੋਰ ਪਿੱਛੇ ਹਟ ਗਿਆ। ਉਸ ਨੇ ਝੁਕ ਕੇ ਇੰਦਰ ਨੂੰ ਸਲਾਮ ਕੀਤੀ। ਇੰਦਰ ਖੁਸ਼ੀ ਨਾਲ ਪਾਗਲ ਹੋ ਉਠਿਆ। ਉਨ੍ਹਾਂ ਕਸ ਕੇ ਜੱਫੀ ਪਾਈ ਤੇ ਕਿੰਨਾ ਹੀ ਚਿਰ ਖੜ੍ਹੇ ਰਹੇ। ਅੱਖਾਂ ਤੇ ਹੋਠਾਂ ਰਾਹੀਂ ਉਹ ਜਾਨ ਵਟਾ ਰਹੇ ਸਨ। ਫੇਰ ਉਹ ਅੱਗੇ ਨੂੰ ਤੁਰ ਪਏ। ਉਹ ਸਫੈਦਿਆਂ 'ਚ ਲੁਕ-ਲੁਕ ਕੇ ਤੁਰ ਰਹੇ ਸਨ। ਅੱਗੇ ਜਾ ਕੇ ਘਾਹ ਉਪਰ ਲਿਟ ਗਏ। ਮੈਂ ਹੋਰ ਪਿੱਛੇ ਹਟ ਗਿਆ। ਬੜਾ ਚਿਰ ਉਡੀਕਦਾ ਰਿਹਾ ਤੇ ਅੰਤ ਘਰ ਚਲਾ ਆਇਆ। ਖਾਣਾ ਖਾ ਕੇ ਸੌਂ ਗਿਆ। ਮੇਰੇ ਮਨ 'ਚ ਮਰਦ-ਤੀਵੀਂ ਦੀ ਪਿਆਰਮਈ ਜ਼ਿੰਦਗੀ ਦਾ ਇਕ ਸੁੰਦਰ ਨਕਸ਼ਾ ਬਣ ਰਿਹਾ ਸੀ। ਉਹ ਨਕਸ਼ਾ ਜਿਸ ਨੂੰ ਮੈਂ ਕਦੇ ਮਹਿਸੂਸ ਕੀਤਾ ਨਾ ਜਾਣਿਆ। ਇਸ ਜ਼ਿੰਦਗੀ ਦਾ ਆਪਣਾ ਹੀ ਸੁਆਦ ਹੈ। ਮੈਂ ਵਾਰ-ਵਾਰ ਸੋਚਦਾ ਸਾਂ। ਮੈਨੂੰ ਪਤਾ ਨਹੀਂ ਕਿ ਉਹ ਘਰੇ ਕਦੋਂ ਪਰਤੇ। ਸੁਪਨੇ 'ਚ ਵੀ ਮੈਨੂੰ ਇੰਦਰ ਤੇ ਅਪੱਸਰਾਂ ਹਵਾ 'ਚ ਉਡਦੇ ਦਿੱਸੇ।

ਮੈਂ ਇਸ਼ਨਾਨ ਕਰ ਕੇ ਕਮਰੇ 'ਚ ਆਇਆ ਤਾਂ ਵੇਖ ਕੇ ਦੰਗ ਰਹਿ ਗਿਆ। ਕਮਰੇ ਦੀਆਂ ਸਾਰੀਆਂ ਤਸਵੀਰਾਂ ਉਤਾਰ ਦਿੱਤੀਆਂ ਸਨ। ਕੰਨੋਂ- ਨੱਕੋਂ ਉਤਾਰੇ ਗਹਿਣਿਆਂ ਵਾਲੇ ਮੁਖੜੇ ਵਾਂਗ, ਕਮਰਾ ਸੁੰਨਾ-ਸੁੰਨਾ ਤੇ ਓਪਰਾ-ਓਪਰਾ ਲਗਦਾ ਸੀ। ਸਫਾਈ ਕਰਨ ਦੀ ਸਲਾਹ ਹੋਵੇਗੀ, ਮੈਨੂੰ ਆਪੇ ਹੀ ਉਤਰ ਮਿਲ ਗਿਆ। ਇੰਦਰ ਸਾਹਮਣੇ ਕੁਰਸੀ 'ਤੇ ਬੈਠਾ ਸੀ। ਉਸ ਦੀਆਂ ਅੱਖਾਂ ਸੁਰਖ ਤੇ ਸੁੱਜੀਆਂ-ਸੁੱਜੀਆਂ ਸਨ। ਮੂੰਹ ਤੋਂ ਮੱਖੀ ਨਹੀਂ ਉਡਦੀ ਸੀ। ਮੈਂ ਉਸ ਦੀ ਸਵੇਰ ਦੀ ਹਾਲਤ ਤੱਕ ਕੇ ਹੱਸ ਪਿਆ। ਇਹ ਹਾਲਤ ਰਾਤ ਦੀ ਕਹਾਣੀ ਦੱਸਦੀ ਸੀ। ਅਸੀਂ ਚੁੱਪ ਰਹੇ। ਕੋਈ ਗੱਲ ਨਾ ਛਿੜੀ। ਮੈਂ ਪੜ੍ਹਨ 'ਚ ਰੁੱਝ ਗਿਆ। ਦੁਪਹਿਰੇ ਇੰਦਰ ਅਲੋਪ ਸੀ। ਮਾਂ ਜੀ ਆਏ। ਬੁਲ੍ਹ ਕੰਬ ਰਹੇ ਸਨ।

'ਇੰਦਰ ਫੇਰ ਚਲਾ ਗਿਆ, ਭੈੜੇ ਮੂੰਹ ਆਲਾ ਹਟਦਾ ਨੀਂ।' ਜਿਵੇਂ ਉਹ ਆਪਣੇ ਨਾਲ ਗੱਲ ਕਰਕੇ ਮੁੜ ਗਏ। ਮੈਨੂੰ ਲੱਗਿਆ ਇੰਦਰ ਸ਼ਰਾਬ ਲੈਣ ਚਲਾ ਗਿਆ ਸੀ। ਪਰ ਸ਼ਰਾਬ ਦੀਆਂ ਬੋਤਲਾਂ ਤਾਂ ਸਾਹਮਣੇ ਅਲਮਾਰੀ 'ਚ ਪਈਆਂ ਸਨ। ਇਹ ਤਾਂ ਭੈੜੀ ਆਦਤ ਪੈ ਗਈ, ਭਾਬੀ ਇਸ ਨੂੰ ਰੋਕਦੀ ਕਿਉਂ ਨੀਂ? ਇਉਂ ਤਾਂ ਇਹਦੀ ਸਿਹਤ ਤਬਾਹ ਹੋ ਜੇਗੀ। ਮੈਂ ਭਾਬੀ ਨੂੰ ਕਹਾਂਗਾ ਇਸ ਦੀ ਸ਼ਰਾਬ ਰੋਕੋ। ਮੈਂ ਸ਼ੁਕਰ ਕੀਤਾ। ਇੰਦਰ ਠੀਕ-ਠਾਕ ਹੀ ਮੁੜਿਆ ਸੀ। ਸ਼ਰਾਬ ਨਹੀਂ ਪੀਤੀ ਸੀ ਪਰ ਉਹ ਮੈਨੂੰ ਅੱਧ ਪਾਗਲ ਜਾਪਿਆ। ਜਿਵੇਂ ਉਹ ਕਿਸੇ ਅਜੀਬ ਹਾਲਤ 'ਚੋਂ ਲੰਘ ਰਿਹਾ ਹੋਵੇ। ਮੈਂ ਉਸ ਦੀਆਂ ਅੱਖਾਂ 'ਚ ਝਾਤੀ ਮਾਰੀ। ਉਸ ਨੇ ਅੱਖਾਂ ਝੁਕਾ ਕੇ ਮੂੰਹ ਫੇਰ ਲਿਆ। ਅੱਜ ਸ਼ਾਮ ਅਸੀਂ ਬਾਹਰ ਨਹੀਂ ਗਏ। ਚਾਨਣੇ ਹੀ ਛੱਤ 'ਤੇ ਬੈਠ ਗਏ। ਇੰਦਰ ਨੇ ਸ਼ਰਾਬ ਝੋਅ ਲਈ। ਮੈਂ ਡੁੱਬਦੇ ਸੂਰਜ ਦਾ ਨਸ਼ਾ ਪੀਂਦਾ ਰਿਹਾ। ਗੂੜ੍ਹੀ ਲਾਲੀ ਦਿਲ 'ਤੇ ਟੂਣਾ ਕਰ ਗਈ। ਇਕ ਪਾਸੇ ਜਾਮਣੀ ਬੱਦਲ ਗੱਲ੍ਹ ਚੁਕੀ ਖੜ੍ਹਾ ਸੀ। ਦਰੱਖਤਾਂ ਦੇ ਪੱਤਰਾਂ 'ਚੋਂ ਰੱਤ ਚੋਂਦੀ ਸੀ। ਨਸ਼ਾ ਡੁੱਲ੍ਹਦਾ ਸੀ। ਮੈਂ ਤਕਦਾ ਰਿਹਾ। ਹੁਸਨ ਪੀਂਦਾ ਰਿਹਾ। ਇੰਦਰ ਦੇ ਅੜੀ ਕਰਨ 'ਤੇ ਵੀ ਮੈਂ ਸ਼ਰਾਬ ਦਾ ਭਰਿਆ ਗਲਾਸ ਮੂੰਹ ਨੂੰ ਨਾ ਲਾਇਆ।

'ਤੂੰ ਰਾਤ ਮੰਜਾ ਦੂਰ ਕਿਉਂ ਕੀਤਾ? ਕਿਤੇ ਮੈਂ ਬਰਾਟ ਤਾਂ ਨਹੀਂ ਕਰਨ ਲੱਗ ਪਿਆ ਸਾਂ?'

ਮੈਂ ਉਸ ਨੂੰ ਜੱਫੀ ਪਾ ਕੇ ਲਾਡ ਕੀਤਾ ਪਰ ਉਹ ਫੁੱਟ-ਫੁੱਟ ਕੇ ਰੋਣ ਲੱਗ ਪਿਆ। ਮੈਂ ਸੁੰਨ ਹੋ ਗਿਆ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਉਸ ਨੂੰ ਕਿਵੇਂ ਚੁੱਪ ਕਰਾਵਾਂ। ਉਹ ਬਰਾਟ ਕਰਦਾ-ਕਰਦਾ ਸੌਂ ਗਿਆ। ਨੌਕਰ ਖਾਣਾ ਲੈ ਕੇ ਆਇਆ ਤਾਂ ਮੇਰਾ ਵੀ ਕੁਝ ਖਾਣ ਨੂੰ ਦਿਲ ਨਾ ਕੀਤਾ। ਮੈਨੂੰ ਜਾਪਿਆ ਇੰਦਰ ਬਦਲ ਗਿਆ ਸੀ। ਇਹ ਉਹ ਇੰਦਰ ਨਹੀਂ ਸੀ। ਆਪਣੀ ਜੁਆਨੀ ਸ਼ਰਾਬ ਦੇ ਨਸ਼ੇ 'ਚ ਤਬਾਹ ਕਰ ਰਿਹੈ। ਭਾਬੀ ਅਜੀਬ ਔਰਤ ਹੈ ਕਿ ਇਸ ਨੂੰ ਸ਼ਰਾਬ ਤੋਂ ਟੋਕਦੀ ਨਹੀਂ? ਕਲ੍ਹ ਨੂੰ ਜ਼ਰੂਰ ਉਸ ਨੂੰ ਕਹਾਂਗਾ ਪਰ ਮੁਸੀਬਤ ਤਾਂ ਇਹ ਹੈ ਕਿ ਉਹ ਦਿਨ ਭਰ ਇਸ ਪਾਸੇ ਵਿਖਾਈ ਤੱਕ ਨਹੀਂ ਦਿੰਦੀ। ਮੈਨੂੰ ਲੱਗਿਆ ਕਿ ਰਾਤ ਵੱਡੀ ਹੋ ਚੁੱਕੀ ਸੀ। ਛੱਤਾਂ ਤੇ ਗੜਵੀਆਂ ਤੇ ਕੌਲੀਆਂ ਖੜਕਣ ਲੱਗ ਪਈਆਂ ਸਨ। ਮੈਂ ਉਠ ਕੇ ਆਪਣਾ ਮੰਜਾ ਦੂਰ ਕਰ ਲਿਆ। ਪਹਿਲੀ ਰਾਤ ਵਾਲੀ ਥਾਂ 'ਤੇ। ਮੈਂ ਚੰਦ ਦੀ ਝਾਤੀ ਬੱਦਲਾਂ 'ਚੋਂ ਭਾਲ ਰਿਹਾ ਸਾਂ। ਮੈਨੂੰ ਛੱਤ 'ਤੇ ਕਿਸੇ ਦੇ ਤੁਰਨ ਦੀ ਆਹਟ ਸੁਣਾਈ ਦਿੱਤੀ। ਹਲਕੇ ਘੁੰਗਰੂ ਖੜਕੇ। ਭਾਬੀ ਇੰਦਰ ਪਾਸ ਆ ਰਹੀ ਸੀ। ਸਾਰੀ ਛੱਤ 'ਤੇ ਨਾਦ ਖਿੰਡ ਗਿਆ। ਠੰਡੀ ਹਵਾ ਦੇ ਝੋਕੇ ਆਏ। ਗੁਲਾਬ ਦੀ ਖੁਸ਼ਬੋਈ ਹਵਾ 'ਚ ਖਿੰਡ ਗਈ ਪਰ ਕਦਮ ਇੰਦਰ ਪਾਸ ਨਾ ਰੁਕੇ। ਕਦਮ ਮੇਰੇ ਵਲ ਵਧ ਰਹੇ ਸਨ। ਮੇਰਾ ਸੀਨਾ ਧੜਕਿਆ। ਚੱਕਰ ਆ ਗਿਆ। ਮੈਂ ਸੰਭਲ ਕੇ ਵੇਖਿਆ ਕਿ ਭਾਬੀ ਮੇਰੀ ਪੈਂਦ ਪਾਸ ਖੜੀ ਸੀ। ਉਸ ਦੇ ਹੋਂਠਾਂ ਉਪਰ ਮੁਸਕਾਨ ਨਹੀਂ ਸੀ ਪਰ ਰੂਪ ਚੀਕਾਂ ਮਾਰਦਾ ਸੀ। ਉਸ ਦੇ ਲੰਮੇ, ਘਣੇ, ਕਾਲੇ ਕੇਸਾਂ ਦੀਆਂ ਗੁੱਤਾਂ ਉਸ ਦੀਆਂ ਛਾਤੀਆਂ ਉਪਰ ਪਲਮ ਰਹੀਆਂ ਸਨ। ਫੀਰੋਜ਼ੀ ਲਿਬਾਸ 'ਚ ਚਿੱਟਾ ਸੰਗ-ਮਰਮਰੀ ਸਰੀਰ ਬੱਦਲਾਂ 'ਚ ਚੰਦ ਵਾਂਗ ਝਾਤੀਆਂ ਮਾਰਦਾ ਸੀ।

'ਭਾਬੀ ਜੀ ਤੁਸੀਂ! ਇੰਦਰ ਤਾਂ...।' ਮੈਂ ਘਬਰਾਹਟ 'ਚ ਵਾਕ ਪੂਰਾ ਨਾ ਕਰ ਸਕਿਆ। ਮੁੜ੍ਹਕੇ ਨਾਲ ਮੇਰਾ ਸਰੀਰ ਭਿੱਜ ਗਿਆ ਸੀ।

'ਹਾਂ, ਮੈਨੂੰ ਪਤੈ।' ਉਸ ਦੀ ਆਵਾਜ਼ ਬੰਸਰੀ ਦੀ ਸੁਰ ਵਾਂਗ ਮਿੱਠੀ ਸੀ।

'ਤਾਂ ਫਿਰ...ਬੈਠੋ।' ਮੈਂ ਮੰਜੀ ਤੋਂ ਉਠ ਕੇ ਉਸ ਦਾ ਸੁਆਗਤ ਕੀਤਾ।

'ਨਹੀਂ, ਮੈਂ ਬੈਠਣ ਨਹੀਂ ਆਈ।' ਉਹ ਇਕ ਉਂਗਲ ਉਪਰ ਚੁੰਨੀ ਲਪੇਟ ਰਹੀ ਸੀ।

'ਤਾਂ....ਦੱਸੋ।' ਮੈਂ ਅੱਖਾਂ ਝੁਕਾ ਕੇ ਕਿਹਾ।

'ਤੁਸੀਂ ਮੇਰੇ ਇੰਦਰ ਨੂੰ ਪਾਗਲ ਕਿਉਂ ਕਿਹਾ?' ਉਸਨੇ ਗੁੱਸੇ ਨਾਲ ਸੁਆਲ ਕੀਤਾ।

ਮੈਨੂੰ ਕੋਈ ਜਵਾਬ ਨਾ ਅਉੜਿਆ। ਪਰ ਮੈਂ ਹੈਰਾਨ ਸਾਂ ਕਿ ਉਸ ਨੂੰ ਇਸ ਗੱਲ ਦਾ ਪਤਾ ਸੀ।

'ਗਲਤੀ ਹੋ ਗਈ ਭਾਬੀ ਜੀ...ਮੁਆਫ ਕਰ ਦਿਓ।' ਮੈਂ ਹੱਥ ਜੋੜੇ। ਸਿਰ ਝੁਕਾ ਕੇ ਕਿਹਾ।

'ਤੁਸੀਂ ਕਿਉਂ ਚਾਹੁੰਦੇ ਹੋ ਇੰਦਰ ਸ਼ਰਾਬ ਨਾ ਪੀਏ?'

'ਮੇਰਾ ਮਤਲਬ....ਭਾਬੀ ਜੀ, ਦੇਖੋ ਨਾ, ਉਹ ਹਰ ਸਮੇਂ.... ਇਸ ਤਰ੍ਹਾਂ ਤਾਂ ਉਸ ਦੀ ਸਿਹਤ ਤਬਾਹ ਹੋ ਜਾਵੇਗੀ।' ਮੈਂ ਆਪਣੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ।

'ਤੁਹਾਨੂੰ ਇਸ ਨਾਲ ਕੀ?' ਉਸ ਦਾ ਸਾਹ ਕਾਹਲਾ ਪੈ ਗਿਆ ਸੀ। ਗੁੱਸਾ ਹੋਰ ਤੇਜ਼ ਸੀ। 'ਜੇ ਇਸ ਤਰ੍ਹਾਂ ਕਰੋਗੇ... ਮੈਂ ....ਮੈਂ ਉਸ ਨੂੰ ਲੈ ਜਾਵਾਂਗੀ।' ਉਸ ਦੇ ਕਰੋਧ ਦੀ ਸਿਖਰ ਸੀ। 'ਪਤੈ ਮੈਂ ਉਸ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦੀ?'

'ਹਾਂ, ਪਤੈ।'

'ਮੈਂ ਗੁਜਰਾਤ ਵੀ ਉਸ ਦੇ ਮਗਰ ਗਈ। ਉਹ ਇਕੱਲਾ ਚਲਾ ਗਿਆ ਸੀ ਨਾ।' ਉਹ ਫੁੱਟ-ਫੁੱਟ ਕੇ ਰੋਣ ਲੱਗ ਪਈ। ਮੈਂ ਹੋਰ ਘਬਰਾ ਗਿਆ। ਮੈਨੂੰ ਸੁੱਝੇ ਨਾ ਮੈਂ ਕੀ ਕਰਾਂ। ਕੀ ਕਹਾਂ।

'ਉਸ ਨੇ ਅੜੀ ਕੀਤੀ ਤਾਂ ਮੈਂ ਵੀ ਕੀਤੀ। ਜਦੋਂ ਉਸ ਬਿਨਾਂ ਮੈਂ ਇਕ ਪਲ ਵੀ ਨਹੀਂ ਰਹਿ ਸਕਦੀ ਤਾਂ ਉਹ ਮੈਨੂੰ ਛੱਡ ਕੇ ਕਿਉਂ ਗਿਆ? ਇਸ ਕਰਕੇ ਨਾ ਕਿ ਉਹ ਸੋਚਦਾ ਸੀ ਮੈਨੂੰ ਸਫਰ 'ਚ ਤਕਲੀਫ ਹੋਵੇਗੀ।'

'ਹਾਂ...।' ਮੈਂ ਪਤਾ ਨਹੀਂ ਕਿਵੇਂ ਕਹਿ ਦਿੱਤਾ।

'ਉਸ ਬਿਨਾਂ ਤਾਂ ਮੈਂ ਭੱਠ 'ਚ ਦਾਣੇ ਵਾਂਗ ਭੁੱਜਣ ਲੱਗ ਜਾਂਦੀ ਆਂ। ਪਾਣੀ ਤੋਂ ਬਾਹਰ ਭਲਾ ਮੱਛੀ ਕਿਵੇਂ ਰਹਿ ਸਕਦੀ ਐ? ਤੁਹਾਨੂੰ ਪਤੈ ਸਾਡਾ ਜੁਗਾਂ ਦਾ ਸਾਥ ਐ? ਹਰਦਵਾਰ ਨੂੰ ਤੁਰਦਾ ਸੀ, ਮੈਂ ਤੇਜ਼ ਬੁਖਾਰ ਚਾੜ੍ਹ ਦਿੱਤਾ। ਘਰੋਂ ਪੈਰ ਵੀ ਨਾ ਪੱਟ ਸਕਿਆ।' ਮੇਰੇ ਦੰਦ ਜੁੜ ਚੁੱਕੇ ਸਨ।

'ਭਰੋਸਾ ਨੀ...?' ਉਹ ਉਚੀ-ਉਚੀ ਹੱਸ ਪਈ। ਮੇਰੀ ਘਬਰਾਹਟ ਵਧ ਗਈ। ਮੈਂ ਚਾਰੇ ਪਾਸੇ ਝਾਤੀ ਮਾਰੀ।

'ਡਰੋ ਨਾ। ਕੋਈ ਸੁਣਦਾ ਨਹੀਂ।' ਉਸ ਮੈਨੂੰ ਤਸੱਲੀ ਦਿੱਤੀ। 'ਚੰਗਾ ਮੈਂ ਚਲਦੀ ਹਾਂ। ਇੰਦਰ ਨੂੰ ਪਿਆਸ ਲੱਗੀ ਹੋਵੇਗੀ।' ਉਹ ਤੁਰ ਗਈ। ਮੇਰੀ ਜਾਨ ਮੁੜੀ। ਪਰ ਉਹ ਤੁਰੰਤ ਪਰਤੀ। 'ਸੱਚ ਹਾਂ! ਮੇਰੇ ਇੰਦਰ ਨੂੰ ਕਿਸੇ ਗੱਲੋਂ ਟੋਕਣਾ ਨਹੀਂ। ਮੈਂ ਬਰਦਾਸ਼ਤ ਨਹੀਂ ਕਰ ਸਕਾਂਗੀ। ਮਗਰੋਂ ਪਛਤਾਉਂਗੇ। ਹੱਥ ਮਲਦੇ ਰਹਿਜੋਂਗੇ।' ਜਿਵੇਂ ਉਹ ਸੁਣਾਈ ਕਰ ਕੇ ਚਲੀ ਗਈ। ਇੰਦਰ ਦੇ ਪਲੰਘ 'ਤੇ ਚਿੱਟੀ ਮੱਛਰਦਾਨੀ ਤਣੀ ਹੋਈ ਸੀ। ਉਨ੍ਹਾਂ ਕੱਸ ਕੇ ਜੱਫੀ ਪਾਈ... ਮੈਂ ਮੂੰਹ ਫੇਰ ਲਿਆ। ਰਾਤ ਚੁੱਪ ਸੀ। ਸੈਂ-ਸੈਂ ਵੀ ਚੁੱਪ ਸੀ। ਗੜਵੀਆਂ ਦੇ ਮੂੰਹ 'ਤੇ ਕੌਲੀਆਂ ਵੀ ਨਹੀਂ ਖੜਕਦੀਆਂ ਸਨ। ਬੱਦਲ ਛਣ ਗਏ ਸਨ। ਤਾਰੇ ਝਾਕਣ ਲੱਗ ਪਏ ਸਨ। ਮੇਰੀਆਂ ਅੱਖਾਂ ਦੀਆਂ ਰੀਨੀਆਂ ਭਾਰੀਆਂ ਸਨ। ਨੀਂਦਰ ਆਉਣ ਦੀ ਕੋਈ ਸੰਭਾਵਨਾ ਨਹੀਂ ਸੀ। ਤਾਰੇ ਚੱਕਰ ਖਾ ਗਏ ਸਨ। ਚੰਦ ਚੜ੍ਹਿਆ ਪਰ ਮੇਰਾ ਦਿਲ ਦਹਿਲ ਗਿਆ। ਚੰਦ 'ਚ ਇਸ ਤਰ੍ਹਾਂ ਬੋੜ ਸੀ ਜਿਵੇਂ ਲਿੱਸਾ ਚਿਹਰਾ। ਫੂਕ ਨਿਕਲੇ ਬੁਲਬੁਲੇ ਵਾਂਗ ਚੰਦ ਸੁੰਗੜਿਆ-ਸੁੰਗੜਿਆ। ਡਾਲੀਓਂ ਟੁੱਟੇ ਗੁਲਾਬ ਵਾਂਗ ਮੁਰਝਾਇਆ ਹੋਇਆ। ਉਦਾਸ ਚਾਂਦਨੀ ਤੱਕ ਕੇ ਮੇਰੀਆਂ ਅੱਖਾਂ ਬੰਦ ਹੋ ਗਈਆਂ। ਪਤਾ ਨਹੀਂ ਕਿਹੜੇ ਵੇਲੇ ਨੀਂਦਰ ਆ ਗਈ। ਜਾਗ ਖੁੱਲ੍ਹੀ ਤਾਂ ਇੰਦਰ ਜਾ ਚੁੱਕਿਆ ਸੀ। ਕੱਪੜਿਆਂ ਤੋਂ ਸੱਖਣਾ ਪਲੰਘ ਵੱਡੀ ਛੱਤ 'ਤੇ ਦਿਸ ਰਿਹਾ ਸੀ। ਧੁੱਪਾਂ ਚੜ੍ਹਨ ਵਾਲੀਆਂ ਸਨ।

ਮੈਨੂੰ ਰਾਤ ਦੀ ਘਟਨਾ ਸੁਪਨਾ ਲਗਦੀ ਸੀ। ਮੈਂ ਉਸ ਤੇ ਵਾਰ-ਵਾਰ ਵਿਚਾਰ ਕਰਦਾ ਸਾਂ ਪਰ ਉਹ ਤਾਂ ਦਿਨ ਵਰਗੀ ਸੱਚਾਈ ਸੀ। ਇੰਦਰ ਖੇਤ ਨੂੰ ਚਲਾ ਗਿਆ ਸੀ। ਕੀ ਤਮਾਸ਼ਾ ਸੀ ਕਿ ਮੇਰੇ ਨਾਲ ਢੰਗ ਸਿਰ ਗੱਲ ਵੀ ਨਹੀਂ ਕੀਤੀ ਜਾ ਰਹੀ। ਕੋਈ ਸਲਾਹ ਨਹੀਂ ਹੋ ਰਹੀ ਸੀ। ਮੈਂ ਬੈਗ ਚੁੱਕ ਕੇ ਬਾਹਰ ਨਿਕਲਿਆ ਕਿ ਇੰਦਰ ਦਾ ਸੀਰੀ ਖੇਤੋਂ ਆਉਂਦਾ ਟੱਕਰਿਆ। ਉਹ ਘਬਰਾਇਆ ਹੋਇਆ ਸੀ। ਉਹ ਘਰੋਂ ਦੁੱਧ-ਘਿਓ ਲੈਣ ਆਇਆ ਸੀ। ਇੰਦਰ ਤੋਂ ਟਰੈਕਟਰ ਉਲਟ ਗਿਆ ਸੀ। ਉਸ ਦੇ ਸੱਟਾਂ ਲੱਗੀਆਂ ਸਨ। ਜਾਨ ਬਚ ਗਈ ਸੀ। ਅਸਲ 'ਚ ਕੋਈ ਤਕੜੀ ਸੱਟ ਨਹੀਂ ਲੱਗੀ ਸੀ। ਐਵੇਂ ਘਬਰਾਹਟ ਸੀ। ਮੈਨੂੰ ਭਰੋਸਾ ਸੀ ਕਿ ਟਰੈਕਟਰ ਇੰਦਰ ਦੀ ਸ਼ਰਾਬ ਕਰਕੇ ਉਲਟਿਆ ਸੀ। 'ਹੁਣ ਪੁਛਣਾ ਹੋਵੇ ਜਿਹੜੀ ਕਹਿੰਦੀ ਸੀ ਇੰਦਰ ਨੂੰ ਸ਼ਰਾਬ ਪੀਣੋਂ ਨਹੀਂ ਰੋਕਣਾ....ਮੂਰਖ...' ਮੇਰੇ ਮਨ 'ਚ ਗੁੱਸਾ ਅਪੱਸਰਾਂ ਲਈ ਖੌਲਣ ਲੱਗ ਪਿਆ।

'ਇੰਦਰ ਇਹ ਤੇਰੀ ਸ਼ਰਾਬ ਦੀ ਵਜ੍ਹਾ ਕਰ ਕੇ ਹੋਇਆ।' ਮੈਂ ਗੁੱਸੇ ਨਾਲ ਕੰਬ ਰਿਹਾ ਸਾਂ। ਹਾਲੀ ਵੀ ਪੂਰੀ ਘਬਰਾਹਟ ਸੀ। ਇੰਦਰ ਨੂੰ ਸ਼ਰਾਬ ਦਾ ਹਾਲੀ ਵੀ ਪੂਰਾ ਨਸ਼ਾ ਸੀ।

'ਤੇਰਾ ਮਤਲਬ ਸ਼ਰਾਬ ਨਾ ਪੀਆਂ?'

'ਹਾਂ।'

'ਕਿਉਂ? ਕਿਉਂ ਨਾ ਪੀਆਂ? ਸ਼ਰਾਬ ਨਾ ਪੀਆਂ ਤਾਂ ਜਿੰਦਾ ਕਿਵੇਂ ਰਹਾਂ?' ਉਸ ਰੋ ਕੇ ਕਿਹਾ।

'ਅਗਰ ਜ਼ਿੰਦਾ ਰਹਿਣ ਲਈ ਸ਼ਰਾਬ ਸਹਾਰਾ ਹੈ ਤਾਂ ਮਰਨਾ ਬੇਹਤਰ ਹੈ।' ਮੈਂ ਹਾਲੀ ਤੱਕ ਵੀ ਗੁੱਸੇ ਤੇ ਪੂਰੀ ਤਰ੍ਹਾਂ ਕਾਬੂ ਨਹੀਂ ਪਾ ਸਕਿਆ ਸਾਂ।

'ਹਾਂ, ਇਹ ਗੱਲ ਵੀ ਦਰੁਸਤ ਐ।' ਇੰਦਰ ਗੰਭੀਰਤਾ ਨਾਲ ਬੋਲਿਆ।

ਮਾਂ ਨਾ ਭਾਬੀ ਇੰਦਰ ਦਾ ਪਤਾ ਕਰਨ ਆਈਆਂ। ਮੈਂ ਹੈਰਾਨ ਸਾਂ। ਸਾਰਾ ਪਿੰਡ ਇਕੱਠਾ ਹੋਇਆ ਸੀ। ਰੱਬ ਨੇ ਇੰਦਰ ਨੂੰ ਹੱਥ ਦੇ ਕੇ ਰੱਖਿਆ ਸੀ।

ਦੁਪਹਿਰੇ ਅਸੀਂ ਘਰੇ ਸੁੱਤੇ ਰਹੇ ਸਾਂ। ਮਸਾਂ ਆਥਣ ਹੋਇਆ ਸੀ। ਅਸੀਂ ਨਹਾ ਕੇ ਖੇਤ ਗਏ। ਅਸੀਂ ਬਾਗ 'ਚ ਟਹਿਲਣ ਲੱਗ ਪਏ। ਹਨੇਰਾ ਵਧ ਰਿਹਾ ਸੀ। ਹਵਾ ਵੀ ਰੁਮਕ ਪਈ ਸੀ। ਦਰੱਖਤ ਝੂਮੇ। ਪੰਛੀ ਰਾਤ ਵਾਸਤੇ ਟਿਕਾਣਾ ਕਰਨ ਲੱਗ ਪਏ। ਇੰਦਰ ਹੁਣ ਸ਼ਰਾਬੀ ਨਹੀਂ ਸੀ। ਨਸ਼ਾ ਉਤਰ ਗਿਆ ਸੀ। ਮੇਰੇ ਨਾਲ ਕਈ ਤਰ੍ਹਾਂ ਦੀਆਂ ਗੱਲਾਂ ਕਰ ਚੁੱਕਿਆ ਸੀ।

'ਇੰਦਰ ਯਾਰ, ਭਾਬੀ....।' ਮੇਰੀ ਗੱਲ ਅਧੂਰੀ ਰਹਿ ਗਈ। ਮੈਨੂੰ ਘੁੰਗਰੂ ਖੜਕਦੇ ਸੁਣਾਈ ਦਿੱਤੇ। ਮੈਂ ਇਕ ਦਮ ਸਾਰੇ ਪਾਸੇ ਝਾਕਿਆ। ਮੇਰੇ ਕੰਨਾਂ 'ਚ ਵਹਿਮ ਸੀ। ਇੰਦਰ ਹੱਸ ਪਿਆ ਪਰ ਉਸ ਦੇ ਹੱਸਣ 'ਚ ਵਿਅੰਗ ਸੀ। ਅਸੀਂ ਘਾਹ ਉਪਰ ਬੈਠ ਗਏ।

'ਇਹ ਵੀ ਇਕ ਰਾਜ ਹੈ, ਤੈਨੂੰ ਕੁਝ ਵੀ ਤਾਂ ਪਤਾ ਨਹੀਂ।' ਇੰਦਰ ਦੀਆਂ ਅੱਖਾਂ ਭਰ ਆਈਆਂ। ਦਿਲ ਫਿੱਸ ਪਿਆ ਸੀ। ਉਹ, ਉਹ ਗੱਲ ਦੱਸਣ ਲੱਗਿਆ ਸੀ, ਜਿਹੜੀ ਸੁਣਨ ਲਈ ਮੈਂ ਬੇਤਾਬ ਸੀ। ਦਰੱਖਤ ਝੂਮ ਗਏ। ਇਕ ਦਮ ਘੁੰਗਰੂ ਖੜਕੇ। ਇਸ ਤਰ੍ਹਾਂ ਜਿਵੇਂ ਕਿਸੇ ਨਾਚੀ ਨੇ ਨੱਚਣ ਲਈ ਤਿਆਰ ਹੋ ਕੇ ਪੱਬ ਮਾਰ ਕੇ ਘੁੰਗਰੂ ਖੜਕਾਏ ਹੋਣ। ਪਰ ਇਕ ਨਹੀਂ, ਅਣਗਿਣਤ ਨਾਚੀਆਂ ਨੇ। ਮੈਂ ਘਬਰਾ ਕੇ ਚਾਰੇ ਪਾਸੇ ਝਾਕਿਆ। ਦਰੱਖਤਾਂ ਦੀਆਂ ਕੇਵਲ ਟੀਸੀਆਂ ਝੂਮ ਕੇ ਝੁਕ ਰਹੀਆਂ ਸਨ।

'ਉਹ ਆਪ ਐ।' ਇੰਦਰ ਨੇ ਖ਼ਾਮੋਸ਼ੀ ਨਾਲ ਕਿਹਾ।

'ਕੌਣ?'

'ਤੇਰੀ ਭਾਬੀ...।'

'ਕਿੱਥੇ ਐ?'

'ਇਉਂ ਨੀਂ ਦਿਸਦੀ।'

ਮੈਂ ਉਠ ਕੇ ਦਰਖਤਾਂ ਦਿਆਂ 'ਮੁੱਢਾਂ ਓਹਲੇ ਲੱਭਣ ਦਾ ਯਤਨ ਕੀਤਾ। ਖੇਚਲ ਪੱਲੇ ਨਾ ਪਈ। ਮੈਂ ਝੂਠਾ ਜਿਹਾ ਹੋ ਕੇ ਬੈਠ ਗਿਆ। ਇੰਦਰ ਨੇ ਮੱਥਾ ਗੋਡਿਆਂ 'ਤੇ ਰੱਖ ਲਿਆ ਤੇ ਨੀਵੀਂ ਪਾ ਲਈ। ਉਹ ਰੋਣ ਲੱਗ ਪਿਆ ਸੀ। ਮੈਂ ਹੈਰਾਨ ਹੋ ਕੇ ਜਾ ਰਿਹਾ ਸਾਂ।

'ਬਾਈ ਮੈਂ ਗੁਜਰਾਤ ਭਲਾ ਕਿਉਂ ਜਾਣਾ ਸੀ।' ਉਹ ਰੋਂਦਾ-ਰੋਂਦਾ ਬੋਲ ਪਿਆ ਸੀ। 'ਇਹ ਸਾਰਾ ਮੇਰਾ ਹੀ ਕਸੂਰ ਸੀ। ਮੈਂ ਪੰਜ-ਦਸ ਹਜ਼ਾਰ ਦਾ ਲੋਭ ਕੀਤਾ। ਟਰੈਕਟਰ ਏਥੋਂ ਵੀ ਤਾਂ ਮਿਲ ਸਕਦਾ ਸੀ। ਉਸ ਨੇ ਮੇਰੇ ਨਾਲ ਜਾਣ ਦੀ ਜ਼ਿੱਦ ਕੀਤੀ ਪਰ ਮੈਂ ਸਫਰ 'ਚ ਜਨਾਨੀ ਦਾ ਜਾਣਾ ਯੋਗ ਨਹੀਂ ਸਮਝਦਾ ਸਾਂ। ਮੈਂ ਪਹਿਲੀ ਵਾਰ ਉਸ ਨੂੰ ਨਿਰਾਸ਼ ਕੀਤਾ। ਉਹ ਰੋਂਦੀ ਧਾ ਨਹੀਂ ਧਰਦੀ ਸੀ। ਮੇਰਾ ਦਿਲ ਵੀ ਕੀਤਾ, ਮੁੜ ਆਵਾਂ ਪਰ ਸਾਥ 'ਚ ਬੱਝਿਆ ਚਲਾ ਗਿਆ। ਮੈਨੂੰ ਰਾਹ 'ਚ ਬੜੇ ਭੈੜੇ ਸੁਪਨੇ ਆਏ। ਉਹ ਮੈਨੂੰ ਗੁੱਸੇ ਦਿੱਸੀ। ਮੇਰੇ ਨਾਲ ਬੋਲੇ ਨਾ। ਮੈਂ ਮਨਾਉਣ ਦਾ ਯਤਨ ਕੀਤਾ... ਹਾਏ... ਮੈਨੂੰ ਫਿਰ ਉਹ ਬਹੁਤ ਭੈੜੀ ਦਸ਼ਾ 'ਚ ਦਿਸੀ। ਮੇਰਾ ਸੌਦਾ ਬਣ ਗਿਆ ਤੇ ਮੈਂ ਟਰੈਕਟਰ ਟਰੱਕ 'ਚ ਪਾ ਕੇ ਸ਼ਹਿਰ ਆਇਆ। ਟਰੈਕਟਰ ਠੀਕ ਕਰਾਉਣਾ ਸੀ। ਮੈਂ ਦੋ ਦਿਨ ਸ਼ਹਿਰ ਰਿਹਾ। ਪਿੰਡ ਦਾ ਕੋਈ ਬੰਦਾ ਨਾ ਟੱਕਰਿਆ। ਦੋ ਦਿਨ ਲੰਘ ਗਏ ਪਰ ਮੇਰੀ ਜਾਨ ਨੂੰ ਤੋੜੇ-ਖੋਹੀ ਹੁੰਦੀ ਸੀ। ਬਾਈ ਅਸਲ 'ਚ ਉਸ ਨੇ ਮੈਨੂੰ ਸਰਾਪ ਦੇਣਾ ਸੀ। ਮੇਰਾ ਹੱਥ ਵੀ ਨਹੀਂ ਲੱਗਣ ਦੇਣਾ ਸੀ।' ਉਹ ਬੋਲਦਾ ਰੁਕ ਗਿਆ।

'ਕੀ ਮਤਲਬ?' ਮੈਂ ਖੁਸ਼ਕ ਗਲੇ ਤੇ ਘੱਗੀ ਆਵਾਜ਼ੇ ਪੁੱਛਿਆ। ਮੇਰਾ ਸਰੀਰ ਮੁੜ੍ਹਕੇ ਨਾਲ ਤਰ ਸੀ। ਸਾਹ ਨਾਲ ਸਾਹ ਨਹੀਂ ਰਲਦਾ ਸੀ।

'ਬਾਈ, ਜਦੋਂ ਮੈਂ ਪਿੰਡ ਪਹੁੰਚਿਆ ਸਸਕਾਰ ਹੋ ਚੁੱਕਿਆ ਸੀ।' ਉਸ ਦੀ ਤੇ ਮੇਰੀ ਚੀਕ ਨਿਕਲ ਗਈ। ਅਸੀਂ ਦੋਵੇਂ ਬੇਸੁੱਧ ਸੀ। ਮੇਰਾ ਸਰੀਰ ਕਿਰ ਗਿਆ ਸੀ।

'ਇੰਦਰ, ਤੇਰਾ ਮਤਲਬ ਭਾਬੀ....।' ਮੈਥੋਂ ਭੈੜੀ ਗੱਲ ਬੋਲੀ ਨਹੀਂ ਜਾਂਦੀ ਸੀ।

'ਹਾਂ ਬਾਈ, ਉਹ ਰੁੱਸ ਕੇ ਚਲੀ ਗਈ, ਹਾਏ ਤੈਨੂੰ ਕਿੱਥੋਂ ਮਨਾਵਾਂ।' ਦੁੱਖ ਨਾਲ ਇੰਦਰ ਦੀ ਛਾਤੀ ਪਾਟਦੀ ਸੀ। ਠੰਡਾ ਹਉਕਾ ਉਠਦਾ ਸੀ। ਸਾਡੇ 'ਚ ਕਿੰਨਾ ਹੀ ਚਿਰ ਬੋਲਣ ਦੀ ਸੱਤਿਆ ਨਾ ਆਈ। ਘਰ ਦਾ ਉਦਾਸ ਨਕਸ਼ਾ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗ ਪਿਆ। ਮੈਂ ਸਹਾਰਾ ਦੇ ਕੇ ਇੰਦਰ ਨੂੰ ਘਰ ਲਿਆਂਦਾ। ਮਾਂ ਪਾਸ ਜਾ ਕੇ ਦੁੱਖ ਪ੍ਰਗਟ ਕੀਤਾ। ਮਾਂ ਚੁੱਪ ਸੀ। ਦੁੱਖ ਤੇ ਗਮ ਦੀ ਤਸਵੀਰ ਸੀ ਉਹ।

'ਪੁੱਤ, ਸੋਚਦੀ ਆਂ ਇਸ ਘਰ ਦਾ ਕੀ ਬਣੇਗਾ।' ਮਾਂ ਨੇ ਵੱਡੇ ਘਰ ਵਲ ਇਸ਼ਾਰਾ ਕੀਤਾ।

'ਹਾਂ...।' ਪਰ ਮੈਨੂੰ ਇੰਦਰ ਦੀ ਬਹੁਤੀ ਫਿਕਰ ਸੀ।

'ਭੈੜਾ ਕਿਸੇ ਵੇਲੇ ਖਿਆਲ ਨਹੀਂ ਛੱਡਦਾ, ਬੂਹਾ ਤਾਂ ਪੁੱਤ ਖੋਲ੍ਹਣਾ ਹੀ ਪਊ।' ਮਾਂ ਨੇ ਮਨ ਦੀ ਗੱਲ ਕਹੀ। ਉਹ ਹਿੱਕ 'ਚ ਗੋਡੇ ਲਈ ਬੈਠੀ ਸੀ। ਇਕ ਦਮ ਘੁੰਗਰੂਆਂ ਦੀ ਆਵਾਜ਼ ਸਾਡੇ ਕੰਨਾਂ ਨਾਲ ਟਕਰਾਈ। ਅਸੀ ਤ੍ਰਹਿ ਕੇ ਸਾਰੇ ਪਾਸੇ ਝਾਕੇ। "ਪੁੱਤ ਉਹ ਵਿਚਾਰੀ ਗਈ ਤਾਂ ਕਿਤੇ ਨੀਂ ਮੈਨੂੰ ਵੱਖ-ਵੱਖ ਭੇਸਲਿਆਂ 'ਚ ਦਿਸਦੀ ਐ। ਅੰਦਰ-ਬਾਹਰ ਵੜਦੀ।' ਮਾਂ ਨੇ ਕਿਹਾ।

ਮੈਂ ਤੇ ਮੇਰਾ ਚੇਤਨ ਸੁੰਨ ਸੀ। ਕੁਝ ਵੀ ਬੋਲਣ ਦਾ ਹੀਆ ਨਹੀਂ ਪੈਂਦਾ ਸੀ।

'ਪੁੱਤ ਤੂੰ ਇੰਦਰ ਨੂੰ ਸਮਝਾ। ਮੈਂ ਸੋਚਦੀ ਆਂ ਜੇ ਬੂਹਾ ਖੁੱਲ੍ਹ ਜੇ ਤਾਂ ਇਹਦਾ ਵੀ ਮਨ ਆਹਰੇ ਲੱਗ ਜੇ। ਹਾਏ ਵੇ ਰੱਬਾ ਤੂੰ ਕੀ ਕੀਤਾ... ਐਸੀ ਜੋੜੀ, ਦੁਨੀਆਂ ਗੱਲਾਂ ਕਰੇ। ਤੂੰ ਰੱਬਾ ਕੌਣ ਕੀਤੀ', ਮਾਂ ਨੂੰ ਭੁੱਲਿਆ ਦੁੱਖ ਯਾਦ ਆ ਗਿਆ ਤੇ ਉਹ ਵੈਣ ਪਾਉਣ ਲੱਗ ਪਈ।

'ਮਾਂ, ਰੱਬ ਦਾ ਭਾਣਾ ਮੰਨੋ ਪਰ ਮੈਂ ਇੰਦਰ ਨੂੰ ਜ਼ਰੂਰ ਸਮਝਾਵਾਂਗਾ ਤਾਂ ਹੀ ਉਸ ਦੇ ਦਿਲ ਦਾ ਦੁੱਖ ਭੁੱਲ ਸਕਦੈ।' ਮੈਂ ਸੋਚ ਕੇ ਕਿਹਾ।

'ਪੁੱਤ ਤੇਰੇ ਆਉਣ ਤੇ ਸਿਵੇ 'ਤੇ ਜਾਣੋਂ ਹਟਿਐ। ਰੋਜ਼ ਦੁਪਹਿਰੇ ਜਾਂਦਾ। ਗੋਡਿਆਂ 'ਚ ਸਿਰ ਦੇ ਕੇ ਰੋਂਦਾ ਰਹਿੰਦਾ। ਮਸਾਂ ਕਿਤੇ ਮੇਰੇ ਕਹੇ ਉਠਦਾ। ਸਿਵੇ ਦੀ ਸੁਆਹ ਮੁੱਠਾਂ 'ਚ ਘੁੱਟ ਕੇ ਮੱਥੇ ਨੂੰ ਲਾਉਂਦਾ ਰਹਿੰਦਾ...ਮੇਰਾ ਪੁੱਤ ਇਹ ਕੰਮ ਤੇਰੇ ਕਰਨ ਦੈ। ਜੇ ਮਨਾ ਲਏਂ ਤਾਂ ਵੀਹ ਧੀਆਂ ਆਲੇ ਆ ਜਾਣ।' ਮਾਂ ਨੇ ਮੇਰੀ ਮਿੰਨਤ ਜੇਹੀ ਕੀਤੀ।

ਇਕ ਦਮ ਘੁੰਗਰੂਆਂ ਵਾਲਾ ਪੈਰ ਧਰਤੀ ਤੇ ਵੱਜਿਆ। ਕੋਈ ਗੁੱਸੇ ਨਾਲ ਫੁੰਕਾਰੇ ਮਾਰਦਾ ਸੀ। ਮੈਂ ਸਾਰੇ ਪਾਸੇ ਝਾਤੀ ਮਾਰੀ। ਕੁਝ ਵੀ ਨਾ ਦਿਸਿਆ। ਮਾਂ ਤੇ ਮੈਂ ਇਕ ਦੂਜੇ ਵਲ ਡਰੇ-ਡਰੇ ਝਾਕ ਰਹੇ ਸੀ। ਇੰਦਰ ਛੱਤ 'ਤੇ ਸੀ, ਸ਼ਰਾਬ ਪੀ ਰਿਹਾ ਸੀ। ਮੈਂ ਪਹੁੰਚਿਆ ਤਾਂ ਉਸ ਨੂੰ ਬਹੁਤੀ ਸੁਰਤ ਨਹੀਂ ਸੀ। ਨਸ਼ੇ 'ਚ ਚੂਰ ਸੀ। ਪਲ-ਪਲ ਇਕ ਪਾਸੇ ਲੁੜਕਦਾ ਜਾ ਰਿਹਾ ਸੀ। ਮੈਂ ਉਸ ਦੇ ਹੱਥੋਂ ਗਲਾਸ ਫੜ ਲਿਆ ਤੇ ਸ਼ਰਾਬ ਦੀ ਬੋਤਲ ਦੂਰ ਰੱਖ ਦਿੱਤੀ। ਉਸ 'ਚ ਰੋਟੀ ਖਾਣ ਲਈ ਸੰਭਲਣ ਦੀ ਹੋਸ਼ ਨਹੀਂ ਸੀ। ਰਾਤ ਟਿਕ ਗਈ। ਇੰਦਰ ਦੇ ਘਰ ਦੀ ਚੁੱਪ ਹੋਰ ਗਹਿਰੀ ਹੋ ਗਈ। ਡਰਾਉਣੀ ਚੁੱਪ ਦੇ ਅਹਿਸਾਸ 'ਚ ਡਰ ਸੀ। ਕਿਸੇ ਅਣਜਾਣੇ ਡਰ ਨਾਲ ਮੇਰਾ ਵਾਰ-ਵਾਰ ਦਿਲ ਦਹਿਲ ਜਾਂਦਾ ਸੀ। ਵਾਰ-ਵਾਰ ਠੰਡੀ ਤਰੇਲੀ ਆਉਂਦੀ ਸੀ। ਸਰੀਰ ਸੁੰਨ ਹੁੰਦਾ ਸੀ। ਦਿਲ ਤੇਜ਼ੀ ਨਾਲ ਧੜਕ ਰਿਹਾ ਸੀ। ਇਸ ਤਰ੍ਹਾਂ ਲਗਦਾ ਸੀ ਕਿ ਰਾਤ ਕਹਿਰ ਭਰੀ ਸੀ। ਸੁੱਖ-ਸੁੱਖ ਨਾਲ ਰਾਤ ਲੰਘ ਜਾਣ ਦੀ ਮੈਂ ਸੁੱਖ ਸੁੱਖਦਾਂ ਸਾਂ। ਮੈਨੂੰ ਆਪਣਾ ਪਲੰਘ ਘੁੰਮਦਾ ਲਗਦਾ ਸੀ।

ਮੈਂ ਇੰਦਰ ਦਾ ਮਨ ਬਦਲਣ ਦੀ ਕੋਈ ਮਨੋਵਿਗਿਆਨਕ ਵਿਉਂਤ ਵਿਉਂਤਣ ਲੱਗ ਪਿਆ। ਮੈਨੂੰ ਗੱਲ ਜਚ ਗਈ ਕਿ ਦੂਜਾ ਵਿਆਹ ਹੀ ਉਸ ਦੇ ਦਿਲ ਦਾ ਗਹਿਰਾ ਜ਼ਖਮ ਭਰ ਸਕਦਾ ਸੀ। ਹੋਰ ਕੋਈ ਵੀ ਤਾਂ ਰਾਹ ਨਹੀਂ ਸੀ। ਅੰਗਿਆਰ ਠੰਢੇ ਹੋਣ ਮਗਰੋਂ ਇੰਦਰ ਦਾ ਵਿਆਹ ਜ਼ਰੂਰੀ ਸੀ। ਵਿਉਂਤਾਂ ਦੀਆਂ ਘੁੰਮਰਾਂ 'ਚ ਮੈਂ ਗੋਤੇ ਖਾ ਰਿਹਾ ਸਾਂ। ਮੇਰੀ ਬਿਰਤੀ ਉਖੜੀ ਜਦੋਂ ਮੈਂ ਇਕ ਪਾਸੇ ਖੜਕਾ ਸੁਣਿਆ। ਬਹੁਤ ਸਾਰੇ ਕਦਮਾਂ ਦਾ ਖੜਕਾ ਸੀ। ਮੇਰਾ ਦਿਲ ਦਹਿਲ ਗਿਆ, ਤਰੇਲੀ ਨਾਲ ਸਰੀਰ ਭਿੱਜ ਗਿਆ। ਕੰਨਾਂ 'ਚੋਂ ਸੇਕ ਨਿਕਲਿਆ। ਭਾਬੀ ਮੇਰੇ ਵਲ ਆ ਰਹੀ ਸੀ। ਮੇਰਾ ਸੰਘ ਸੁਕ ਗਿਆ। ਜੀਭ ਤਾਲੂਏ ਲੱਗ ਗਈ। ਦਿਸਣਾ ਬੰਦ ਹੋ ਗਿਆ। ਪਲੰਘ ਜ਼ੋਰ ਨਾਲ ਘੁਕਿਆ। ਭਾਬੀ ਮੇਰੀ ਪੈਂਦ ਨੇੜੇ ਖੜ੍ਹੀ ਸੀ।

'ਤੁਸੀਂ ਵੀ ਮੇਰੇ ਵੈਰੀ ਬਣਦੇ ਓ?' ਉਹ ਰੋ ਰਹੀ ਸੀ। ਫੇਰ ਉਸ ਨੇ ਗੁੱਸੇ ਨਾਲ ਹੰਝੂ ਪੂੰਝ ਦਿੱਤੇ। "ਕਿਹੜੀ ਤਾਕਤ ਐ ਜਿਹੜੀ ਮੈਥੋਂ ਮੇਰਾ ਇੰਦਰ ਖੋਹ ਸਕਦੀ ਐ?" ਉਸ ਨੇ ਭਰੋਸੇ ਨਾਲ ਕਿਹਾ। 'ਪਰ ਤੁਹਾਡੇ ਦਿਲ ਖੋਟੇ ਐ... ਕੋਈ ਤਰਸ ਨਹੀਂ ਕਰਦਾ ਕਿ ਜੇਕਰ ਇੰਦਰ ਕਿਸੇ ਦਾ ਹੋ ਗਿਆ ਤਾਂ ਮੇਰਾ ਕੀ ਬਣੂੰ।' ਉਹ ਸੋਚਾਂ 'ਚ ਡੁੱਬ ਗਈ। ਉਸ ਦੇ ਸੀਨੇ 'ਚੋਂ ਹਉਕਾ ਉਠ ਰਿਹਾ ਸੀ। ਰੋ-ਰੋ ਕੇ ਉਸ ਦੀਆਂ ਅੱਖਾਂ ਥੱਕ ਗਈਆਂ ਸਨ। 'ਅੜਿਆ ਮੈਂ ਇਨ੍ਹਾਂ ਖੋਟਿਆਂ ਤੇ ਕਿਉਂ ਵਸਾਹ ਕਰਾਂ? ਆਪਣਾ ਇੰਦਰ ਨਾਲ ਕਿਉਂ ਨਾ ਲੈ ਜਾਵਾਂ, ਬਿਗਾਨਿਆਂ ਦਾ ਭਲਾ ਕੀ ਭਰੋਸਾ।' ਉਹ ਆਪਣੇ ਆਪ ਨਾਲ ਸਲਾਹ ਕਰ ਰਹੀ ਸੀ। ਉਹ ਹੌਲੀ-ਹੌਲੀ ਕਦਮ ਪੁਟਦੀ ਇੰਦਰ ਦੇ ਸਰ੍ਹਾਣੇ ਪਾਸ ਪਹੁੰਚ ਗਈ। ਉਸ ਨੇ ਘੂਕ ਸੁੱਤੇ ਇੰਦਰ ਨੂੰ ਟੁੰਬਿਆ। ਮੁੱਖ 'ਤੇ ਹੱਥ ਫੇਰਿਆ। ਮੱਥਾ ਚੁੰਮਿਆ। ਹੋਂਠ ਚੁੰਮੇ। 'ਆ...ਆ ਮੇਰੇ ਹਾਣੀਆਂ ਆ। ਮੈਂ ਤੇਰੇ ਬਿਨਾਂ ਭਟਕ ਰਹੀ ਆਂ। ਚੱਲ ਮੇਰੇ ਨਾਲ ਚੱਲ।' ਉਹ ਇੰਦਰ ਦੇ ਕੰਨ 'ਚ ਕਹਿ ਰਹੀ ਸੀ। ਵਾਰ-ਵਾਰ ਮੁੱਖ ਚੁੰਮ ਰਹੀ ਸੀ, ਹਾਬੜਿਆਂ ਵਾਂਗ। ਓਦਰਿਆਂ ਵਾਂਗ ਚੁੰਮ-ਚੁੰਮ ਇੰਦਰ ਦਾ ਮੁੱਖ ਰੱਤਾ ਕਰ ਦਿੱਤਾ ਸੀ। ਉਸ ਦੀਆਂ ਅੱਖਾਂ 'ਚੋਂ ਕੋਸੇ ਹੰਝੂ ਇੰਦਰ ਦੇ ਮੁੱਖ 'ਤੇ ਡਿੱਗ ਰਹੇ ਸਨ। ਮੋਤੀਆਂ ਵਰਗੇ ਮੋਟੇ ਹੰਝੂ।

ਇੰਦਰ ਪਾਗਲਾਂ ਵਾਂਗ ਉਠਿਆ। ਉਹ ਤੁਰ ਪਈ ਸੀ। ਪਾਣੀ 'ਚ ਡੋਲਦੇ ਪਰਛਾਵੇਂ ਵਾਂਗ ਡੋਲਦੀ ਛੱਤਾਂ ਉਪਰਦੀ ਬਾਹਰ ਨੂੰ ਚਲੀ ਗਈ। ਇੰਦਰ ਨੇ ਜ਼ੋਰ ਦੀ ਚੀਕ ਮਾਰੀ, 'ਮੇਰੀ ਰਾਣੀ ਮੈਂ...ਮੈਂ ਆ ਰਿਹਾਂ ਠਹਿਰ ਠਹਿਰ।' ਕਹਿੰਦਾ ਇੰਦਰ ਉਸ ਮਗਰ ਛੱਤਾਂ ਤੇ ਦੌੜ ਪਿਆ, ਸਿਰਪੱਟ। ਮੈਂ ਉਠ ਕੇ ਇੰਦਰ ਨੂੰ ਫੜਨ ਦਾ ਯਤਨ ਕੀਤਾ। ਪਰ ਉਹ ਛੱਤ ਤੋਂ ਛਾਲ ਮਾਰ ਚੁੱਕਿਆ ਸੀ। ਇਕ ਦਮ ਦੁਹਾਈ ਮੱਚ ਗਈ ਸੀ। ਸਾਰੇ ਘਰ ਜਾਗ ਪਏ ਸਨ। ਭੀੜ ਜਮ੍ਹਾਂ ਹੋ ਗਈ। ਮਾਂ ਕੰਬ ਰਹੀ ਸੀ। ਉਸ ਨੂੰ ਵਾਰ ਵਾਰ ਦੰਦਲ ਪੈਂਦੀ ਸੀ। 'ਮੇਰਾ ਇੰਦਰ ਹੈ ਕੀ?' ਉਹ ਕਹਿ ਰਹੀ ਸੀ। ਉਸ ਦਾ ਕਲੇਜਾ ਪਾਟ-ਪਾਟ ਕੇ ਬਾਹਰ ਨੂੰ ਆ ਰਿਹਾ ਸੀ। ਅਸਮਾਨ ਤੇ ਕਾਲੇ ਬੱਦਲ ਛਾ ਗਏ ਸਨ। ਹੱਥ ਨੂੰ ਹੱਥ ਨਹੀਂ ਦਿਸਦਾ ਸੀ। ਕਿੰਨੀਆਂ ਸਾਰੀਆਂ ਲਾਲਟੈਣਾਂ ਆ ਗਈਆਂ। ਇੰਦਰ ਥੱਲੇ ਨਹੀਂ ਸੀ। ਉਸ ਦਾ ਕੋਈ ਨਿਸ਼ਾਨ ਵੀ ਨਹੀਂ ਸੀ। ਅਸੀਂ ਲਾਲਟੈਣਾਂ ਦੇ ਚਾਨਣ 'ਚ ਪੈੜ ਮਗਰ ਤੁਰਦੇ ਗਏ। ਇੰਦਰ ਸਿਵੇ 'ਤੇ ਪਿਆ ਸੀ। ਉਹ ਠੰਡਾ ਹੋ ਚੁੱਕਿਆ ਸੀ। ਉਸ ਦੀਆਂ ਮੁੱਠੀਆਂ 'ਚ ਸਿਵੇ ਦੀ ਸੁਆਹ ਘੁੱਟੀ ਹੋਈ ਸੀ।

# ਮੇਰੀ ਪਹਿਲੀ ਕੱਢਵੀਂ ਜੁੱਤੀ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਮੈਂ ਜਦੋਂ ਵੀ ਆਪਣੇ ਅਤੀਤ ਵੱਲ ਨਜ਼ਰ ਮਾਰਦਾ ਹਾਂ ਤਾਂ ਮੇਰੇ ਦੋਵੇਂ ਹੱਥ ਆਪਣੇ ਆਪ ਜੁੜ ਕੇ ਰੱਬ ਦਾ ਕੋਟਾਨਿ-ਕੋਟਿ ਧੰਨਵਾਦ ਕਰਨ ਲੱਗ ਜਾਂਦੇ ਨੇ, ਅੱਜ ਤੱਕ ਜੋ ਕੁਝ ਮੰਗਿਆ ਉਹ ਸਭ ਕੁਝ ਮਿਲਿਆ। ਪਰਮਾਤਮਾ ਨੇ ਕਿਸੇ ਚੀਜ਼ ਦੀ ਘਾਟ ਨਹੀਂ ਛੱਡੀ, ਜਦੋਂ ਕੱਪੜਿਆਂ ਵਾਲੀ ਅਲਮਾਰੀ ਖੋਲ੍ਹੀਦੀ ਹੈ ਤਾਂ ਮਨ ਉਸ ਵਕਤ ਭਰ ਆਉਂਦਾ ਹੈ। ਕਾਲਜ ਦਾਖਲ ਹੋਣ ਤੇ ਮਸਾਂ ਹੀ ਘਰਦਿਆਂ ਦੋ ਪੈਂਟਾਂ ਤੇ ਦੋ ਕਮੀਜ਼ਾਂ ਲੈ ਕੇ ਦਿੱਤੀਆਂ ਸਨ। ਪਿੰਡ ਫਿਰਦੇ ਕੱਪੜਾ ਵੇਚਣ ਵਾਲਿਆਂ ਤੋਂ ਇਕ ਸੌ ਤੀਹ ਰੁਪਏ ਦਾ ਪੈਂਟ-ਕਮੀਜ਼ ਦਾ ਕੱਪੜਾ ਅਤੇ ਚਾਲੀ ਰੁਪਏ ਸਿਲਾਈ ਦਿੱਤੀ ਸੀ। ਦੋਵੇਂ ਸੂਟ ਵਾਰੀ-ਵਾਰੀ ਧੋ ਕੇ ਪਾਈ ਜਾਣੇ। ਪ੍ਰੈਸ ਕਿੱਥੇ ਹੁੰਦੀ ਸੀ। ਰਾਤ ਨੂੰ ਤਹਿ ਲਾ ਕੇ ਸਰ੍ਹਾਣੇ ਰੱਖ ਲੈਣੇ, ਮਾਂ ਨੇ ਥਾਪੀ ਨਾਲ ਕੱਪੜੇ ਧੋਣੇ, ਕਦੇ ਪੈਂਟ ਦੀ ਹੁੱਕ ਵਿੰਗੀ ਕਰ ਦੇਣੀ, ਕਦੇ ਕਮੀਜ਼ ਦਾ ਬਟਨ ਤੋੜ ਦੇਣਾ। ਮੋਟੀ ਜਿਹੀ ਸੂਈ ਨਾਲ ਆਪ ਹੀ ਗੰਢ ਤੁੱਪ ਕਰਕੇ ਕੰਮ ਚਲਾ ਲੈਣਾ।

ਅੱਜ ਪਤਾ ਨਹੀਂ ਕਿੰਨੀਆਂ ਪੈਂਟਾਂ, ਕਮੀਜ਼ਾਂ, ਜੈਕਟਾਂ ਨੇ, ਕਈ ਤਾਂ ਇਕ ਵਾਰੀ ਪਾਉਣ ਤੋਂ ਬਾਅਦ ਉਨ੍ਹਾਂ ਦੀ ਦੁਬਾਰਾ ਵਾਰੀ ਨਹੀਂ ਆਈ। ਜੁੱਤੀਆਂ ਵੇਖੀਦੀਆਂ ਹਨ, ਆਹ ਬੂਟ ਜੀਨ ਨਾਲ ਪਾਉਣ ਵਾਲੇ ਨੇ, ਆਹ ਬੂਟ ਸੂਟ ਨਾਲ ਪੈਂਦੇ ਨੇ, ਆਹ ਵਾਕਿੰਗ ਸੂ, ਆਹ ਸਟੈਂਡਿੰਗ ਸੂ ਪਤਾ ਨਹੀਂ ਕਿੰਨੇ ਕੁ ਹਨ। ਮੈਂ ਇਥੇ ਕੋਈ ਸ਼ੇਖੀ ਨਹੀਂ ਮਾਰਨੀ ਚਾਹੁੰਦਾ, ਮੈਂ ਤਾਂ ਉਸ ਪ੍ਰਮੇਸ਼ਰ ਦੇ ਭੈਅ ਵਿਚ ਰਹਿ ਕੇ ਆਪਣੇ ਅਤੀਤ ਅਤੇ ਵਰਤਮਾਨ ਨੂੰ ਵੇਖਦਾ ਹਾਂ। ਸਮੇਂ ਦਾ ਫਰਕ ਵੇਖਦਾ ਹਾਂ ਮੁਕੱਦਰਾਂ ਦੀ ਖੇਡ ਵੇਖਦਾ ਹਾਂ। ਸਾਡੇ ਬੱਚੇ ਜੋ ਕੁੱਝ ਮੂੰਹੋਂ ਮੰਗਦੇ ਹਨ, ਅਸੀਂ ਉਹ ਮੰਗ ਝੱਟ ਪੂਰੀ ਕਰ ਦਿੰਦੇ ਹਾਂ। ਕਈ ਵਾਰ ਬੱਚੇ ਨਾਜਾਇਜ਼ ਮੰਗ ਵੀ ਪੂਰੀ ਕਰਵਾ ਲੈਂਦੇ ਹਨ। ਪਰ ਸਾਡਾ ਪਰਿਵਾਰ ਜਾਇਜ਼ ਮੰਗ ਨੂੰ ਵੀ ਠੁਕਰਾ ਕੇ ਨਾਜਾਇਜ਼ ਹੀ ਦੱਸੀ ਜਾਂਦਾ। ਹੁਣ ਤੁਹਾਡੇ ਨਾਲ ਉਹ ਹੱਡ ਬੀਤੀ ਸਾਂਝੀ ਕਰਦਾ ਹਾਂ ਜਿਹੜੀ ਮੈਨੂੰ ਕਦੇ ਭੁੱਲੀ ਨਹੀਂ, ਨਾ ਹੀ ਭੁੱਲ ਸਕਦੀ ਹੈ।

ਮੈਨੂੰ ਉਹ ਦਿਨ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਜਿਸ ਦਿਨ ਮੇਰੀ ਮਾਂ ਨੇ ਮੈਨੂੰ ਰੱਜ ਕੇ ਕੁੱਟਿਆ ਸੀ। ਬਹੁਤ ਚਿਰਾਂ ਤੋਂ ਮੇਰੀ ਮੰਗ ਸੀ ਕਿ ਮੈਂ ਕੱਢਵੀਂ ਜੁੱਤੀ ਲੈਣੀ ਹੈ। ਜਿਸ ਦੇ ਆਸੇ-ਪਾਸੇ ਮੋਰਨੀਆਂ ਦੀ ਕਢਾਈ ਹੋਵੇ। ਛੇਵੀਂ ਕਲਾਸ ਵਿਚ ਪੜ੍ਹਦਿਆਂ ਇਹ ਮੇਰੀ ਪਹਿਲੀ ਮੰਗ ਸੀ। ਮਾਂ ਨੇ ਕਈ ਵਾਰ ਵਾਅਦਾ ਕੀਤਾ ਕਿ ਮੈਂ ਤੈਨੂੰ ਦੁਸਹਿਰੇ ਜਾਂ ਦੀਵਾਲੀ ਨੂੰ ਕੱਢਵੀਂ ਜੁੱਤੀ ਜ਼ਰੂਰ ਲੈ ਕੇ ਦੇਊਂਗੀ। ਜੁੱਤੀ ਦੇ ਲਾਲਚ ਵਿਚ ਮੈਂ ਮਾਂ ਨਾਲ ਭੱਜ-ਭੱਜ ਕੰਮ ਕਰਵਾਉਂਦਾ।

ਪਿਤਾ ਜੀ ਦੇ ਪੈਸੇ ਆਉਂਦੇ, ਉਹ ਆਈ ਚਲਾਈ ਵਿਚ ਖਰਚੇ ਜਾਂਦੇ, ਜੁੱਤੀ ਲੈਣ ਲਈ ਬਜਟ ਮੁੱਕ ਜਾਂਦਾ। ਜੇ ਮੈਂ ਜ਼ਿਆਦਾ ਤੰਗ ਫਿਰ ਕਰਦਾ ਤਾਂ ਮਾਂ ਕਿਸੇ ਅੜਬ ਥਾਣੇਦਾਰ ਵਾਂਗ ਮੈਨੂੰ ਡਰਾ ਕੇ ਜਾਗਦੇ ਨੂੰ ਹੀ ਸੁਆ ਦਿੰਦੀ। ਜੁੱਤੀ ਲੈ ਕੇ ਦੇਣੀ ਕੋਈ ਵੱਡੀ ਗੱਲ ਨਹੀਂ ਸੀ ਪਰ ਮਾਂ ਕਹਿੰਦੀ ਸੀ ਕਿ ਜੰਮ ਮੁੱਕਿਆ ਨਹੀਂ ਹੁਣੇ ਤੋਂ ਹੀ ਆਪਣੀਆਂ ਮੰਗਾਂ ਮੰਨਵਾਉਣ ਤੁਰ ਪਿਆ ਹੈ। ਮਾਂ ਨੂੰ ਜ਼ਿੱਦ ਕਦੇ ਪਸੰਦ ਆਈ ਨਹੀਂ ਸੀ। ਮਾਂ ਕਈ ਵਾਰ ਦੱਸਦੀ ਹੁੰਦੀ ਕਿ ਮੈਂ ਤੈਨੂੰ ਕਿੰਨੀਆਂ ਅਰਦਾਸਾਂ ਬੇਨਤੀਆਂ ਅਤੇ ਪੁੰਨ-ਦਾਨ ਕਰਨ ਤੋਂ ਬਾਅਦ ਦਰਬਾਰ ਸਾਹਿਬ (ਅੰਮ੍ਰਿਤਸਰ) ਤੋਂ ਝੋਲੀ ਪੁਆਇਆ ਸੀ। ਤੇਰੇ ਪਿਤਾ ਜੀ ਨੇ ਪੂਰੇ ਡੇਢ ਸਾਲ ਬਾਅਦ ਆ ਕੇ ਤੇਰਾ ਮੂੰਹ ਵੇਖਿਆ ਸੀ ਤੇ ਤੇਰੇ ਗੱਲ ਵਿਚ ਡੇਢ ਤੋਲੇ ਦੀ ਚੇਨੀ ਪਾਈ ਸੀ। ਤੇਰੇ ਮਾਮਿਆਂ ਨੇ ਪਤਾ ਨਹੀਂ ਕਿੰਨੇ ਖੁੱਸੇ ਜੁੱਤੀਆਂ ਲੈ ਕੇ ਦਿੱਤੇ। ਮੈਂ ਮਾਂ ਦੀ ਇਸ ਗੱਲ ਨਾਲ ਅੱਜ ਤੱਕ ਵੀ ਸਹਿਮਤ ਨਹੀਂ ਹੋਇਆ ਕਿ ਉਸ ਨੇ ਬੜੀਆਂ ਤਕਲੀਫਾਂ ਤੋਂ ਬਾਅਦ ਮੇਰਾ ਮੂੰਹ ਵੇਖਿਆ ਹੋਵੇ। ਜਦੋਂ ਵੀ ਮੇਰੇ ਉਪਰ ਗੁੱਸਾ ਚੜ੍ਹਨਾ ਤਾਂ ਰੱਜ ਕੇ ਕੁੱਟਣਾ, ਕੁੱਟਣ ਤੋਂ ਬਾਅਦ ਆਪ ਮੰਜੇ 'ਤੇ ਬੈਠ ਕੇ, ਪੈਰਾਂ ਵੱਲ ਇਸ਼ਾਰਾ ਕਰਕੇ ਕਹਿਣਾ "ਲਾ ਪੈਰੀਂ ਹੱਥ, ਕਹਿ ਮੁੜ ਕੇ ਨਹੀਂ ਕਰਦਾ ਇਹ ਗਲਤੀ" ਮੈਂ ਭੱਜ ਕੇ ਮਾਂ ਦੇ ਪੈਰ ਫੜ ਲੈਂਦਾ, ਸੋਚਦਾ ਕਿਸੇ ਕਿਸੇ ਲੋਟ ਛੁਟਕਾਰਾ ਹੋਵੇ।

ਜੇ ਕਿਸੇ ਕੁੜੀ ਦੀ ਡੋਲੀ ਤੁਰਨ ਵੇਲੇ ਸਿੱਟੀ ਹੋਈ ਭਾਨ ਚੁਗ ਲੈਣੀ, ਉਸ ਭਾਨ ਦਾ ਬੱਝਾ



ਰੁਪਈਆ ਬਣਾ ਕੇ ਲੈ ਆਉਣਾ। ਇਹ ਰੁਪਈਆ ਮਾਂ ਦੇ ਨਜ਼ਰੀਂ ਪੈ ਜਾਣਾ ਤਾਂ ਝੱਟ ਕੁੱਟਣ ਲੱਗ ਜਾਣਾ ਤੇ ਕਹਿਣਾ "ਹੁਣ ਚੋਰੀ ਵੀ ਕਰਨ ਲੱਗ ਗਿਆ, ਅੱਜ ਰੁਪਈਆ ਚੋਰੀ ਕੀਤਾ ਕੱਲ੍ਹ ਨੂੰ ਬੈਂਕ ਲੁੱਟੇਂਗਾ, ਚੰਗਾ ਨਾਂ ਰੋਸ਼ਨ ਕਰੇਂਗਾ ਸਾਡਾ"। ਮੈਂ ਗਰੀਬ ਫਿਰ ਮਾਰਿਆ ਜਾਂਦਾ। ਲੋਹੜੀ ਵੇਲੇ ਗੁੜ ਇਕੱਠਾ ਕਰਨ ਤੁਰ ਜਾਂਦੇ, ਗੁੜ ਵੇਚ ਕੇ ਪੈਸੇ ਵੱਟ ਲੈਂਦੇ ਕਿ ਫਿਲਮ ਵੇਖਾਂਗੇ। ਜਦੋਂ ਪੈਸਿਆਂ ਬਾਰੇ ਮਾਂ ਨੂੰ ਪਤਾ ਲੱਗਦਾ, ਫਿਰ ਤੁਹਾਨੂੰ ਪਤਾ ਹੀ ਹੈ ਕਿ ਕੀ ਹੁੰਦਾ ਹੋਊ। ਮੈਂ ਘਰ ਵਿਚ ਵੱਡਾ ਸੀ ਇਕ ਛੋਟਾ ਭਰਾ ਹੈ। ਇਸ ਕੱਢਵੀਂ ਜੁੱਤੀ ਦੇ ਬਹਾਨੇ ਮਾਂ ਮੇਰੇ ਕੋਲੋਂ ਕੁੜੀਆਂ ਵਾਲੇ ਕੰਮ ਵੀ ਕਰਵਾਈ ਜਾਂਦੀ, "ਪੁੱਤਾ ਜਾਹ ਆਟਾ ਛਾਣ ਕੇ ਲਿਆ", "ਪੁੱਤ ਦਾਲ ਵਿਚੋਂ ਰੋੜ ਚੁਗ ਦੇ", "ਆਹ ਕਾਹਤਨੀ ਥੱਲੇ ਦੋ ਗੋਹੇ ਭੰਨ ਕੇ ਪਾ ਆ", "ਜਾਹ ਧਾਰ ਕੱਢ ਲਿਆ"।

ਮਾਂ ਨੇ ਸਾਰਾ ਸਮਾਂ ਆਪਣੇ ਕੰਮਾਂ ਵਿਚ ਲਵਾਈ ਜਾਣਾ। ਦੁੱਧ ਪੀਣ ਦਾ ਲਾਲਚ ਦੇ ਕੇ ਮੱਝਾਂ ਮੇਰੇ ਹੱਥ ਪਾ ਦਿੱਤੀਆਂ। ਇਕ ਕੰਮ ਹੋਰ ਵਧ ਗਿਆ। ਮੱਝਾਂ ਮੇਰੇ ਤੋਂ ਬਿਨਾਂ ਕਿਸੇ ਤੋਂ ਨਾ ਮਿਲਦੀਆਂ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੀ। ਥਾਂ-ਥਾਂ ਛਬੀਲਾਂ ਲਾਉਣ ਦੀ ਤਿਆਰੀ ਹੋ ਰਹੀ ਸੀ। ਸਕੂਲੋਂ ਛੁੱਟੀ ਹੋਣ ਕਰਕੇ ਮੈਂ ਵੀ ਘਰ ਸੀ, ਮਾਂ ਨੂੰ ਕੱਢਵੀਂ ਜੁੱਤੀ ਦਾ ਵਾਸਤਾ ਪਾਇਆ। ਜ਼ਿੱਦ ਕੀਤੀ ਤਾਂ ਮਾਂ ਨੇ ਪਾਸੇ ਭੰਨ ਸੁੱਟੇ, ਫਿਰ ਪਤਾ ਨਹੀਂ ਕੀ ਮਨ ਮਿਹਰ ਪਈ, ਮੈਨੂੰ ਲੈ ਕੇ ਮੁੱਲਾਂਪੁਰ ਵਾਲੇ ਟੈਂਪੂ ਬੈਠ ਗਈ। ਕਈ ਦੁਕਾਨਾਂ 'ਤੇ ਜੁੱਤੀ ਵੇਖੀ ਪਰ ਮੋਰਨੀਆਂ ਵਾਲੀ ਜੁੱਤੀ ਮਿਲੀ ਨਾ, ਮੈਂ ਸੋਚਿਆ ਕੱਢਵੀਂ ਜੁੱਤੀ ਮੇਰੇ ਨਸੀਬਾਂ ਵਿਚ ਨਹੀਂ ਹੈ। ਅਖੀਰ ਇਕ ਦੁਕਾਨ ਤੋਂ ਕੱਢਵੀਂ ਜੁੱਤੀ ਮਿਲ ਗਈ, ਜਿਹੋ ਜਿਹੀ ਮੇਰੀ ਮੰਗ ਸੀ। ਚਾਅ ਚੜ੍ਹ ਗਿਆ। ਦਿਲ ਕੀਤਾ ਚੱਪਲਾਂ ਉਤਾਰ ਕੇ ਕੱਢਵੀਂ ਜੁੱਤੀ ਪੈਰੀਂ ਪਾ ਲਵਾਂ ਪਰ ਮਾਂ ਨੇ ਹਦਾਇਤ ਕੀਤੀ ਕਿ ਇਹ ਜੁੱਤੀ ਆਉਣ-ਜਾਣ ਵਾਸਤੇ ਹੈ। ਕੱਢਵੀਂ ਜੁੱਤੀ ਉਪਰ ਅਖਬਾਰ ਵਲੇਟ ਕੇ ਉਪਰ ਸੇਬਾ ਬੰਨ੍ਹ ਕੇ ਸੰਦੂਕ ਵਿਚ ਰੱਖ ਦਿੱਤੀ। ਮੇਰਾ ਚਾਅ ਅੱਧਾ ਰਹਿ ਗਿਆ।

ਕੱਢਵੀਂ ਜੁੱਤੀ ਖਰੀਦੀ ਵੀ ਗਈ ਪਰ ਪੈਰੀਂ ਪਾਉਣੀ ਨਸੀਬ ਨਾ ਹੋਈ। ਮਾਂ ਨੇ ਜਦੋਂ ਸੰਦੂਕ ਖੋਲ੍ਹਣਾ, ਮੈਂ ਝੱਟ ਕਹਿਣਾ, "ਬੀਬੀ ਮੈਨੂੰ ਕੱਢਵੀਂ ਜੁੱਤੀ ਵਿਖਾ ਦੇ, ਜੁੱਤੀ ਵੇਖ ਕੇ ਤਸੱਲੀ ਹੋ ਜਾਣੀ", ਫਿਰ ਪੁੱਛਣਾ ਬੀਬੀ ਇਹ ਕੱਢਵੀਂ ਜੁੱਤੀ ਕਦੋਂ ਪਾਉਣੀ ਹੈ? "ਜਦੋਂ ਨਾਨਕੇ ਜਾਵੇਂਗਾ", ਬੀਬੀ ਨੇ ਜਵਾਬ ਦੇਣਾ। ਇਕ ਦਿਨ ਘਰ ਕੋਈ ਨਾ, ਸੰਦੂਕ ਦੀ ਚਾਬੀ ਚੋਰੀ ਕਰਕੇ ਸੰਦੂਕ ਖੋਲ੍ਹ ਲਿਆ। ਜੁੱਤੀ ਵੇਖੀ, ਉਹ ਸੁੱਕੀ ਲੱਕੜ ਬਣੀ ਪਈ, ਪੈਰਾਂ ਵਿਚ ਪਵੇ ਈ ਨਾ। ਹੁਣ ਜੁੱਤੀ ਪਾਉਣ ਦਾ ਚਾਅ ਫਿਰ ਅਧੂਰਾ ਰਹਿ ਗਿਆ। ਕੱਢਵੀਂ ਜੁੱਤੀ ਦਾ ਚਾਅ ਪੂਰਾ ਕਰਨ ਲਈ ਮੈਂ ਨਾਨਕੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸਨਿਚਰਵਾਰ ਸਕੂਲੋਂ ਆ ਕੇ ਸਾਇਕਲ 'ਤੇ ਮਾਰਿਆ ਕੱਪੜਾ, ਹਵਾ ਕੀਤੀ ਚੈਕ, ਹੈਂਡਲ ਨੂੰ ਬੰਨ੍ਹਿਆ ਬੂਟੀਆਂ ਵਾਲਾ ਝੋਲਾ। ਸਾਰੀ ਤਿਆਰੀ ਤੋਂ ਬਾਅਦ ਕੱਢਵੀਂ ਜੁੱਤੀ ਕੱਢੀ, ਉਹ ਪੈਰੀਂ ਪਵੇ ਨਾ। ਕਲਬੂਤ ਦੁਆਇਆ, ਸਰ੍ਹੋਂ ਦਾ ਤੇਲ ਲਾਇਆ।

ਕੱਢਵੀਂ ਜੁੱਤੀ ਨਰਮ ਕਰਕੇ ਪੈਰੀਂ ਪਾਈ, ਤੁਰਨ ਵੇਲੇ ਹੁੰਦੀ ਚੂੰ-ਚੂੰ ਬੜੀ ਵਧੀਆ ਲੱਗਦੀ, ਮਾਂ ਤੋਂ ਅਸ਼ੀਰਵਾਦ ਲੈ ਕੇ ਮਿਰਜ਼ੇ ਦੀ ਬੱਕੀ ਵਾਂਗ ਸਾਇਕਲ 'ਤੇ ਪਲਾਕੀ ਮਾਰੀ। ਕੱਢਵੀਂ ਜੁੱਤੀ ਦੇ ਚਾਅ ਵਿਚ ਸਾਹਮਣੇ ਘੱਟ ਵੇਖਦਾ, ਪੈਰਾਂ ਵੱਲ ਜ਼ਿਆਦਾ। ਤਾਜ਼ਾ ਤੇਲ ਲਾਇਆ ਹੋਣ ਕਰਕੇ ਕੱਢਵੀਂ ਜੁੱਤੀ 'ਤੇ ਗਰਦਾ ਜੰਮ ਗਿਆ ਫਿਰ ਸੁਧਾਰ ਸਹਿਰ ਟੱਪ ਕੇ ਕੱਪੜਾ ਮਾਰਿਆ, ਜੁੱਤੀ ਚਮਕਾ ਦਿੱਤੀ। ਆਪਣੀ ਮਸਤੀ ਵਿਚ ਗਾਉਂਦਾ, ਸੜਕ ਦੇ ਕੰਢੇ ਖੜ੍ਹੇ ਦਰੱਖਤਾਂ ਨਾਲ ਗੱਲਾਂ ਕਰਦਾ ਨਾਨਕਿਆਂ ਦੀ ਜੂਹ ਵਿਚ ਵੜ ਗਿਆ। ਕੱਢਵੀਂ ਜੁੱਤੀ 'ਤੇ ਫਿਰ ਗਰਦਾ ਜੰਮ ਗਿਆ। ਮੋਰਨੀਆਂ ਦਾ ਮੇਕਅੱਪ ਖਰਾਬ ਹੋ ਗਿਆ। ਫਿਰ ਕੱਪੜਾ ਕੱਢਿਆ ਜੁੱਤੀ ਚਮਕਾਈ ਤੇ ਮਾਮੇ ਦੇ ਬੂਹੇ ਜਾ ਪਹੁੰਚਿਆ। ਅੱਗੇ ਗੇਟ ਨੂੰ ਫੌਜੀ ਜਿੰਦਾ ਲੱਗਿਆ ਹੋਇਆ ਸੀ।

ਗੁਆਂਢੀਆਂ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਸਾਰਾ ਟੱਬਰ ਕਪਾਹ ਚੁੱਗਣ ਖੇਤ ਗਿਆ ਹੋਇਆ ਹੈ। ਮੇਰਾ ਖੇਤ ਜਾਣ ਨੂੰ ਦਿਲ ਨਾ ਕਰੇ ਕਿਉਂਕਿ ਖੇਤ ਵਾਲਾ ਰਾਹ ਕੱਚਾ ਸੀ, ਧੂੜ ਨੇ ਉਡ ਉਡ ਜੁੱਤੀ ਖਰਾਬ ਕਰ ਦੇਣੀ ਸੀ ਤੇ ਜੁੱਤੀ ਦੀ ਸਾਰੀ ਭੂੰਸ ਹੀ ਮਰ ਜਾਣੀ ਸੀ।

ਸ਼ਾਮ ਤੱਕ ਗੁਆਂਢੀਆਂ ਦੇ ਬੈਠਾ ਰਿਹਾ, ਉਨ੍ਹਾਂ ਨੇ ਵੀ ਨਵੀਂ ਜੁੱਤੀ ਬਾਰੇ ਕੁਝ ਨਾ ਪੁੱਛਿਆ। ਜਦੋਂ ਮਾਮੇ ਦਾ ਸਾਰਾ ਟੱਬਰ ਖੇਤੋਂ ਆਇਆ ਤਾਂ ਹਨ੍ਹੇਰਾ ਹੋ ਚੁੱਕਾ ਸੀ। ਮੈਨੂੰ ਫਤਿਹ ਦਾ ਜਵਾਬ ਹੀ ਮਿਲਿਆ ਪਰ ਜੁੱਤੀ ਵੱਲ ਉਨ੍ਹਾਂ ਨੇ ਵੀ ਨਹੀਂ ਤੱਕਿਆ। ਆਪੋ-ਆਪਣੇ ਕੰਮੀਂ ਲੱਗ ਗਏ। ਭਾਣਜੇ ਦੀ ਬਹੁਤੀ ਖੁਸ਼ੀ ਨਾ ਹੋਈ। ਮੈਂ ਸੋਚਦਾ ਮੈਨੂੰ ਬੇਸ਼ੱਕ ਘੱਟ ਬੁਲਾਉਣ ਕਮ-ਸੇ-ਕਮ ਜੁੱਤੀ ਬਾਰੇ ਤਾਂ ਦੋ ਗੱਲਾਂ ਪੁੱਛ ਲੈਣ। ਸ਼ਾਇਦ ਗਲਤੀ ਮੇਰੀ ਸੀ ਕਿਉਂਕਿ ਇਸ ਰੁੱਤੇ ਜੱਟ ਨੂੰ ਕਿੱਥੇ ਵਿਹਲ, ਇਹ ਤਾਂ ਮੈਨੂੰ ਨਵੀਂ ਜੁੱਤੀ ਦਾ ਚਾਅ ਖਿੱਚ ਕੇ ਲੈ ਗਿਆ।

ਰੋਟੀ-ਪਾਣੀ ਛਕ ਕੇ ਮੰਜੇ ਕੋਠੇ ਚਾੜ੍ਹ ਲਏ, ਮਾਮਾ-ਮਾਮੀ ਤਾਂ ਕਪਾਹ 'ਤੇ ਪਈ ਸੁੰਡੀ ਦੀਆਂ ਗੱਲਾਂ ਕਰੀ ਜਾਂਦੇ। ਮੈਨੂੰ ਕੱਢਵੀਂ ਜੁੱਤੀ ਦਾ ਫਿਕਰ ਕਿ ਕਿੱਥੇ ਰੱਖਾਂ। ਮੈਂ ਜੁੱਤੀ ਚੁੱਕ ਕੇ ਸਰ੍ਹਾਣੇ ਰੱਖ ਲਈ। ਫਿਕਰ ਨਾਲ ਨੀਂਦ ਵੀ ਨਾ ਆਵੇ, ਮਾਮਾ-ਮਾਮੀ ਥੱਕੇ ਹੋਣ ਕਰਕੇ ਜਲਦੀ ਸੌਂ ਗਏ। ਰਾਤ ਥੋੜ੍ਹੀ ਲੰਘੀ ਸੀ ਕਿ ਮੀਂਹ ਉਤਾਰੂ ਹੋ ਗਿਆ। ਚਾਰੇ ਪਾਸੇ ਬੱਦਲ, ਪਤਾ ਨਹੀਂ ਕਦੋਂ ਮੋਟੀ ਕਣੀ ਡਿੱਗਣ ਲੱਗ ਗਈ।

ਮਾਮਾ-ਮਾਮੀ ਬਿਸਤਰੇ ਇਕੱਠੇ ਕਰਨ ਲੱਗੇ, ਮੈਂ ਆਪਣੀ ਜੁੱਤੀ ਚੁੱਕਣ ਲੱਗਿਆ ਪਰ ਜੁੱਤੀ ਦਾ ਇਕ ਪੈਰ ਗਾਇਬ। ਮੈਨੂੰ ਲੱਗਿਆ ਕਿ ਇਹ ਕਾਲਾ ਬੱਦਲ ਮੇਰੇ 'ਤੇ ਹੀ ਡਿੱਗ ਪਿਆ। ਬਿਸਤਰਿਆਂ ਨਾਲੋਂ ਮੈਨੂੰ ਜੁੱਤੀ ਦਾ ਜ਼ਿਆਦਾ ਦੁੱਖ ਹੋਇਆ। ਜਿਹੜੀ ਗੱਲੋਂ ਡਰਦਾ ਸੀ ਉਹੀ ਹੋਈ। ਥੱਲੇ ਉਤਰੇ, ਅੰਦਰ ਗਰਮੀ ਬਹੁਤ ਸੀ। ਜੁੱਤੀ ਦਾ ਇਕ ਪੈਰ ਮੈਂ ਬੂਟੀਆਂ ਵਾਲੇ ਝੋਲੇ ਵਿਚ ਪਾ ਕੇ ਮੰਜੇ 'ਤੇ ਬਹਿ ਸੋਚਣ ਲੱਗਾ ਕਿ ਜੁੱਤੀ ਦਾ ਦੂਜਾ ਪੈਰ ਗਿਆ ਕਿੱਥੇ? ਸ਼ਾਇਦ ਮਾਮੀ ਨੇ ਟਿੱਚਰ ਕੀਤੀ ਹੋਣੀ ਹੈ। ਮੀਂਹ ਹਟ ਗਿਆ। ਰਾਤ ਟਿਕ ਗਈ। ਮੇਰੇ ਕੰਨੀਂ ਆਵਾਜ਼ ਪਈ, ਜਿਵੇਂ ਕੋਈ ਸੁੱਕੀਆਂ ਹੱਡੀਆਂ ਚੱਬ ਰਿਹਾ ਹੋਵੇ। ਝੱਟ ਮਾਮੇ ਨੂੰ ਉਠਾਇਆ ਇਸ ਆਵਾਜ਼ ਬਾਰੇ ਜਾਣੂ ਕਰਵਾਇਆ। ਮਾਮਾ ਝੱਟ ਸਮਝ ਗਿਆ ਕਿ ਕੁੱਤੇ ਨੇ ਮੇਰੀ ਜੁੱਤੀ ਚੱਕ ਲਈ ਤੇ ਉਹ ਚੱਬ ਰਿਹਾ ਹੈ। ਜਦੋਂ ਵੇਖਿਆ ਕੁੱਤੇ ਨੇ ਅੱਧੀ ਤੋਂ ਜ਼ਿਆਦਾ ਜੁੱਤੀ ਚੱਬ ਦਿੱਤੀ ਸੀ। ਹੁਣ ਚੱਬੀ ਹੋਈ ਜੁੱਤੀ ਫੜ ਕੇ ਮਾਂ ਬਾਰੇ ਸੋਚਣ ਲੱਗਿਆ ਕਿ ਘਰੇ ਮਾਂ ਦੇ ਮੱਥੇ ਕਿਵੇਂ ਲੱਗਾਂਗਾ। ਉਸ ਨੇ ਤਾਂ ਜਾਨੋਂ ਮਾਰ ਦੇਣਾ।

ਸਵੇਰੇ ਉਠਿਆ, ਪੈਰਾਂ ਵਿਚ ਪੁਰਾਣੀਆਂ ਚੱਪਲਾਂ ਪਾ ਕੇ ਤੁਰ ਪਿਆ। ਸੁਧਾਰ ਆ ਕੇ ਜੁੱਤੀ ਮੁਰੰਮਤ ਵਾਸਤੇ ਵਿਖਾਈ। ਮੋਚੀ ਨੇ ਜਵਾਬ ਦੇ ਦਿੱਤਾ। ਮੈਨੂੰ ਇਉਂ ਲੱਗਿਆ ਜਿਵੇਂ ਜੱਟ ਦੀ ਖੜ੍ਹੀ ਫਸਲ ਅੱਗ ਦੀ ਭੇਟ ਹੋ ਗਈ ਹੋਵੇ। ਪਿੰਡ ਵਾਲਾ ਰਾਹ ਪੂਰੇ ਤਿੰਨ ਘੰਟਿਆਂ ਵਿਚ ਤੈਅ ਕੀਤਾ। ਬੂਹੇ ਅੱਗੇ ਮਾਂ ਡਾਂਗ ਲਈ ਖੜ੍ਹੀ ਸੀ, ਮੈਂ ਸਮਝਿਆ ਮਾਂ ਨੂੰ ਜੁੱਤੀ ਦਾ ਪਤਾ ਲੱਗ ਗਿਆ ਹੋਣਾ। ਦਿਲ ਤਕੜਾ ਕਰਕੇ ਪੈਰੀਂ ਹੱਥ ਲਾਇਆ। ਅਸੀਸਾਂ ਲਈਆਂ। ਹੱਥ ਫੜੀ ਡਾਂਗ ਬਾਰੇ ਪੁੱਛਿਆ। "ਇਹ ਤਾਂ ਮੈਂ ਨਾਲੀ ਵਿਚੋਂ ਪੱਤੇ ਹਟਾਉਣ ਲਈ ਚੁੱਕੀ ਸੀ," ਮਾਂ ਨੇ ਬੁੱਕਲ ਵਿਚ ਲੈਂਦਿਆਂ ਦੱਸਿਆ। ਦਿਲ ਅਜੇ ਵੀ ਡਰਦਾ ਸੀ ਪਰ ਮਾਂ ਨੇ ਹਿੱਕ ਨਾਲ ਲਾ ਕੇ ਜਿਵੇਂ ਜਨਮਾਂ-ਜਨਮਾਂ ਦਾ ਪਿਆਰ ਮੇਰੀ ਝੋਲੀ ਪਾ ਦਿੱਤਾ ਹੋਵੇ। ਰਾਤ ਵਾਲੇ ਮੀਂਹ ਦੌਰਾਨ ਸਾਡੇ ਪਿੰਡ ਦੇ ਨਾਲ ਵਾਲੇ ਪਿੰਡ ਵਿਚ ਅਸਮਾਨੀ ਬਿਜਲੀ ਡਿੱਗ ਪਈ ਸੀ ਜੋ ਦੇਵਨੇਤ ਮਾਮੇ-ਭਾਣਜੇ ਉਪਰ ਡਿੱਗੀ।

ਮਾਂ ਸਾਰੀ ਰਾਤ ਮੇਰਾ ਤੇ ਮਾਮੇ ਦਾ ਫਿਕਰ ਕਰਦੀ ਰਹੀ ਸੀ। ਜੁੱਤੀ ਬਾਰੇ ਦੱਸਿਆ ਤਾਂ ਮਾਂ ਨੇ ਕਿਹਾ, ਕੋਈ ਨਹੀਂ ਤੈਨੂੰ ਹੋਰ ਲੈ ਕੇ ਦੇ ਦਿਊਂ। ਜੁੱਤੀ ਦਾ ਟੁੱਕਿਆ ਹੋਇਆ ਪੈਰ ਫਿਰ ਅਸੀਂ ਸੂਣ ਵਾਲੀ ਮੱਝ ਦੇ ਗਲ ਵਿਚ ਪਾ ਦਿੱਤਾ। ਇਸ ਨਾਲ ਪਸ਼ੂ ਨੂੰ ਨਜ਼ਰ ਨਹੀਂ ਲੱਗਦੀ। ਜੁੱਤੀ ਦਾ ਦੂਜਾ ਪੈਰ ਅੱਜ ਵੀ ਘਰਦਿਆਂ ਦਾ ਸੰਭਾਲ ਕੇ ਰੱਖਿਆ ਹੋਇਆ ਹੈ। ਉਹ ਸਮਾਂ ਕਿੰਨਾ ਚੰਗਾ ਸੀ, ਮਾਪਿਆਂ ਨੂੰ ਰੱਬ ਹੀ ਸਮਝਿਆ ਜਾਂਦਾ ਸੀ ਪਰ ਹੁਣ ਜ਼ਮਾਨਾ ਬਦਲ ਗਿਆ।

ਪਿੱਛੇ ਜਿਹੇ ਪੰਜਾਬ ਦੇ ਇਕ ਅਖਬਾਰ ਵਿਚ ਖਬਰ ਪੜ੍ਹੀ ਸੀ ਕਿ ਇਕ ਅਠਾਰਾਂ ਸਾਲਾਂ ਦੇ ਪੁੱਤ ਨੇ ਆਪਣੀ ਮਾਂ ਕਿਰਪਾਨਾਂ ਨਾਲ ਵੱਢ ਦਿੱਤੀ। ਮਾਂ-ਪਿਓ ਦੋਵੇਂ ਅੰਮ੍ਰਿਤਧਾਰੀ ਸਨ। ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਨਿਭਾਉਂਦੇ ਸਨ। ਪੁੱਤ ਨਾਈ ਕੋਲੋਂ ਜਾ ਕੇ ਜੂੜਾ ਕਟਵਾ ਆਇਆ। ਮਾਂ ਨੇ ਇਹੀ ਕਿਹਾ ਕਿ ਪੁੱਤ ਤੂੰ ਆਹ ਕੀ ਕੀਤਾ, ਸਾਡੀ ਇੱਜ਼ਤ ਦਾ ਖਿਆਲ ਕਰਦਾ। ਅਸੀਂ ਰੋਜ਼ ਲੋਕਾਂ ਨੂੰ ਸਿੱਖਿਆ ਦਿੰਦੇ ਹਾਂ ਕਿ ਕੇਸ ਦਾੜ੍ਹੀਆਂ ਰੱਖ ਕੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੋ ਤੇ ਹੁਣ ਅਸੀਂ ਉਨ੍ਹਾਂ ਨੂੰ ਕੀ ਜਵਾਬ ਦੇਵਾਂਗਾ। ਮਾਂ ਦੀ ਨਿੱਕੀ ਜਿਹੀ ਘੂਰੀ 'ਤੇ ਮਾਂ ਦਾ ਕਤਲ ਕਰ ਦਿੱਤਾ। ਕੀ ਅਸੀਂ ਔਲਾਦ ਨੂੰ ਇਸ ਲਈ ਪਾਲ ਕੇ ਵੱਡਾ ਕਰਦੇ ਹਾਂ ਕਿ ਉਹ ਸਾਡੇ ਹੀ ਕਾਤਲ ਬਣ ਜਾਣ। ਔਲਾਦ ਦੇ ਨਹੀਂ, ਮਾਪਿਆਂ ਦੇ ਕਦੋਂ ਅਰਮਾਨ ਪੂਰੇ ਹੋਣਗੇ। ਜਿਹੜੇ ਔਲਾਦ ਦੀ ਖਾਤਰ ਰਾਤ-ਦਿਨ ਮਿਹਨਤਾਂ ਕਰਦੇ ਨੇ, ਪਰਮਾਤਮਾ ਕਿਸੇ ਨਾਲ ਵੀ ਇਸ ਤਰ੍ਹਾਂ ਨਾ ਹੋਣ ਦੇਵੇ। ਕਿਸੇ ਮਾਂ ਨੂੰ ਪੁੱਤ ਹੱਥੋਂ ਮਰਨਾ ਨਾ ਪਵੇ। ਮੇਰੇ ਵਾਂਗ ਮਾਂ ਤੋਂ ਕੁੱਟ ਸਾਰੀ ਉਮਰ ਬੇਸ਼ੱਕ ਪੈਂਦੀ ਰਹੇ। ਰੱਬ ਰਾਖਾ।

## ਸੰਪਾਦਕ ਦੀ ਡਾਕ

# ਪੰਜਾਬੀ ਸੱਭਿਆਚਾਰ ਦੀ ਲੁੱਟ

ਜਰਨੈਲ ਘੁਮਾਣ ਪੰਜਾਬ ਦੇ ਸੰਗੀਤ ਖੇਤਰ ਵਿਚ ਜਾਣਿਆ ਪਛਾਣਿਆ ਨਾਂ ਹੈ। ਭਗਵੰਤ ਮਾਨ ਨੂੰ ਸਤੌਜ ਜਿਹੇ ਪਛੜੇ ਪਿੰਡ ਤੋਂ ਲੋਕਾਂ ਦੇ ਦਿਲਾਂ 'ਚ ਵਸਾਉਂਦਿਆਂ ਮੈਂ ਉਸ ਨੂੰ ਖੁਦ ਤੱਕਿਆ ਹੈ। ਗੀਤਕਾਰੀ ਤੇ ਪੇਸ਼ਕਾਰੀ ਨਾਲ ਉਨ੍ਹਾਂ ਨੇ ਕਈਆਂ ਨੂੰ ਸਫਲਤਾ ਦੇ ਰਾਹ ਤੁਰਨਾ ਸਿਖਾਇਆ। 16 ਅਕਤੂਬਰ ਦੇ ਪੰਜਾਬ ਟਾਈਮਜ਼ ਵਿਚ ਉਨ੍ਹਾਂ ਦਾ ਲੇਖ "ਸੱਭਿਆਚਾਰਕ ਸਰਮਾਇਆ ਲੁਟਾ ਰਹੇ ਹਨ ਚਰਖੇ, ਡੀ.ਜੇ. ਵਾਲੇ" ਪੜ੍ਹਿਆ ਪਰ ਇਸ ਲੇਖ ਵਿਚ ਉਨ੍ਹਾਂ ਨੇ ਇੱਕਪਾਸੜ ਤਸਵੀਰ ਪੇਸ਼ ਕੀਤੀ ਹੈ। ਉਨ੍ਹਾਂ ਨੇ ਕੇਵਲ ਗਾਇਕਾਂ ਅਤੇ ਕੰਪਨੀਆਂ ਦਾ ਪੱਖ ਹੀ ਪੇਸ਼ ਕੀਤਾ ਹੈ। ਅਜਿਹਾ ਹੋਣਾ ਸੁਭਾਵਿਕ ਹੈ ਕਿਉਂਕਿ ਉਹ ਖੁਦ ਸੰਗੀਤ ਕੰਪਨੀ (ਸੀ.ਐਮ.ਸੀ) ਦੇ ਮਾਲਕ ਰਹੇ ਹਨ। ਉਨ੍ਹਾਂ ਨੇ ਚਰਖੇ ਵਾਲਿਆਂ ਦੇ ਸਫਲ ਹੋਣ ਤੇ ਕੰਪਨੀਆਂ ਦੇ ਫੇਲ੍ਹ ਹੋਣ ਦਾ ਅਸਲ ਕਾਰਨ ਦੱਸਣ ਦੀ ਬਜਾਇ ਚਰਖੇ ਵਾਲਿਆਂ ਨੂੰ ਨਿੰਦਣ 'ਤੇ ਹੀ ਜ਼ੋਰ ਲਾਇਆ ਹੈ।

ਪਿਛਲੇ ਦਹਾਕੇ ਦੇ ਸ਼ੁਰੂ ਤੋਂ ਹੀ ਪੰਜਾਬੀ ਗਾਇਕਾਂ ਦੀ ਆਵਾਜ਼ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਲੋਕ ਮੇਲਿਆਂ ਵਿਚ ਤਿਲ ਸੁੱਟਣ ਲਈ ਵੀ ਥਾਂ ਨਹੀਂ ਸੀ ਮਿਲਦੀ। ਇਸ ਦਾ ਫਾਇਦਾ ਉਠਾਉਣ ਵਿਚ ਸੰਗੀਤ ਕੰਪਨੀਆਂ ਨੇ ਰਤਾ ਵੀ ਦੇਰ ਨਾ ਲਾਈ। ਪੱਚੀ ਰੁਪਏ ਵਾਲੀ ਕੈਸਿਟ ਦਿਨਾਂ ਵਿਚ ਹੀ ਪੰਜਾਹ ਰੁਪਏ ਹੋ ਗਈ। ਪੰਜਾਬੀ ਗਾਇਕਾਂ ਨੇ ਵੀ ਆਪਣੇ ਪ੍ਰੋਗਰਾਮਾਂ ਦੇ ਭਾਅ ਦਸ ਗੁਣਾ ਵਧਾ ਦਿੱਤੇ। ਉਸ ਸਮੇਂ ਕਿਸੇ ਵੀ ਜਰਨੈਲ ਘੁਮਾਣ ਜਾਂ ਪੰਜਾਬੀ ਗਾਇਕ ਨੇ ਇਹ ਨਹੀਂ ਸੋਚਿਆ ਕੇ ਪੰਜਾਬ ਦਾ ਮੱਧ ਵਰਗੀ ਕਿਸਾਨ ਤੇ ਅੱਸੀ ਰੁਪਏ ਦੀ ਦਿਹਾੜੀ ਕਰਨ ਵਾਲਾ ਖੇਤ ਮਜ਼ਦੂਰ ਇੰਨੀ ਮਹਿੰਗੀ ਕੈਸਿਟ ਕਿਵੇਂ ਖਰੀਦੇਗਾ? ਬੱਸ ਸਭ ਨੇ ਵਹਿੰਦੀ ਗੰਗਾ ਵਿਚ ਹੱਥ ਧੋਣ ਨੂੰ ਹੀ ਪਹਿਲ ਦਿੱਤੀ। ਇਸੇ ਹਕੀਕਤ ਨੇ ਚਰਖੇ ਵਾਲਿਆਂ ਦਾ ਮੁੱਢ ਬੰਨ੍ਹਿਆ। ਸੰਗੀਤ ਸਭ ਨੂੰ ਚੰਗਾ ਲਗਦਾ ਹੈ ਪਰ ਸੰਗੀਤਕ ਮਹਿੰਗਾਈ ਨੇ ਸੰਗੀਤ ਨੂੰ ਮੱਧ ਵਰਗੀ ਤੇ ਗਰੀਬ ਲੋਕਾਂ ਤੋਂ ਖੋਹ ਕੇ ਸਿਰਫ ਮਹਿੰਗੀਆਂ ਕਾਰਾਂ ਵਾਲਿਆਂ ਤੱਕ ਸੀਮਤ ਕਰ ਦਿੱਤਾ। ਅਜਿਹੇ ਮੌਕੇ ਚਰਖੇ ਵਾਲਿਆਂ ਆਪਣੀ ਪਹਿਚਾਣ ਬਣਾਉਣੀ ਸ਼ੁਰੂ ਕਰ ਦਿੱਤੀ। ਮੱਧ ਵਰਗੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਸਮਾਗਮਾਂ ਵਿਚ ਇਨ੍ਹਾਂ ਨੇ ਖੂਬ ਰੰਗ ਬੰਨ੍ਹਣੇ ਸ਼ੁਰੂ ਕਰ ਦਿੱਤੇ। ਝਬਦੇ ਹੀ ਇਹ ਚਰਖੇ ਵਾਲੇ ਸੰਗੀਤ ਕੰਪਨੀਆਂ ਤੇ ਗਾਇਕਾਂ ਨੂੰ ਚਾਰੋਂ ਖਾਨੇ ਚਿੱਤ ਕਰਕੇ ਅਰਸ਼ ਤੋਂ ਫਰਸ਼ ਤੱਕ ਜਾ ਪਹੁੰਚੇ। ਜਿੱਥੇ ਇਨ੍ਹਾਂ ਮੰਡਲੀਆਂ ਨੇ ਆਮ ਲੋਕਾਂ ਲਈ ਸੰਗੀਤ ਤੱਕ ਪਹੁੰਚ ਆਸਾਨ ਬਣਾਈ ਉਥੇ ਬੇਰੁਜ਼ਗਾਰਾਂ ਨੂੰ ਵੀ ਰੁਜ਼ਗਾਰ ਮੁਹੱਈਆ ਕਰਵਾਇਆ। ਇਨ੍ਹਾਂ ਸੰਗੀਤ ਮੰਡਲੀਆਂ ਵਿਚ ਕੁਝ ਗਲਤ ਅਨਸਰਾਂ ਦੇ ਆਉਣ ਨਾਲ ਇਨ੍ਹਾਂ 'ਤੇ ਦੇਹ ਵਪਾਰ ਅਤੇ ਅਸ਼ਲੀਲਤਾ ਦੇ ਦੋਸ਼ ਵੀ ਕਾਫੀ ਹੱਦ ਤੱਕ ਸਹੀ ਹਨ। ਪਰ ਘੁਮਾਣ ਨੇ ਆਪਣਾ ਸਾਰਾ ਨਜ਼ਲਾ ਚਰਖੇ ਵਾਲਿਆਂ ਤੇ ਝਾੜਦਿਆਂ ਪੰਜਾਬੀ ਗਾਇਕਾਂ ਨੂੰ ਪੂਰੀ ਤਰ੍ਹਾਂ ਨਾਲ ਬਰੀ ਕਰ ਦਿੱਤਾ, ਜੋ ਕਿ ਸਹੀ ਨਹੀਂ ਹੈ। ਪੰਜਾਬੀ ਗਾਇਕ ਵੀ ਦੁੱਧ ਧੋਤੇ ਨਹੀਂ। ਜੋ ਦੋਸ਼ ਘੁਮਾਣ ਚਰਖੇ ਵਾਲਿਆਂ 'ਤੇ ਲੱਗਦੇ ਹਨ ਉਹ ਪੰਜਾਬੀ ਗਾਇਕਾਂ 'ਤੇ ਵੀ ਅਕਸਰ ਹੀ ਲਗਦੇ ਰਹਿੰਦੇ ਹਨ। ਅਸ਼ਲੀਲ ਗੀਤ, ਅਸ਼ਲੀਲ ਨਾਚ, ਗੀਤ ਤੇ ਸੰਗੀਤ ਦੀ ਚੋਰੀ, ਕਬੂਤਰਬਾਜ਼ੀ ਜਿਹੇ ਅਨੇਕਾਂ ਹੀ ਦੋਸ਼ ਚੰਗੇ ਤੇ ਕਹਿੰਦੇ ਕਹਾਉਂਦੇ ਸੁਰਾਂ ਦੇ ਸਰਤਾਜਾਂ ਦੇ ਦਾਮਨ ਨੂੰ ਦਾਗ ਲਾਉਂਦੇ ਰਹੇ ਹਨ। ਜੇ ਪੰਜਾਬੀ ਗਾਇਕਾਂ ਨੇ ਧੀਆਂ ਦੇ ਹੱਕ ਵਿਚ ਗਾਇਆ ਹੈ ਤਾਂ ਉਨ੍ਹਾਂ ਨੇ ਪੰਜਾਬ ਦੀਆਂ ਧੀਆਂ ਦੇ ਚਰਿੱਤਰ ਤੇ ਮਨਮੂੰਹੀਂ ਚਿੱਕੜ ਵੀ ਸੁੱਟਿਆ ਹੈ। ਨਾਲੇ ਜਦੋਂ ਚਰਖੇ ਵਾਲਿਆਂ ਦਾ ਵਿਰੋਧ ਕਰ ਰਹੇ ਗਾਇਕਾਂ ਦੇ ਜਲਸੇ ਵਿਚ ਬਲਕਾਰ ਸਿੱਧੂ ਨੇ ਆਪਣੀ ਪੀੜੀ ਹੇਠ ਸੋਟਾ ਮਾਰਦਿਆਂ ਗਾਇਕਾਂ ਨੂੰ ਆਪਣੀਆਂ ਕੀਮਤਾਂ ਘਟਾਉਣ ਲਈ ਕਿਹਾ ਸੀ ਤਾਂ ਕਈ ਚੰਗੇ ਚੰਗੇ ਗਾਇਕਾਂ ਦੇ ਮੂੰਹ ਭਾਰੇ ਹੋ ਗਏ ਸਨ। ਇਹ ਗੱਲ ਜਰਨੈਲ ਘੁਮਾਣ ਨੂੰ ਵੀ ਪਤਾ ਹੈ ਕਿ ਜੇ ਚਰਖੇ ਵਾਲੇ ਅਸ਼ਲੀਲ ਨਾਚ ਪੇਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਹਟਾਉਣ ਦਾ ਹੱਕ ਲੋਕਾਂ ਕੋਲ ਹੈ। ਜੇ ਲੋਕ ਨੰਗੇ ਨਾਚ ਦੀ ਥਾਂ ਸੱਭਿਆਚਾਰਕ ਤੇ ਪਰਿਵਾਰਕ ਪ੍ਰੋਗਰਾਮ ਦੇਖਣ ਦੀ ਮੰਗ ਕਰਨਗੇ ਤਾਂ ਚਰਖੇ ਵਾਲੇ ਇਸ ਤੋਂ ਬਾਹਰ ਨਹੀਂ ਜਾ ਸਕਣਗੇ। ਇਸ ਦੇ ਉਲਟ ਜਦ ਕੋਈ ਗਾਇਕ ਟੀ.ਵੀ. ਉਤੇ ਆਪਣੇ ਗੀਤ ਰਾਹੀਂ ਅਸ਼ਲੀਲਤਾ ਦੀਆਂ ਹੱਦਾਂ ਪਾਰ ਕਰਦਾ ਹੈ ਤਾਂ ਉਸਨੂੰ ਠੱਲ ਪਾਉਣ ਦਾ ਅਧਿਕਾਰ ਲੋਕਾਂ ਕੋਲ ਨਹੀਂ ਹੁੰਦਾ ਕਿਉਂਕਿ ਗਾਇਕ ਨੇ ਟੀ.ਵੀ. ਵਾਲਿਆਂ ਦੀਆਂ ਅੱਖਾਂ ਤੇ ਪੰਜ-ਸੱਤ ਲੱਖ ਦੀ ਪੱਟੀ ਬੰਨੀ ਹੁੰਦੀ ਹੈ। ਜੇ ਗੀਤਾਂ ਦੀਆਂ ਜਾਅਲੀ ਸੀਡੀਆਂ ਬਣੀਆਂ ਹਨ ਤਾਂ ਇਸ ਲਈ ਵੀ ਕਸੂਰਵਾਰ ਗਾਇਕ ਅਤੇ ਸੰਗੀਤ ਕੰਪਨੀਆਂ ਹੀ ਹਨ ਜੋ ਸੀਡੀਆਂ ਇੰਨੇ ਮਹਿੰਗੇ ਭਾਅ ਵੇਚਦੀਆਂ ਹਨ।

-ਡਾ. ਹਨੀ ਸ਼ੇਰਗਿੱਲ, ਸੈਕਰਾਮੈਂਟੋ


comcast
Shows2u
CHICAGO Premier Events
Marriott
CHICAGO SCHAUMBURG
Proudly Present FIRST TIME EVER IN CHICAGO
THEMED
Tropical Inspirations
South Asian Wedding Expo 2010
SPECIAL BOLLYWOOD GUEST
FABULOUS GOODIE BAGS
TO THE FIRST 300 ONLINE REGISTERED BRIDES
at Chicago Marriott Schaumburg
50 N. Martingale Road
Schaumburg IL 60173
SUNDAY, NOVEMBER 14 2010
10:00AM TO 6:00PM
DESIGNER FASHION SHOWS AT 12 PM & 3 PM
Introducing Chicago's Very Own!
B&G ASIAN BRIDE & GROOM
AMERICA'S #1 ASIAN WEDDING MAGAZINE
Win FREE LCD TVs
Win FREE Trip
Meet & Greet Bollywood Special Guest
FREE Henna
FREE Food Sampling
Enter into FREE Giveaway from Vendors
FREE Admission & Parking
Introducing Designer Fashion Shows by Local & International Boutiques
Meet and Spend quality time one-on-one with top wedding Professionals
The only place to find what you need to plan your Own Wedding!
Over 50 Local wedding services
For General Info Call: 630-277-9273
info@chicagopremierevents.com
For Vendorship/Sponsorship Call: 630-277-9273
vendors@chicagopremierevents.com
BRIDES REGISTER ONLINE TO GET VIP ACCESS
WWW.CHICAGOPREMIEREVENTS.COM
Atika STUDIOS
PHOTO & VIDEO SERVICES
PoonAm creAtions
Pita Kabobz
SCHAUMBURG
premji amba
M&M
THE SPECIAL EVENTS COMPANY
Dosti
Bar & Restaurant
SAHIBA
Exclusive Boutique
shukan
EVENTS DESIGN

# ਕੁਲ ਹਿੰਦ ਕਾਂਗਰਸ ਦੀ ਹਾਈ ਕਮਾਨ ਵਲੋਂ







## ਪੰਜਾਬ ਦੇ ਹਰਮਨ ਪਿਆਰੇ ਆਗੂ

# ਕੈਪਟਨ ਅਮਰਿੰਦਰ ਸਿੰਘ

## ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ 'ਤੇ

# ਬਹੁਤ ਬਹੁਤ ਵਧਾਈ !

ਉਮੀਦ ਕਰਦੇ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਵੱਡੀ ਜਿੱਤ ਹਾਸਲ ਕਰੇਗੀ ਅਤੇ ਪੰਜਾਬ ਤਰੱਕੀ ਦੀਆਂ ਨਵੀਂਆਂ ਮੰਜ਼ਿਲਾਂ ਸਰ ਕਰੇਗਾ।

### ਸ਼ਿਕਾਗੋ ਕਾਂਗਰਸ

ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਸਤਿੰਦਰ ਸਿੰਘ ਸੁਸਾਣਾ, ਹਰਜਿੰਦਰ ਸਿੰਘ ਦਿਆਲ, ਮਹਿੰਦਰ ਸਿੰਘ ਰਕਾਲਾ, ਭੁਪਿੰਦਰ ਸਿੰਘ ਬਿੱਲਾ, ਅਸ਼ੋਕ ਕੁਮਾਰ ਯਸ਼ਪਾਲ ਮਾਇਰ, ਅਜਮੇਰ ਸਿੰਘ ਪੰਨੂ।

### ਮਿਲਵਾਕੀ, ਵਿਸਕਾਨਸਿਨ ਕਾਂਗਰਸ

ਕੁਲਵੰਤ ਸਿੰਘ ਢਿੱਲੋਂ (ਪ੍ਰਧਾਨ), ਹਰਵਿੰਦਰ ਸਿੰਘ ਸਿੱਧੂ (ਮੀਤ ਪ੍ਰਧਾਨ), ਹਰਜੀਤ ਸਿੰਘ ਸੰਧਰ, ਜਗਦੀਸ਼ਰ ਸਿੰਘ ਕਲੇਰ, ਸਤਵਿੰਦਰ ਸਿੰਘ ਪੌਪੀ, ਬਹਾਦਰ ਸਿੰਘ ਬੋਪਾਰਾਏ, ਹਰਵਿੰਦਰ ਸਿੰਘ ਚਾਹਲ, ਪਰਮਜੀਤ ਸਿੰਘ ਬਿਲਕੂ, ਦਰਸ਼ਨ ਸਿੰਘ ਗਰੇਵਾਲ।

### ਇੰਡੀਆਨਾ ਕਾਂਗਰਸ

ਵਰਿੰਦਰ ਸਿੰਘ ਸ਼ਾਹੀ (ਪ੍ਰਧਾਨ), ਦਰਸ਼ਨ ਸਿੰਘ ਦਰੜ (ਮੀਤ ਪ੍ਰਧਾਨ), ਮਨਜੀਤ ਸਿੰਘ ਨਾਗਰਾ, ਸੰਦੀਪ ਸਿੰਘ ਲਾਡੀ, ਪ੍ਰਿਥਪਾਲ ਸਿੰਘ ਘੋਤੜਾ।

### ਓਹਾਇਓ ਕਾਂਗਰਸ

ਚਮਕੌਰ ਸਿੰਘ (ਪ੍ਰਧਾਨ ਕਾਂਗਰਸ ਓਹਾਇਓ), ਮੁਖਤਿਆਰ ਸਿੰਘ ਸੇਖੋਂ, ਗੁਰਜੰਟ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਸੁੱਖੀ, ਦਵਿੰਦਰ ਸਿੰਘ ਹੈਪੀ (ਡੇਅਟਨ), ਰੂਬੀ (ਡੇਅਟਨ), ਕਰਤਾਰ ਸਿੰਘ ਮਾਸਟਰ (ਡੇਅਟਨ), ਸੁਖਵੀਰ ਸੁੱਖੀ, ਹਰਬੰਸ ਗਿੱਲ, ਅਵਤਾਰ ਸਿੰਘ ਸਪਰਿੰਗਫੀਲਡ-ਸਕੱਤਰ।

### ਨਿਊ ਯਾਰਕ ਕਾਂਗਰਸ

ਮੰਗਲ ਸਿੰਘ ਸ਼ਾਹੀ, ਮਲਕੀਤ ਸਿੰਘ।

### ਮਿਸ਼ੀਗਨ ਕਾਂਗਰਸ

ਲਾਲੀ ਧਾਲੀਵਾਲ ਅਤੇ ਪਾਲੀ ਧਾਲੀਵਾਲ, ਕਰਨ ਗਿੱਲ, ਇੰਦਰਜੀਤ ਬਾਠ, ਪਲਵਿੰਦਰ ਬਾਠ, ਅਵਤਾਰ ਸਿੰਘ ਤੇ ਕੁਲਵਿੰਦਰ ਗਿੱਲ।

### ਕੈਲੀਫੋਰਨੀਆ

ਦਸ਼ਮੇਸ਼ ਟਰੱਕ ਡਰਾਈਵਿੰਗ ਸਕੂਲ, ਸੁਰਜੀਤ ਸਿੰਘ ਪੰਨੂ।

### ਵਾਸ਼ਿੰਗਟਨ ਕਾਂਗਰਸ

ਚੰਨਾ ਆਲਮਗੀਰ ਅਤੇ ਕਮੇਟੀ।

### ਮਿਸੀਸਿਪੀ ਕਾਂਗਰਸ

ਮਨਦੀਪ ਸਿੰਘ, ਆਦਰ ਮਾਨ ਅਤੇ ਕਮੇਟੀ।

### ਅਰਕਨਸਾਸ ਕਾਂਗਰਸ

ਦਲਜੀਤ ਸਿੰਘ ਚਾਹਲ ਅਤੇ ਕਮੇਟੀ।

**Issued by:Indian National Overseas Congress IL ®**